ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 34 | 27 August 2021 to 02 September 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਬਾਦਲ ਧੜਾ ਲਗਾਤਾਰ ਤੀਜੀ ਵਾਰ ਦਿੱਲੀ ਗੁਰਦੁਆਰਾ ਚੋਣਾਂ ’ਚ ਜਿਤਿਆ

## ✪ 46 ਵਾਰਡਾਂ ਵਿੱਚੋਂ ਬਾਦਲ ਦਲ 27 ’ਚ ਜੇਤੂ ✪ ਸਰਨਾ ਧੜੇ ਦੇ 14 ਉਮੀਦਵਾਰ ਜਿੱਤੇ ✪ ਮੌਜੂਦਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਹਾਰੇ ✪ ਭਾਈ ਰਣਜੀਤ ਸਿੰਘ ਦੀ ਪੰਥਕ ਅਕਾਲੀ ਲਹਿਰ ਨੂੰ ਸਿਰਫ਼ ਵਿਸ਼ਨੂੰ ਗਾਰਡਨ ਤੋਂ ਜਿੱਤ

ਅੰਮ੍ਰਿਤਸਰ ਟਾਈਮਜ ਦੇ ਵਿਸ਼ਲੇਸ਼ਣ ਅਨੁਸਾਰ ਸਿੱਖ ਵੋਟਰਾਂ ਦੀ ਕਮੇਟੀ ਚੋਣਾਂ ’ਚ ਵਧ ਰਹੀ ਉਦਾਸੀਨਤਾ ਸਮੁੱਚੀਆਂ ਧਿਰਾਂ ਦੀ ਕਾਰਗੁਜ਼ਾਰੀ ਉੱਤੇ ਪ੍ਰਸ਼ਨ ਚਿੰਨ ਲਗਾਉਣ ਵਾਲੀ ਹੈ। ਕਮੇਟੀ ਲਈ ਬਣੀਆਂ ਕੁੱਲ 2 ਲੱਖ 42 ਹਜ਼ਾਰ ਵੋਟਾਂ ਵਿਚੋਂ ਕੇਵਲ 37.27 ਫ਼ੀਸਦੀ ਵੋਟਰਾਂ ਨੇ ਹੀ ਆਪਣੇ ਹੱਕ ਦੀ ਵਰਤੋਂ ਕੀਤੀ ਹੈ। ਇਨਾਂ ਵਿਚ ਵੀ ਬੀਬੀਆਂ ਦੀ ਸ਼ਮੂਲੀਅਤ ਬੇਹੱਦ ਨਿਰਾਸ਼ ਕਰਨ ਵਾਲੀ ਹੈ। ਦੇਸ਼ ਦੀਆਂ ਦੂਸਰੀਆਂ ਚੋਣਾਂ ਵਿਚ ਬੀਬੀਆਂ ਦੀ ਵੋਟ ਪ੍ਰਤੀਸ਼ਤ ਕਈ ਥਾਵਾਂ ’ਤੇ ਮਰਦਾਂ ਦੇ ਬਰਾਬਰ ਅਤੇ ਕਈ ਥਾਵਾਂ ’ਤੇ ਵਧੀ ਹੈ। ਸਿੱਖ ਧਾਰਮਿਕ ਜਥੇਬੰਦੀਆਂ ਅਤੇ ਚੋਣਾਂ ਵਿਚ ਸਰਗਰਮ ਰਹਿਣ ਦੇ ਚਾਹਵਾਨਾਂ ਨੂੰ ਇਸ ਮਸਲੇ ਉੱਤੇ ਆਤਮ ਚਿੰਤਨ ਕਰਨਾ ਜ਼ਰੂਰੀ ਹੈ। ਅਜਿਹੇ ਸੁਆਲ ਦੇਸ਼ ਦੀ ਜਮਹੂਰੀ ਪ੍ਰਣਾਲੀ ਉੱਤੇ ਵੀ ਲਾਗੂ ਹੁੰਦੇ ਹਨ। ਕਈ ਵਾਰ ਇਹ ਮੰਗ ਵੀ ਉੱਠੀ ਹੈ ਕਿ ਜੇਤੂ ਉਮੀਦਵਾਰ ਲਈ ਘੱਟੋ ਘੱਟ ਪੰਜਾਹ ਫ਼ੀਸਦੀ ਵੋਟਾਂ ਲੈਣ ਦੀ ਸ਼ਰਤ ਲਗਾਈ ਜਾਣੀ ਚਾਹੀਦੀ ਹੈ ਪਰ ਮੌਜੂਦਾ ਸਿਆਸੀ ਹਾਲਾਤ ਵਿਚ ਇਹ ਸੰਭਵ ਨਹੀਂ ਹੈ। ਇਨਾਂ ਪ੍ਰਸ਼ਨਾਂ ਦੇ ਨਾਲ ਨਾਲ ਸਭ ਤੋਂ ਮੁੱਖ ਸਵਾਲ ਇਨਾਂ ਸੰਸਥਾਵਾਂ ਦੀ ਸਮਾਜਿਕ ਪ੍ਰਸੰਗਿਕਤਾ ਬਣਾਈ ਰੱਖਣ ਅਤੇ ਭਰੋਸੇਯੋਗਤਾ ਵਧਾਉਣ ਦਾ ਹੈ।

**ਨਵੀਂ ਦਿੱਲੀ/ਏ.ਟੀ.ਨਿਊਜ਼ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੇ ਨਤੀਜੇ ਐਲਾਨ ਦਿੱਤੇ ਗਏ ਜਿਨਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ 46 ਵਾਰਡਾਂ ਵਿੱਚੋਂ 27 ਵਿੱਚ ਜਿੱਤ ਹਾਸਲ ਕਰਕੇ ਤੀਜੀ ਵਾਰ ਲਗਾਤਾਰ ਸਿੱਖਾਂ ਦੀ ਇਸ ਦੂਜੀ ਵੱਡੀ ਧਾਰਮਿਕ ਸੰਸਥਾ ਉਪਰ ਕਬਜ਼ਾ ਬਰਕਰਾਰ ਰੱਖਿਆ ਹੈ। ਹਾਲਾਂਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਵਾਰਡ-9 ਪੰਜਾਬੀ ਬਾਗ਼ ਤੋਂ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਉਮੀਦਵਾਰ ਹਰਵਿੰਦਰ ਸਿੰਘ ਸਰਨਾ ਤੋਂ ਹਾਰ ਗਏ ਪਰ ਉਨਾਂ ਦੀ ਅਗਵਾਈ ਹੇਠ ‘ਦੋ ਸਾਲਾਂ’ ਦੇ ਕੰਮ ਦੇ ਆਧਾਰ ’ਤੇ ਦਲ ਨੇ ਪੂਰਨ ਬਹੁਮੱਤ ਪ੍ਰਾਪਤ ਕੀਤਾ। ਸਿਰਸਾ ਨੂੰ ਸ਼੍ਰੋਮਣੀ ਕਮੇਟੀ ਦੇ ਨਾਮਜ਼ਦ ਮੈਂਬਰ ਵਜੋਂ ਜਨਰਲ ਹਾਊਸ ਵਿੱਚ ਸ਼ਾਮਲ ਕਰਨ ਦਾ ਐਲਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੇ ਜਾਣ ਨਾਲ ਹੀ ਉਨਾਂ ਦੇ ਮੁੜ ਦਿੱਲੀ ਕਮੇਟੀ ਦਾ ਪ੍ਰਧਾਨ ਬਣਾਉਣ ਲਈ ਰਾਹ ਸਾਫ਼ ਹੋ ਗਿਆ ਹੈ। ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਨੂੰ ਲਗਾਤਾਰ ਤੀਜੀ ਵਾਰ ਹਾਰ ਦਾ ਮੂੰਹ ਦੇਣਾ ਪਿਆ ਤੇ ਇਸ ਵਾਰ ਸਰਨਾ ਧੜੇ ਨੂੰ 14 ਹਲਕਿਆਂ ਵਿੱਚ ਜਿੱਤ ਮਿਲੀ। ਸ਼੍ਰੋਮਣੀ ਅਕਾਲੀ ਦਲ (ਸ) ਤੇ ਮਨਜੀਤ ਸਿੰਘ ਜੀ.ਕੇ. ਦੀ ਜਾਗੋ ਪਾਰਟੀ ਦੇ ਸਾਂਝੇ ਉਮੀਦਵਾਰ ਪਰਮਜੀਤ ਸਿੰਘ ਰਾਣਾ, ਜਾਗੋ ਆਪਣੇ 2 ਹਲਕਿਆਂ ’ਤੇ ਹੀ ਜਿੱਤ ਸਕੀ। ਜੰਗਪੁਰਾ ਤੋਂ ਸਾਬਕਾ ਕਾਂਗਰਸੀ ਵਿਧਾਇਕ ਤਰਵਿੰਦਰ ਸਿੰਘ ਮਰਵਾਹ ਇਸ ਵਾਰ ਫਿਰ ਆਜ਼ਾਦ ਉਮੀਦਵਾਰ ਵਜੋਂ ਜਿੱਤੇ ਹਾਲਾਂਕਿ ਉਨਾਂ ਨੂੰ ਸਰਨਾ ਭਰਾਵਾਂ ਤੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਦਾ ਸਮਰਥਨ ਵੀ ਹਾਸਲ ਸੀ। ਭਾਈ ਰਣਜੀਤ ਸਿੰਘ ਦੀ ਪੰਥਕ ਅਕਾਲੀ ਲਹਿਰ ਨੂੰ ਸਿਰਫ਼ ਵਿਸ਼ਨੂੰ ਗਾਰਡਨ ਤੋਂ ਜਿੱਤ ਮਿਲੀ ਹੈ। ਸਿੱਖ ਸਦਭਾਵਨਾ ਦਲ ਤੇ ਪੰਥਕ ਸੇਵਾ ਦਲ ਦਾ ਕੋਈ ਵੀ ਉਮੀਦਵਾਰ ਜਿੱਤ ਹਾਸਲ ਨਹੀਂ ਕਰ ਸਕਿਆ। ਪ੍ਰਬੰਧਕ ਕਮੇਟੀ ਦੀ ਚੋਣ ਲਈ 46 ਵਾਰਡਾਂ ਲਈ 22 ਅਗਸਤ ਨੂੰ ਵੋਟਾਂ ਪਈਆਂ ਸਨ। ਜੇਤੂਆਂ ’ਚ ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਪ੍ਰਧਾਨ ਹਰਮੀਤ ਸਿੰਘ ਕਾਲਕਾ (ਜਨਰਲ ਸਕੱਤਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ), ਗੁਰਦੇਵ ਸਿੰਘ, ਇਸਤਰੀ ਅਕਾਲੀ ਦਲ ਦੀ ਸੂਬਾ ਪ੍ਰਧਾਨ ਰਣਜੀਤ ਕੌਰ, ਦਿਲਸ਼ਾਦ ਗਾਰਡਨ ਤੋਂ ਬਲਬੀਰ ਸਿੰਘ ਵਿਵੇਕ ਵਿਹਾਰ ਤੋਂ ਹਰਵਿੰਦਰ ਸਿੰਘ ਕੇਪੀ (ਸ਼ਕਤੀ ਨਗਰ) ਤੇ ਜਗਦੀਪ ਸਿੰਘ ਕਾਹਲੋਂ ਅਹਿਮ ਉਮੀਦਵਾਰ ਸ਼ਾਮਲ ਹਨ ਜਦਕਿ ਹਾਰਨ ਵਾਲਿਆਂ ਵਿੱਚ ਪਰਮਜੀਤ ਸਿੰਘ ਚੰਡੋਕ, ਰਵਿੰਦਰ ਸਿੰਘ ਖੁਰਾਣਾ ਦੇ ਨਾਂ ਸ਼ਾਮਲ ਹਨ।

ਬਾਕੀ ਸਫ਼ਾ 31 ’ਤੇ



## ਜ਼ਿਆਦਾ ਪਾਰਟੀਆਂ ਮੈਦਾਨ ’ਚ ਹੋਣ ਕਾਰਨ ਵੋਟਾਂ ਵੰਡੀਆਂ ਗਈਆਂ : ਢੀਂਡਸਾ

ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਦਿੱਲੀ ਗੁਰਦਆਰਾ ਕਮੇਟੀ ਦੀਆਂ ਚੋਣਾਂ ’ਚ ਜੇਤੂ ਉਮੀਦਵਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਦਿੱਲੀ ਵਿੱਚ ਜ਼ਿਆਦਾ ਪਾਰਟੀਆਂ ਦੇ ਉਮੀਦਵਾਰ ਮੈਦਾਨ ’ਚ ਹੋਣ ਕਾਰਨ ਵੋਟਾਂ ਵੰਡੀਆਂ ਗਈਆਂ, ਜਿਸ ਦਾ ਸ਼੍ਰੋਮਣੀ ਅਕਾਲੀ ਦਲ ਨੂੰ ਲਾਭ ਹੋਇਆ। ਉਨਾਂ ਕਿਹਾ ਕਿ ਪੰਜਾਬ ਦੀ ਸਿਆਸਤ ’ਤੇ ਇਸ ਦਾ ਅਸਰ ਪੈਣ ਦੀ ਸੰਭਾਵਨਾ ਨਹੀਂ।

## ਦਿੱਲੀ ਕਮੇਟੀ ਚੋਣਾਂ ’ਚ ਜਿੱਤ ਨੂੰ ਰਾਹਤ ਵਜੋਂ ਦੇਖ ਰਿਹੈ ਬਾਦਲ ਦਲ

**ਚੰਡੀਗੜ/ਏ.ਟੀ.ਨਿਊਜ਼ :** ਪੰਜਾਬ ਦੀ ਸੱਤਾ ਖੁੱਸਣ ਤੋਂ ਬਾਅਦ ਲਗਾਤਾਰ ਚੁਣੌਤੀਆਂ ਦਾ ਸਾਹਮਣਾ ਕਰਦੇ ਆ ਰਹੇ ਸ਼੍ਰੋਮਣੀ ਅਕਾਲੀ ਦਲ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੀਆਂ ਚੋਣਾਂ ਦੀ ਜਿੱਤ ਨੇ ਰਾਹਤ ਦਿੱਤੀ ਹੈ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ’ਚ ਜਦੋਂ ਛੇ ਮਹੀਨਿਆਂ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ ਤਾਂ ਅਕਾਲੀ ਦਲ ਦੇ ਆਗੂਆਂ ਨੂੰ ਇਸ ਦਾ ਫਾਇਦਾ ਮਿਲਣ ਦੀ ਉਮੀਦ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਲਗਾਤਾਰ ਤੀਜੀ ਵਾਰੀ ਹੋਈ ਜਿੱਤ ਨੇ ਸਾਬਤ ਕਰ ਦਿੱਤਾ ਹੈ ਕਿ ਸਿੱਖਾਂ ਦੀ ਇੱਕੋ-ਇੱਕ ਪਾਰਟੀ ਅਕਾਲੀ ਦਲ ਹੈ ਤੇ ਵਿਰੋਧੀਆਂ ਦੀਆਂ ਚਾਲਾਂ ਫੇਲ ਹੋ ਗਈਆਂ ਹਨ। ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਦਿੱਲੀ ਦੀਆਂ ਚੋਣਾਂ ਨੇ ਅਕਾਲੀ ਦਲ ਦੇ ਵਿਰੋਧੀਆਂ ਦੀ ਜ਼ੁਬਾਨ ਬੰਦ ਕਰ ਦਿੱਤੀ ਹੈ। ਅਕਾਲੀ ਹਲਕਿਆਂ ਦਾ ਮੰਨਣਾ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਦਾ ਪੰਜਾਬ ਦੀ ਸਿਆਸਤ ’ਤੇ ਕੋਈ ਸਿੱਧਾ ਅਸਰ ਨਹੀਂ ਪੈਂਦਾ ਪਰ ਪਾਰਟੀ ਦੇ ਵਰਕਰਾਂ ਦੇ ਮਨੋਬਲ ’ਤੇ ਜ਼ਰੂਰ ਅਸਰ ਪਾਉਂਦੀਆਂ ਹਨ।

ਪੰਜਾਬ ਵਿੱਚ ਲਗਾਤਾਰ ਇੱਕ ਦਹਾਕਾ ਸੱਤਾ ਦਾ ਆਨੰਦ ਮਾਨਣ ਤੋਂ ਬਾਅਦ 2017 ਦੀਆਂ ਵਿਧਾਨ ਸਭਾ ਚੋਣਾਂ ’ਚ ਅਕਾਲੀ ਦਲ ਨੂੰ ਅਜਿਹੀ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ ਤੇ ਇਹ ਪਾਰਟੀ ਮੁੱਖ ਵਿਰੋਧੀ ਧਿਰ ਦਾ ਰੁਤਬਾ ਵੀ ਹਾਸਲ ਨਹੀਂ ਸੀ ਕਰ ਸਕੀ। ਉਸ ਤੋਂ ਬਾਅਦ 2019 ਦੀਆਂ ਸੰਸਦੀ ਚੋਣਾਂ ਦੌਰਾਨ ਵੀ ਮਹਿਜ਼ ਦੋ ਸੀਟਾਂ ਨਾਲ ਹੀ ਗੁਜ਼ਾਰਾ ਕਰਨਾ ਪਿਆ ਸੀ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਲਈ ਚੁਣੌਤੀਆਂ ਉਦੋਂ ਵਧ ਗਈਆਂ ਸਨ ਜਦੋਂ ਸੁਖਦੇਵ ਸਿੰਘ ਢੀਂਡਸਾ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਵਰਗੇ ਟਕਸਾਲੀ ਤੇ ਕੱਦਾਵਰ ਆਗੂਆਂ ਨੇ ਕਿਨਾਰਾ ਕਰ ਲਿਆ ਸੀ। ਸੁਖਬੀਰ ਸਿੰਘ ਬਾਦਲ ਨੇ ਇਨਾਂ ਚੁਣੌਤੀਆਂ ਨਾਲ ਨਜਿੱਠਣ ਅਤੇ 2022 ਦੀਆਂ ਚੋਣਾਂ ਦੀ ਤਿਆਰੀ ਲਈ 100 ਦਿਨਾਂ ਯਾਤਰਾ ਆਰੰਭੀ ਹੋਈ ਹੈ। ਇਨਾਂ ਯਤਨਾਂ ਨੂੰ ਕੀ ਹੁੰਗਾਰਾ ਮਿਲਦਾ ਹੈ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਪਾਰਟੀ ਆਗੂਆਂ ਦਾ ਕਹਿਣਾ ਹੈ ਕਿ ਦਿੱਲੀ ਦੀਆਂ ਚੋਣਾਂ ’ਚ ਹੋਈ ਜਿੱਤ ਨੇ ਪਾਰਟੀ ਦੇ ਵਰਕਰਾਂ ਦੇ ਹੌਸਲੇ ਬੁਲੰਦ ਕਰ ਦਿੱਤੇ ਹਨ।ਹਾਲਾਂਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਅਕਾਲੀ ਦਲ ਲੀਡਰ ਮਨਜਿੰਦਰ ਸਿੰਘ ਸਿਰਸਾ ਚੋਣ ਹਾਰ ਗਏ। ਪਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਐਲਾਨ ਕੀਤਾ ਕਿ ਮਨਜਿੰਦਰ ਸਿਰਸਾ ਨੂੰ ਨੌਮੀਨੇਟ ਮੈਂਬਰ ਦੇ ਤੌਰ ’ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਭੇਜਿਆ ਜਾਵੇਗਾ।ਇਨਾਂ ਨਤੀਜਿਆਂ ਤੋਂ ਬਾਅਦ ਅਕਾਲੀ ਦਲ ਦੇ ਲੀਡਰ ਅਗਲੇ ਸਾਲ ਹੋਣ ਵਾਲੀਆਂ ਪੰਜਾਬੀ ਵਿਧਾਨ ਸਭਾ ਚੋਣਾਂ ਲਈ ਵੀ ਕਾਫੀ ਉਤਸ਼ਾਹਿਤ ਨਜ਼ਰ ਆ ਰਹੇ ਹਨ।

## ਚੀਨ ਤਾਲਿਬਾਨ ਦੇ ਕਬਜ਼ੇ ਵਾਲੇ ਅਫ਼ਗਾਨਿਸਤਾਨ ਨੂੰ ਦੇਵੇਗਾ ਮਦਦ




**ਬੀਜਿੰਗ/ਏ.ਟੀ.ਨਿਊਜ਼ :** ਚੀਨ ਨੇ ਲੰਘੇ ਸੋਮਵਾਰ ਨੂੰ ਸੰਕੇਤ ਦਿੱਤਾ ਹੈ ਕਿ ਉਹ ਤਾਲਿਬਾਨ ਦੇ ਕਬਜ਼ੇ ਵਾਲੇ ਅਫ਼ਗਾਨਿਸਤਾਨ ਨੂੰ ਮਾਲੀ ਮਦਦ ਦੇਵੇਗਾ। ਤਾਲਿਬਾਨ ਦੇ ਸੱਤਾ ’ਤੇ ਕਬਜ਼ੇ ਤੋਂ ਬਾਅਦ ਕਾਬੁਲ ਨੂੰ ਵੱਖ ਵੱਖ ਦੇਸ਼ਾਂ ਵੱਲੋਂ ਮਾਲੀ ਮਦਦ ਰੋਕਣ ਵਿਚਕਾਰ ਚੀਨ ਨੇ ਕਿਹਾ ਕਿ ਉਹ ਯੁੱਧਗ੍ਰਸਤ ਦੇਸ਼ ਦੀ ਮਦਦ ਕਰਨ ਵਿੱਚ ‘ਸਕਾਰਾਤਮਕ’ ਭੂਮਿਕਾ ਨਿਭਾਵੇਗਾ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਾਂਗ ਵੇਨਬਿਨ ਨੇ ਅਮਰੀਕਾ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਅਮਰੀਕਾ ਅਫਗਾਨ ਸੰਕਟ ਦਾ ‘ਮੁੱਖ ਦੋਸ਼ੀ’ ਹੈ। ਅਫ਼ਗਾਨਿਸਤਾਨ ਦੇ ਮੁੜ ਨਿਰਮਾਣ ਲਈ ਕੁਝ ਕੀਤੇ ਬਿਨਾਂ ਇਸ ਤਰਾਂ ਨਹੀਂ ਛੱਡਿਆ ਜਾ ਸਕਦਾ। ਅਫ਼ਗਾਨਿਸਤਾਨ ਦੇ ਕੇਂਦਰੀ ਬੈਂਕ ਦੇ ਮੁਖੀ, ਜੋ ਜਲਾਵਤਨੀ ਵਿੱਚ ਰਹਿ ਰਹੇ ਹਨ, ਨੇ ਕਿਹਾ ਹੈ ਕਿ ਅਮਰੀਕੀ ਦੀ ਵਿੱਤੀ ਸਹਾਇਤਾ ਰੁਕਣ ਨਾਲ ਤਾਲਿਬਾਨ ਨੂੰ ਚੀਨ ਅਤੇ ਪਾਕਿਸਤਾਨ ਵੱਲ ਰੁਖ ਕਰਨਾ ਪਵੇਗਾ।

ਬਾਕੀ ਸਫ਼ਾ 26 ’ਤੇ

## ਸਿਰ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੱਖਾਂ ’ਚ ਵਤਨ ਛੱਡਣ ਦੇ ਹੰਝੂ

### ✪ ਕਾਬੁਲ ਤੋਂ 46 ਅਫ਼ਗਾਨ ਹਿੰਦੂ -ਸਿੱਖਾਂ ਦਾ ਜਥਾ ਭਾਰਤ ਪਹੁੰਚਿਆ

### ✪ ਇਤਿਹਾਸਕ ਗੁਰਧਾਮਾਂ ਦੀ ਦੇਖਭਾਲ ਲਈ 10 ਸਿੱਖਾਂ ਨੇ ਅਫ਼ਗਾਨਿਸਤਾਨ ਠਹਿਰਨ ਦਾ ਫੈਸਲਾ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਅਫ਼ਗਾਨਿਸਤਾਨ ਵਿਚ ਤਾਲਿਬਾਨ ਦੇ ਕਬਜ਼ੇ ਤੋਂ ਬਾਅਦ ਇਥੇ ਫਸੇ ਲੋਕਾਂ ਨੂੰ ਕੱਢਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਭਾਰਤ ਵੀ ਅਫ਼ਗਾਨ ਵਿਚ ਫਸੇ ਭਾਰਤੀਆਂ ਨੂੰ ਕੱਢਣ ਲਈ ਆਪਰੇਸ਼ਨ ਚਲਾ ਰਿਹਾ ਹੈ। ਬੀਤੇ ਐਤਵਾਰ ਨੂੰ ਕਾਬੁਲ ਤੋਂ ਭਾਰਤੀ ਹਵਾਈ ਸੈਨਾ ਦਾ ਸੀ 17 ਗਲੋਬਮਾਸਟਰ ਪਲੇਨ 168 ਲੋਕਾਂ ਨੂੰ ਲੈ ਕੇ ਹਿੰਡਨ ਏਅਰਬੇਸ ’ਤੇ ਉਤਰਿਆ।

ਕਾਬੁਲ ਏਅਰਪੋਰਟ ਤੋਂ ਇਕ ਤਸਵੀਰ ਸਾਹਮਣੇ ਆਈ ਹੈ ਜਿਸ ਵਿਚ ਤਿੰਨ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿਰ ਉਪਰ ਰੱਖੀ ਲਿਆ ਰਹੇ ਹਨ। ਅਫਗਾਨ ਸੰਸਦ ਮੈਂਬਰ ਉੱਥੇ ਦੇ ਹਾਲਾਤਾਂ ਦੇ ਬਾਰੇ ਗੱਲ ਕਰਦਿਆਂ ਭਾਵੁਕ ਹੋ ਗਏ ਤੇ ਉਨਾਂ ਦੀਆਂ ਅੱਖਾਂ ’ਚ ਹੰਝੂ ਆ ਗਏ। ਜਦੋਂ ਉਨਾਂ ਤੋਂ ਪੁੱਛਿਆ ਗਿਆ ਕਿ ਇਕ ਸੰਸਦ ਮੈਂਬਰ ਦੇ ਤੌਰ ’ਤੇ ਆਪਣਾ ਦੇਸ਼ ਛੱਡਣ ’ਤੇ ਤੁਹਾਨੂੰ ਕਿਵੇਂ ਦਾ ਲੱਗਾ, ਤਾਂ ਉਨਾਂ ਕਿਹਾ, ਹੁਣ ਸਭ ਕੁਝ ਖ਼ਤਮ ਹੋ ਗਿਆ ਹੈ। ਉਨਾਂ ਕਿਹਾ, ‘ਮੇਰਾ ਰੌਣ ਨੂੰ ਦਿਲ ਕਰ ਰਿਹਾ ਹੈ, ਪਿਛਲੇ 20 ਸਾਲਾਂ ਵਿਚ ਜੋ ਕੁਝ ਵੀ ਬਣਾਇਆ ਸੀ ਉਹ ਹੁਣ ਖ਼ਤਮ ਹੋ ਗਿਆ ਹੈ।



**ਸਿਖਾਂ ਦਾ ਗੁਰੂ ਲਈ ਸਿਦਕ**

‘ਅਫ਼ਗਾਨਿਸਤਾਨ ਦੇ ਜਲਾਲਾਬਾਦ ਸ਼ਹਿਰ ਵਿਚਲੇ

ਬਾਕੀ ਸਫ਼ਾ 29 ’ਤੇ

# ਕੈਲੀਫੋਰਨੀਆ ਗੂਬਰਨੇਟੋਰਿਅਲ ਮੁੜ ਚੋਣ

**14 ਸਤੰਬਰ**

ਆਪਣੇ ਮੇਲਬਾਕਸ ਵਿੱਚ ਦੇਖੋ ! ਬੈਲਟ ਭੇਜੇ ਜਾ ਚੁੱਕੇ ਹਨ !
ਤੁਸੀਂ ਪ੍ਰੀਪੇਡ ਡਾਕ ਦੇ ਨਾਲ ਡਾਕ ਰਾਹੀਂ, ਇੱਕ ਸੁਰੱਖਿਅਤ ਡ੍ਰੋਪ ਬਾਕਸ ਤੇ, ਜਾਂ ਵਿਅਕਤੀਗਤ ਰੂਪ ਵਿੱਚ ਬੈਲਟ ਵਾਪਸ ਕਰ ਸਕਦੇ ਹੋ।

**ਤੁਹਾਡਾ ਵੋਟ ਤੁਹਾਡੀ ਅਵਾਜ਼ ਹੈ!**



VOTE SAFE CALIFORNIA
A CALIFORNIA SECRETARY OF STATE CAMPAIGN

ਮੇਲਬੋਕਸ
ਤੁਹਾਨੂੰ ਹੋਰ ਕੀ ਜਾਣਨ ਦੀ ਜ਼ਰੂਰਤ ਹੈ ਬਾਰੇ ਅੱਜ ਹੀ ਪਤਾ ਕਰੋ!

vote.ca.gov/



TRANS-ALLIANCE
TOGETHER WE SAVE

**FUEL DISCOUNTS**
UPTO 80 CENTS PER GALLON DISCOUNT
MAJOR NETWORK OF TRUCK STOPS

**FUEL CARDS**
NO CREDIT - NO PROBLEM
BEST CUSTOMER SERVICE

FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE




**YOU BREAK DOWN**
WE SHOW UP
24-HOUR ROADSIDE ASSISTANCE

**TRUCK REPAIR & TIRE DISCOUNTS**
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

**FUEL MANAGEMENT**
DAILY FUEL RATES IN PHONE APP

CALL FOR MORE INFO
(855)641-6955, (888)795-7035

# ਸਿੱਖ ਆਰਕੀਟੈਕਟ ਤੇ ਵਿਸ਼ੇਸ਼ ਵਿਚਾਰ ਗੋਸ਼ਟੀ

**ਮਿਲਪੀਟਸ /ਏ.ਟੀ.ਨਿਊਜ਼:** ਸਿੱਖ ਅਲਾਇੰਸ ਅਮਰੀਕਾ ਵੱਲੋਂ ਖਾਲਸਾ ਰਾਜ ਅਤੇ ਉਸਤੋਂ ਬਾਅਦ ਦੇ ਸਿੱਖ ਆਰਕੀਟੈਕਟ ਦੇ ਸੰਬੰਧ ਵਿੱਚ ਇੱਕ ਵਿਚਾਰ ਗੋਸ਼ਟੀ ਦਾ ਪ੍ਰਬੰਧ ਕੀਤਾ ਗਿਆ ਜਿਸ ਵਿੱਚ ਪਾਕਿਸਤਾਨ ਤੋਂ ਪ੍ਰੋ. ਪਰਵੇਜ਼ ਵੰਡਲ ਜਿਹਨਾਂ ਨੇ 'ਰਾਜ, ਲਹੌਰ ਅਤੇ ਭਾਈ ਰਾਮ ਸਿੰਘ' ਨਾਮੀ ਕਿਤਾਬ ਵੀ ਲਿਖੀ ਹੈ ਅਤੇ ਜਿਹੜੇ ਪਾਕਿਸਤਾਨ ਦੇ ਮਸ਼ਹੂਰ ਆਰਕੀਟੈਕਟ ਹਨ। ਉਹਨਾਂ ਨਾਲ ਉਹਨਾਂ ਦੀ ਬੇਗਮ ਪ੍ਰੋ. ਸਾਜਿਦਾ ਹੈਦਰ ਵੀ ਸਨ। ਸਾਜਿਦਾ ਹੈਦਰ ਇੰਸਟੀਚਿਊਟ ਆਫ ਆਰਟ ਐਂਡ ਕਲਚਰ ਦੇ ਵਾਈਸ ਚਾਂਸਲਰ ਵੀ ਰਹੇ ਹਨ ਅਤੇ ਹੁਣ ਗੁਰਦੁਆਰਾ ਰੋੜੀ ਸਾਹਿਬ ਅਤੇ ਸੱਚਾ ਸੌਦਾ ਦੀ ਸੇਵਾ ਸੰਭਾਲ਼ ਦੀ ਜ਼ੁੰਮੇਵਾਰੀ ਵੀ ਇਹਨਾਂ ਦੀ ਹੈ।

ਵਿਚਾਰ ਗੋਸ਼ਟੀ ਵਿੱਚ ਭਾਈ ਰਾਮ ਸਿੰਘ ਦੇ ਸਿੱਖ ਆਰਕੀਟੈਕਟ ਤੋਂ ਬਿਨਾਂ ਗੁਰਦੁਆਰਾ ਸਾਹਿਬਾਂ ਦੀਆਂ ਇਮਾਰਤਾਂ ਅਤੇ ਸੇਵਾ ਸੰਭਾਲ਼ ਦੀ ਨੀਤੀ ਅਪਣਾਉਣ ਤੇ ਜ਼ੋਰ ਦਿੱਤਾ ਗਿਆ।

ਸੁਆਲ ਜੁਆਬਾਂ ਵਿੱਚ ਡਾਕਟਰ ਦਲਵੀਰ ਸਿੰਘ ਪੰਨੂ ਨੇ ਬਹੁਤ ਅਹਿਮ ਜਾਣਕਾਰੀ ਸਾਂਝੀ ਕੀਤੀ। ਉਹਨਾਂ ਨੇ ਕਈ ਸਾਲਾਂ ਦੀ ਸਖ਼ਤ ਮਿਹਨਤ ਨਾਲ ਆਪ ਕਈ ਵਾਰੀ ਪਾਕਿਸਤਾਨ ਜਾ ਕੇ ਸਿੱਖ ਸਮਾਰਕਾਂ ਬਾਰੇ ਇੱਕ ਕਿਤਾਬ ਤਸਵੀਰਾਂ ਸਮੇਤ 'ਦਾ ਸਿੱਖ ਹੈਰੀਟੇਜ ਬੀਓਂਡ ਬੋਰਡਰਜ਼' ਲਿਖੀ, ਉਹ ਗੁਰਦੁਆਰਾ ਸਾਹਿਬ ਦੀ ਲਾਇਬ੍ਰੇਰੀ ਲਈ ਭੇਂਟ ਕੀਤੀ।

ਕੈਨੇਡਾ ਤੋਂ ਆਏ ਭਾਈ ਪਰਮ ਸਿੰਘ ਜੋ ਕਿ ਸਿੱਖ ਇਤਿਹਾਸ ਦੀਆਂ ਪੇਂਟਿੰਗਾਂ ਬਾਰੇ ਬਹੁਤ ਵਧੀਆ ਆਰਟਿਸਟ ਹਨ ਨੂੰ ਵੀ ਸਿਰੋਪਾਉ ਬਖਸ਼ਸ਼ ਕਿ ਸੰਗਤ ਸਨਮਾਨ ਦਿੱਤਾ ਗਿਆ. ਭਾਈ ਜਸਦੇਵ ਸਿੰਘ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ।



## ਅਹੁਦਾ ਸੰਭਾਲਣ ਉਪਰੰਤ 6 ਮਹੀਨਿਆਂ ਵਿਚ ਬਾਈਡਨ ਨੇ ਪ੍ਰਵਾਸੀਆਂ ਦੇ ਪੱਖ ਵਿਚ 155 ਨੀਤੀਆਂ ਲਿਆਂਦੀਆਂ : ਮੁਜ਼ਫਰ ਚਿਸ਼ਤੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਰਾਸ਼ਟਰਪਤੀ ਜੋ ਬਾਈਡਨ ਨੇ ਅਹੁਦਾ ਸੰਭਾਲਣ ਉਪਰੰਤ ਆਪਣੇ 6 ਮਹੀਨਿਆਂ ਦੇ ਕਾਰਜਕਾਲ ਦੌਰਾਨ ਪ੍ਰਵਾਸੀਆਂ ਨੂੰ ਰਾਹਤ ਦੇਣ ਦੇ ਮਕਸਦ ਨਾਲ 155 ਨੀਤੀਆਂ ਲਿਆਂਦੀਆਂ ਤੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਬਹੁਤ ਸਾਰੇ ਸਖਤ ਆਦੇਸ਼ਾਂ ਨੂੰ ਖਤਮ ਕਰ ਦਿੱਤਾ। ਇਹ ਪ੍ਰਗਟਾਵਾ ਮਾਈਗ੍ਰੇਸ਼ਨ ਪੌਲਸੀ ਇੰਸਟੀਚਿਊਟ ਦੇ ਸੀਨੀਅਰ ਸਹਿਯੋਗੀ ਮੁਜ਼ਫਰ ਚਿਸ਼ਤੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਭਾਰਤੀ ਮੂਲ ਦੇ ਅਮਰੀਕੀ ਚਿਸ਼ਤੀ ਨੇ ਬਾਈਡਨ ਦੇ ਕੰਮਕਾਰ ਦੀ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਤੁਲਨਾ ਕੀਤੀ ਜਿਸ ਨੇ ਆਪਣੇ 4 ਸਾਲ ਦੇ ਕਾਰਜਕਾਲ ਦੌਰਾਨ ਪ੍ਰਵਾਸੀਆਂ ਵਿਰੁੱਧ ਸਖਤ ਰੁਖ ਅਪਣਾਇਆ। ਟਰੰਪ ਨੇ 450 ਆਦੇਸ਼ ਜਾਰੀ ਕੀਤੇ ਜਿਨਾਂ ਵਿਚ ਕੁਝ ਵਿਸ਼ੇਸ਼ ਦੇਸ਼ਾਂ ਦੇ ਮੁਸਲਮਾਨਾਂ ਉਪਰ ਅਮਰੀਕਾ ਆਉਣ 'ਤੇ ਪਾਬੰਦੀ ਲਾਉਣਾ ਤੇ ਬੱਚਿਆਂ ਸਬੰਧੀ ਡੀ ਏ ਸੀ ਏ ਪ੍ਰੋਗਰਾਮ ਨੂੰ ਖਤਮ ਕਰਨਾ ਵੀ ਸ਼ਾਮਿਲ



ਮੁਜ਼ਫਰ ਚਿਸ਼ਤੀ

ਸੀ ਜਿਸ ਪ੍ਰੋਗਰਾਮ ਤਹਿਤ ਬਿਨਾਂ ਦਸਤਾਵੇਜਾਂ ਵਾਲੇ 8 ਲੱਖ ਨੌਜਵਾਨਾਂ ਨੂੰ ਦੇਸ਼ ਨਿਕਾਲੇ ਤੋਂ ਰਾਹਤ ਮਿਲੀ ਹੋਈ ਸੀ। ਟਰੰਪ ਦੇ ਇਸ ਸਖਤ ਰੁਖ ਕਾਰਨ ਬਹੁਤ ਸਾਰੇ ਨੌਜਵਾਨਾਂ ਨੂੰ ਆਪਣੇ ਵਤਨ ਵਾਪਿਸ ਪਰਤਣਾ ਪਿਆ ਸੀ। ਚਿਸ਼ਤੀ ਨੇ ਕਿਹਾ ਕਿ ਰਾਸ਼ਟਰਪਤੀ ਵਜੋਂ ਅਹੁੱਦਾ ਸੰਭਾਲਣ ਉਪਰੰਤ ਬਾਈਡਨ ਨੇ ਪਹਿਲੇ ਦਿਨ ਪ੍ਰਵਾਸੀਆਂ ਪੱਖੀ 7 ਨੀਤੀਆਂ ਲਿਆਂਦੀਆਂ ਜਿਨਾਂ ਤਹਿਤ ਮੁਸਲਮਾਨਾਂ ਉਪਰ ਅਮਰੀਕਾ ਆਉਣ 'ਤੇ ਪਾਬੰਦੀ ਖਤਮ ਕਰ ਦਿੱਤੀ ਗਈ, ਡੀ ਏ ਸੀ ਏ ਪ੍ਰੋਗਰਾਮ ਨੂੰ ਬਹਾਲ ਕਰ ਦਿੱਤਾ ਗਿਆ ਤੇ ਇਸ ਪ੍ਰੋਗਰਾਮ ਨੂੰ ਹੋਰ ਮੋਕਲਾ ਬਣਾਉਣ ਦਾ ਰਾਹ ਖੁਲਾ ਰਖਿਆ ਗਿਆ, ਸਰਹੱਦ ਉਪਰ ਕੰਧ ਉਸਾਰੀ ਨੂੰ ਰੋਕ ਦਿੱਤਾ ਗਿਆ ਜਿਸ ਕੰਧ ਉਪਰ ਅਰਬਾਂ ਡਾਲਰ ਖਰਚ ਕਰਕੇ ਸਾਬਕਾ ਰਾਸ਼ਟਰਪਤੀ ਦੱਖਣ ਤੇ ਕੇਂਦਰੀ ਅਮਰੀਕਾ ਤੋਂ ਆਉਣ ਵਾਲੇ ਪ੍ਰਵਾਸੀਆਂ ਨੂੰ ਰੋਕਣਾ ਚਹੁੰਦਾ ਸੀ। ਚਿਸ਼ਤੀ ਨੇ ਕਿਹਾ ਕਿ ਇਸ ਤੋਂ ਇਲਾਵਾ ਬਾਈਡਨ ਨੇ ਸਾਬਕਾ ਰਾਸ਼ਟਰਪਤੀ ਦਾ 'ਥਰਡ ਕੰਟਰੀ ਰੂਲ' ਮੁਅੱਤਲ ਕਰ ਦਿੱਤਾ ਜਿਸ ਤਹਿਤ ਸ਼ਰਨ ਦੇ ਦਾਅਵਿਆਂ ਦੇ ਨਿਪਟਾਰੇ ਤੱਕ ਪ੍ਰਵਾਸੀਆਂ ਨੂੰ ਮੈਕਸੀਕੋ ਵਿਚ ਰਹਿਣਾ ਪੈਣਾ ਸੀ।

## ਭਾਰਤ ਤੋਂ ਕੈਨੇਡਾ ਲਈ ਸਿੱਧੀਆਂ ਉਡਾਨਾਂ ਉਪਰ ਪਾਬੰਦੀ ਇੰਡੋ-ਕੈਨੇਡੀਅਨ ਭਾਈਚਾਰੇ ਨਾਲ ਵਿਤਕਰਾ : ਆਗੂ

### ਕਈ ਗੁਣਾਂ ਵੱਧ ਕਿਰਾਇਆ ਖਰਚ ਕਰਕੇ ਤੇ ਲੰਬਾ ਸਮਾਂ ਲਾ ਕੇ ਕੈਨੇਡਾ ਪਹੁੰਚਦੇ ਹਨ ਭਾਰਤੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਕੈਨੇਡਾ ਸਰਕਾਰ ਵੱਲੋਂ ਭਾਰਤ ਤੋਂ ਸਿੱਧੀਆਂ ਹਵਾਈ ਉਡਾਨਾਂ ਉਪਰ 21 ਸਤੰਬਰ 2021 ਤੱਕ ਲਾਈ ਪਾਬੰਦੀ ਤੇ ਵਿਸ਼ਵ ਦੇ ਬਾਕੀ ਦੇਸ਼ਾਂ ਦੇ ਟੀਕਾਕਰਨ ਕਰਵਾ ਚੁੱਕੇ ਪਰਿਵਾਰਾਂ ਤੇ ਵਿਦਿਆਰਥੀਆਂ ਨੂੰ ਕੈਨੇਡਾ ਆਉਣ ਦੀ ਖੁਲ ਦੇਣ ਦੇ ਫੈਸਲੇ ਕਾਰਨ ਇੰਡੋ-ਕੈਨੇਡਾ ਭਾਈਚਾਰੇ ਵਿਚ ਵਿਆਪਕ ਰੋਸ ਪਾਇਆ ਜਾ ਰਿਹਾ ਹੈ ਤੇ ਭਾਈਚਾਰੇ ਦੇ ਆਗੂਆਂ ਨੇ ਕੈਨੇਡਾ ਦੇ ਇਸ ਫੈਸਲੇ ਨੂੰ ਇੰਡੋ-ਕੈਨੇਡੀਅਨ ਭਾਈਚਾਰੇ ਨਾਲ ਵਿਤਕਰਾ ਕਰਾਰ ਦਿੱਤਾ ਹੈ। ਇੰਡੋ ਕੈਨੇਡੀਅਨ ਐਵੀਏਸ਼ਨ ਮਾਹਿਰ ਹੇਮੰਤ ਸ਼ਾਹ, ਕੈਨੇਡਾ-ਇੰਡੀਆ ਫਾਊਂਡੇਸ਼ਨ ਦੇ ਚੇਅਰਮੈਨ ਸਤੀਸ਼ ਠਾਕੁਰ ਤੇ ਰਿਸ਼ੀ ਕਪੂਰ ਨਾਨਕ ਫਲਾਈਟਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਜਦੋਂ ਅਸੀਂ ਮਾਨਵੀ ਅਧਿਕਾਰਾਂ ਦੀ ਗੱਲ ਕਰਦੇ ਹਾਂ ਤਾਂ ਭਾਰਤ ਨਾਲ ਇਹ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ ਜਦ ਕਿ ਕੈਨੇਡਾ ਦੇ ਕਿਰਤੀਆਂ ਦਾ ਵੱਡਾ ਹਿੱਸਾ ਭਾਰਤੀ ਮੂਲ ਦੇ ਕੈਨੇਡੀਅਨ ਹਨ ਤੇ ਭਾਰਤੀ ਵਿਦਿਆਰਥੀਆਂ ਵੱਲੋਂ ਖਰਚ ਕੀਤੇ ਜਾ ਰਹੇ ਕਰੋੜਾਂ ਡਾਲਰ ਕੈਨੇਡਾ ਦੀ ਅਰਥ ਵਿਵਸਥਾ ਵਿਚ ਅਹਿਮ ਭੂਮਿਕਾ ਨਿਭਾਅ ਰਹੇ ਹਨ। ਇਨਾਂ ਆਗੂਆਂ ਨੇ ਕਿਹਾ ਹੈ ਕਿ ਇਸ ਪਾਬੰਦੀ ਨੇ ਭਾਈਚਾਰੇ ਵਿਚ ਭੰਬਲਭੂਸਾ ਖੜਾ ਕਰ ਦਿੱਤਾ ਹੈ ਕਿਉਂਕਿ ਭਾਰਤ ਵਿਚ



ਕੋਵਿਡ ਮਾਮਲੇ ਘੱਟ ਰਹੇ ਹਨ ਜਦ ਕਿ ਹੋਰ ਕਈ ਦੇਸ਼ਾਂ ਵਿਚ ਵਧ ਰਹੇ ਹਨ। ਉਨਾਂ ਕਿਹਾ ਹੈ ਕਿ ਭਾਰਤੀ ਯਾਤਰੀਆਂ ਨੇ ਵਿਸ਼ਵ ਸਿਹਤ ਸੰਗਠਨ ਤੇ ਕੈਨੇਡਾ ਵੱਲੋਂ ਮਾਨਤਾ ਪ੍ਰਾਪਤ ਕੋਵੀਸ਼ੀਲਡ ਟੀਕੇ ਲਵਾਏ ਹਨ ਜੇਕਰ ਹੋਰਨਾਂ ਦੇਸ਼ਾਂ ਦੇ ਦੋ ਟੀਕੇ ਲਵਾ ਚੁੱਕੇ ਲੋਕ ਕੈਨੇਡਾ ਆ ਸਕਦੇ ਹਨ ਤਾਂ ਭਾਰਤੀਆਂ ਉਪਰ ਵੀ ਇਹ ਹੀ ਨਿਯਮ ਲਾਗੂ ਹੋਣਾ ਚਾਹੀਦਾ ਹੈ। ਆਗੂਆਂ ਨੇ ਪੁੱਛਿਆ ਹੈ ਕਿ ਜੇਕਰ ਭਾਰਤੀ ਕਿਸੇ ਤੀਸਰੇ ਦੇਸ਼ ਰਾਹੀਂ ਕੈਨੇਡਾ ਆ ਸਕਦੇ ਹਨ ਤਾਂ ਫਿਰ ਸਿੱਧੀਆਂ ਉਡਾਨਾਂ ਰਾਹੀਂ ਕਿਉਂ ਨਹੀਂ ਆ ਸਕਦੇ ? ਆਗੂਆਂ ਨੇ ਕਿਹਾ ਹੈ ਕਿ ਸਿੱਧੀਆਂ ਉਡਾਨਾਂ ਉਪਰ ਪਾਬੰਦੀ ਕਾਰਨ ਭਾਰਤੀਆਂ ਉਪਰ ਭਾਰੀ ਆਰਥਿਕ ਬੋਝ ਪੈ ਰਿਹਾ ਹੈ। ਹਾਲਾਂ ਕਿ ਵੈਟਰਨਜ ਐਸੋਸੀਏਸ਼ਨ ਓਨਟਾਰੀਓ ਦੇ ਪ੍ਰਧਾਨ ਬ੍ਰਿਗੇਡੀਅਰ (ਸੇਵਾਮੁਕਤ) ਨਵਾਬ ਹੀਰ ਨੇ ਕੈਨੇਡਾ ਦੇ ਫੈਸਲੇ ਦਾ ਪੱਖ ਪੂਰਦਿਆਂ ਕਿਹਾ ਹੈ ਕਿ ਕੋਵਿਡ-1੦ ਦੇ ਭਾਰਤੀ ਡੈਲਟਾ ਰੂਪ ਦੇ ਖਤਰੇ ਕਾਰਨ ਭਾਰਤੀ ਉਡਾਨਾਂ ਉਪਰ ਪਾਬੰਦੀ ਲਾਈ ਗਈ ਹੈ। ਇੱਥੇ ਜ਼ਿਕਰਯੋਗ ਹੈ ਕਿ ਸਿੱਧੀਆਂ ਉਡਾਨਾਂ ਉਪਰ ਪਾਬੰਦੀ ਕਾਰਨ ਭਾਰਤੀ ਵਿਦਿਆਰਥੀਆਂ ਤੇ ਪਰਿਵਾਰਾਂ ਨੂੰ ਕੈਨੇਡਾ ਆਉਣ ਲਈ ਹੋਰ ਦੇਸ਼ਾਂ ਰਾਹੀਂ ਆਉਣਾ ਪੈਂਦਾ ਹੈ ਜਿਸ ਕਾਰਨ ਪ੍ਰਤੀ ਮੁਸਾਫਿਰ 4000 ਤੋਂ 6000 ਡਾਲਰ ਤੱਕ ਖਰਚਣੇ ਪੈ ਰਹੇ ਹਨ। ਉਹ ਮੈਕਸੀਕੋ, ਮਾਲਦੀਵ, ਦੋਹਾ, ਬੈਲਗਰੇਡ ਤੇ ਕਾਹਿਰਾ ਰਾਹੀਂ ਕੈਨੇਡਾ ਪਹੁੰਚਦੇ ਹਨ ਜਿਥੇ ਉਨਾਂ ਨੂੰ ਕੋਵਿਡ ਟੈਸਟ ਕਰਵਾਉਣ ਤੇ ਕੈਨੇਡਾ ਲਈ ਉਡਾਨ ਭਰਨ ਵਾਸਤੇ 2 ਤੋਂ 10 ਤੱਕ ਰਾਤਾਂ ਗੁਜਾਰਨੀਆਂ ਪੈਂਦੀਆਂ ਹਨ। ਸੂਤਰਾਂ ਅਨੁਸਾਰ ਕੈਨੇਡਾ ਦੇ ਅਧਿਕਾਰੀਆਂ ਨੂੰ ਸ਼ੱਕ ਹੈ ਕਿ ਭਾਰਤ ਤੋਂ ਆਉਣ ਵਾਲੇ ਯਾਤਰੀ ਕੋਵਿਡ ਵੈਕਸੀਨ ਲਵਾਉਣ ਸਬੰਧੀ ਫਰਜੀ ਦਸਤਾਵੇਜਾਂ ਦੀ ਵਰਤੋਂ ਕਰਦੇ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪਾਕਿਸਤਾਨ ਤੋਂ ਕੈਨੇਡਾ ਲਈ ਸਿੱਧੀਆਂ ਉਡਾਨਾਂ ਉਪਰ ਪਾਬੰਦੀ ਨਹੀਂ ਹੈ।

## ਅਮਰੀਕਾ ਵਿੱਚ ਹੋਣਗੇ ਅਨੂਪਮ ਖੇਰ ਵਿਰੁੱਧ ਮੁਜ਼ਾਹਰੇ




**ਕੈਲੀਫੋਰਨੀਆ/ਏ.ਟੀ.ਨਿਊਜ਼ :** ਹਾਲ ਹੀ ਵਿੱਚ ਅਨੂਪਮ ਖੇਰ ਵੱਲੋਂ ਦਿੱਤੇ ਗਏ ਕਿਸਾਨ ਵਿਰੋਧੀ ਬਿਆਨ ਜਿਸ ਵਿੱਚ ਉਨਾਂ ਨੇ ਭਾਰਤੀ ਲੋਕਾਂ ਨੂੰ ਹੀ ਜ਼ਿੰਮੇਵਾਰ ਠਹਿਰਾਉਂਦੇ ਹੋਏ ਕਿਹਾ ਕਿ ਲੋਕ ਭਾਰਤ ਦੀ ਸੰਸਕ੍ਰਿਤੀ ਨੂੰ ਸੱਟ ਮਾਰ ਰਹੇ ਹਨ ਅਤੇ ਪੜੇ ਲਿਖੇ ਲੋਕ ਹੀ ਦੇਸ਼ ਦਾ ਵਿਕਾਸ ਨਹੀਂ ਚਾਹੁੰਦੇ। ਬਾਲੀਵੁੱਡ ਹਸਤੀਆਂ ਦੇ ਅਜਿਹੇ ਬਿਆਨ ਜੋ ਦੇਸ਼ ਤੋਂ ਬਾਹਰ ਜਾ ਕੇ ਦਿੱਤੇ ਜਾ ਰਹੇ ਹਨ ਇਹ ਵੀ ਕਿਸਾਨੀ ਸੰਘਰਸ਼ ਨੂੰ ਢਾਹ ਲਾ ਰਹੇ ਹਨ ।ਅਨੂਪਮ ਖੇਰ ਵੱਲੋਂ ਬੀ ਜੇ ਪੀ ਦੀ ਬੇਲੋੜੀ ਤੂਤੀ ਵਜਾਉਣ ਕਰਕੇ ਅਮਰੀਕਾ ਦੇ ਸਿੱਖ ਉਸਦੇ ਹੋ ਰਹੇ ਸ਼ੋਆਂ ਵਿਰੁੱਧ ਮਜ਼ਾਹਰੇ ਕਰਨਗੇ।

ਕੈਲੀਫੋਰਨੀਆ ਦੇ ਮਿਲਪੀਟਸ ਸ਼ਹਿਰ ਵਿੱਚ ਇਸਦਾ ਪ੍ਰੋਗਰਾਮ ਐਤਵਾਰ 29 ਅਗਸਤ ਨੂੰ ਹੋ ਰਿਹਾ ਹੈ। ਸਿੱਖ ਜੱਥੇਬੰਦੀਆਂ ਨੇ ਐਤਵਾਰ ਸ਼ਾਮ ਨੂੰ 5:30 ਵਜੇ ਸਿੱਖ ਸੰਗਤ ਨੂੰ ਉੱਥੇ ਪਹੁੰਚਣ ਦਾ ਸੱਦਾ ਦਿੱਤਾ ਹੈ। ਮੁਜ਼ਾਹਰਾ ਇੰਡੀਅਨ ਕਮਿਊਨਿਟੀ ਸੈਂਟਰ ਮਿਲਪੀਟਸ ਜੋ ਕਿ **525 Los Coaches Street** ਤੇ ਸਥਿਤ ਹੈ ਉਸ ਸਾਹਮਣੇ ਹੋਵੇਗਾ। ਉਲੀਕੇ ਗਏ ਪ੍ਰੋਗਰਾਮ ਦੌਰਾਨ ਕੇਸਰੀ ਅਤੇ ਹਰੇ ਰੰਗ ਦੇ ਝੰਡੇ ਅਤੇ ਦਸਤਾਰਾਂ ਨਾਲ ਕਿਸਾਨੀ ਸੰਘਰਸ਼ ਦੀ ਹਮਾਇਤ ਕਰਦੇ ਹੋਏ ਪੋਸਟਰ ਲਿਆਉਣ ਦਾ ਸੁਨੇਹਾ ਦਿੱਤਾ ਗਿਆ ਹੈ ਤਾਂ ਜੋ ਬਾਲੀਵੁੱਡ ਇਹ ਜਾਣ ਸਕੇ ਕਿ ਕਿਸਾਨਾਂ ਦੇ ਵਿਰੋਧੀਆਂ ਉੱਤੇ ਉਨਾਂ ਦੀ ਚੁੱਪ ਨੂੰ ਉੱਚੀ ਆਵਾਜ਼ ਵਿੱਚ ਸਾਫ ਸੁਣਿਆ ਗਿਆ ਹੈ।

## ਕੈਨੇਡਾ 'ਚ ਕਾਮਾਗਾਟਾਮਾਰੂ ਕਾਂਡ ਨੂੰ ਸਮਰਪਿਤ ਸਮਾਰਕ ਨੂੰ ਨੁਕਸਾਨ ਪਹੁੰਚਾਇਆ

### ਭਾਰਤ ਵਲੋਂ ਇਤਰਾਜ਼, ਪੁਲਿਸ ਨੇ ਇਸ ਦੀ ਜਾਂਚ ਸ਼ੁਰੂ ਕੀਤੀ



**ਵੈਨਕੂਵਰ/ਏ.ਟੀ.ਨਿਊਜ਼ :** ਕੈਨੇਡਾ ਦੇ ਵੈਨਕੂਵਰ ਵਿਚ ਸ਼ਰਾਰਤੀ ਤੱਤਾਂ ਨੇ ਕਾਮਾਗਾਟਾਮਾਰੂ ਕਾਂਡ ਨੂੰ ਸਮਰਪਿਤ ਇਕ ਜਨਤਕ ਸਮਾਰਕ ਨੂੰ ਨੁਕਸਾਨ ਪਹੁੰਚਾਉਣ 'ਤੇ ਭਾਰਤ ਨੇ ਤਿੱਖਾ ਵਿਰੋਧ ਕੀਤਾ ਹੈ। ਵੈਨਕੂਵਰ ਸਥਿਤ ਭਾਰਤ ਦੇ ਦੂਤਘਰ ਨੇ ਘਟਨਾ 'ਤੇ ਤਿੱਖੀ ਪ੍ਰਤੀਕਿਰਿਆ ਦਿੰਦੇ ਹੋਏ ਆਪਣੇ ਟਵਿੱਟਰ 'ਤੇ ਲਿਖਿਆ- ਕਾਮਾਗਾਟਾਮਾਰੂ ਕਾਂਡ ਨੂੰ ਸਮਰਪਿਤ ਪਵਿੱਤਰ ਸਮਾਰਕ ਨੂੰ ਨੁਕਸਾਨ ਪਹੁੰਚਾਉਣ ਦਾ ਸਾਨੂੰ ਦੁੱਖ ਹੈ। ਅਸੀਂ ਇਸ ਕਾਰੇ ਦੀ ਨਿੰਦਾ ਕਰਦੇ ਹਾਂ। ਅਸੀਂ ਕੈਨੇਡਾ ਵਿਚ ਅਧਿਕਾਰੀਆਂ ਨਾਲ ਘਟਨਾ ਦੀ ਜਾਂਚ ਕਰਨ ਤੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਅਪੀਲ ਕਰਦੇ ਹਾਂ। ਇਸ ਮਾਮਲੇ 'ਚ ਪੁਲਿਸ ਦਾ ਕਹਿਣਾ ਹੈ ਕਿ ਉਨਾਂ ਕੋਲ ਹਾਰਬਰ ਗੁਆਂਢ ਤੋਂ ਸ਼ਹਿਰ ਦੀ ਸਮੁੰਦਰੀ ਕੰਧ 'ਤੇ ਕਾਮਾਗਾਟਾ ਮਾਰੂ ਸਮਾਰਕ 'ਤੇ ਚਿੱਟੇ ਰੰਗ ਦੇ ਛਿੱਟੇ ਪੈਣ ਦੀ ਰਿਪੋਰਟ ਦੇਖਣ ਤੋਂ ਬਾਅਦ ਇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਤਾਲਿਬਾਨ ਵਲੋਂ ਅਮਰੀਕਾ ਨੂੰ ਚੇਤਾਵਨੀ, 31 ਤੱਕ ਫ਼ੌਜਾਂ ਵਾਪਸ ਬੁਲਾਓ

## ✪ ਪੰਜਸ਼ੀਰ ਦੀ ਕੀਤੀ ਘੇਰਾਬੰਦੀ ✪ ਵਿਦਰੋਹੀਆਂ ਨੇ 3 ਜ਼ਿਲ੍ਹੇ ਕਰਵਾਏ ਆਜ਼ਾਦ ✪ ਤਾਲਿਬਾਨ ਵਲੋਂ ਮੁੜ ਕਬਜ਼ੇ ਦਾ ਦਾਅਵਾ ✪ ਅਮਰੀਕਾ ਬੋਲਿਆ-ਅਫ਼ਗਾਨਿਸਤਾਨ ਵਿਚ ਹਾਲੇ ਵੀ ਮੌਜੂਦ ਹੈ ਅਲਕਾਇਦਾ ਤੇ ਇਸਲਾਮਿਕ ਸਟੇਟ

ਅੰਮ੍ਰਿਤਸਰ ਟਾਈਮਜ ਦਾ ਮੰਨਣਾ ਹੈ ਕਿ ਔਰਤਾਂ, ਸਮਾਜਿਕ ਜਥੇਬੰਦੀਆਂ ਵਿਚ ਕੰਮ ਕਰਦੇ ਕਾਰਕੁਨ ਅਤੇ ਤਾਲਿਬਾਨ ਤੋਂ ਵੱਖਰੇ ਵਿਚਾਰ ਰੱਖਣ ਵਾਲੇ ਸਭ ਲੋਕ ਤਾਲਿਬਾਨ ਤੋਂ ਡਰੇ ਹੋਏ ਅਤੇ ਦੂਸਰੇ ਦੇਸ਼ਾਂ ਵਿਚ ਜਾਣ ਦੇ ਇੱਛਕ ਹਨ। ਅਫ਼ਗਾਨਿਸਤਾਨ ਦਾ ਵਰਤਾਰਾ ਵੱਡਾ ਮਨੁੱਖੀ ਦੁਖਾਂਤ ਹੈ। ਪਹਿਲਾਂ ਸੋਵੀਅਤ ਯੂਨੀਅਨ ਦੇ ਦਖ਼ਲ, ਬਾਅਦ ਵਿਚ ਤਾਲਿਬਾਨ ਦੇ ਰਾਜ ਅਤੇ 2001 ਤੋਂ ਅਮਰੀਕਾ ਅਤੇ ਨਾਟੋ ਫ਼ੌਜਾਂ ਦੇ ਹਮਲੇ ਨੇ ਸਥਿਤੀ ਨੂੰ ਇੰਨਾ ਵਿਗਾੜ ਕੇ ਰੱਖ ਦਿੱਤਾ ਹੈ ਕਿ ਸਹੀ ਅਤੇ ਗ਼ਲਤ ਵਿਚ ਫ਼ਰਕ ਕਰਨਾ ਮੁਸ਼ਕਿਲ ਹੋ ਗਿਆ ਹੈ। ਤਾਲਿਬਾਨ ਦਾ ਰਾਜ ਆਉਣ ਨਾਲ ਜਮਹੂਰੀ ਤਾਕਤਾਂ ਦੀਆਂ ਮੁਸ਼ਕਿਲਾਂ ਵਿਚ ਵੱਡਾ ਵਾਧਾ ਹੋਇਆ ਹੈ। ਇਸ ਦੇ ਨਾਲ ਨਾਲ ਇਹ ਵੀ ਸਪੱਸ਼ਟ ਹੋ ਰਿਹਾ ਹੈ ਕਿ ਅਫ਼ਗਾਨਿਸਤਾਨ ਦੇ ਵੱਖ ਵੱਖ ਹਿੱਸਿਆਂ ਵਿਚ ਇਲਾਕਾਈ ਸਰਦਾਰਾਂ ਦੀ ਚੜ੍ਹਤ ਨਾ ਸਿਰਫ਼ ਬਰਕਰਾਰ ਰਹਿਣੀ ਹੈ ਸਗੋਂ ਉਨਾਂ ਨੇ ਧਰਮ ਨੂੰ ਆਧਾਰ ਬਣਾ ਕੇ ਔਰਤਾਂ, ਬੱਚਿਆਂ, ਘੱਟਗਿਣਤੀ ਫ਼ਿਰਕਿਆਂ ਅਤੇ ਹੋਰ ਲੋਕਾਂ ਜਿਨਾਂ ਵਿਚ ਮੁਸਲਮਾਨ ਵੀ ਸ਼ਾਮਲ ਹਨ, ਨੂੰ ਨਿਸ਼ਾਨਾ ਬਣਾਉਣਾ ਹੈ। ਇਸ ਵੇਲੇ ਕੌਮਾਂਤਰੀ ਭਾਈਚਾਰੇ ਨੂੰ ਅਫ਼ਗਾਨਿਸਤਾਨ ਦੇ ਸਮੂਹ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ। ਇਹ ਯਕੀਨੀ ਬਣਾਉਣ ਦੀ ਵੀ ਜ਼ਰੂਰਤ ਹੈ ਕਿ ਮਦਦ ਧਰਮ 'ਤੇ ਆਧਾਰਿਤ ਨਾ ਹੋ ਕੇ ਮਾਨਵੀ ਕਦਰਾਂ-ਕੀਮਤਾਂ 'ਤੇ ਆਧਾਰਿਤ ਹੋਵੇ। ਭਾਰਤ ਨੂੰ ਵੀ ਇਸ ਯਤਨ ਵਿਚ ਸ਼ਾਮਲ ਹੋਣਾ ਚਾਹੀਦਾ ਹੈ।

**ਅੰਮ੍ਰਿਤਸਰ/ਏ.ਟੀ.ਨਿਊਜ਼ :** ਅਮਰੀਕਾ ਵਲੋਂ ਅਫ਼ਗਾਨਿਸਤਾਨ ਤੋਂ ਆਪਣੇ ਸੈਨਿਕਾਂ ਨੂੰ ਵਾਪਸ ਬੁਲਾਉਣ ਦੀ ਕਾਰਵਾਈ 31 ਅਗਸਤ ਤੱਕ ਪੂਰੀ ਕੀਤੀ ਜਾ ਰਹੀ ਹੈ। ਇਸ ਦੌਰਾਨ ਤਾਲਿਬਾਨ ਨੇ ਅਮਰੀਕਾ ਨੂੰ ਖੁੱਲੀ ਧਮਕੀ ਦਿੱਤੀ ਹੈ ਕਿ ਜੇਕਰ 31 ਅਗਸਤ ਤੱਕ ਅਮਰੀਕੀ ਫ਼ੌਜੀਆਂ ਦੀ ਵਾਪਸੀ ਦਾ ਕੰਮ ਪੂਰਾ ਨਹੀਂ ਹੋਇਆ ਤਾਂ ਅਮਰੀਕਾ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ। ਅਮਰੀਕੀ ਰਾਸ਼ਟਰਪਤੀ ਨੇ ਇਸ ਤੋਂ ਪਹਿਲਾਂ ਫ਼ੌਜਾਂ ਦੀ ਵਾਪਸੀ ਲਈ 11 ਸਤੰਬਰ ਦੀ ਤਰੀਕ ਤੈਅ ਕੀਤੀ ਸੀ, ਜਿਸ ਨੂੰ ਬਾਅਦ ਵਿਚ ਬਦਲ ਕੇ 31 ਅਗਸਤ ਕਰ ਦਿੱਤਾ ਗਿਆ। ਤਾਲਿਬਾਨ ਦੇ ਬੁਲਾਰੇ ਸੁਹੇਲ ਸ਼ਾਹੀਨ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਨੂੰ ਆਪਣੇ ਐਲਾਨ 'ਤੇ ਕਾਇਮ ਰਹਿਣਾ ਚਾਹੀਦਾ ਹੈ। ਤਾਲਿਬਾਨ ਵਲੋਂ ਅਫ਼ਗਾਨਿਸਤਾਨ 'ਤੇ ਕਬਜ਼ਾ ਕੀਤੇ ਜਾਣ ਦੇ ਬਾਅਦ ਵੀ ਉਨਾਂ ਅਤੇ ਅਫ਼ਗਾਨ ਲੜਾਕਿਆਂ ਵਿਚ ਸੰਘਰਸ਼ ਅਜੇ ਖ਼ਤਮ ਨਹੀਂ ਹੋਇਆ ਹੈ। ਬਲਕਿ ਪੰਜਸ਼ੀਰ ਘਾਟੀ ਵਿਚ ਇਹ ਯੁੱਧ ਲਗਾਤਾਰ ਤੇਜ਼ੀ ਫੜਦਾ ਜਾ ਰਿਹਾ ਹੈ ਅਤੇ ਕਾਬੁਲ 'ਤੇ ਕਬਜ਼ਾ ਕਰਨ ਤੋਂ ਬਾਅਦ ਤਾਲਿਬਾਨੀ ਹੁਣ ਵਿਦਰੋਹੀਆਂ ਦੇ ਗੜ੍ਹ ਪੰਜਸ਼ੀਰ ਘਾਟੀ ਵੱਲ ਵਧ ਰਹੇ ਹਨ। ਇਸ ਦੌਰਾਨ ਆਪਣੇ ਆਪ ਨੂੰ ਨਵਾਂ ਅਫ਼ਗਾਨ ਰਾਸ਼ਟਰਪਤੀ ਐਲਾਨਣ ਵਾਲੇ ਸਾਬਕਾ ਉਪ ਰਾਸ਼ਟਰਪਤੀ ਅਮਰੁੱਲਾਹ ਸਾਲੇਹ ਨੇ ਪੰਜਸ਼ੀਰ ਤੋਂ ਤਾਲਿਬਾਨ ਨੂੰ ਮੂੰਹ ਤੋੜਵਾਂ ਜਵਾਬ ਦੇਣ ਦੀ ਗੱਲ ਕਹੀ ਹੈ। ਜਾਣਕਾਰੀ ਅਨੁਸਾਰ ਪੰਜਸ਼ੀਰ, ਅੰਦਰਾਬ, ਬਗਲਾਨ ਪ੍ਰਾਂਤਾਂ ਦੇ ਵੱਖ-ਵੱਖ ਇਲਾਕਿਆਂ 'ਤੇ ਹਮਲਾ ਕਰਨ ਗਏ ਤਾਲਿਬਾਨੀ ਉੱਤਰੀ ਗੱਠਜੋੜ ਦੇ ਲੜਾਕਿਆਂ ਦੇ ਕਾਬੂ ਵਿਚ ਆ ਗਏ ਅਤੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਦੌਰਾਨ ਹੋਈ ਲੜਾਈ ਵਿਚ ਲਗਭਗ 300 ਤਾਲਿਬਾਨੀ ਮਾਰੇ ਗਏ ਹਨ। ਹਾਲਾਂਕਿ, ਇਹ ਲੜਾਈ ਅਜੇ ਖ਼ਤਮ ਨਹੀਂ ਹੋਈ ਹੈ ਕਿਉਂਕਿ ਵੱਡੀ ਗਿਣਤੀ ਵਿਚ ਤਾਲਿਬਾਨੀ ਲੜਾਕੇ ਪੰਜਸ਼ੀਰ ਚਲੇ ਗਏ ਹਨ, ਜਿੱਥੇ ਉਹ ਖੇਤਰ 'ਤੇ ਪੂਰੀ ਤਰਾਂ ਨਾਲ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਜਦਕਿ ਦੂਜੇ



ਪਾਸੇ ਤਾਲਿਬਾਨ ਦੇ ਬੁਲਾਰੇ ਨੇ ਦਾਅਵਾ ਕੀਤਾ ਹੈ ਕਿ ਤਾਲਿਬਾਨ ਨੇ ਪੰਜਸ਼ੀਰ ਨੂੰ ਤਿੰਨ ਪਾਸਿਆਂ ਤੋਂ ਘੇਰ ਲਿਆ ਹੈ। ਅਮਰੁੱਲਾਹ ਸਾਲੇਹ ਵੀ ਤਾਲਿਬਾਨ ਦੇ ਖ਼ਤਰੇ ਤੋਂ ਪੂਰੀ ਤਰਾਂ ਜਾਣੂ ਹਨ, ਪਰ ਇਸ ਦੇ ਬਾਵਜੂਦ ਉਨਾਂ ਦਾ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਜਿਸ ਵਿਚ ਉਹ ਬੇਫ਼ਿਕਰ ਹੋ ਕੇ ਵਾਲੀਬਾਲ ਖੇਡਦੇ ਵਿਖਾਈ ਦੇ ਰਹੇ ਹਨ। ਅਮਰੁੱਲਾਹ ਸਾਲੇਹ ਨੇ ਸਰਹੱਦਾਂ 'ਤੇ ਚੱਲ ਰਹੀ ਜੰਗ ਬਾਰੇ ਟਵੀਟ ਕਰਕੇ ਦੱਸਿਆ ਕਿ ਅੰਦਰਾਬ ਘਾਟੀ ਵਿਚ ਤਾਲਿਬਾਨੀ ਉਨਾਂ ਦੇ ਲੜਾਕਿਆਂ ਦੇ ਘੇਰੇ 'ਚ ਫਸ ਗਏ ਹਨ। ਉਨਾਂ ਇਹ ਵੀ ਦਾਅਵਾ ਕੀਤਾ ਕਿ ਉੱਤਰੀ ਗੱਠਜੋੜ ਦੇ ਲੜਾਕਿਆਂ ਨੇ ਤਾਲਿਬਾਨ ਦੀ ਸਪਲਾਈ ਲਾਈਨ ਕੱਟ ਦਿੱਤੀ ਹੈ, ਜਿਸ ਕਾਰਨ ਤਾਲਿਬਾਨੀ ਬੁਰੀ ਤਰਾਂ ਨਾਲ ਫਸ ਗਏ ਹਨ ਅਤੇ ਬਗਲਾਨ ਪ੍ਰਾਂਤ ਵਿਚ ਜਨਤਕ ਵਿਦਰੋਹ ਨਾਲ ਜੁੜੇ ਲੜਾਕਿਆਂ ਵਲੋਂ ਹਿੰਦੂਕੁਸ਼ 'ਚ ਸੂਬੇ ਦੇ ਤਿੰਨ ਜ਼ਿਲ੍ਹੇ ਤਾਲਿਬਾਨ ਦੇ ਕਬਜ਼ੇ ਤੋਂ ਆਜ਼ਾਦ ਕਰਵਾ ਲਏ ਹਨ। ਜਦਕਿ ਬਾਅਦ ਵਿਚ ਤਾਲਿਬਾਨ ਦੇ ਬੁਲਾਰੇ ਜ਼ਬੀਹੁੱਲਾਹ ਮੁਜਾਹਿਦ ਨੇ ਦਾਅਵਾ ਕੀਤਾ ਕਿ ਬਗਲਾਨ ਪ੍ਰਾਂਤ ਦੇ ਪੁਲ-ਏ-ਹਿਸਾਲ, ਬੰਨੂ, ਦੇਹ ਸਾਲੇਹ ਜ਼ਿਲ੍ਹੇ ਉਨਾਂ ਨੇ ਮੁੜ ਹਾਸਲ ਕਰ ਲਏ ਹਨ। ਬੁਲਾਰੇ ਨੇ ਦਾਅਵਾ ਕੀਤਾ ਕਿ ਤਾਲਿਬਾਨ ਨੇ ਤਖਰ, ਬਦਖਸ਼ਾਨ ਅਤੇ ਅੰਦਰਾਬ ਦਿਸ਼ਾਵਾਂ ਤੋਂ ਪੰਜਸ਼ੀਰ ਨੂੰ ਘੇਰ ਲਿਆ ਹੈ ਅਤੇ ਗੱਲਬਾਤ ਰਾਹੀਂ ਸਮੱਸਿਆ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

**ਅਮਰੀਕਾ ਬੋਲਿਆ- ਅਫ਼ਗਾਨਿਸਤਾਨ ਵਿਚ ਹਾਲੇ ਵੀ ਮੌਜੂਦ ਹੈ ਅਲਕਾਇਦਾ ਤੇ ਇਸਲਾਮਿਕ ਸਟੇਟ**

ਅਫ਼ਗਾਨਿਸਤਾਨ ਉਤੇ ਤਾਲਿਬਾਨ ਦਾ ਕਬਜ਼ਾ ਹੋਣ ਤੋਂ ਬਾਅਦ ਅਮਰੀਕਾ ਦੇ ਰੱਖਿਆ ਮੰਤਰਾਲੇ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਜਿਹਾਦੀ ਸੰਗਠਨ ਅਲਕਾਇਦਾ ਅਫ਼ਗਾਨਿਸਤਾਨ ਵਿਚ ਮੌਜੂਦ ਹੈ। ਪੇਂਟਾਗਨ ਦੇ ਪ੍ਰੈੱਸ ਸਕੱਤਰ ਜਾਨ ਕਿਰਬੀ ਨੇ ਕਿਹਾ ਕਿ ਅਲਕਾਇਦਾ ਦੀ ਸਮਰੱਥਾ ਇੰਨੀ ਨਹੀਂ ਹੈ ਕਿ ਉਹ ਸਾਡੀ ਜ਼ਮੀਨ ਲਈ ਖ਼ਤਰਾ ਬਣ ਸਕੇ। ਮਾਹਰ ਇਸ ਗੱਲ ਤੋਂ ਚਿੰਤਤ ਹਨ ਕਿ ਤਾਲਿਬਾਨ ਦੇ ਕਬਜ਼ੇ ਤੋਂ ਬਾਅਦ ਅਫ਼ਗਾਨਿਸਤਾਨ ਮੁੜ ਤੋਂ ਜਿਹਾਦੀਆਂ ਦੀ ਪਨਾਹਗਾਹ ਬਣ ਰਿਹਾ ਹੈ। ਜਾਨ ਕਿਰਬੀ ਨੇ ਦੱਸਿਆ ਕਿ ਸਾਨੂੰ ਇਸ ਗੱਲ ਦੀ ਜਾਣਕਾਰੀ ਹੈ ਕਿ ਅਫ਼ਗਾਨਿਸਤਾਨ ਵਿਚ ਅਲਕਾਇਦਾ ਦੇ ਨਾਲ ਆਈਐੱਸਆਈ ਵੀ ਮੌਜੂਦ ਹੈ। ਅਸੀ ਇਸ ਸਬੰਧੀ ਗੱਲਬਾਤ ਕੀਤੀ ਹੈ।

## ਅਫ਼ਗਾਨ ਪੁਲਿਸ ਮੁਲਾਜ਼ਮ ਨੇ ਕੀਤਾ ਖੁਲਾਸਾ, ਕਿਹਾ-ਤਾਲਿਬਾਨੀਆਂ ਨੇ ਲਾਸ਼ਾਂ ਨਾਲ ਵੀ ਕੀਤਾ ਬਲਾਤਕਾਰ

ਨਵੀਂ ਦਿੱਲੀ/ਏ.ਟੀ.ਨਿਊਜ: ਅਫ਼ਗਾਨਿਸਤਾਨ ਤੋਂ ਭਾਰਤ ਆਈ ਇਕ ਔਰਤ ਨੇ ਇਕ ਨਿਊਜ ਚੈਨਲ ਨੂੰ ਇੰਟਰਵਿਊ ਦਿੰਦੇ ਹੋਏ ਖੁਲਾਸਾ ਕੀਤਾ ਕਿ ਤਾਲਿਬਾਨੀਆਂ ਨੇ ਲਾਸ਼ਾਂ ਨਾਲ ਦਾ ਬਲਾਤਕਾਰ ਕੀਤਾ। ਉਹ ਔਰਤ ਅਫ਼ਗਾਨਿਸਤਾਨ ਵਿਚ ਪੁਲਿਸ ਫੋਰਸ 'ਚ ਕੰਮ ਕਰਦੀ ਸੀ ਤੇ ਤਾਲਿਬਾਨ ਦੇ ਡਰ ਕਾਰਨ ਭਾਰਤ ਆਈ ਹੈ ਤੇ ਨਵੀਂ ਦਿੱਲੀ ਰਹਿੰਦੀ ਹੈ। ਲਾਸ਼ਾਂ ਨਾਲ ਬਲਾਤਕਾਰ ਕਰਨ ਦੇ ਅਭਿਆਸ ਨੂੰ ਨੇਕਰੋਫਲਿਆ ਕਿਹਾ ਜਾਂਦਾ ਹੈ ਉਸ ਨੇ ਖੁਲਾਸਾ ਕੀਤਾ ਕਿ ਤਾਲਿਬਾਨੀ ਜਾਂ ਤਾਂ ਔਰਤਾਂ ਨੂੰ ਚੁੱਕ ਕੇ ਲੈ ਜਾਂਦੇ ਹਨ ਜਾਂ ਗੋਲ਼ੀ ਮਾਰ ਦਿੰਦੇ ਹਨ। ਉਸ ਦੀ ਜਾਨ ਖ਼ਤਰੇ 'ਚ ਸੀ ਜਿਸ ਦੇ ਨਤੀਜੇ ਵਜੋਂ ਉਸ ਨੂੰ ਆਪਣੀ ਨੌਕਰੀ ਛੱਡ ਕੇ ਦੇਸ਼ ਛੱਡਣਾ ਪਿਆ। ਜਦੋਂ ਅਸੀਂ ਉੱਥੇ ਸੀ, ਸਾਨੂੰ ਕਈ ਚਿਤਾਵਨੀਆਂ ਪ੍ਰਾਪਤ ਹੋਈਆਂ ਜੇ ਤੁਸੀਂ ਕੰਮ 'ਤੇ ਜਾਂਦੇ ਹੋ ਤਾਂ ਤੁਸੀਂ ਖਤਰੇ ਵਿਚ ਹੋ, ਤੁਹਾਡਾ ਪਰਿਵਾਰ ਖਤਰੇ ਵਿਚ ਹੈ, ਇਕ ਚਿਤਾਵਨੀ ਤੋਂ ਬਾਅਦ ਉਹ ਹੋਰ ਚਿਤਾਵਨੀ ਨਹੀਂ ਦੇਣਗੇ। ਉਸ ਕਿਹਾ ਕਿ ਤਾਲਿਬਾਨੀ ਲਾਸ਼ਾਂ ਨਾਲ ਵੀ ਬਲਾਤਕਾਰ ਕਰਦੇ ਹਨ। ਉਹ ਇਸ ਗੱਲ ਦੀ ਪਰਵਾਹ ਨਹੀਂ ਕਰਦੇ ਕਿ ਉਹ ਔਰਤ ਮਰ ਗਈ ਹੈ ਜਾਂ ਜ਼ਿੰਦਾ ਹੈ। ਕੀ ਤੁਸੀਂ ਇਸ ਦੀ ਕਲਪਨਾ ਕਰ ਸਕਦੇ ਹੋ ?

## ਜਿਉਂਦੇ ਜੀਅ ਤਾਬੂਤਾਂ ਵਿੱਚ ਬੰਦ ਹੋ ਕੇ ਪਾਕਿਸਤਾਨ ਜਾ ਰਹੀਆਂ ਹਨ ਅਫ਼ਗਾਨੀ ਔਰਤਾਂ

**ਕਾਬੁਲ/ਏ.ਟੀ.ਨਿਊਜ਼ :** ਮਹਿਲਾ ਅਧਿਕਾਰਾਂ ਲਈ ਕੰਮ ਕਰਨ ਵਾਲੀ ਅਤੇ ਅਫ਼ਗਾਨਿਸਤਾਨ ਵਿੱਚ ਚੋਣ ਕਮਿਸ਼ਨ ਦੀ ਸਾਬਕਾ ਮੈਂਬਰ ਜ਼ਾਰਮੀਨਾ ਕਾਕਰ ਨੇ ਦੱਸਿਆ ਕਿ ਅਫ਼ਗਾਨਿਸਤਾਨ ਦੇ ਸਾਰੇ ਪ੍ਰਾਂਤਾਂ, ਖਾਸ ਤੌਰ 'ਤੇ ਮੱਧ ਅਫ਼ਗਾਨਿਸਤਾਨ ਦੇ ਕਾਬੁਲ ਪ੍ਰਾਂਤ ਵਿੱਚ ਲੋਕ ਆਪਣੇ ਭਵਿੱਖ ਨੂੰ ਲੈ ਕੇ ਚਿੰਤਾ ਵਿੱਚ ਹਨ ਅਤੇ ਡਰੇ ਹੋਏ ਹਨ।ਇੱਥੇ ਸਭ ਤੋਂ ਜ਼ਿਆਦਾ ਔਰਤਾਂ, ਬੱਚੇ ਡਰੇ ਹੋਏ ਹਨ।ਉਨਾਂ ਦਾ ਕਹਿਣਾ ਸੀ, 'ਇੱਥੇ ਸਭ ਤੋਂ ਜ਼ਿਆਦਾ ਔਰਤਾਂ, ਬੱਚੇ ਡਰੇ ਹੋਏ ਹਨ ਅਤੇ ਉਹ ਨੌਜਵਾਨ ਪੀੜੀ ਜੋ ਪਿਛਲੇ 20 ਸਾਲਾਂ ਵਿੱਚ ਇੱਥੇ ਹੀ ਵੱਡੀ ਹੋਈ ਹੈ, ਤਾਲਿਬਾਨ ਦੇ ਖ਼ੌਫ਼ ਵਿੱਚ ਹੈ।' ਕਾਬੁਲ ਵਿੱਚ ਮੌਜੂਦ ਔਰਤਾਂ ਹੁਣ ਡਰ ਦੇ ਮਾਰੇ ਉੱਥੋਂ ਭੱਜ ਰਹੀਆਂ ਹਨ। ਅਫ਼ਗਾਨਿਸਤਾਨ ਦੀਆਂ ਔਰਤਾਂ, ਤਾਲਿਬਾਨ ਦੇ ਸ਼ਾਸਨ ਦੌਰਾਨ ਉਨਾਂ ਦੇ ਨਾਲ ਹੋਏ ਅੱਤਿਆਚਾਰਾਂ ਅਤੇ ਕੌੜੇ ਮਾਰਨ ਵਰਗੀਆਂ ਘਟਨਾਵਾਂ ਨੂੰ ਭੁੱਲੀਆਂ ਨਹੀਂ ਹਨ।

ਜ਼ਾਰਮੀਨਾ ਅੱਗੇ ਦੱਸਦੇ ਹਨ ਕਿ ਤਾਲਿਬਾਨ ਸ਼ਾਸਿਤ ਸੂਬਿਆਂ ਵਿੱਚੋਂ ਔਰਤਾਂ ਨੂੰ ਤਾਬੂਤਾਂ ਵਿੱਚ ਪਾਕਿਸਤਾਨ ਲਿਜਾਇਆ ਜਾ ਰਿਹਾ ਹੈ। ਅਜਿਹਾ ਉਨਾਂ ਨੂੰ, ਕਾਬੁਲ ਵਿੱਚ ਪਨਾਹ ਲੈਣ ਵਾਲੀਆਂ ਔਰਤਾਂ ਨੇ ਦੱਸਿਆ ਹੈ।

ਮਹਿਲਾ ਸਾਂਸਦ ਮਰੀਅਮ ਸਮਾ ਕਾਬੁਲ ਤੋਂ ਬਾਹਰ ਨਿੱਕਲਣ ਵਿੱਚ ਕਾਮਯਾਬ ਹੋ ਗਏ ਹਨ ਪਰ ਉਹ ਆਪਣੇ ਪਰਿਵਾਰ ਬਾਰੇ ਚਿੰਤਿਤ ਹਨ, ਜੋ ਅਜੇ ਵੀ ਕਾਬੁਲ ਵਿੱਚ ਹੀ ਮੌਜੂਦ ਹੈ।

ਸੁਤੰਤਰ ਫਿਲਮ ਨਿਰਮਾਤਾ ਸਹਰਾ ਕਰੀਮੀ ਨੇ ਸਿਨੇਮਾ ਅਤੇ ਫ਼ਿਲਮਾਂ ਨੂੰ ਪਿਆਰ ਕਰਨ ਵਾਲੇ ਲੋਕਾਂ ਅਤੇ ਫਿਲਮ ਕਮਿਊਨਿਟੀ ਨੂੰ ਚਿੱਠੀ ਲਿਖ ਕੇ ਮਦਦ ਦੀ ਗੁਹਾਰ ਲਗਾਈ ਹੈ।ਉਨਾਂ ਨੇ ਲਿਖਿਆ ਹੈ ਕਿ 'ਦੁਨੀਆ ਸਾਨੂੰ ਪਿੱਠ ਨਾ ਦਿਖਾਵੇ, ਅਫ਼ਗਾਨਿਸਤਾਨ ਦੀਆਂ ਔਰਤਾਂ, ਬੱਚਿਆਂ, ਕਲਾਕਾਰਾਂ ਅਤੇ ਫ਼ਿਲਮ ਨਿਰਮਾਤਾਵਾਂ ਨੂੰ ਤੁਹਾਡੇ ਸਹਿਯੋਗ ਦੀ ਲੋੜ ਹੈ।'

ਜ਼ਾਰਮੀਨਾ ਕਾਕਰ ਕਹਿੰਦੇ ਹਨ, 'ਅਸੀਂ ਅਫ਼ਗਾਨਿਸਤਾਨ ਵਿੱਚ ਮਨੁੱਖੀ ਅਧਿਕਾਰਾਂ ਨੂੰ ਲੈ ਕੇ ਕਈ ਸਾਲਾਂ ਤੋਂ ਕੰਮ ਕਰ ਰਹੇ ਹਾਂ। ਅਸੀਂ ਤਾਲਿਬਾਨ ਦੇ ਵਿਚਾਰਾਂ ਦੇ ਵਿਰੁੱਧ ਹਾਂ ਅਤੇ ਅਸੀਂ ਤਾਲਿਬਾਨ ਦੇ ਵਿਰੋਧ ਵਿੱਚ ਨਾਅਰੇ ਵੀ ਲਗਾਏ ਹਨ।' ਉਨਾਂ ਦੇ ਅਨੁਸਾਰ, 'ਪਿਛਲੇ 20 ਸਾਲਾਂ ਵਿੱਚ ਅਫ਼ਗ਼ਾਨ ਔਰਤਾਂ ਨੇ ਦੇਸ਼ ਵਿੱਚ ਲੋਕਤੰਤਰ ਦੀ ਬਹਾਲੀ ਲਈ ਬਹੁਤ ਯਤਨ ਕੀਤੇ ਹਨ। ਪਰ ਅੱਜ ਤਾਲਿਬਾਨ ਦੀ ਵਾਪਸੀ ਨਾਲ ਅਜਿਹਾ ਲੱਗਦਾ ਹੈ ਕਿ ਜੋ ਅਸੀਂ ਇੰਨੇ ਸਾਲਾਂ ਵਿੱਚ ਪ੍ਰਾਪਤ ਕੀਤਾ ਸੀ, ਉਹ ਬਰਬਾਦ ਹੋ ਗਿਆ ਹੈ ਕਿਉਂਕਿ ਤਾਲਿਬਾਨ ਨਾਰੀ ਅਧਿਕਾਰਾਂ ਅਤੇ ਨਾਰੀ ਦੀ ਨਿੱਜੀ ਆਜ਼ਾਦੀ ਨੂੰ ਲੈ ਕੇ ਵਚਨਬੱਧ ਨਹੀਂ ਹੈ।'

ਅਫ਼ਗਾਨਿਸਤਾਨ ਵਿੱਚ ਔਰਤਾਂ, ਖਾਸ ਕਰਕੇ ਮਨੁੱਖੀ ਅਧਿਕਾਰ ਕਾਰਕੁੰਨ ਅਤੇ ਪੱਤਰਕਾਰ, ਪਲ-ਪਲ ਵਿੱਚ ਮੌਤ ਦੇਖ ਰਹੀਆਂ ਹਨ ਅਤੇ ਹੁਣ ਉਹ ਪੂਰੀ ਤਰਾਂ ਨਿਰਾਸ਼ ਮਹਿਸੂਸ ਕਰ ਰਹੀਆਂ ਹਨ।

## ਵੀਜਾ ਪ੍ਰਕ੍ਰਿਆ ਦੀ ਮੱਧਮ ਰਫ਼ਤਾਰ ਕਾਰਨ ਅਫ਼ਗਾਨਿਸਤਾਨੀਆਂ ਲਈ ਨਿਕਲਣਾ ਹੋਇਆ ਮੁਸ਼ਕਿਲ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਅਫ਼ਗਾਨਿਸਤਾਨ ਉਪਰ ਤਾਲਿਬਾਨ ਵੱਲੋਂ ਕਬਜ਼ਾ ਕਰਨ ਉਪਰੰਤ ਅਫ਼ਗਾਨਿਸਤਾਨੀ ਸ਼ਰਨਾਰਥੀਆਂ ਦਾ ਸੰਕਟ ਪੈਦਾ ਹੋ ਗਿਆ ਹੈ। ਹਜ਼ਾਰਾਂ ਅਫ਼ਗਾਨਿਸਤਾਨੀ ਦੇਸ਼ ਛੱਡ ਕੇ ਹੋਰ ਕਿਤੇ ਚਲੇ ਜਾਣ ਲਈ ਕਾਹਲੇ ਹਨ। ਇਨਾਂ ਵਿਚ ਜਿਆਦਾਤਰ ਉਹ ਅਫਗਾਨਸਤਾਨੀ ਸ਼ਾਮਿਲ ਹਨ ਜੋ ਸਾਬਕਾ ਰਾਸ਼ਟਰਪਤੀ ਅਸ਼ਰਫ ਗਨੀ ਦੀ ਸਰਕਾਰ ਵਿਚ ਰਹੇ ਹਨ ਜਾਂ ਜਿਨਾਂ ਨੇ ਤਾਲਿਬਾਨ ਦੇ ਵਿਰੁੱਧ ਅਮਰੀਕਾ ਦੀ ਅਗਵਾਈ ਵਾਲੀਆਂ ਫੌਜਾਂ ਦੀ ਮੱਦਦ ਕੀਤੀ ਸੀ। ਆਮ ਅਫ਼ਗਾਨਿਸਤਾਨੀ ਨੂੰ ਅਫ਼ਗਾਨਿਸਤਾਨ ਵਿਚ ਹੀ ਜੀਣਾ ਜਾਂ ਮਰਨਾ ਪਵੇਗਾ। ਅਪ੍ਰੈਲ ਵਿਚ ਜਦੋਂ ਰਾਸ਼ਟਰਪਤੀ ਜੋ ਬਾਈਡਨ ਨੇ ਅਫ਼ਗਾਨਿਸਤਾਨ ਵਿਚੋਂ ਮੁਕੰਮਲ ਫੌਜਾਂ ਵਾਪਿਸ ਸੱਦਣ ਦਾ ਐਲਾਨ ਕੀਤਾ ਸੀ ਤਾਂ ਸ਼ਰਨਾਰਥੀਆਂ ਨੇ ਅਮਰੀਕੀ ਸਰਕਾਰ ਨੂੰ ਬੇਨਤੀ ਕੀਤੀ ਸੀ ਕਿ ਇੰਮੀਗ੍ਰੇਸ਼ਨ ਪ੍ਰਕ੍ਰਿਆ ਵਿਚ ਤੇਜੀ ਲਿਆਂਦੀ ਜਾਵੇ ਤਾਂ ਜੋ ਵਧ ਤੋਂ ਵਧ ਗਿਣਤੀ ਵਿਚ ਅਫ਼ਗਾਨਿਸਤਾਨੀਆਂ ਨੂੰ ਸੁਰੱਖਿਅਤ ਕੱਢਿਆ ਜਾ ਸਕੇ। ਅਫ਼ਗਾਨਿਸਤਾਨੀਆਂ ਲਈ ਦੇਸ਼ ਛੱਡਣ ਵਾਸਤੇ ਵੀਜਾ ਲੈਣਾ ਇਕ ਲੰਬੀ ਪ੍ਰਕ੍ਰਿਆ ਹੈ। ਇਨਾਂ ਵਿਚੋਂ ਜਿਆਦਾਤਰ ਨੂੰ ਵਿਸ਼ੇਸ਼ ਇਮੀਗ੍ਰਾਂਟ ਵੀਜਾ ਮਿਲਣ ਦੀ ਸੰਭਾਵਨਾ ਹੈ। ਅਜੇ ਇਹ ਸਪੱਸ਼ਟ ਨਹੀਂ ਹੈ ਕਿ ਕਿੰਨੇ ਅਫ਼ਗਾਨਿਸਤਾਨ ਸ਼ਰਨਾਰਥੀਆਂ ਨੂੰ ਅਮਰੀਕਾ ਲਿਆਂਦਾ ਜਾਵੇਗਾ। ਮੋਟੇ ਤੌਰ 'ਤੇ ਅਜੇ ਕੇਵਲ 2000 ਦੇ ਕਰੀਬ ਅਫ਼ਗਾਨਿਸਤਾਨੀਆਂ ਦੀ ਸ਼ਨਾਖ਼ਤ ਹੋਈ ਹੈ ਜਿਨਾਂ ਨੂੰ ਅਮਰੀਕਾ ਲਿਆਂਦਾ ਜਾਵੇਗਾ।

ਬਾਕੀ ਸਫ਼ਾ 30 'ਤੇ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਪਾਕਿਸਤਾਨ ਵੱਲੋਂ ਸਿੱਖ ਸੰਗਤ ਨੂੰ ਕਰਤਾਰਪੁਰ ਦੀ ਯਾਤਰਾ ਲਈ ਪ੍ਰਵਾਨਗੀ ਦੇਣ ਦਾ ਐਲਾਨ

## ਪਾਕਿ ਵਾਂਗ ਭਾਰਤ ਸਰਕਾਰ ਵੀ ਵੱਡਾ ਦਿਲ ਕਰਕੇ ਖੋਲ੍ਹੇ ਕਰਤਾਰਪੁਰ ਲਾਂਘਾ : ਜਥੇਦਾਰ ਅਕਾਲ ਤਖ਼ਤ

ਅੰਮ੍ਰਿਤਸਰ ਟਾਈਮਜ ਦਾ ਮੰਨਣਾ ਹੈ ਕਿ ਦੋਵੇਂ ਦੇਸ਼ ਬੇਰੁਜ਼ਗਾਰੀ, ਗ਼ਰੀਬੀ ਅਤੇ ਭੁੱਖਮਰੀ ਜਿਹੀਆਂ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਖੇਤੀ ਲਾਹੇਵੰਦੀ ਨਾ ਰਹਿਣ ਕਰਕੇ ਕਿਸਾਨਾਂ ਅਤੇ ਮਜ਼ਦੂਰਾਂ ਦਾ ਆਰਥਿਕ ਸੰਕਟ ਵਧਿਆ ਹੈ। ਕੋਵਿਡ-19 ਨੇ ਵੀ ਪਹਿਲਾਂ ਹੀ ਘੱਟ ਹੋ ਰਹੇ ਵਪਾਰ ਅਤੇ ਕਾਰੋਬਾਰ ’ਤੇ ਨਕਾਰਾਤਮਕ ਪ੍ਰਭਾਵ ਪਾਇਆ ਹੈ। ਬੁਨਿਆਦੀ ਢਾਂਚਾ ਮੌਜੂਦ ਹੋਣ ਦੇ ਬਾਵਜੂਦ ਦੋਹਾਂ ਦੇਸ਼ਾਂ ਵਿਚ ਵਪਾਰ ਬਹੁਤ ਘੱਟ ਹੈ। ਹੁਣ ਇਹ ਵਪਾਰ ਸੀਮਤ ਰੂਪ ਵਿਚ ਮੁੰਬਈ ਅਤੇ ਕਰਾਚੀ ਰਾਹੀਂ ਹੁੰਦਾ ਹੈ; ਸੜਕੀ ਵਪਾਰ ਵਧਣ ਨਾਲ ਦੋਹਾਂ ਦੇਸ਼ਾਂ ਦੇ ਅਰਥਚਾਰੇ ਨੂੰ ਹੋਰ ਹੁਲਾਰਾ ਮਿਲ ਸਕਦਾ ਹੈ। ਸਿਹਤ, ਸਿੱਖਿਆ, ਵਾਤਾਵਰਨ ਸਮੇਤ ਅਨੇਕ ਮੁੱਦੇ ਸਾਂਝੇ ਭਵਿੱਖ ਉੱਤੇ ਨਿਰਭਰ ਕਰਦੇ ਹਨ। ਕਰਤਾਰਪੁਰ ਸਾਹਿਬ ਲਾਂਘੇ ਲਈ ਸ਼ਰਧਾਲੂਆਂ ਦੇ ਆਉਣ ਜਾਣ ਦਾ ਵਧਣਾ ਇਨਾਂ ਵੱਡੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਸਹਾਈ ਹੋ ਸਕਦਾ ਹੈ। ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਅਤੇ ਨੀਤੀ ਘਾੜਿਆਂ ਨੂੰ ਇਸ ਦਿਸ਼ਾ ਵਿਚ ਲਗਾਤਾਰ ਸੰਵਾਦ ਰਚਾਉਣ ਦੀ ਲੋੜ ਹੈ।

**ਇਸਲਾਮਾਬਾਦ/ਏ.ਟੀ.ਨਿਊਜ਼ :** ਪਾਕਿਸਤਾਨ ਨੇ ਕਰੋਨਾ ਦੀ ਚੌਥੀ ਲਹਿਰ ਦੇ ਖ਼ਤਰੇ ਦੇ ਬਾਵਜੂਦ ਸਿੱਖ ਸ਼ਰਧਾਲੂਆਂ ਨੂੰ ਅਗਲੇ ਮਹੀਨੇ ਤੋਂ ਕਰਤਾਰਪੁਰ ਵਿੱਚ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਦੀ ਪ੍ਰਵਾਨਗੀ ਦੇਣ ਦਾ ਫ਼ੈਸਲਾ ਕੀਤਾ ਹੈ। ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਦੀ 22 ਸਤੰਬਰ ਨੂੰ ਬਰਸੀ ਹੈ, ਜਿਸ ਦੇ ਮੱਦੇਨਜ਼ਰ ਨੈਸ਼ਨਲ ਕਮਾਂਡ ਐਂਡ ਆਪਰੇਸ਼ਨ ਸੈਂਟਰ (ਐੱਨਸੀਓਸੀ) ਨੇ ਕਰਤਾਰਪੁਰ ਦਾ ਗੁਰਦੁਆਰਾ ਖੋਲਣ ਦਾ ਫ਼ੈਸਲਾ ਕੀਤਾ ਹੈ। ‘ਡਾਅਨ’ ਅਖ਼ਬਾਰ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਐੱਨਸੀਓਸੀ ਦੀ ਮੀਟਿੰਗ ਵਿੱਚ ਸਿੱਖ ਸ਼ਰਧਾਲੂਆਂ ਨੂੰ ਸਖ਼ਤ ਕਰੋਨਾ ਨਿਯਮਾਂ ਤਹਿਤ ਅਗਲੇ ਮਹੀਨੇ ਤੋਂ ਕਰਤਾਰਪੁਰ ਦੀ ਯਾਤਰਾ ਲਈ ਪ੍ਰਵਾਨਗੀ ਦੇਣ ਦਾ ਸਰਬਸੰਮਤੀ ਨਾਲ ਫ਼ੈਸਲਾ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਡੈਲਟਾ ਕਿਸਮ ਦਾ ਕਰੋਨਾ ਫੈਲਣ ਕਾਰਨ ਭਾਰਤ 22 ਮਈ ਤੋਂ 12 ਅਗਸਤ ਤੱਕ ‘ਸੀ’ ਸ਼੍ਰੇਣੀ ਵਿੱਚ ਰਿਹਾ ਸੀ ਅਤੇ ਸਿੱਖ ਸ਼ਰਧਾਲੂਆਂ ਸਣੇ ਦੇਸ਼ ਤੋਂ ਆਉਣ ਵਾਲੇ ਲੋਕਾਂ ਲਈ ਵਿਸ਼ੇਸ਼ ਮਨਜ਼ੂਰੀ ਦੀ ਲੋੜ ਸੀ। ਹਾਲਾਂਕਿ ਹੁਣ ਕਰੋਨਾ ਰੋਕੂ ਖ਼ੁਰਾਕ ਲੈ ਚੁੱਕੇ ਲੋਕਾਂ ਨੂੰ ਹੀ ਪਾਕਿਸਤਾਨ ’ਚ ਦਾਖ਼ਲ ਹੋਣ ਦੀ ਪ੍ਰਵਾਨਗੀ ਹੋਵੇਗੀ, ਸ਼ਰਤ ਹੈ ਕਿ ਉਨਾਂ ਕੋਲ ਕਰੋਨਾ ਟੈਸਟ ਦੀਆਂ ਤਾਜ਼ਾ ਨੈਗੇਟਿਵ ਰਿਪੋਰਟਾਂ ਹੋਣੀਆਂ ਲਾਜ਼ਮੀ ਹਨ।

ਇਥੇ ਜਿਕਰਯੋਗ ਹੈ ਕਿ ਲਾਂਘੇ ਦਾ ਉਦਘਾਟਨ 9 ਨਵਬੰਰ 2019 ਨੂੰ ਕੀਤਾ ਗਿਆ ਸੀ। ਕੋਵਿਡ-19 ਕਾਰਨ 15 ਮਾਰਚ 2020 ਤੋਂ ਸ਼ਰਧਾਲੂਆਂ ਦੇ ਕਰਤਾਰਪੁਰ ਜਾਣ ’ਤੇ ਰੋਕ ਲਗਾ ਦਿੱਤੀ ਗਈ। ਹਾਲਾਤ ’ਚ ਸੁਧਾਰ ਨਾਲ ਹੋਰ ਦੇਸ਼ਾਂ ਨੂੰ ਜਾਣ ਦੀ ਮਨਜ਼ੂਰੀ ਮਿਲਣ ’ਤੇ ਬਹੁਤ ਸਾਰੇ ਸ਼ਰਧਾਲੂ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦੀ ਇਜਾਜ਼ਤ ਦੇਣ ਦੀ ਮੰਗ ਉਠਾਉਂਦੇ ਰਹੇ ਹਨ।

ਕਰਤਾਰਪੁਰ ਸਾਹਿਬ ਲਾਂਘਾ ਉਸ ਵਕਤ ਖੁੱਲਿਆ ਜਦੋਂ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਦਰਮਿਆਨ ਗੱਲਬਾਤ ਲੰਮੇ ਸਮੇਂ ਤੋਂ ਬੰਦ ਸੀ। ਦੇਸ਼-ਵਿਦੇਸ਼ ਦੇ ਸ਼ਰਧਾਲੂਆਂ ਦੀ ਚਾਹਤ ਦੇ ਮੱਦੇਨਜ਼ਰ ਪਾਕਿਸਤਾਨ ਅਤੇ ਭਾਰਤ ਸਰਕਾਰ ਦੇ ਅਧਿਕਾਰੀਆਂ ਦਰਮਿਆਨ ਹੋਈ ਗੱਲਬਾਤ ਦੌਰਾਨ ਲਾਂਘਾ ਖੋਲਣ ਦੀ ਮਨਜ਼ੂਰੀ ਦਿੱਤੀ ਗਈ। ਇਸ ਤੋਂ ਉਮੀਦ ਬਣੀ ਸੀ ਕਿ ਇਸ ਨਾਲ ਦੋਵਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਵਪਾਰਕ, ਭਾਈਚਾਰਕ ਅਤੇ ਸਮਾਜਿਕ ਸਬੰਧ ਵਧਣਗੇ। ਇਸ ਲਈ ਵਾਹਗਾ, ਹੁਸੈਨੀਵਾਲਾ ਅਤੇ ਸਾਦਕੀ-ਸੁਲੇਮਾਨਕੀ ਸਰਹੱਦਾਂ ਖੋਲਣ ਅਤੇ ਭਵਿੱਖ ਵਿਚ ਦੁਸ਼ਮਣੀ ਦੀ ਬਜਾਏ ਮੁਹੱਬਤ ਦੇ ਰਿਸ਼ਤੇ ਬਣਾਉਣ ਦੇ ਰੂਪ ਵਿਚ ਕਦਮ ਵਧਣ ਦੀ ਉਮੀਦ ਨਾਲ ਲਹਿੰਦੇ ਅਤੇ ਚੜਦੇ ਪੰਜਾਬ ਦੇ ਲੋਕਾਂ ਨੂੰ ਬੇਹੱਦ ਖ਼ੁਸ਼ੀ ਹੋਈ ਸੀ। ਦੋਵੇਂ ਦੇਸ਼ਾਂ ਦੇ ਸਬੰਧਾਂ ਵਿਚ ਸੁਧਾਰ ਦੱਖਣੀ ਏਸ਼ੀਆ ਵਿਚ ਅਮਨ-ਸ਼ਾਂਤੀ ਬਰਕਰਾਰ ਰੱਖਣ ਲਈ ਜ਼ਰੂਰੀ ਹੈ।





**ਜਥੇਦਾਰ ਨੇ ਭਾਰਤ ਨੂੰ ਦਿੱਤੀ ਸਲਾਹ :**

ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਕਿਹਾ ਕਿ ਬੜੀ ਖ਼ੁਸ਼ੀ ਵਾਲੀ ਗੱਲ ਹੈ ਕਿ ਪਾਕਿਸਤਾਨ ਸਰਕਾਰ ਨੇ ਕਰਤਾਰਪੁਰ ਕੋਰੀਡੋਰ ਓਪਨ ਕਰਨ ਲਈ ਰਾਹ ਪੱਧਰਾ ਕੀਤਾ ਹੈ। ਪਾਕਿਸਤਾਨ ਵਾਂਗ ਭਾਰਤ ਸਰਕਾਰ ਵੀ ਵੱਡਾ ਦਿਲ ਕਰ ਕੇ ਕਰਤਾਰਪੁਰ ਲਾਂਘਾ ਖੋਲੇ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕੋਵਿਡ-19 ਦੌਰਾਨ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਇਸ ਲਈ ਸਿਹਤ ਵਿਭਾਗ ਵੱਲੋਂ ਕੀਤੀਆਂ ਹਦਾਇਤਾਂ ਲਾਗੂ ਕਰਵਾ ਕੇ ਉਸ ਦੀ ਪਾਲਣਾ ਕਰਵਾ ਲੈਣੀ ਚਾਹੀਦੀ ਹੈ ਪਰ ਦੂਸਰੇ ਮੰਦਰ, ਗੁਰਦੁਆਰਿਆਂ ਦੀ ਤਰਾਂ ਕਰਤਾਰਪੁਰ ਕੋਰੀਡੋਰ ਵੀ ਖੋਲਣਾ ਚਾਹੀਦਾ ਹੈ। ਉਨਾਂ ਕਿਹਾ ਕਿ 22 ਸਤੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤ ਦਿਵਸ ਮਨਾਇਆ ਜਾ ਰਿਹਾ ਹੈ, ਜਿਸ ਕਾਰਨ ਸੰਗਤਾਂ ’ਚ ਉਤਸ਼ਾਹ ਹੈ ਕਿ ਉਹ ਪਾਕਿਸਤਾਨ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਦੀਦਾਰੇ ਕਰਨ। ਇਕ ਸਵਾਲ ਦੇ ਜਵਾਬ ’ਚ ਉਨਾਂ ਕਿਹਾ ਕਿ ਕਿਤੇ ਨਾ ਕਿਤੇ ਇਹ ਸਭ ਸਰਕਾਰਾਂ ਦੇ ਮਨ ਵਿਚ ਹੀ ਹੈ ਕਿ ਕੋਰੀਡੋਰ ਨਹੀਂ ਖੋਲਣਾ, ਜੇਕਰ ਖੁੱਲ ਜਾਵੇ ਤਾਂ ਇਸ ਨਾਲ ਜਿੱਥੇ ਆਪਸੀ ਰਿਸ਼ਤੇ ਮਜ਼ਬੂਤ ਹੋਣ ਦੇ ਨਾਲ ਭਾਈਚਾਰਕ ਸਾਂਝ ਬਣੇਗੀ, ਉਥੇ ਵਪਾਰ ਵੀ ਵਧੇਗਾ।

# ਅ.ਫਗਾਨਿਸਤਾਨ ਵਿਚਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਵਾਪਸੀ ਲਈ ਕੇਂਦਰ ਨਾਲ ਗੱਲ ਕਰੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਅਫ਼ਗਾਨਿਸਤਾਨ ’ਚ ਪੈਦਾ ਹੋਏ ਅਣਸੁਖਾਵੇਂ ਹਾਲਾਤ ਕਾਰਨ ਉੱਥੇ ਰਹਿੰਦੇ ਸਿੱਖ ਪਰਿਵਾਰ ਹਿਜਰਤ ਕਰਨ ਲਈ ਮਜਬੂਰ ਹੋ ਗਏ ਹਨ। ਆਪਣੇ ਪਰਿਵਾਰ ਕਾਰੋਬਾਰ ਜਾਂ ਘਰਾਂ ਤੋਂ ਵੱਧ ਜੇਕਰ ਕਿਸੇ ਗੱਲ ਦਾ ਉਨਾਂ ਨੂੰ ਫ਼ਿਕਰ ਹੈ ਤਾਂ ਉਹ ਹੈ ਉੱਥੋਂ ਦੇ ਗੁਰੂ ਘਰਾਂ ਅਤੇ ਉੱਥੇ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ। ਮਹੱਤਵਪੂਰਨ ਗੱਲ ਇਹ ਹੈ ਕਿ ਇਨਾਂ ਸਰੂਪਾਂ ਵਿਚ ਵੱਡੀ ਗਿਣਤੀ ਵਿਚ ਹੱਥ ਲਿਖਤ ਸਰੂਪ ਹਨ ਜਿਨਾਂ ਦੀ ਬਹੁਤ ਵੱਡੀ ਇਤਿਹਾਸਕ ਮਹੱਤਤਾ ਹੈ। ਹਾਲਾਂਕਿ ਉਥੋਂ ਆ ਰਹੇ ਸਿੱਖ ਪਰਿਵਾਰ ਆਪਣੇ ਨਾਲ ਇਹ ਸਰੂਪ ਲਿਆ ਰਹੇ ਹਨ ਅਤੇ ਇੱਥੇ ਉਨਾਂ ਦੀ ਸਾਂਭ-ਸੰਭਾਲ ਦਾ ਇੰਤਜ਼ਾਮ ਵੀ ਕਰ ਰਹੇ ਹਨ ਪਰ ਅਜੇ ਵੀ ਉੱਥੇ ਬਹੁਤ ਸਾਰੇ ਸਰੂਪ ਹਨ ਜਿਨਾਂ ਨੂੰ ਲੈ ਕੇ ਇਨਾਂ ਦੇ ਮਨਾਂ ਵਿਚ ਚਿੰਤਾ ਅਤੇ ਡਰ ਹੈ। ਐੱਸਜੀਪੀਸੀ ਵੱਲੋਂ ਇਸ ਮਸਲੇ ਨੂੰ ਲੈ ਕੇ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ ਅਤੇ ਉਮੀਦ ਹੈ ਕਿ ਜਲਦੀ ਹੀ ਇਸ ਪਾਸੇ ਲੋੜੀਂਦੇ ਕਦਮ ਚੁੱਕੇ ਜਾਣਗੇ।

ਜ਼ਿਕਰਯੋਗ ਹੈ ਕਿ ਅਫ਼ਗਾਨਿਸਤਾਨ ਨਾਲ ਸਿੱਖਾਂ ਦਾ ਸਬੰਧ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਜੁੜਿਆ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦੇ ਨਾਲ ਭਾਈ ਮਰਦਾਨਾ ਜੀ ਵੀ ਆਖਰੀ ਯਾਤਰਾ ਦੌਰਾਨ ਬਗ਼ਦਾਦ ਗਏ ਅਤੇ ਵਾਪਸੀ ’ਤੇ ਭਾਈ ਮਰਦਾਨਾ ਕੁਰਮ ਦਰਿਆ ਨੇੜੇ ਚਲਾਣਾ ਕਰ ਗਏ, ਜਿੱਥੇ ਉਨਾਂ ਦੀਆਂ ਆਖ਼ਰੀ ਰਸਮਾਂ ਪੂਰੀਆਂ ਕੀਤੀਆਂ ਗਈਆਂ। ਅੱਜ ਵੀ ਕੁਰਮ ਦਰਿਆ ’ਤੇ ਕੁਰਮ ਨਗਰ ਵਿਚ ਭਾਈ ਮਰਦਾਨਾ ਜੀ ਦੀ ਯਾਦਗਾਰ ਸਥਾਪਤ ਹੈ। ਗੁਰੂ ਨਾਨਕ ਦੇਵ ਜੀ ਨੇ ਇਸੇ ਫੇਰੀ ਦਰਮਿਆਨ ਗੁਰਦੁਆਰਾ ਚਸ਼ਮਾ ਸਾਹਿਬ ਜਲਾਲਾਬਾਦ ਵਿਖੇ ਚਸ਼ਮਾ ਪ੍ਰਗਟ ਕੀਤਾ ਸੀ। ਭਾਈ ਗੁਰਦਾਸ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰੂ ਕਾਲ ਵਿਚ ਉਥੇ ਗਏ ਸਨ। ਇਸ ਤੋਂ ਬਾਅਦ ਸ੍ਰੀ ਹਰਿਰਾਇ ਸਾਹਿਬ ਜੀ ਦੇ ਗੁਰੂ ਕਾਲ ਸਮੇਂ ਭਾਈ ਗੋਂਦਾ ਜੀ ਵੀ ਅਫ਼ਗਾਨਿਸਤਾਨ ਗਏ ਸਨ। ਇਨਾਂ ਤੋਂ ਇਲਾਵਾ ਖਾਲਸਾ ਰਾਜ ਦੇ ਬਾਨੀ ਬਾਬਾ ਸਾਹਿਬ ਸਿੰਘ ਬੇਦੀ, ਭਾਈ ਪ੍ਰੇਮ ਸਿੰਘ ਹੋਤੀ ਮਰਦਾਨ, ਬਾਬਾ ਤੇਜ ਭਾਨ ਸਿੰਘ, ਗਿਆਨੀ ਸੰਤ ਸਿੰਘ ਮਸਕੀਨ, ਪ੍ਰੋ. ਦਰਸ਼ਨ ਸਿੰਘ ਸਾਬਕਾ ਜਥੇਦਾਰ,



ਡਾ. ਗੰਡਾ ਸਿੰਘ ਨੇ ਸਿੱਖੀ ਦੇ ਪ੍ਰਚਾਰ ਲਈ ਯਾਤਰਾਵਾਂ ਕੀਤੀਆਂ।

ਅਫ਼ਗਾਨਿਸਤਾਨ ਵਿਚ ਵੱਖ-ਵੱਖ 8 ਰਾਜਾਂ ਵਿਚ ਸਿੱਖ ਪਰਿਵਾਰ ਵੱਸਦੇ ਆ ਰਹੇ ਹਨ। ਕਾਬਲ, ਜਲਾਲਾਬਾਦ, ਕੰਧਾਰ ਆਦਿ ਵਿਚ 1980 ਤੋਂ 88 ਤੱਕ ਚਾਰ ਲੱਖ ਦੇ ਕਰੀਬ ਸਿੱਖ ਰਹਿੰਦੇ ਸਨ। ਖ਼ਾਨਾਜੰਗੀ ਦੌਰਾਨ ਜ਼ਿਆਦਾਤਰ ਸਿੱਖਾਂ ਨੂੰ ਹਿਜਰਤ ਕਰਨੀ ਪਈ। 1992 ਵਿਚ ਬਾਬਰੀ ਮਸਜਿਦ ਦੀ ਘਟਨਾ ਮਗਰੋਂ ਵੀ ਉੱਥੇ ਸਿੱਖਾਂ ਤੇ ਹਿੰਦੂਆਂ ਨੂੰ ਸਥਾਨਕ ਲੋਕਾਂ ਦੇ ਰੋਹ ਦਾ ਸਾਹਮਣਾ ਕਰਨਾ ਪਿਆ ਅਤੇ ਵੱਡੀ ਗਿਣਤੀ ’ਚ ਹਿੰਦੂਆਂ ਅਤੇ ਸਿੱਖਾਂ ਨੂੰ ਅਫ਼ਗਾਨਿਸਤਾਨ ਛੱਡਣ ਲਈ ਮਜਬੂਰ ਹੋਣਾ ਪਿਆ। ਮੌਜੂਦਾ ਹਾਲਾਤ ’ਚ ਕੋਈ ਵੀ ਸਿੱਖ ਉਥੇ ਸੁਰੱਖਿਅਤ ਨਹੀਂ ਹੈ, ਜਿਸ ਕਾਰਨ ਉਨਾਂ ਨੂੰ ਵਾਪਸੀ ਲਈ ਮਜਬੂਰ ਹੋਣਾ ਪੈ ਰਿਹਾ ਹੈ।

**ਗੁਰਦੁਆਰਿਆਂ ਤੇ ਮੰਦਰਾਂ ਦੀ ਸੰਭਾਲ ਲਈ ਬਣੇ ਬੋਰਡ : ਜਥੇਦਾਰ**

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅਫ਼ਗਾਨਿਸਤਾਨ ’ਚ ਵੱਸ ਰਹੇ ਸਿੱਖ ਜਿਥੇ ਮਜਬੂਰ-ਵੱਸ ਹੋ ਕੇ ਹਿਜਰਤ ਕਰ ਰਹੇ ਹਨ, ਉਥੇ ਸਿੱਖ ਆਪਣਾ ਫ਼ਰਜ਼ ਸਮਝਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵੀ ਆਪਣੇ ਨਾਲ ਲੈ ਕੇ ਆ ਰਹੇ ਹਨ। ਉਨਾਂ ਕਿਹਾ ਕਿ ਪਿਛਲੇ ਸਮੇਂ ਵਿਚ ਅੱਠ ਪਾਵਨ ਸਰੂਪ ਅਫ਼ਗਾਨਿਸਤਾਨ ਤੋਂ ਲਿਆ ਕੇ ਗੁਰਦੁਆਰਾ ਅਰਜਨ ਦੇਵ ਤਿਲਕ ਨਗਰ ਦਿੱਲੀ ਵਿਚ ਸੁਸ਼ੋਭਿਤ ਕੀਤੇ ਗਏ ਸਨ। ਇੱਥੇ ਹੀ ਬੀਤੇ ਦਿਨ ਪੁੱਜੇ ਤਿੰਨ ਹੋਰ ਪਾਵਨ ਸਰੂਪ ਵੀ ਸੁਸ਼ੋਭਿਤ ਕਰ ਦਿੱਤੇ ਗਏ ਹਨ। ਇਸ ਤੋਂ ਇਲਾਵਾ ਜਿਹੜੇ ਸਿੱਖ ਕੈਨੇਡਾ ਗਏ ਸਨ, ਉਹ ਵੀ ਆਪਣੇ ਨਾਲ 4 ਸਰੂਪ ਲੈ ਕੇ ਪੁੱਜੇ ਹਨ। ਚਿੰਤਾ ਦਾ ਵਿਸ਼ਾ ਹੈ ਕਿ ਉਥੋਂ ਸਿੱਖ ਤੇ ਹਿੰਦੂ ਹਿਜਰਤ ਲਈ ਮਜਬੂਰ ਹਨ। ਅਫ਼ਗਾਨਿਸਤਾਨ ਵਿਚ ਜਿਹੜੀ ਵੀ ਸਰਕਾਰ ਸੱਤਾ ਸੰਭਾਲੇ, ਬਾਕੀ ਦੇਸ਼ਾਂ ਦੀ ਤਰਾਂ ਗੁਰਦੁਆਰਾ ਸਾਹਿਬ ’ਤੇ ਮੰਦਰਾਂ ਦੀ ਸੰਭਾਲ ਲਈ ਬੋਰਡ ਸਥਾਪਿਤ ਕਰੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਕਮੇਟੀ ਅਤੇ ਦੁਨੀਆ ਭਰ ਦੀਆਂ ਸਿੱਖ ਸੰਗਤਾਂ ਇਸ ਕਾਰਜ ਵਿਚ ਸਹਿਯੋਗ ਕਰਨ ਅਤੇ ਆਵਾਜ਼ ਉਠਾਉਣ।

**ਦੇਸ਼ ਵਿਦੇਸ਼ ਦੇ ਸਿੱਖਾਂ ਨਾਲ ਕਰ ਰਹੇ ਹਾਂ ਰਾਬਤਾ : ਬੀਬੀ ਜਗੀਰ ਕੌਰ**

ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੁਨੀਆ ਭਰ ਵਿਚ ਵੱਸਦੇ ਸਿੱਖਾਂ ਦੀ ਨੁਮਾਇੰਦਗੀ ਕਰਦੀ ਹੈ ਅਤੇ ਅਫ਼ਗਾਨਿਸਤਾਨ ਵਿਚ ਬਣੇ ਹਾਲਾਤ ਲਈ ਚਿੰਤਤ ਹੈ। ਉਨਾਂ ਕਿਹਾ ਕਿ ਅਫ਼ਗਾਨਿਸਤਾਨ ਵਿਚ ਇਤਿਹਾਸਕ ਗੁਰੂ ਸਥਾਨਾਂ ਦੀ ਸੰਭਾਲ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਇਸ ਲਈ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਹੋਰਨਾਂ ਦੇਸ਼ਾਂ ਵਿਚ ਵਸਦੇ ਸਿੱਖਾਂ ਨਾਲ ਰਾਬਤਾ ਰੱਖਦੇ ਹੋਏ ਉਥੇ ਦੀਆਂ ਸਰਕਾਰਾਂ ਪਾਸੋਂ ਵੀ ਅਫ਼ਗਾਨਿਸਤਾਨ ਦੇ ਗੁਰਦੁਆਰਿਆਂ ਦੀ ਸੁਰੱਖਿਆ ਤੇ ਸੰਭਾਲ ਲਈ ਯਤਨ ਕੀਤੇ ਜਾ ਰਹੇ ਹਨ।

**ਸਰੂਪਾਂ ਦੀ ਵਾਪਸੀ ਲਈ ਫ਼ੌਰੀ ਕਦਮ ਚੁੱਕੇ ਜਾਣ : ਬਾਬਾ ਬੇਦੀ**

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਸਿੱਖ ਹਮੇਸ਼ਾ ਹੀ ਅਰਦਾਸ ਕਰਕੇ ਗੁਰੂ ਸਾਹਿਬ ਦਾ ਓਟ ਆਸਰਾ ਲੈਂਦੇ ਹਨ। ਸਿੱਖ ਜਿੱਥੇ ਵੀ ਵੱਸਦੇ ਹਨ, ਗੁਰੂ ਗ੍ਰੰਥ ਸਾਹਿਬ ਦਾ ਓਟ ਆਸਰਾ ਹੀ ਲੈਂਦੇ ਹਨ। ਉਨਾਂ ਕਿਹਾ ਕਿ ਜੰਗ ਦੇ ਸਮੇਂ ਵੀ ਸਿੱਖ ਫ਼ੌਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਣ ਲਈ ਛੋਟੇ ਅਕਾਰ ਦੀ ਸਫ਼ਰੀ ਬੀੜ ਤਿਆਰ ਕਰਦੇ ਸਨ ਅਤੇ ਆਪਣੇ ਨਾਲ ਰੱਖਦੇ ਸਨ। ਅੱਜ ਮਜਬੂਰੀ ਵਿਚ ਭਾਰਤ ਪਰਤ ਰਹੇ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਵੀ ਆਪਣੇ ਨਾਲ ਲੈ ਕੇ ਆਉਣਾ ਪੈ ਰਿਹਾ ਹੈ। ਐੱਸਜੀਪੀਸੀ ਨੂੰ ਚਾਹੀਦਾ ਹੈ ਕਿ ਉਹ ਕੇਂਦਰ ਸਰਕਾਰ ਕੋਲ ਇਹ ਮਸਲਾ ਉਠਾਏ ਅਤੇ ਇਸ ਸਬੰਧੀ ਫ਼ੌਰੀ ਕਦਮ ਚੁੱਕੇ ਜਾਣ। ਅਫਗਾਨੀ ਸਿਖਾਂ ਨੂੰ ਸੰਭਾਲਿਆ ਜਾਵੇ।

# ਤਖ਼ਤ ਪਟਨਾ ਸਾਹਿਬ ਤੋਂ 15 ਕਿਲੋ ਸੋਨਾ ਤੇ 32 ਕਰੋੜ ਦੀ ਐੱਫਡੀ ਗ਼ਾਇਬ ਪੜਤਾਲੀਆ ਕਮੇਟੀ ਕਰੇਗੀ ਜਾਂਚ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬੋਰਡ ਦੀ ਚੁਣੀ ਗਈ ਨਵੀਂ ਕਮੇਟੀ ਨੂੰ ਤਖ਼ਤ ਸਾਹਿਬ ਦਾ 15 ਕਿਲੋ ਸੋਨਾ ਅਤੇ 32 ਕਰੋੜ ਦੇ ਕਰੀਬ ਐੱਫਡੀ ਨਾ ਸੌਂਪਣ ਤੇ ਗਾਇਬ ਕਰਨ ਦੀ ਸ਼ਿਕਾਇਤ ਸਾਬਕਾ ਜਨਰਲ ਸਕੱਤਰ ਮਹਿੰਦਰਪਾਲ ਸਿੰਘ ਤੇ ਸਕੱਤਰ ਮਹਿੰਦਰ ਸਿੰਘ ਛਾਬੜਾ ਖ਼ਿਲਾਫ਼ ਪੁੱਜੀ ਹੈ।

ਇਹ ਸ਼ਿਕਾਇਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕਾਰਵਾਈ ਲਈ ਭੇਜ ਦਿੱਤੀ ਹੈ ਜਿਸ ’ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪੜਤਾਲ ਕਰਨ ਲਈ ਕਮੇਟੀ ਦਾ ਗਠਨ ਕੀਤਾ ਹੈ।

ਗਿਆਨੀ ਰਣਜੀਤ ਸਿੰਘ ਗੌਹਰ ਨੇ ਕਿਹਾ ਕਿ ਉਪਰੋਕਤ ਮਾਮਲੇ ਨਾਲ ਸਥਾਨਕ ਸੰਗਤਾਂ ਵਿਚ ਭਾਰੀ ਰੋਸ ਹੈ। ਉਨਾਂ ਕਿਹਾ ਕਿ ਜੇਕਰ ਕੋਈ ਚੋਣ ਵਿਚ ਹਾਰ ਗਿਆ ਹੈ ਤਾਂ ਨਵੀਂ ਚੋਣ ਹੋਈ ਹੈ ਤਾਂ ਚੁਣੇ ਹੋਏ ਅਹੁਦੇਦਾਰਾਂ ਨੂੰ ਕਾਰਜਭਾਰ ਸੌਂਪਣ ਦੀ ਬਜਾਏ ਸਾਬਕਾ ਜਨਰਲ ਸਕੱਤਰ ਤੇ ਸਕੱਤਰ ਦਫ਼ਤਰ ਨੂੰ ਤਾਲੇ ਮਾਰ ਕੇ ਚਾਬੀਆਂ ਘਰ ਲੈ ਗਏ ਹਨ।

ਉਨਾਂ ਕਿਹਾ ਕਿ ਉਥੋਂ ਦਾ ਕੰਮ-ਕਾਜ ਦਫ਼ਤਰ ਬੰਦ ਹੋਣ ਕਾਰਨ ਰੁਕ ਗਿਆ ਹੈ, ਜਿਥੇ ਮੁਲਾਜ਼ਮਾਂ ਨੂੰ ਤਨਖ਼ਾਹਾਂ ਨਹੀਂ ਦਿੱਤੀਆਂ ਜਾ ਰਹੀਆਂ, ਉਥੇ ਬਾਕੀ ਕੰਮ-ਕਾਜ ਵੀ ਪ੍ਰਭਾਵਿਤ ਹੋ ਰਿਹਾ ਹੈ। ਉਨਾਂ ਆਸ ਪ੍ਰਗਟਾਈ ਕਿ ਪੜਤਾਲੀਆ ਕਮੇਟੀ ਜਲਦ ਤੋਂ ਜਲਦ ਆਪਣੀ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੌਂਪੇਗੀ ਤਾਂ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਗਲੇਰੀ ਕਾਰਵਾਈ ਲਈ ਆਦੇਸ਼ ਜਾਰੀ ਹੋ ਸਕੇ।

ਇਸ ਕਮੇਟੀ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਬਲਦੇਵ ਸਿੰਘ ਚੂੰਘਾਂ, ਗੁਰਪ੍ਰੀਤ ਸਿੰਘ ਝੱਬਰ ਨੂੰ ਸ਼ਾਮਲ ਕੀਤਾ ਗਿਆ ਹੈ। ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਦੇ ਸਕੱਤਰ ਗੁਰਮੀਤ ਸਿੰਘ ਕੋਆਰਡੀਨੇਟਰ ਹੋਣਗੇ। ਇਹ ਕਮੇਟੀ ਤੁਰੰਤ ਪਟਨਾ ਸਾਹਿਬ ਜਾ ਕੇ ਪੁਰਾਣੀ ਕਮੇਟੀ ਕੋਲੋਂ ਚਾਰਜ ਲੈ ਕੇ ਨਵੀਂ ਕਮੇਟੀ ਨੂੰ ਸੌਂਪੇਗੀ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਲਈ ਵਿਦੇਸ਼ਾਂ 'ਚ ਪ੍ਰਿੰਟਿੰਗ ਪ੍ਰੈੱਸਾਂ ਸਥਾਪਿਤ ਕਰੇਗੀ ਸ਼੍ਰੋਮਣੀ ਕਮੇਟੀ : ਬੀਬੀ ਜਗੀਰ ਕੌਰ

**ਅੰਮ੍ਰਿਤਸਰ/ਏ.ਟੀ.ਨਿਊਜ਼** : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਦੇਸ਼ਾਂ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਛਾਪਣ ਲਈ ਪ੍ਰਿੰਟਿੰਗ ਪ੍ਰੈੱਸਾਂ ਲਗਾਉਣ ਦਾ ਫ਼ੈਸਲਾ ਕੀਤਾ ਹੈ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੇਸ਼ ਅੰਦਰ ਵੱਖ-ਵੱਖ ਸੂਬਿਆਂ 'ਚ ਲੋੜ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸੜਕੀ ਮਾਰਗ ਰਾਹੀਂ ਸਤਿਕਾਰ ਸਹਿਤ ਆਪ ਪਹੁੰਚਾਉਣ ਦਾ ਪ੍ਰਬੰਧ ਕਰੇਗੀ। ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿਖੇ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਲਏ ਗਏ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਵੱਖ-ਵੱਖ ਦੇਸ਼ਾਂ ਦੀ ਸੰਗਤ ਵੱਲੋਂ ਗੁਰਦੁਆਰਾ ਸਾਹਿਬਾਨ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਮੰਗ ਕੀਤੀ ਜਾ ਰਹੀ ਹੈ, ਜਿਸ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਵੱਲੋਂ ਵਿਦੇਸ਼ਾਂ ਵਿਚ ਪ੍ਰੈੱਸਾਂ ਸਥਾਪਿਤ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਹ ਫ਼ੈਸਲਾ ਅੰਤ੍ਰਿੰਗ ਕਮੇਟੀ ਨੇ ਲੰਮੀ ਵਿਚਾਰ ਚਰਚਾ ਮਗਰੋਂ ਲਿਆ ਹੈ।

ਬੀਬੀ ਜਗੀਰ ਕੌਰ ਨੇ ਕਿਹਾ ਕਿ ਵਿਦੇਸ਼ਾਂ 'ਚ ਪਾਵਨ ਸਰੂਪ ਭੇਜਣ ਸਮੇਂ ਆਉਂਦੀਆਂ ਮੁਸ਼ਕਲਾਂ ਕਾਰਨ ਸ਼੍ਰੋਮਣੀ ਕਮੇਟੀ ਦੀ ਨਿਗਰਾਨੀ 'ਚ ਵੱਖ-ਵੱਖ ਦੇਸ਼ਾਂ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਕੀਤੀ ਜਾਵੇਗੀ। ਅਮਰੀਕਾ ਅਤੇ ਕੈਨੇਡਾ ਦੇ ਨਾਲ-ਨਾਲ ਯੂਰਪ ਅਤੇ ਆਸਟ੍ਰੇਲੀਆ ਜਾਂ ਨਿਊਜ਼ੀਲੈਂਡ 'ਚ ਪ੍ਰਿੰਟਿੰਗ ਪ੍ਰੈੱਸਾਂ ਲਗਾਈਆਂ ਜਾਣਗੀਆਂ। ਇਸ ਕਾਰਜ ਲਈ ਸਥਾਨਕ ਪੱਧਰ 'ਤੇ ਗੁਰਦੁਆਰਾ ਕਮੇਟੀਆਂ ਅਤੇ ਸੰਗਤਾਂ ਦਾ ਸਹਿਯੋਗ ਲਿਆ ਜਾਵੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਜਿਹੜੇ ਦੇਸ਼ ਵਿਚ ਵੀ ਪ੍ਰਿੰਟਿੰਗ ਪ੍ਰੈੱਸ ਲਗਾਈ ਜਾਵੇਗੀ, ਉਥੋਂ ਅੱਗੇ ਨੇੜਲੇ ਦੇਸ਼ਾਂ 'ਚ ਸੜਕੀ ਮਾਰਗ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਲੋੜ ਵਾਲੀ ਥਾਂ 'ਤੇ ਭੇਜੇ ਜਾਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਗੁਜਰਾਤ ਵਿਖੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਲਈ 100 ਪਾਵਨ ਸਰੂਪਾਂ ਦੀ ਪੁੱਜੀ ਮੰਗ ਵੀ ਪ੍ਰਵਾਨ ਕਰ ਲਈ ਗਈ ਹੈ ਅਤੇ ਇਸ ਸਬੰਧ 'ਚ ਸ਼੍ਰੋਮਣੀ ਕਮੇਟੀ ਵਿਸ਼ੇਸ਼ ਬੱਸ ਰਾਹੀਂ ਆਪ ਪਾਵਨ ਸਰੂਪ ਗੁਜਰਾਤ ਪਹੁੰਚਾਏਗੀ।

ਉਨ੍ਹਾਂ ਦੱਸਿਆ ਕਿ ਅੰਤ੍ਰਿੰਗ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਲਈ ਤਿੰਨ ਗ੍ਰੰਥੀ ਸਿੰਘ ਨਿਯੁਕਤ ਕਰਨ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧ 'ਚ ਬਣਾਈ ਗਈ ਸਬ-ਕਮੇਟੀ ਵੱਲੋਂ ਵਿਧੀ ਵਿਧਾਨ ਅਨੁਸਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅਰਦਾਸੀਏ ਭਾਈ ਰਾਜਦੀਪ ਸਿੰਘ, ਭਾਈ ਸੁਲਤਾਨ ਸਿੰਘ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪੰਜ ਪਿਆਰਿਆਂ 'ਚ ਸ਼ਾਮਲ ਭਾਈ ਬਲਜੀਤ ਸਿੰਘ ਦੇ ਨਾਵਾਂ ਦੀ ਸਿਫਾਰਿਸ਼ ਕੀਤੀ ਸੀ, ਜਿਸ ਨੂੰ ਅੰਤ੍ਰਿੰਗ ਕਮੇਟੀ ਨੇ ਪ੍ਰਵਾਨ ਕੀਤਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਬੀਤੇ ਸਮੇਂ ਅਮਰੀਕਾ 'ਚ ਡਿਊਟੀ ਦੌਰਾਨ ਸ਼ਹੀਦ ਹੋਏ ਸਿੱਖ ਪੁਲਸ ਅਫ਼ਸਰ ਸੰਦੀਪ ਸਿੰਘ ਧਾਲੀਵਾਲ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ ਵਿਚ ਲਗਾਉਣ ਦਾ ਵੀ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸੰਦੀਪ ਸਿੰਘ ਦੇ ਨਗਰ 'ਚ ਯਾਦਗਾਰ ਲਈ ਸ਼੍ਰੋਮਣੀ ਕਮੇਟੀ ਵੱਲੋਂ ੧੦ ਲੱਖ ਰੁਪਏ ਦਿੱਤੇ ਜਾ ਚੁੱਕੇ ਹਨ ਅਤੇ ਹੁਣ ਉਨ੍ਹਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ ਵਿਚ ਲਗਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸੰਦੀਪ ਸਿੰਘ ਨੇ ਅਮਰੀਕਾ ਪੁਲਸ 'ਚ ਦਸਤਾਰ ਸਮੇਤ ਡਿਊਟੀ ਕਰਨ ਲਈ ਕਰੀਬ ੬ ਸਾਲ ਲੜਾਈ



ਲੜੀ ਸੀ, ਜਿਸ ਕਰਕੇ ਸਿੱਖਾਂ ਨੂੰ ਸੇਵਾ ਦੌਰਾਨ ਦਸਤਾਰ ਦੀ ਛੋਟ ਮਿਲੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦ ਭਾਈ ਈਸ਼ਰ ਸਿੰਘ ਅਤੇ ਜਥੇਦਾਰ ਅਮਰ ਸਿੰਘ ਧਾਲੀਵਾਲ ਬੇਟ ਦੀਆਂ ਤਸਵੀਰਾਂ ਵੀ ਕੇਂਦਰੀ ਸਿੱਖ ਅਜਾਇਬਘਰ ਵਿਚ ਲਗਾਈਆਂ ਜਾਣਗੀਆਂ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਅੱਗੇ ਤੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਾ ਸਾਹਿਬਾਨ ਅੰਦਰ ਸ੍ਰੀ ਅਖੰਡ ਪਾਠ ਸਾਹਿਬ ਦੀ ਭੇਟਾ 9500 ਰੁਪਏ ਕਰ ਦਿੱਤੀ ਗਈ ਹੈ। ਇਸੇ ਦੌਰਾਨ ਬੀਬੀ ਜਗੀਰ ਕੌਰ ਨੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪਾਕਿਸਤਾਨ ਸਰਕਾਰ ਵੱਲੋਂ ਸੰਗਤ ਨੂੰ ਇਜਾਜ਼ਤ ਦੇਣ ਦੇ ਫੈਸਲੇ ਦਾ ਸਵਾਗਤ ਕਰਦਿਆਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਵੀ ਇਸ ਸਬੰਧ 'ਚ ਜਲਦ ਹਰੀ ਝੰਡੀ ਦੇਵੇ। ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ ਕਈ ਵਾਰ ਕੇਂਦਰ ਸਰਕਾਰ ਨੂੰ ਪੱਤਰ ਲਿਖੇ ਜਾ ਚੁੱਕੇ ਹਨ। ਉਨ੍ਹਾਂ ਆਖਿਆ ਕਿ ਕੋਰੋਨਾ ਕਰਕੇ ਬੰਦ ਹੋਇਆ ਲਾਂਘਾ ਤੁਰੰਤ ਖੋਲਣਾ ਚਾਹੀਦਾ ਹੈ ਤੇ ਖ਼ਾਸ ਕਰਕੇ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਦਿਹਾੜੇ ਤੋਂ ਪਹਿਲਾਂ ਪਹਿਲਾਂ ਇਸ ਦਾ ਫੈਸਲਾ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਅਫ਼ਗਾਨਿਸਤਾਨ 'ਚ ਮੌਜੂਦਾ ਹਾਲਾਤ ਕਰਕੇ ਭੈਅ ਭੀਤ ਸਿੱਖਾਂ ਨੂੰ ਭਾਰਤ ਲਿਆਉਣ ਦੀ ਵੀ ਕੇਂਦਰ ਸਰਕਾਰ ਨੂੰ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜਿਹੜੇ ਵੀ ਸਿੱਖ ਭਾਰਤ ਆਉਣਗੇ, ਉਨ੍ਹਾਂ ਦੇ ਰਹਿਣ ਅਤੇ ਰੁਜ਼ਗਾਰ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਵੱਲੋਂ ਕਰਨ ਦਾ ਫੈਸਲਾ ਕੀਤਾ ਹੋਇਆ ਹੈ।

### ਮਾਮਲਾ ਕਿਸਾਨ ਵਿਰੋਧੀ ਜ਼ੀ ਮੀਡੀਆ ਦੀਆਂ ਫ਼ਿਲਮਾਂ 'ਚ ਕੰਮ ਕਰਨ ਦਾ

## ਐਮੀ ਵਿਰਕ ਦਾ ਹੋਇਆ ਪੰਜਾਬੀਆਂ ਵਲੋਂ ਵਿਰੋਧ

**ਚੰਡੀਗੜ੍ਹ/ਏ.ਟੀ.ਨਿਊਜ਼** : ਪੰਜਾਬੀ ਗਾਇਕ ਤੇ ਅਦਾਕਾਰ ਐਮੀ ਵਿਰਕ ਇਨੀਂ ਦਿਨੀਂ ਵਿਵਾਦਾਂ 'ਚ ਘਿਰ ਗਏ ਹਨ। ਦਰਅਸਲ ਇਹ ਵਿਵਾਦ ਐਮੀ ਵਿਰਕ ਦੀਆਂ ਕੁਝ ਦੋ-ਤਿੰਨ ਫ਼ਿਲਮਾਂ ਨੂੰ ਲੈ ਕੇ ਹੈ, ਜਿਨਾਂ ਦਾ ਲੋਕਾਂ ਵਲੋਂ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ।

ਦੱਸ ਦੇਈਏ ਕਿ ਹਾਲ ਹੀ 'ਚ ਐਮੀ ਵਿਰਕ ਦੀ 'ਪੁਆੜਾ' ਫ਼ਿਲਮ ਸਿਨੇਮਾ ਘਰਾਂ 'ਚ ਰਿਲੀਜ਼ ਹੋਈ ਹੈ। 12 ਅਗਸਤ ਨੂੰ ਸਿਨੇਮਾ ਘਰਾਂ 'ਚ ਰਿਲੀਜ਼ ਹੋਈ ਇਸ ਫ਼ਿਲਮ ਦਾ ਕੁਝ ਲੋਕਾਂ ਵਲੋਂ ਵਿਰੋਧ ਕੀਤਾ ਜਾ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਐਮੀ ਵਿਰਕ ਕਿਸਾਨ ਵਿਰੋਧੀ ਜ਼ੀ ਮੀਡੀਆ ਦੀਆਂ ਫ਼ਿਲਮਾਂ 'ਚ ਕੰਮ ਕਰ ਰਿਹਾ ਹੈ, ਇਸ ਲਈ ਉਸ ਦਾ ਬਾਈਕਾਟ ਹੋਣਾ ਚਾਹੀਦਾ ਹੈ।



ਉਥੇ ਹਾਲ ਹੀ ਡਿਜ਼ਨੀ ਪਲੱਸ ਹੌਟਸਟਾਰ 'ਤੇ 13 ਅਗਸਤ ਨੂੰ ਐਮੀ ਵਿਰਕ ਦੀ ਅਜੇ ਦੇਵਗਨ ਨਾਲ ਫ਼ਿਲਮ 'ਭੁਜ' ਰਿਲੀਜ਼ ਹੋਈ ਹੈ। ਇਸ ਫ਼ਿਲਮ 'ਚ ਐਮੀ ਵਿਰਕ ਦਾ ਵਿਰੋਧ ਇਸ ਲਈ ਹੋ ਰਿਹਾ ਹੈ ਕਿਉਂਕਿ ਐਮੀ ਨੇ ਫ਼ਿਲਮ 'ਚ ਅਜੇ ਦੇਵਗਨ ਨਾਲ ਕੰਮ ਕੀਤਾ ਹੈ, ਜਿਸ ਨੇ ਕਿਸਾਨ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ।

ਇਹੀ ਨਹੀਂ ਹਾਲ ਹੀ 'ਚ ਐਮੀ ਵਿਰਕ ਦੀ ਆਗਾਮੀ ਫ਼ਿਲਮ 'ਕਿਸਮਤ-2' ਦਾ ਵੀ ਟੀਜ਼ਰ ਰਿਲੀਜ਼ ਹੋਇਆ ਹੈ, ਜਿਸ 'ਤੇ ਵੀ ਲੋਕਾਂ ਨੂੰ ਇਤਰਾਜ਼ ਹੈ। ਦਰਅਸਲ ਇਹ ਫ਼ਿਲਮ ਵੀ ਜ਼ੀ ਸਟੂਡੀਓ ਵਲੋਂ ਪ੍ਰੋਡਿਊਸ ਕੀਤੀ ਗਈ ਹੈ, ਜਿਸ ਦੇ ਚਲਦਿਆਂ ਐਮੀ ਲੋਕਾਂ ਦੇ ਤਿੱਖੇ ਵਿਰੋਧ ਦਾ ਸ਼ਿਕਾਰ ਹੋ ਗਏ ਹਨ। ਇਸ 'ਤੇ ਹੁਣ ਐਮੀ ਵਿਰਕ ਨੇ ਇੰਟਰਵਿਊ ਰਾਹੀਂ ਆਪਣਾ ਸਪੱਸ਼ਟੀਕਰਨ ਦਿੱਤਾ ਹੈ ਕਿ ਉਹ ਕਿਸਾਨ ਵਿਰੋਧੀ ਅਦਾਰਿਆਂ ਵਿਚ ਕੰਮ ਨਹੀਂ ਕਰਨਗੇ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਪੰਜਾਬ ਵਿਚ ਡਰੱਗ ਸਮੱਗਲਰ ਸਰਗਰਮ

## ✪ ਨਸ਼ਿਆਂ ਕਾਰਨ ਜਾਰੀ ਹਨ ਮੌਤਾਂ ✪ ਨਸ਼ੇ ਕਾਰਨ ਨੈਸ਼ਨਲ ਕੁਸ਼ਤੀ 'ਚ ਗੋਲਡ ਮੈਡਲ ਜਿੱਤਣ ਵਾਲਾ ਬਣ ਗਿਆ ਚੋਰ, ਮਾਂ ਲੈਕਚਰਾਰ, ਛੋਟਾ ਭਰਾ ਰਹਿੰਦੈ ਕੈਨੇਡਾ ✪ ਮਲੇਸ਼ੀਆ ਬੈਠੇ ਜੱਗਾ ਨੇ ਭੇਜੀ ਸੀ 40 ਕਿਲੋ ਹੈਰੋਇਨ ਦੀ ਖੇਪ ✪ ਫਰਾਰ ਤਸਕਰ ਨਿਰਮਲ ਦੇ ਤਾਰ ਪਾਕਿਸਤਾਨ, ਸਿੰਗਾਪੁਰ ਤੇ ਕੈਨੇਡਾ ਨਾਲ ਜੁੜੇ

**ਚੰਡੀਗੜ/ਏ.ਟੀ.ਨਿਊਜ਼ :** ਪੰਜਾਬ ਡਰਗ ਸਮਗਲਰਾਂ ਦੀ ਰਾਜਧਾਨੀ ਬਣਿਆ ਹੋਇਆ ਹੈ ਜਿਸ ਕਾਰਣ ਗਭਰੂ ਡਰਗ ਲੈਣ ਕਾਰਨ ਮੌਤ ਦੇ ਮੂੰਹ ਵਿਚ ਜਾ ਰਹੇ ਹਨ। ਇਸ ਕਾਰਨ ਕਰਾਈਮ ਵੀ ਵਧ ਰਿਹਾ ਹੈ।ਹੁਣੇ ਜਿਹੇ ਪੰਜਾਬ ਵਿਚ ਦੋ ਸੋ ਕਰੋੜ ਦੀ ਡਰੱਗ ਫੜੀ ਗਈ ਹੈ।ਨੈਸ਼ਨਲ ਕੁਸ਼ਤੀ ਵਿਚ ਗੋਲਡ ਮੈਡਲ ਜਿੱਤਣ ਵਾਲੇ ਖਿਡਾਰੀ ਨੇ ਹੀ ਸੈਕਟਰ-16 ਸਥਿਤ ਕੋਠੀ ਦੀ ਦੂਜੀ ਮੰਜ਼ਿਲ ਤੋਂ ਵਕੀਲ ਦੇ ਘਰੋਂ ਦੋ ਮੋਬਾਇਲ ਫ਼ੋਨ ਅਤੇ ਕੀਮਤੀ ਸਾਮਾਨ ਚੋਰੀ ਕੀਤਾ ਸੀ। ਸੈਕਟਰ-17 ਥਾਣਾ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ, ਜਿਸਦੀ ਪਛਾਣ ਪਟਿਆਲਾ ਦੇ ਰਾਜੋਮਾਜਰਾ ਨਿਵਾਸੀ ਚਰਨ ਕਮਲ ਵਜੋਂ ਹੋਈ। ਚਰਨ ਕਮਲ ਨੇ 2014 ਵਿਚ ਨੈਸ਼ਨਲ ਕੁਸ਼ਤੀ ਵਿਚ ਗੋਲਡ ਮੈਡਲ ਜਿੱਤਿਆ ਸੀ ਅਤੇ ਨਸ਼ੇ ਦੀ ਬੁਰੀ ਆਦਤ ਪੂਰੀ ਕਰਨ ਲਈ ਉਹ ਖਿਡਾਰੀ ਤੋਂ ਚੋਰ ਬਣ ਗਿਆ ਅਤੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਲੱਗਾ। ਪੁਲਿਸ ਨੇ ਮੁਲਜ਼ਮ ਦੀ ਨਿਸ਼ਾਨਦੇਹੀ 'ਤੇ ਚੋਰੀ ਦੇ 50 ਮੋਬਾਇਲ ਫ਼ੋਨ, ਦੋ ਘੜੀਆਂ ਅਤੇ ਜੁੱਤੇ ਬਰਾਮਦ ਕੀਤੇ ਹਨ। ਪੁਲਿਸ ਨੇ ਮੁਲਜ਼ਮ ਨੂੰ ਜ਼ਿਲਾ ਅਦਾਲਤ ਵਿਚ ਪੇਸ਼ ਕੀਤਾ, ਜਿੱਥੋਂ ਉਸ ਨੂੰ 14 ਦਿਨਾਂ ਲਈ ਕਾਨੂੰਨੀ ਹਿਰਾਸਤ ਵਿਚ ਭੇਜ ਦਿੱਤਾ ਗਿਆ।

**ਦਿਨੇ ਕੋਠੀਆਂ ਦੀ ਰੇਕੀ ਕਰਦਾ ਅਤੇ ਰਾਤ ਨੂੰ ਚੋਰੀ**

ਸੈਕਟਰ-17 ਥਾਣਾ ਇੰਚਾਰਜ ਰਾਮ ਰਤਨ ਸ਼ਰਮਾ ਨੇ ਦੱਸਿਆ ਕਿ 3 ਅਗਸਤ ਦੀ ਰਾਤ ਨੂੰ ਸੈਕਟਰ-16 ਨਿਵਾਸੀ ਵਕੀਲ ਸੁਮਿਤ ਸਹਿਗਲ ਦੇ ਦੂਜੇ ਫਲੋਰ ਦੇ ਬੈੱਡਰੂਮ ਤੋਂ ਦੋ ਮੋਬਾਇਲ ਫ਼ੋਨ, ਦੋ ਘੜੀਆਂ ਸਮੇਤ ਹੋਰ ਸਾਮਾਨ ਚੋਰੀ ਹੋ ਗਿਆ ਸੀ।

ਚਰਨ ਕਮਲ ਕੁਸ਼ਤੀ ਦਾ ਖਿਡਾਰੀ ਹੈ। ਉਸ ਨੇ 2014 ਵਿਚ ਨੈਸ਼ਨਲ ਕੁਸ਼ਤੀ ਵਿਚ ਗੋਲਡ ਮੈਡਲ ਜਿੱਤਿਆ ਸੀ ਪਰ ਬਾਅਦ ਵਿਚ ਉਹ ਨਸ਼ੇ ਦਾ ਸੇਵਨ ਕਰਨ ਲੱਗ ਗਿਆ। ਉਸ ਨੂੰ ਨਸ਼ੇ ਦੀ ਇੰਨੀ ਆਦਤ ਪੈ ਗਈ ਕਿ ਉਹ ਰੋਜ਼ਾਨਾ ਦੋ ਗ੍ਰਾਮ ਚਿੱਟੇ ਦਾ ਸੇਵਨ ਕਰਨ ਲੱਗਾ। ਦੋ ਗ੍ਰਾਮ ਚਿੱਟਾ ਉਹ ਪੰਜਾਬ ਤੋਂ ਹੀ 4 ਹਜ਼ਾਰ ਰੁਪਏ ਵਿਚ ਖਰੀਦਦਾ ਸੀ। ਪੈਸੇ ਨਾ ਹੋਣ 'ਤੇ ਉਹ ਘਰਾਂ 'ਚ ਚੋਰੀਆਂ ਕਰਨ ਲੱਗਾ। ਪੁੱਛਗਿੱਛ ਵਿਚ ਮੁਲਜ਼ਮ ਨੇ ਦੱਸਿਆ ਕਿ ਉਸ ਦੇ ਪਿਤਾ



ਕੋਈ ਪ੍ਰਾਈਵੇਟ ਕੰਮ ਕਰਦੇ ਸਨ, ਜਦੋਂ ਕਿ ਉਸ ਦਾ ਛੋਟਾ ਭਰਾ ਕੈਨੇਡਾ ਰਹਿੰਦਾ ਹੈ। ਉਸ ਦੀ ਮਾਂ ਕਾਲਜ ਵਿਚ ਲੈਕਚਰਾਰ ਹੈ।

ਅੰਮ੍ਰਿਤਸਰ ਟਾਈਮਜ ਦਾ ਮੰਨਣਾ ਹੈ ਕਿ ਡਰੱਗ ਸਮਗਲਿੰਗ ਤੇ ਡਰੱਗ ਕਾਰਨ ਪੰਜਾਬ ਵਿਚ ਮੌਤਾਂ ਘਟੀਆਂ ਨਹੀਂ ਹਨ। ਇਹ ਕੈਪਟਨ ਸਰਕਾਰ ਦਾ ਝੂਠ ਹੈ ਕਿ ਪੰਜਾਬ ਵਿਚ ਡਰੱਗ ਸਮਗਲਿੰਗ ਉਪਰ ਕਾਬੂ ਪਾਇਆ ਗਿਆ ਹੈ।

**ਵਿਦੇਸ਼ਾਂ ਵਿਚ ਸਰਗਰਮ ਪੰਜਾਬੀ ਡਰਗ ਸਮਗਲਰ**

ਵਿਦੇਸ਼ਾਂ ਵਿਚ ਪੰਜਾਬੀ ਡਰੱਗ ਸਮਗਲਰ ਸਰਗਰਮ ਹਨ। ਅਮਰੀਕਾ, ਯੂਰਪ, ਕੈਨੇਡਾ ਵਿਚ ਇਸ ਰੈਕੇਟ ਦਾ ਪਰਦਾਫਾਸ਼ ਦਸ ਸਾਲਾਂ ਤੋਂ ਹੋ ਰਿਹਾ ਹੈ। ਹੁਣ ਮਲੇਸ਼ੀਆ ਵਿਚ ਪੰਜਾਬੀ ਸਮਗਲਰ ਸਰਗਰਮ ਹਨ।ਭਾਰਤ-ਪਾਕਿ ਸਰਹੱਦ 'ਤੇ ਸਥਿਤ ਪੰਜਗਰਾਈਆਂ ਬੀਓਪੀ 'ਤੇ 40 ਕਿਲੋ ਹੈਰੋਇਨ ਭੇਜਣ ਦੇ ਦੋਸ਼ ਮਲੇਸ਼ੀਆ ਬੈਠੇ ਜੱਗਾ ਉਪਰ ਪੁਲਿਸ ਜਾਂਚ ਵਿਚ ਲੱਗੇ ਹਨ ਕਿ ਜੱਗੇ ਦਾ ਭਾਰਤ ਤੇ ਪਾਕਿਸਤਾਨ ਵਿਚ ਰਹਿਣ ਵਾਲੇ ਤਸਕਰਾਂ ਨਾਲ ਸਬੰਧ ਹਨ। ਲਗਭਗ ਤਿੰਨ ਮਹੀਨੇ ਪਹਿਲਾਂ ਇਸ ਖੇਪ ਨੂੰ ਭੇਜਣ ਦੇ ਸਬੰਧ ਵਿਚ ਜੱਗਾ ਤੇ ਨਿਰਮਲ ਦੀ ਗੱਲ ਹੋਈ ਸੀ। ਪਾਕਿਸਤਾਨੀ ਤਸਕਰਾਂ ਤੋਂ ਹੀ ਜੱਗਾ ਨੂੰ ਪਤਾ ਲੱਗਾ ਸੀ ਕਿ ਸਰਹੱਦੀ ਪਿੰਡ ਭਕਨਾ ਦਾ ਨਿਰਮਲ ਸਿੰਘ ਉਰਫ ਸੋਨੂੰ ਬਾਰਡਰ ਏਰੀਆ ਤੋਂ ਚੰਗੀ ਤਰਾਂ ਨਾਲ ਜਾਣੂ ਹੈ। ਨਿਰਮਲ ਖ਼ਿਲਾਫ਼ ਸਾਲ 2020 ਵਿਚ ਸਰਾਏ ਅਮਾਨਤ ਖ਼ਾਂ ਥਾਣੇ ਵਿਚ ਇਕ ਕਿਲੋ ਹੈਰੋਇਨ ਤਸਕਰੀ ਦਾ ਕੇਸ ਵੀ ਦਰਜ ਕੀਤਾ ਗਿਆ ਸੀ। ਐੱਸਐੱਸਪੀ ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਰਮਦਾਸ ਥਾਣੇ ਵਿਚ ਦਰਜ ਕੀਤੀ ਗਈ ਐੱਫਆਈਆਰ ਵਿਚ ਨਿਰਮਲ ਸਿੰਘ ਉਰਫ ਸੋਨੂੰ ਦੇ ਨਾਂ ਦੇ ਬਾਅਦ ਜੱਗਾ ਮਲੇਸ਼ੀਆ ਵਾਲਾ, ਲਵਲੀ ਦਾ ਨਾਂ ਵੀ ਦਰਜ ਕਰ ਲਿਆ ਗਿਆ ਹੈ। ਵਾਰਦਾਤ ਵਿਚ ਸ਼ਾਮਲ ਦੋ ਕਾਰਾਂ ਦੀ ਪਛਾਣ ਕੀਤੀ ਗਈ ਹੈ ਜਦਕਿ ਇਕ ਬਾਈਕ ਨੂੰ ਬਰਾਮਦ ਕਰ ਲਿਆ ਗਿਆ ਹੈ।

੪੦ ਕਿਲੋ ਹੈਰੋਇਨ ਦੀ ਬਰਾਮਦਗੀ ਤੇ ਘਟਨਾ ਵਾਲੀ ਥਾਂ ਤੋਂ ਨਿਰਮਲ ਸਿੰਘ ਦੇ ਫਰਾਰ ਹੋਣ ਤੋਂ ਬਾਅਦ ਉਸਦਾ ਪਰਿਵਾਰ ਵੀ ਅੰਡਰ-ਗਰਾਊਂਡ ਹੋ ਗਿਆ ਹੈ। ਭਕਨਾ ਪਿੰਡ ਦੇ ਲੋਕਾਂ ਤੋਂ ਪੁੱਛਗਿੱਛ ਵਿਚ ਪੁਲਿਸ ਨੂੰ ਪਤਾ ਲੱਗਾ ਹੈ ਕਿ ਨਿਰਮਲ ਦੇ ਪਾਕਿਸਤਾਨ, ਮਲੇਸ਼ੀਆ ਤੇ ਸਿੰਗਾਪੁਰ ਵਿਚ ਦੋਸਤ ਰਹਿੰਦੇ ਹਨ। ਪੁਲਿਸ ਪਤਾ ਲਗਾ ਰਹੀ ਹੈ ਕਿ ਨਿਰਮਲ ਸਿੰਘ ਖ਼ਿਲਾਫ਼ ਹੈਰੋਇਨ ਤਸਕਰੀ ਦੇ ਕਿੰਨੇ ਮਾਮਲੇ ਦਰਜ ਹਨ।

ਜਿਕਰਯੋਗ ਹੈ ਕਿ ਬੀਐੱਸਐਫ ਦੇ ਜਵਾਨਾਂ ਨੇ ਸ਼ੁਕਰਵਾਰ ਦੀ ਅੱਧੀ ਰਾਤ ਨੂੰ ਬਾਰਡਰ ਆਬਜ਼ਰਵਿੰਗ ਪੋਸਟ ਪੰਜ ਗਰਾਈਆਂ ਕੋਲ ਲੱਗੀ ਕੰਡੇਦਾਰ ਤਾਰ ਤੋਂ 40 ਕਿਲੋ ਹੈਰੋਇਨ, 190 ਗ੍ਰਾਮ ਅਫੀਮ ਬਰਾਮਦ ਕੀਤੀ ਸੀ। ਬੀਐੱਸਐੱਫ ਨੇ ਦੋਵਾਂ ਸਾਈਡ ਦੇ ਤਸਕਰਾਂ 'ਤੇ ਕੁੱਲ 62 ਰਾਊਂਡ ਫਾਇਰ ਕੀਤੇ ਸਨ, ਪਰ ਮੌਕਾ ਪਾ ਕੇ ਦੋਵੇਂ ਦੇਸ਼ਾਂ ਦੇ ਤਸਕਰ ਫਰਾਰ ਹੋ ਗਏ ਸਨ।

ਅੰਮ੍ਰਿਤਸਰ ਟਾਈਮਜ ਦਾ ਮੰਨਣਾ ਹੈ ਕਿ ਸਰਹਦੀ ਖੇਤਰ ਪੰਜਾਬ ਵਿਚ ਡਰਗ ਸਮਗਲਰ ਸਰਗਰਮ ਹਨ ਜਿਨਾਂ ਦੇ ਸਬੰਧ ਰਾਜਨੀਤਕਾਂ, ਕਥਿਤ ਧਾਰਮਿਕ ਆਗੂਆਂ, ਭ੍ਰਿਸ਼ਟ ਪੁਲਿਸ ਅਫਸਰਾਂ ਨਾਲ ਹਨ। ਸਰਕਾਰ ਦਾ ਇਸ ਮੁੱਦੇ ਵਲ ਧਿਆਨ ਨਾ ਹੋਣ ਕਰਕੇ ਪੰਜਾਬ ਨਸ਼ਿਆਂ ਦਾ ਗੜ ਬਣਿਆ ਹੋਇਆ ਹੈ।ਇਸ ਗੈਰਕਾਨੂੰਨੀ ਧੰਦੇ ਕਾਰਨ ਭ੍ਰਿਸ਼ਟ ਪੁਲਿਸ ਅਫਸਰ, ਸਿਆਸਤਦਾਨ, ਧਾਰਮਿਕ ਆਗੂ ਕਰੋੜਾਂ ਦੀ ਸੰਪਤੀ ਬਣਾ ਚੁੱਕੇ ਹਨ।

**ਨਸ਼ਾ ਤਸਕਰੀ ਦੇ ਮਾਮਲਿਆਂ ਵਿਚ ਬੀਬੀਆਂ ਦੀ ਵਧ ਰਹੀ ਹੈ ਸ਼ਮੂਲੀਅਤ**

ਨਸ਼ਾ ਤਸਕਰੀ ਦੇ ਮਾਮਲਿਆਂ ਵਿਚ ਔਰਤਾਂ ਦੀ ਸ਼ਮੂਲੀਅਤ ਲਗਾਤਾਰ ਵਧਦੀ ਜਾ ਰਹੀ ਹੈ। ਜ਼ਿਆਦਾਤਰ ਮਾਮਲਿਆਂ ਵਿਚ ਔਰਤਾਂ ਖੁਦ ਨਸ਼ਾ ਕਰਨ ਦੀਆਂ ਆਦੀ ਹੁੰਦੀਆਂ ਹਨ। ਇਸ ਲੱਤ ਨੂੰ ਪੂਰਾ ਕਰਨ ਲਈ ਉਹ ਤਸਕਰੀ ਦੇ ਧੰਦੇ ਨੂੰ ਅੰਜਾਮ ਦੇਣ ਲੱਗ ਪੈਂਦੀਆਂ ਹਨ। ਕਈ ਮਾਮਲੇ ਇਸ ਤਰਾਂ ਦੇ ਵੀ ਸਾਹਮਣੇ ਆ ਚੁੱਕੇ ਹਨ ਜਿਨਾਂ ਵਿਚ ਪਤੀ ਪਤਨੀ ਨਸ਼ਿਆਂ ਦੇ ਧੰਦੇ ਵਿਚ ਫਸ ਕੇ ਜੇਲ ਦੀ ਹਵਾ ਖਾ ਚੁੱਕੇ ਹਨ। ਤਾਜ਼ਾ ਮਾਮਲਿਆਂ ਵਿਚ ਜ਼ਿਲਾ ਪੁਲਿਸ ਨੇ 10 ਗ੍ਰਾਮ ਹੈਰੋਇਨ 290 ਲਿਟਰ ਲਾਹਨ ਤੇ 12 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਕਰਕੇ ਤਿੰਨ ਔਰਤਾਂ ਸਮੇਤ 9 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਸੀਆਈਏ ਵਿੰਗ 1 ਨੇ ਪਤੀ ਪਤਨੀ ਨੂੰ ਗ੍ਰਿਫਤਾਰ ਕਰਕੇ 10 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਕਥਿਤ ਦੋਸ਼ੀਆਂ ਖ਼ਿਲਾਫ਼ ਥਾਣਾ ਕੈਨਾਲ ਕਲੋਨੀ ਵਿਖੇ ਪਰਚਾ ਦਰਜ ਕੀਤਾ ਗਿਆ ਹੈ। ਪਹਿਲਾਂ ਔਰਤਾਂ ਅਫ਼ੀਮ ਤੇ ਭੁੱਕੀ ਆਦਿ ਦੀ ਤਸਕਰੀ ਕਰਦੀਆਂ ਸਨ ਪਰ ਹੁਣ ਸ਼ਰਾਬ ਦੀ ਤਸਕਰੀ ਵੀ ਹੋਣ ਲੱਗੀ ਹੈ। ਪੁਲਿਸ ਨੇ ਦੋ ਔਰਤਾਂ ਵਿਰੁਧ ਸ਼ਰਾਬ ਵੇਚਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਪੁਲਿਸ ਨੇ ਵੀਰਪਾਲ ਕੌਰ ਵਾਸੀ ਪਿੰਡ ਜਲਾਲ ਤੋਂ 50 ਲੀਟਰ ਲਾਹਣ ਬਰਾਮਦ ਕਰਕੇ ਕੇਸ ਦਰਜ ਕੀਤਾ ਹੈ। ਇਸੇ ਤਰਾਂ ਸੁਰਿੰਦਰ ਕੌਰ ਵਾਸੀ ਪਿੰਡ ਬੁਰਜਗਿੱਲ ਤੋਂ 50 ਲੀਟਰ ਲਾਹਣ ਬਰਾਮਦ ਕਰ ਕੇ ਉਸ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।


When tired of all treatments for any disease at any age TRY

HOMEOPATHIC

EXPERIENCED CONSULTANT PHYSICIAN SINCE 1973

ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



WE SELL HOMEOPATHY MEDICINES

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA

American Red Cross

Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com

ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ

(Download Sub Rang Radio station application)



Homeopathicvibes

We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com

We sell and ship homeopathic remedies through out North America.

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

Harminder Singh Gill D.H.M.S;B.C.I.H
(Ex Homeopathic Medical officer Punjab Govt.)



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ

* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



Allstate You're in good hands.

ALL STATE INSURANCE

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਪੰਜਾਬ ਦੀਆਂ ਅਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ

**ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ**




ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਜਿਉਂ ਜਿਉਂ ਕਰੀਬ ਆ ਰਹੀਆ ਹਨ, ਤਿਉਂ ਤਿਉਂ ਪੰਜਾਬ ਵਿਚਲੀਆਂ ਸਮੂਹ ਰਾਜਨੀਤਕ ਪਾਰਟੀਆਂ ਵੱਲੋਂ ਸਿਆਸੀ ਸਰਗਰਮੀਆਂ ਤੇਜ਼ ਕੀਤੀਆਂ ਜਾ ਰਹੀਆਂ ਹਨ। ਕਾਂਗਰਸ ਨੇ ਆਪਣੇ ਮੈਨੀਫੈਸਟੋ ਵਿਚ ਪਿਛਲੀਆਂ ਚੋਣਾਂ ਦੌਰਾਨ ਕੀਤੇ ਵਾਅਦਿਆਂ 'ਤੇ ਮਿੱਟੀ ਪਾਉਣ ਲਈ ਅਤੇ ਲੋਕਾਂ ਨੂੰ ਇਕ ਵਾਰ ਫੇਰ ਮੂਰਖ ਬਣਾਉਣ ਵਾਸਤੇ ਆਪਸੀ ਕੁਕੜਖੋਹੀ ਵਾਲੇ ਡਰਾਮੇ ਵਿੱਚੋਂ ਨਵਜੋਤ ਸਿੰਘ ਸਿੱਧੂ ਨੂੰ ਪਪਟ ਵਜੋਂ ਮੂਹਰੇ ਲਿਆਂਦਾ ਹੈ ਤੇ ਕੈਪਟਨ ਨੂੰ ਪਿੱਛੇ ਧੱਕਿਆ ਹੈ। ਇੱਥੇ ਇਹ ਜ਼ਿਕਰ ਕਰਦੇ ਜਾਈਏ ਕਿ ਇਨੀਂ ਦਿਨੀਂ ਇਹ ਪਾਰਟੀ ਪਿਛਲੀਆਂ ਚੋਣਾਂ ਦੌਰਾਨ ਕੀਤੇ ਚੋਣ ਮਨੋਰਥ ਵਾਅਦਿਆਂ ਨੂੰ ਪੂਰਾ ਨਾ ਕਰ ਸਕਣ ਕਰਕੇ ਜਿੱਥੇ ਅੰਦਰੂਨੀ ਫੁੱਟ ਦੀ ਸ਼ਿਕਾਰ ਹੈ, ਉੱਥੇ ਵਿਰੋਧੀ ਸਿਆਸੀ ਧਿਰਾਂ ਦੀ ਤਿੱਖੀ ਅਲੋਚਨਾ ਤੇ ਆਮ ਲੋਕਾਂ ਦੇ ਗੁੱਸੇ ਦੀ ਵੀ ਸ਼ਿਕਾਰ ਹੈ।

ਆਮ ਆਦਮੀ ਪਾਰਟੀ ਨੇ ਪੰਜਾਬ ਦੇ ਬਾਕੀ ਸਭ ਮੁੱਦਿਆਂ 'ਤੇ ਚੁੱਪ ਧਾਰ ਕੇ ਸਿਰਫ ਤਿੰਨ ਕੁ ਮੁੱਦਿਆਂ ਨੂੰ ਉਭਾਰਨਾ ਤੇ ਪ੍ਰਚਾਰਨਾ ਸ਼ੁਰੂ ਕੀਤਾ ਹੋਇਆ ਹੈ, ਜਿਨਾਂ ਵਿੱਚੋਂ ਪਹਿਲਾ ਇਹ ਹੈ ਕਿ ਪੰਜਾਬ ਵਿੱਚ ਆਮ ਆਦਮੀ ਦੀ ਸਰਕਾਰ ਬਣਨ 'ਤੇ ਮੁੱਖ ਮੰਤਰੀ ਦਾ ਚਿਹਰਾ ਕੋਈ ਸਿੱਖ ਹੋਵੇਗਾ। ਦੂਜਾ, ਪੰਜਾਬ ਵਿੱਚ ਵੀ ਦਿੱਲੀ ਵਾਲਾ ਮਾਡਲ ਲਾਗੂ ਕੀਤਾ ਜਾਵੇਗਾ। ਅਤੇ ਤੀਜਾ, ਪੰਜਾਬ ਵਿੱਚ ਤਿੰਨ ਸੌ ਯੂਨਿਟ ਬਿਜਲੀ ਮੁਫ਼ਤ ਦਿੱਤੀ ਜਾਵੇਗੀ। ਪਰ ਜੇਕਰ ਤਿੰਨ ਸੌ ਤੋਂ ਇਕ ਵੀ ਯੂਨਿਟ ਵੱਧ ਵਰਤਿਆ ਗਿਆ ਤਾਂ ਤਿੰਨ ਸੌ ਇਕ ਯੂਨਿਟ ਦਾ ਪੂਰਾ ਬਿੱਲ ਵਸੂਲਿਆ ਜਾਵੇਗਾ। ਦਿੱਲੀ ਤੇ ਪੰਜਾਬ ਦੀਆਂ ਸਮੱਸਿਆਵਾਂ ਵਿੱਚ ਬਹੁਤ ਅੰਤਰ ਹੈ। ਸੋ ਦਿੱਲੀ ਵਾਲਾ ਮਾਡਲ ਪੰਜਾਬ ਵਿੱਚ ਲਾਗੂ ਕਰਨਾ ਇਕ ਜੁਮਲੇ ਤੋ ਵੱਧ ਕੁਝ ਵੀ ਨਹੀਂ।

ਜਿੱਥੋਂ ਤੱਕ ਗੱਲ ਸ਼੍ਰੋਮਣੀ ਅਕਾਲੀ ਦਲ ਦੀ ਹੈ, ਇਸ ਪਾਰਟੀ ਦੀ ਹਾਲਤ ਇਹ ਹੈ ਕਿ ਨਾ ਹੀ ਇਹ ਹੁਣ 'ਸ਼੍ਰੋਮਣੀ' ਰਿਹਾ ਨਾ ਹੀ 'ਅਕਾਲੀ' ਤੇ ਨਾ ਹੀ 'ਦਲ'। ਇਸ ਦਲਦਲ ਵਿੱਚ ਫਸੀ ਪਾਰਟੀ ਦਾ ਪ੍ਰਧਾਨ ਅੱਜ ਕੱਲ ਮੀਡੀਏ ਵਿੱਚ ਕਰੋੜਾਂ ਦੇ ਇਸ਼ਤਿਹਾਰ ਦੇ ਕੇ ਇਹ ਕਹਿੰਦਾ ਆਮ ਹੀ ਸੁਣਿਆ ਜਾ ਰਿਹਾ ਹੈ, 'ਜੋ ਕਿਹਾ, ਉਹ ਕੀਤਾ।' ਪਰ ਪੰਜਾਬ ਦੇ ਲੋਕਾਂ ਨੂੰ ਅਜੇ ਤੱਕ ਇਹ ਪਤਾ ਨਹੀਂ ਲੱਗਾ ਰਿਹਾ ਕਿ ਉਸ ਨੇ ਅੱਜ ਤੱਕ ਕਿਹਾ ਕੀ ਤੇ ਕੀਤਾ ਕੀ ਹੈ ? ਸਾਨੂੰ ਯਾਦ ਹੈ ਕਿ ਪੰਜਾਬ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਵਰਗਾ ਬਣਾ ਦੇਣ, ਪਾਣੀ ਵਿੱਚ ਬੱਸਾਂ ਚਲਾਉਣ, ਲੁਧਿਆਣੇ ਵਿੱਚ ਮੈਟਰੋ ਚਲਾਉਣ, ਬਠਿੰਡੇ ਵਿੱਚ ਕ੍ਰਿਕਟ ਦਾ ਮੈਦਾਨ ਬਣਾਉਣ, ਪੰਜਾਬ ਨੂੰ ਕੈਲੀਫੋਰਨੀਆ ਬਣਾਉਣ ਆਦਿ ਵਰਗੀਆਂ ਵੱਡੀਆਂ ਵੱਡੀਆਂ ਗੱਪਾਂ ਸ਼ਾਇਦ ਇਸੇ ਨੇ ਹੀ ਮਾਰੀਆਂ ਸਨ।

ਰਹੀ ਗੱਲ ਬਸਪਾ ਦੀ, ਇਸ ਪਾਰਟੀ ਦਾ ਪੰਜਾਬ ਵਿਚ ਕਾਮਰੇਡਾਂ ਵਾਲਾ ਹਾਲ ਹੈ। ਕੋਈ ਜਨਅਧਾਰ ਨਹੀਂ ਹੈ। ਹੁਣ ਖੱਖੜੀਆਂ ਕਰੇਲੇ ਹੋਏ ਅਕਾਲੀਦਲ ਦੀ ਉਂਗਲ ਫੜਕੇ ਇਹ ਪਾਰਟੀ ਜਿੱਥੇ ਆਪਣੀ ਖੁਸੀ ਹੋਈ ਸਾਖ਼ ਬਹਾਲ ਕਰਨ ਦੀ ਤਾਕ ਵਿੱਚ ਹੈ ਉੱਥੇ ਅਕਾਲੀ ਵੀ ਇਸ ਦੇ ਹਾਥੀ 'ਤੇ ਅਸਵਾਰ ਹੋ ਕੇ ਦਲਿਤ ਵੋਟ ਆਪਣੇ ਖਾਤੇ ਵਿੱਚ ਕੈਸ਼ ਕਰਨ ਦੀ ਤਾਕ ਵਿੱਚ ਹੈ।

ਪਰ ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਪੰਜਾਬ ਦੇ ਅਸਲ ਮੁੱਦਿਆਂ ਦੀ ਗੱਲ ਕਰਨ ਦੀ ਬਜਾਏ ਇਹ ਸਭ ਸਿਆਸੀ ਪਾਰਟੀਆਂ ਆਟਾ, ਦਾਲ ਤੇ ਬਿਜਲੀ ਮੁਫ਼ਤ ਦੇਣ ਦੇ ਵੱਡੇ ਵੱਡੇ ਵਾਅਦੇ ਕਰਨ ਦੇ ਨਾਲ ਨਾਲ ਜਾਤ ਪਾਤ ਤੇ ਧਰਮ ਦਾ ਪੱਤਾ ਇਕ ਵਾਰ ਫੇਰ ਖੇਡ ਰਹੀਆਂ ਹਨ।

ਨੋਟ ਕਰਨ ਵਾਲੀ ਗੱਲ ਇਹ ਵੀ ਹੈ ਕਿ ਪੰਜਾਬ ਦੇ ਲੋਕਾਂ ਨੂੰ ਵੱਡੇ ਵੱਡੇ ਲਾਲਚ ਦੇ ਕੇ ਇਕ ਵਾਰ ਫਿਰ ਬਿਲਕੁਲ ਉਸੇ ਤਰਾਂ ਭਰਮਾਇਆ ਦਾ ਰਿਹਾ ਹੈ ਜਿਵੇਂ ਮੱਛੀ ਨੂੰ ਫੜਨ ਵਾਸਤੇ ਕੁੰਡੀ ਨੂੰ ਆਟਾ ਤੇ ਚੂਹੇ ਜਾਂ ਕਿਸੇ ਪੰਛੀ ਨੂੰ ਫੜਨ ਵਾਸਤੇ ਪਿੰਜਰੇ ਵਿੱਚ ਰੋਟੀ ਜਾਂ ਦਾਣੇ ਰੱਖੇ ਜਾਂਦੇ ਹਨ। ਇਕ ਵਾਰ ਮੱਛੀ, ਚੂਹਾ ਜਾਂ ਪੰਛੀ ਫਸ ਜਾਵੇ, ਉਸ ਤੋਂ ਬਾਅਦ ਉਸ ਨਾਲ ਕੀ ਹੁੰਦਾ ਵਾਪਰਦਾ ਹੈ, ਪੰਜਾਬ ਵਾਸੀਆਂ ਨਾਲ ਵੀ ਅੱਜ ਤੱਕ ਇਹ ਸਿਆਸੀ ਲੋਕ ਇਨਬਿਨ ਇਸੇ ਤਰਾਂ ਕਰਦੇ ਆਏ ਹਨ। ਅਗਲੇ ਪੰਜ ਸਾਲ ਫਿਰ ਲੋਕ ਖਜ਼ਾਨੇ ਦੀ ਲੁੱਟ ਤੇ ਹੱਕ ਮੰਗਦੇ ਲੋਕਾਂ ਦੀ ਕੁੱਟ ਪੂਰੀ ਨਿਰਦੈਤਾ ਨਾਲ ਚਲਦੀ ਰਹੀ ਹੈ।

ਹੁਣ ਸੁਣਿਆ ਇਹ ਵੀ ਜਾ ਰਿਹਾ ਹੈ ਕਿ ਪੰਜਾਬ ਵਿਚਲੀਆਂ ਦੋ ਪ੍ਰੰਪਰਾਗਤ ਸਿਆਸੀ ਪਾਰਟੀਆਂ, ਜਿਨਾਂ ਨੂੰ ਨੀਲੇ ਚਿੱਟੇ ਵੀ ਕਿਹਾ ਜਾਂਦਾ ਹੈ, ਅੱਜ ਤੱਕ ਆਪਸ ਵਿੱਚ ਰਲਕੇ ਸਿਆਸੀ ਨੂਰਾ ਕੁਸ਼ਤੀ ਹੀ ਖੇਡਦੀਆਂ ਰਹੀਆ ਹਨ। ਦੋਹਾਂ ਵਿੱਚੋਂ ਜੋ ਪਾਰਟੀ ਸੱਤਾ ਵਿੱਚ ਆ ਜਾਂਦੀ ਹੈ, ਉਹ ਪੰਜਾਬ ਵਿੱਚ ਫੈਲੇ ਵੱਖ ਵੱਖ ਤਰਾਂ ਦੇ ਮਾਫੀਏ ਤੋਂ 75 ਫੀਸਦੀ ਤੇ ਹਾਰਨ ਵਾਲੀ ਪਾਰਟੀ 25 ਫੀਸਦੀ ਗੁੰਡਾ ਟੈਕਸ ਵਸੂਲਦੀ ਹੈ। ਹੁਣ ਇਸ ਦਾ ਅਸਲ ਸੱਚ ਕੀ ਹੈ ਇਹ ਤਾਂ ਨਵਜੋਤ ਸਿੰਘ ਸਿੱਧੂ ਵਰਗੇ ਹੀ ਦੱਸ ਸਕਦੇ ਹਨ।

ਵਿਚਲੀ ਗੱਲ ਇਹ ਵੀ ਹੈ ਕਿ ਇਨਾਂ ਉਕਤ ਸਿਆਸੀ ਪਾਰਟੀਆਂ ਵਿੱਚੋਂ ਇੱਕ ਵੀ ਪਾਰਟੀ ਇਹ ਅਵਾਜ਼ ਨਹੀਂ ਉਠਾਉਂਦੀ ਕਿ ਦੂਜੇ ਰਾਜਾਂ ਨੂੰ ਦਿੱਤੇ ਜਾ ਰਹੇ ਪੰਜਾਬ ਦੇ ਪਾਣੀਆਂ ਦਾ ਪੈਸਾ ਵਸੂਲਿਆ ਜਾਵੇਗਾ, ਪੰਜਾਬੀ ਬੋਲੀ ਦਾ ਵਿਕਾਸ ਕੀਤਾ ਜਾਵੇਗਾ, ਪੰਜਾਬ ਵਿੱਚ ਸਨਅਤੀ ਵਿਕਾਸ ਕਰਕੇ ਹਰ ਘਰ ਵਿੱਚ ਰੁਜ਼ਗਾਰ ਮੁਹੱਈਆ ਕੀਤਾ ਜਾਵੇਗਾ, ਕਰਮਚਾਰੀਆਂ ਦੀਆਂ ਮੁਸ਼ਕਲਾਂ ਦਾ ਹੱਲ ਕੀਤਾ ਜਾਵੇਗਾ, ਉਨਾਂ ਦੀਆਂ ਤਨਖਾਹਾਂ ਮਿਥੇ ਸਮੇਂ 'ਤੇ ਦਿੱਤੀਆਂ ਜਾਣਗੀਆਂ, ਰੁਜ਼ਗਾਰ ਤੇ ਬੇਰੁਜ਼ਗਾਰੀ ਭੱਤੇ ਸਬੰਧੀ ਗਰੰਟੀ ਦਿੱਤੀ ਜਾਵੇਗੀ, ਹਰ ਬਜ਼ੁਰਗ ਨੂੰ ਪੈਨਸ਼ਨ ਦਾ ਬੰਦੋਵਾਸਤ ਕੀਤਾ ਜਾਵੇਗਾ ਆਦਿ। ਪਰ ਅਫ਼ਸੋਸ ਕਿ ਪੰਜਾਬ ਵਿੱਚ ਰਾਜਨੀਤੀ ਜਾਂ ਤਾਂ ਲੋਕਾਂ ਨੂੰ ਸਬਜ਼ਬਾਗ ਦਿਖਾ ਕੇ, ਵੱਡੇ ਵੱਡੇ ਲਾਲਚ ਦੇ ਕੇ ਕੀਤੀ ਜਾ ਰਹੀ ਹੈ ਜਾਂ ਫਿਰ ਜਾਤ ਪਾਤ ਤੇ ਧਰਮ ਨੂੰ ਮੁੱਖ ਰੱਖ ਕੇ ਕੀਤੀ ਜਾ ਰਹੀ ਹੈ। ਸਿਤਮ ਜ਼ਰੀਫੀ ਇਹ ਵੀ ਹੈ ਕਿ ਲੋਕ ਵਾਰ ਵਾਰ ਇਹਨਾਂ ਦੇ ਝਾਂਸਿਆ ਵਿੱਚ ਫਸਦੇ ਵੀ ਰਹੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੋਸ਼ਲ ਮੀਡੀਏ ਨੇ ਲੋਕਾਂ ਨੂੰ ਬਹੁਤ ਹੱਦ ਤੱਕ ਜਾਗਰੂਕ ਵੀ ਕੀਤਾ ਹੈ। ਪਰ ਤਦ ਵੀ ਅਜੇ ਇਹ ਕਹਿਣਾ ਬਹੁਤ ਜਲਦਬਾਜ਼ੀ ਹੋਵੇਗੀ ਕਿ ਅਗਾਮੀ ਵਿਧਾਨ ਸਭਾ ਚੋਣਾਂ ਵਿੱਚ ਲੋਕ ਆਪਣੇ ਵੋਟ ਅਧਿਕਾਰ ਦੀ ਵਰਤੋਂ ਕਿੰਨੀ ਕੁ ਸੂਝ-ਬੂਝ ਤੇ ਸਮਝਦਾਰੀ ਨਾਲ ਕਰਦੇ ਹਨ।

ਪੰਜਾਬ ਇਸ ਵੇਲੇ ਬਹੁਤ ਹੀ ਨਾਜ਼ੁਕ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਪੰਜਾਬ ਦੀਆਂ ਮੌਜੂਦਾ ਸਿਆਸੀ ਪਾਰਟੀਆਂ ਨੇ ਪੰਜਾਬ ਨੂੰ ਤਬਾਹੀ ਦੇ ਦਹਾਨੇ 'ਤੇ ਪਹੁੰਚਾ ਦਿੱਤਾ ਹੈ। ਇਹ ਹੁਣ ਪੰਜਾਬ ਦੇ ਆਮ ਲੋਕਾਂ ਦਾ ਫਰਜ਼ ਬਣਦਾ ਹੈ ਕਿ ਉਹ ਜਾਗਣ ਤੇ ਆਪਣੀਆਂ ਜ਼ਮੀਰਾਂ ਨੂੰ ਹਾਜ਼ਰ ਨਾਜ਼ਰ ਰੱਖਕੇ ਅਗਾਮੀ ਵਿਧਾਨ ਸਭਾ ਚੋਣਾਂ ਸਬੰਧੀ ਬਹੁਤ ਹੀ ਸੂਝ ਅਤੇ ਸੰਜੀਦਗੀ ਨਾਲ ਫੈਸਲੇ ਲੈਣ। ਬਹੁਤ ਚੰਗਾ ਹੋਵੇਗਾ ਜੇਕਰ ਉਮੀਦਵਾਰਾਂ ਤੇ ਸਿਆਸੀ ਪਾਰਟੀਆਂ ਨੂੰ ਸਾਹਮਣਿਓਂ ਸਵਾਲ ਪੁੱਛੇ ਜਾਣ, ਆਹਮੋ ਸਾਹਮਣੇ ਡਿਬੇਟ ਰੱਖੇ ਜਾਣ, ਉਮੀਦਵਾਰਾਂ ਤੇ ਪਾਰਟੀਆਂ ਦਾ ਪਿਛਲਾ ਸਮੁੱਚਾ ਲੇਖਾ-ਜੋਖਾ ਕੀਤਾ ਜਾਵੇ, ਵੋਟ ਪਾਉਣ ਤੋਂ ਪਹਿਲਾਂ ਉਨਾਂ ਦਾ ਤੇ ਉਨਾਂ ਦੇ ਚੋਣ ਮਨੋਰਥ ਪੱਤਰ ਦਾ ਤਸਦੀਕਸ਼ੁਦਾ ਹਲਫੀਆ ਬਿਆਨ ਲਿਆ ਜਾਵੇ ਤਾਂ ਕਿ ਐਲਾਨਾਂ ਅਤੇ ਬਿਆਨਾਂ ਦੇ ਮਗਰੋਂ ਪੂਰੇ ਨਾ ਕਰਨ ਦੀ ਸੂਰਤ ਵਿੱਚ ਸਬੰਧਤ ਪਾਰਟੀਆਂ ਤੇ ਉਮੀਦਵਾਰਾਂ 'ਤੇ ਕਾਨੂੰਨ ਦਾ ਡੰਡਾ ਚਲਾਇਆ ਜਾ ਸਕੇ। ਪੰਜਾਬ ਵਾਸੀ ਇਕ ਗੱਲ ਹੁਣ ਜਿੰਨੀ ਜਲਦੀ ਸਮਝ ਲੈਣ ਉਸੇ ਵਿੱਚ ਭਲਾਈ ਹੈ ਕਿ 'ਬਹੁਤ ਲੁੱਟੇ ਗਏ, ਬਸ ਹੁਣ ਹੋਰ ਲੁੱਟ ਬਰਦਾਸ਼ਤ ਨਹੀਂ।' ਜਦੋਂ ਇਹ ਨੁਕਤਾ ਪੰਜਾਬ ਵਾਸੀਆਂ ਦੇ ਸਮਝ ਪੈ ਗਿਆ ਤਾਂ ਫਿਰ ਪੰਜਾਬ ਦੀ ਵਿਗੜੀ ਤੇ ਪੂਰੀ ਤਰਾਂ ਉਲਝੀ ਤਾਣੀ ਦੇ ਸੁਲਝ ਜਾਣ ਦੀ ਆਸ ਦੀ ਕਿਰਨ ਨਜ਼ਰ ਆਉਣ ਲੱਗ ਪਵੇਗੀ ਤੇ ਜੇਕਰ ਧਰਮਾਂ, ਜਾਤਾਂ ਤੇ ਲਾਲਚਾਂ ਵਾਲੀ ਗੰਦੀ ਸਿਆਸਤ ਵਿੱਚ ਉਲਝੇ ਰਹੇ ਤਾਂ ਫਿਰ ਪੰਜਾਬ ਤੇ ਪੰਜਾਬ ਵਿੱਚ ਵਸਦੇ ਲੋਕਾਂ ਦਾ ਬਚ ਸਕਣਾ ਬਹੁਤ ਮੁਸ਼ਕਲ ਹੋਵੇਗਾ। ਸੋ ਇਹ ਵੇਲਾ ਪੰਜਾਬੀਆਂ ਦੇ ਸੰਭਲ ਜਾਣ ਦਾ ਹੈ, ਕਿਉਂਕਿ ਇਸ ਵੇਲੇ ਹੋਰ ਦੇਰੀ ਦੀ ਰਤੀ ਮਾਤਰ ਵੀ ਗੁੰਜਾਇਸ਼ ਬਾਕੀ ਨਹੀਂ ਰਹੀ।

# ਅਸਲ ਲੈਂਡ ਜਿਹਾਦੀ ਭਗਵੇਂਵਾਦੀ ਬੇਨਕਾਬ

**✪ ਭਾਜਪਾ ਵੱਲੋਂ ਉਪ ਮੁੱਖ ਮੰਤਰੀ ਰਹੇ ਕਵਿੰਦਰ ਗੁਪਤਾ ਨੇ ਜ਼ਮੀਨਾਂ 'ਤੇ ਕਬਜ਼ਿਆਂ ਦਾ ਦੋਸ਼ ਲਾ ਕੇ ਮੁਸਲਮਾਨਾਂ ਨੂੰ ਬਦਨਾਮ ਕਰਨ ਲਈ ਘੜਿਆ ਸੀ ਲਕਬ 'ਲੈਂਡ ਜਿਹਾਦ'**

**✪ ਸਰਕਾਰੀ ਰਿਕਾਰਡ ਵਿਚ ਜ਼ਮੀਨਾਂ 'ਤੇ ਗੈਰਕਾਨੂੰਨੀ ਕਬਜ਼ੇ ਵਾਲੇ ਭਗਵਿਆਂ' ਵਿਚ ਸੁਭਾਸ਼ ਸ਼ਰਮਾ ਤੇ ਸ਼ਿਵ ਰਤਨ ਗੁਪਤਾ ਨਾਲ ਕਵਿੰਦਰ ਗੁਪਤਾ ਦੀ ਵੀ ਕਰੀਬ ਤਿੰਨ ਏਕੜ ਜ਼ਮੀਨ 'ਤੇ ਮਾਲਕੀ**

**ਸ਼੍ਰੀਨਗਰ/ਏ.ਟੀ.ਨਿਊਜ਼:** ਜੰਮੂ-ਕਸ਼ਮੀਰ ਵਿਚ ਮਹਿਬੂਬਾ ਮੁਫਤੀ ਦੀ ਪੀਪਲਜ਼ ਡੈਮੋਕਰੇਟਿਕ ਪਾਰਟੀ (ਪੀ ਡੀ ਪੀ) ਨਾਲ ਗੱਠਜੋੜ ਵੇਲੇ ਭਾਜਪਾ ਵੱਲੋਂ ਉਪ ਮੁੱਖ ਮੰਤਰੀ ਰਹੇ ਕਵਿੰਦਰ ਗੁਪਤਾ ਨੇ ਜ਼ਮੀਨਾਂ 'ਤੇ ਕਬਜ਼ਿਆਂ ਦਾ ਦੋਸ਼ ਲਾ ਕੇ ਮੁਸਲਮਾਨਾਂ ਨੂੰ ਬਦਨਾਮ ਕਰਨ ਲਈ 'ਲਵ ਜਿਹਾਦ' ਵਰਗਾ ਲਕਬ 'ਲੈਂਡ ਜਿਹਾਦ' ਘੜਿਆ ਸੀ। ਹੁਣ ਵਕੀਲ ਸ਼ੇਖ ਸ਼ਕੀਲ ਅਹਿਮਦ ਨੂੰ ਸੂਚਨਾ ਦੇ ਅਧਿਕਾਰ ਵਾਲੇ ਕਾਨੂੰਨ ਤਹਿਤ ਸਰਕਾਰ ਵੱਲੋਂ ਇਹ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ ਕਿ ਸਰਕਾਰੀ ਰਿਕਾਰਡ ਵਿਚ ਜ਼ਮੀਨਾਂ 'ਤੇ ਗੈਰਕਾਨੂੰਨੀ ਕਬਜ਼ੇ ਵਾਲੇ 'ਸੱਜਣਾਂ' ਵਿਚ ਸੁਭਾਸ਼ ਸ਼ਰਮਾ ਤੇ ਸ਼ਿਵ ਰਤਨ ਗੁਪਤਾ ਨਾਲ ਕਵਿੰਦਰ ਗੁਪਤਾ ਦੀ ਵੀ ਕਰੀਬ ਤਿੰਨ ਏਕੜ ਜ਼ਮੀਨ 'ਤੇ ਮਾਲਕੀ ਬੋਲਦੀ ਹੈ ।ਕਵਿੰਦਰ ਗੁਪਤਾ 2018 ਵਿਚ ਕੁਝ ਮਹੀਨਿਆਂ ਲਈ ਉਪ ਮੁੱਖ ਮੰਤਰੀ ਰਿਹਾ ਸੀ। ਫਾਰੂਕ ਅਬਦੁੱਲਾ ਦੇ ਮੁੱਖ ਮੰਤਰੀ ਹੋਣ ਵੇਲੇ 2001 ਵਿਚ ਰੋਸ਼ਨੀ ਐਕਟ ਬਣਿਆ ਸੀ, ਜਿਸ ਤਹਿਤ ਸਰਕਾਰੀ ਜ਼ਮੀਨਾਂ ਉੱਤੇ 1990 ਤੋਂ ਗੈਰ-ਕਾਨੂੰਨੀ ਤੌਰ 'ਤੇ ਕਾਬਜ਼ ਲੋਕਾਂ ਨੂੰ ਮਾਲਕੀ ਦੇ ਹੱਕ ਦਿੱਤੇ ਗਏ ਸਨ। ਸਰਕਾਰ ਦੀ ਸੋਚ ਸੀ ਕਿ ਇਹ ਹੱਕ ਦੇ ਕੇ ਮਿਲਣ ਵਾਲੇ ਪੈਸਿਆਂ ਨਾਲ ਪਣਬਿਜਲੀ ਪ੍ਰੋਜੈਕਟਾਂ ਲਈ ਵਸੀਲੇ ਜੁਟਾਏ ਜਾ ਸਕਦੇ ਹਨ। 'ਬਿਜਲੀ ਪ੍ਰੋਜੈਕਟ' ਕਰਕੇ ਕਾਨੂੰਨ ਦਾ ਨਾਂ 'ਰੋਸ਼ਨੀ'



ਰੱਖਿਆ ਗਿਆ ਸੀ। ਪਿਛਲੇ ਸਾਲ ਜੰਮੂ ਐਂਡ ਕਸ਼ਮੀਰ ਹਾਈਕੋਰਟ ਨੇ ਇਸ ਕਾਨੂੰਨ ਨੂੰ ਅਸੰਵਿਧਾਨਕ ਕਰਾਰ ਦੇ ਕੇ ਰੱਦ ਕਰ ਦਿੱਤਾ। ਇਸ ਤੋਂ ਬਾਅਦ ਭਾਜਪਾ ਨੇ ਮੁਹਿੰਮ ਚਲਾਈ ਕਿ ਇਹ ਕਾਨੂੰਨ ਜੰਮੂ ਵਿਚ ਮੁਸਲਮਾਨਾਂ ਦੀ ਵਸੋਂ ਵਧਾਉਣ ਲਈ ਬਣਾਇਆ ਗਿਆ ਸੀ, ਪਰ ਇਹ ਮੁਹਿੰਮ ਪੁੱਠੀ ਪੈ ਗਈ ਜਦੋਂ ਦਸਤਾਵੇਜ਼ਾਂ ਦੀ ਜਾਂਚ ਵਿਚ ਬਹੁਤੇ ਕਬਜ਼ਾਧਾਰੀ ਹਿੰਦੂ ਨਿਕਲ ਆਏ। ਇਸ ਤੋਂ ਬਾਅਦ ਸਰਕਾਰ ਨੇ ਜ਼ਮੀਨਾਂ ਵਾਪਸ ਲੈਣ ਦੇ ਹਾਈਕੋਰਟ ਦੇ ਹੁਕਮ ਉਤੇ ਅਮਲ ਰੋਕ ਦਿੱਤਾ ਤੇ ਹੁਕਮ ਵਿਰੁੱਧ ਰੀਵਿਊ ਪਟੀਸ਼ਨ ਪਾ ਦਿੱਤੀ। ਸਰਕਾਰ ਨੂੰ ਡਰ ਸੀ ਕਿ ਹੁਕਮ ਲਾਗੂ ਕਰਨ ਨਾਲ ਹਿੰਦੂ ਵੋਟਰ ਖਿਲਾਫ ਹੋ ਜਾਣਗੇ। ਸਰਕਾਰ ਨੇ ਆਪਣੇ ਵੱਲੋਂ ਦਲੀਲ ਇਹ ਦਿੱਤੀ ਹੈ ਕਿ ਹਾਈਕੋਰਟ ਦਾ ਫੈਸਲਾ ਅਣਚਾਹਿਆਂ ਵੱਡੀ ਗਿਣਤੀ ਵਿਚ ਆਮ ਲੋਕਾਂ 'ਤੇ ਅਸਰ ਪਾਵੇਗਾ। ਕਵਿੰਦਰ ਗੁਪਤਾ 2010 ਵਿਚ ਜੰਮੂ ਨਗਰ ਨਿਗਮ ਦਾ ਮੇਅਰ ਸੀ ਅਤੇ ਉਸ ਦੇ ਤੇ ਉਸ ਦੇ ਦੋ ਸਾਥੀਆਂ ਨੇ ਨਾਂ ਵੱਜਣ ਵਾਲੀ ਜ਼ਮੀਨ ਦਾ ਕਬਜ਼ਾ 2010 ਤੋਂ 2016 ਤਕ ਉਨਾਂ ਕੋਲ ਰਿਹਾ। 2017 ਵਿਚ ਕਬਜ਼ਾ ਖਤਮ ਹੋਣ ਤੋਂ ਬਾਅਦ ਭਾਜਪਾ ਨੇ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ ਕਿ ਰੋਸ਼ਨੀ ਕਾਨੂੰਨ ਤੋਂ ਮੁਸਲਮਾਨਾਂ ਨੇ ਬੇਹਿਸਾਬਾ ਫਾਇਦਾ ਉਠਾਇਆ। ਪਿਛਲੇ ਸਾਲ ਜਦੋਂ ਹਾਈਕੋਰਟ ਨੇ ਕਾਨੂੰਨ ਰੱਦ ਕੀਤਾ ਤਾਂ ਉਸ ਤੋਂ ਬਾਅਦ ਕਵਿੰਦਰ ਗੁਪਤਾ ਨੇ ਫੈਸਲੇ ਨੂੰ 'ਲੈਂਡ ਜਿਹਾਦ ਉੱਤੇ ਸਰਜੀਕਲ ਸਟਰਾਈਕ' ਕਰਾਰ ਦਿੱਤਾ। ਹੁਣ ਕਵਿੰਦਰ ਗੁਪਤਾ ਕਹਿ ਰਿਹਾ ਹੈ ਕਿ ਉਸ ਦੀ ਜੰਮੂ ਦੀ ਭਲਵਲ ਤਹਿਸੀਲ ਦੇ ਪਿੰਡ ਘੈਂਕ ਵਿਚ ਕਦੇ ਜ਼ਮੀਨ ਨਹੀਂ ਰਹੀ ।ਉਸ ਦਾ ਕਹਿਣਾ ਹੈ ਕਿ ਪਤਾ ਕੀਤਾ ਜਾਣਾ ਚਾਹੀਦਾ ਹੈ ਕਿ ਰੈਵੀਨਿਊ ਰਿਕਾਰਡ ਵਿਚ ਉਸ ਨੂੰ ਮਾਲਕ ਬਣਾਉਣ ਵਾਲੇ ਕਾਗਜ਼ਾਂ 'ਤੇ ਦਸਤਖਤ ਕਿਸ ਨੇ ਕੀਤੇ, ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਜਦੋਂ ਚੇਤੇ ਕਰਾਇਆ ਗਿਆ ਕਿ ਰਿਕਾਰਡ ਵਿਚ ਉਸ ਦਾ ਨਾਂ ਬੋਲਦਾ ਹੈ ਤਾਂ ਉਸ ਨੇ ਇਹ ਦਲੀਲ ਦਿੱਤੀ ਕਿ ਜੇ ਕੋਈ ਤਾਜ ਮਹਿਲ ਉਸ ਦੇ ਨਾਂ ਕਰਵਾ ਦੇਵੇ ਤਾਂ ਉਹ ਉਸ ਦਾ ਨਹੀਂ ਹੋ ਜਾਵੇਗਾ।

*ਅੰਮ੍ਰਿਤਸਰ ਟਾਈਮਜ ਸਮਝਦਾ ਹੈ ਕਿ ਕਿਸਾਨਾਂ ਵੱਲੋਂ ਬ੍ਰਾਹਮਣਾਂ ਨੂੰ ਜ਼ਮੀਨ ਦਾਨ ਦੇਣ ਦੀ ਪ੍ਰਥਾ ਤਾਂ ਪੁਰਾਣੀ ਹੈ, ਪਰ ਇਹ ਪਹਿਲੀ ਵਾਰ ਸੁਣਨ ਨੂੰ ਮਿਲਿਆ ਹੈ ਕਿ ਗੁਪਤਿਆਂ ਨੂੰ ਪੁੱਛੇ ਬਿਨਾਂ ਕੋਈ ਜ਼ਮੀਨ ਉਨਾਂ ਦੇ ਨਾਂ ਕਰਵਾ ਗਿਆ ।ਇਸ ਤੋਂ ਸਪੱਸ਼ਟ ਹੈ ਕਿ ਭਗਵਿਆਂ ਦੇ ਜ਼ਮੀਨ ਘੋਟਾਲੇ ਦਾ ਪਰਦਾਫਾਸ਼ ਹੋ ਗਿਆ ਜਿਸ ਤਹਿਤ ਉਹ ਘਟਗਿਣਤੀ ਕੌਮ ਨੂੰ ਜ਼ਮੀਨ ਜਿਹਾਦ ਬਾਰੇ ਬਦਨਾਮ ਕਰਨਾ ਚਾਹੁੰਦੇ ਸਨ। ਸੁਆਲ ਇਹ ਹੈ ਕਿ ਦੋਸ਼ੀਆਂ ਨੂੰ ਸਜ਼ਾ ਮਿਲੇਗੀ ਜਾਂ ਸਰਕਾਰ ਵਲੋਂ ਮਾਮਲਾ ਦਬਾ ਦਿਤਾ ਜਾਵੇਗਾ।*

# ਮੈਂ ਜਿੱਥੇ ਵੀ ਹਾਂ, ਦਿੱਲੀ ਦੀਆਂ ਬਰੂਹਾਂ 'ਤੇ ਹਾਂ



**ਹਰਮੀਤ ਵਿਦਿਆਰਥੀ**

**ਕਿਸਾਨ ਅੰਦੋਲਨ ਤੋਂ ਜਨ ਅੰਦੋਲਨ ਤੱਕ**

ਸਾਊਥ ਦੀ ਹਿੰਦੀ ਵਿੱਚ ਡੱਬ ਫਿਲਮ 'ਨਾਟ ਆਊਟ' ਵੇਖ ਰਿਹਾ ਸਾਂ। ਕਿਸਾਨ ਪਰਿਵਾਰ ਵਿੱਚੋਂ ਆਈ ਕੁਸ਼ੱਲਿਆ ਮੰਜੂਨਾਥ 'ਵੂਮੈਨ ਆਫ਼ ਦੀ ਮੈਚ' ਸਨਮਾਨ ਪ੍ਰਾਪਤ ਕਰਨ ਤੋਂ ਬਾਅਦ ਬੋਲ ਰਹੀ ਹੈ, 'ਅਸੀਂ ਗਿਆਰਾਂ ਪਲੇਅਰ ਵਰਲਡ ਕੱਪ ਜਿੱਤਣ ਆਏ ਹਾਂ। ਸਾਰਾ ਦੇਸ਼ ਸਾਡੇ ਪਿੱਛੇ ਖੜਾ ਹੈ। ਕੀ ਕਿਸਾਨਾਂ ਦੀ ਲੜਾਈ ਦੀ ਜਿੱਤ ਲਈ ਕੋਈ ਖੜਾ ਹੈ?' ਫਿਲਮ ਵਿੱਚ ਉਹ ਇਹ ਗੱਲ ਆਪਣੇ ਪਰਿਵਾਰ ਦੇ ਪ੍ਰਸੰਗ ਵਿੱਚ ਕਰ ਰਹੀ ਸੀ। ਪਰ ਮੈਨੂੰ ਲੱਗਦਾ ਹੈ ਕਿ ਇਹ ਸਵਾਲ ਸਾਡੇ ਸਾਰਿਆਂ ਦੇ ਸਾਹਮਣੇ ਖੜਾ ਹੈ।

9 ਅਗਸਤ 2020 ਤੋਂ ਪੰਜਾਬ ਦੀਆਂ ਸੜਕਾਂ, ਰੇਲ ਪਟੜੀਆਂ, ਰਿਲਾਇੰਸ ਦੇ ਪੰਪਾਂ ਅਤੇ ਮਾਲਜ਼ ਤੋਂ ਸ਼ੁਰੂ ਹੋਏ ਇਸ ਅੰਦੋਲਨ ਨੂੰ 12 ਮਹੀਨੇ ਹੋ ਚੁੱਕੇ ਨੇ। ਦਿੱਲੀ ਦੀਆਂ ਬਰੂਹਾਂ ਮੱਲ ਕੇ ਬੈਠਿਆਂ ਨੂੰ ਵੀ ਸਾਢੇ ਅੱਠ ਮਹੀਨੇ ਹੋ ਚੁੱਕੇ ਹਨ, ਤਕਰੀਬਨ 245 ਦਿਨ। ਪੋਹ ਮਾਘ ਦਾ ਕੱਕਰ, ਮਾਈਨਸ ਡਿਗਰੀ ਟੈਂਪਰੇਚਰ, ਮੀਂਹ, ਭਰ ਗਰਮੀ, ਲੂ, ਹਨੇਰੀਆਂ, ਕੀ ਨਹੀਂ ਜਰਿਆ। ਸਰਕਾਰਾਂ ਦੁਆਰਾ ਘੋਸ਼ਿਤ ਅੰਨਦਾਤੇ ਨੇ ਖੁੱਲੇ ਅਸਮਾਨ ਥੱਲੇ ਬਿਸਤਰੇ ਲਾ ਕੇ ਕੱਟੇ ਨੇ। ਲੜਾਈ ਵਕਤ ਦੀ ਹਕੂਮਤ ਵੱਲੋਂ ਕਾਰਪੋਰੇਟ ਘਰਾਣਿਆਂ ਦੀ ਪੁਸ਼ਤਪਨਾਹੀ ਲਈ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਦੇ ਇਰਾਦੇ ਨਾਲ ਲਿਆਂਦੇ ਤਿੰਨ ਕਿਸਾਨ ਵਿਰੋਧੀ ਲੋਕ ਮਾਰੂ ਬਿੱਲਾਂ ਦੇ ਖ਼ਿਲਾਫ਼ ਚੱਲ ਰਹੀ ਹੈ। ਨਿੱਤ ਦਿਹਾੜੇ ਨਵੇਂ ਰੰਗ ਬਦਲਣ ਤੋਂ ਬਾਅਦ ਇਹ ਮੋਰਚਾ ਹੁਣ ਸਹਿਜ ਰੌਅ ਵਿੱਚ ਆ ਚੁੱਕਾ ਹੈ। ਸ਼ੰਭੂ, ਟਿੱਕਰੀ, ਸ਼ਾਹਜਹਾਂਪੁਰ, ਗਾਜ਼ੀਪੁਰ ਨੂੰ ਪਿਕਨਿਕ ਸਪਾਟ ਸਮਝ ਕੇ ਸੈਲਫੀਆਂ ਖਿਚਾਉਣ ਵਾਲੇ ਘਰੋ ਘਰੀਂ ਆ ਚੁੱਕੇ ਨੇ। ਇਸਦੇ ਬਾਵਜੂਦ ਇਨਾਂ ਬਾਰਡਰਾਂ 'ਤੇ ਜਾਣ ਵਾਲਿਆਂ ਦੇ ਵਾਹਨਾਂ ਦੀ ਲੜੀ ਟੁੱਟਣ ਵਿੱਚ ਨਹੀਂ ਆ ਰਹੀ। ਇਹੀ ਇਸ ਲੜਾਈ ਦੀ ਤਾਕਤ ਹੈ।

ਇਸ ਲੜਾਈ ਨੂੰ ਖਾਲਿਸਤਾਨੀ, ਸਿਰਫ਼ ਪੰਜਾਬੀ, ਪਾਕਿਸਤਾਨੀ, ਚੀਨੀ, ਸਿੱਖ ਬਨਾਮ ਕਾਮਰੇਡ, ਪੰਜਾਬ ਬਨਾਮ ਦੇਸ਼, ਪੰਜਾਬ ਬਨਾਮ ਹਰਿਆਣਾ, ਸਤਲੁਜ ਜਮੁਨਾ ਲਿੰਕ ਨਹਿਰ, ਜਥੇਬੰਦੀਆਂ ਬਨਾਮ ਨੌਜਵਾਨ ਬਣਾਉਣ ਦੀਆਂ ਕੋਸ਼ਿਸ਼ਾਂ ਦਾ ਕੋਈ ਅੰਤ ਨਹੀਂ ਰਿਹਾ ਪਰ ਸਰਕਾਰ ਦਾ ਹਰ ਹਰਬਾ ਫੇਲ ਰਿਹਾ ਕਿਉਂਕਿ ਲੜਾਈ ਕਿਸਾਨ ਲੜ ਰਿਹਾ ਹੈ ਤੇ ਹਰ ਉਹ ਭਾਈਚਾਰਾ ਜਿਸ ਨੂੰ ਮਿੱਟੀ ਨਾਲ ਮੋਹ ਹੈ, ਇਸ ਲੜਾਈ ਨੂੰ ਆਪਣੀ ਲੜਾਈ ਸਮਝ ਰਿਹਾ ਹੈ।

ਮਿੱਟੀ ਨੂੰ ਮੋਹ ਕਰਨ ਵਾਲਿਆਂ ਦੀ ਲੜਾਈ ਸਿਰਫ਼ ਹਕੂਮਤ ਨਾਲ ਨਹੀਂ ਹੈ। ਜੇ ਗੱਲ ਸਿਰਫ਼ ਏਨੀ ਕੁ ਹੁੰਦੀ ਤਾਂ ਹੁਣ ਤੱਕ ਮੁੱਕ ਗਈ ਹੁੰਦੀ। ਸਰਕਾਰ ਕਾਰਪੋਰੇਟਾਂ ਦੀ ਰਖੇਲ ਹੈ ਅਤੇ ਅੰਤਰਰਾਸ਼ਟਰੀ ਮੁਦਰਾ ਕੋਸ਼ ਅਤੇ ਵਿਸ਼ਵ ਵਪਾਰ ਸੰਸਥਾ ਦੀ ਗੁਲਾਮ। ਨੱਬੇਵਿਆਂ ਦੇ ਸ਼ੁਰੂ ਵਿੱਚ ਗੈਟ ਵਰਗੇ ਸਮਝੌਤਿਆਂ ਅਤੇ ਡੰਕਲ ਡਰਾਫ਼ਟ ਦੇ ਖ਼ਿਲਾਫ਼ ਬੋਲਣ ਵਾਲੇ 'ਕਾਮਰੇਡ' ਲੋਕਾਂ ਨੂੰ ਪਾਗਲ ਲੱਗਦੇ ਸਨ ਪਰ ਉਹਨਾਂ ਸਮਝੌਤਿਆਂ ਦੇ ਅਸਰ ਪਹਿਲਾਂ ਹੌਲੀ ਹੌਲੀ ਤੇ 2014 ਤੋਂ ਬਾਅਦ ਤੇਜ਼ੀ ਨਾਲ ਸਾਡੇ ਸਾਹਮਣੇ ਆ ਰਹੇ ਹਨ।

ਨਿਮਨ ਅਤੇ ਮੱਧ ਸ਼੍ਰੇਣੀ ਦੇ ਹਾਲਾਤ ਦਿਨ ਬ ਦਿਨ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਹਜ਼ਾਰਾਂ ਕੁਰਬਾਨੀਆਂ ਦੇ ਕੇ ਤਿਆਰ ਕੀਤੇ ਪਬਲਿਕ ਸੈਕਟਰ ਨੂੰ ਸੋਚੀ ਸਮਝੀ ਸਾਜਿਸ਼ ਦੇ ਤਹਿਤ ਮਲੀਆਮੇਟ ਕੀਤਾ ਜਾ ਰਿਹਾ ਹੈ। ਘਰ ਦੇ ਭਾਂਡੇ ਵੇਚ ਕੇ ਅਯਾਸ਼ੀ ਦਾ ਸਾਮਾਨ ਖਰੀਦਿਆ ਜਾ ਰਿਹਾ ਹੈ। ਰੇਲਵੇ, ਏਅਰਪੋਰਟ, ਬੰਦਰਗਾਹਾਂ, ਪੈਟਰੋਲੀਅਮ ਸਭ ਕੁਝ ਇੱਕ ਇੱਕ ਕਰਕੇ ਵੇਚਿਆ ਜਾ ਰਿਹਾ ਹੈ।

ਇੱਕ ਸਵਾਲ ਹਰ ਵਿਅਕਤੀ ਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ ਕਿ ਜੇ ਸਰਕਾਰੀ ਅਦਾਰੇ ਸੱਚਮੁੱਚ ਘਾਟੇ ਵਿੱਚ ਹਨ ਤਾਂ ਪ੍ਰਾਈਵੇਟ ਵਪਾਰੀ ਇਸ ਘਾਟੇ ਦੇ ਸੌਦੇ ਨੂੰ ਕਿਉਂ ਖਰੀਦਣ ਲਈ ਤਰਲੋਮੱਛੀ ਹੋ ਰਿਹਾ ਹੈ ਤੇ ਜੇ ਸਰਕਾਰੀ ਅਦਾਰੇ ਮੁਨਾਫ਼ੇ ਵਿੱਚ ਹਨ ਤਾਂ ਸਰਕਾਰ ਇਹਨਾਂ ਨੂੰ ਵੇਚਣ ਲਈ ਕਿਉਂ ਪੱਬਾਂ ਭਾਰ ਹੋਈ ਖਲੋਤੀ ਹੈ?

ਅਜਿਹੇ ਸਮਿਆਂ ਵਿੱਚ ਸਰਕਾਰ ਦੀਆਂ ਪਾਲਸੀਆਂ ਦਾ ਵਿਰੋਧ ਨਾ ਹੋਵੇ, ਇਸ ਲਈ ਹਕੂਮਤ ਹਰ ਰੋਜ਼ ਨਵੇਂ ਮਸਲੇ ਉਛਾਲਦੀ ਹੈ। ਇਨਾਂ ਮਸਲਿਆਂ ਦੇ ਵਾਵਰੋਲਿਆਂ ਵਿੱਚ ਅਸਲੀ ਸਵਾਲ ਗੁੰਮ ਗੁਆਚ ਜਾਂਦੇ ਨੇ। ਜਿਨਾਂ ਦੇ ਸਿਰ ਅਸਲ ਸੁਆਲਾਂ ਨੂੰ ਲੋਕਾਂ ਦੇ ਸਨਮੁੱਖ ਰੱਖ ਕੇ ਲੋਕਾਂ ਦੀ ਲਾਮਬੰਦੀ ਕਰਨ ਦੀ ਜ਼ਿੰਮੇਵਾਰੀ ਸੀ, ਉਹ ਫਾਸ਼ੀਵਾਦ ਦੀਆਂ ਭੂਲ ਭੁਲਈਆਂ ਵਿੱਚ ਅਜਿਹੇ ਗੁਆਚੇ ਕਿ ਬਾਕੀ ਸਾਰੇ ਮਸਲਿਆਂ ਨੂੰ ਵਿਸਾਰ ਹੀ ਦਿੱਤਾ। ਮਨੁੱਖੀ ਜ਼ਿੰਦਗੀ ਕਿਉਂਕਿ ਦਿਨ ਬਦਿਨ ਮੁਸ਼ਕਿਲ ਹੁੰਦੀ ਜਾ ਰਹੀ ਹੈ, ਆਮ ਆਦਮੀ ਨੂੰ ਜ਼ਿੰਦਗੀ ਦੇ ਚੱਕਰ ਵਿੱਚੋਂ ਬਾਹਰ ਧੱਕ ਦੇਣ ਵਾਲੀਆਂ ਨੀਤੀਆਂ ਬਣ ਰਹੀਆਂ ਹਨ। ਪ੍ਰਾਈਵੇਟ ਸਕੂਲ, ਹਸਪਤਾਲ ਪ੍ਰਾਈਵੇਟ ਟਰਾਂਸਪੋਰਟ, ਸ਼ਾਪਿੰਗ ਮਾਲ, ਪੀ ਵੀ ਆਰ, ਐਕਸਪ੍ਰੈਸ ਵੇ (ਕਦੇ ਨਿਗਾਹ ਮਾਰ ਕੇ ਵੇਖਿਓ ਇਹਨਾਂ ਸਾਰੀਆਂ ਥਾਵਾਂ 'ਤੇ ਕੌਣ ਲੋਕ ਹੁੰਦੇ ਹਨ।) ਜ਼ਿੰਦਗੀ ਦੇ ਹਰ ਖੇਤਰ ਵਿੱਚੋਂ ਸਾਧਾਰਨ ਆਦਮੀ ਦੀ ਵਿਦਾਇਗੀ ਦਾ ਸਕ੍ਰੀਨਪਲੇ ਲਿਖਿਆ ਜਾ ਚੁੱਕਾ ਹੈ। ਲੋਕਾਂ ਦੁਆਰਾ, ਲੋਕਾਂ ਲਈ, ਲੋਕਾਂ ਦੀ ਹਕੂਮਤ ਦਾ ਵਿਚਾਰ ਤਹਿਸ ਨਹਿਸ ਹੋ ਚੁੱਕਾ ਹੈ। ਸਮਾਜ ਦਾ ਚੌਥਾ ਥੰਮ ਹੋਣ ਦਾ ਅਭਿਮਾਨ ਕਰਨ ਵਾਲਾ ਮੀਡੀਆ ਵੀ ਵਾਚ ਡੌਗ ਦੀ ਥਾਂ ਪੂਛ ਹਿਲਾਉਣ ਵਾਲਾ ਡੌਗੀ ਬਣ ਕੇ ਰਹਿ ਗਿਆ ਹੈ। ਰਾਜਨੀਤਿਕ ਲੋਕ, ਕਾਰਪੋਰੇਟ, ਮੀਡੀਆ, ਪੁਲਿਸ, ਬਿਊਰੋਕਰੇਸੀ, ਸਭ ਆਮ ਲੋਕਾਂ ਦੇ ਖ਼ਿਲਾਫ਼ ਬਣੇ ਮੋਰਚੇ ਦੇ ਭਾਈਵਾਲ ਬਣ ਗਏ। ਸੁਖ ਸੁਵਿਧਾਵਾਂ ਦੇ ਨਾਂ 'ਤੇ ਲੋਕਾਂ ਨੂੰ ਆਪੋ ਵਿੱਚ ਤੋੜ ਕੇ ਇਕੱਲਿਆਂ ਕਰ ਦੇਣ ਦਾ ਪ੍ਰਾਜੈਕਟ ਜ਼ੋਰਾਂ ਸ਼ੋਰਾਂ 'ਤੇ ਹੈ। ਆਨਲਾਈਨ ਸ਼ਾਪਿੰਗ, ਆਨਲਾਈਨ ਬਿਲਿੰਗ, ਆਨਲਾਈਨ ਮੂਵੀ, ਹਰ ਉਹ ਥਾਂ ਜਿੱਥੇ ਚਾਰ ਜੀਅ ਰਲ ਕੇ ਬੈਠ ਸਕਦੇ ਹੋਣ, ਗੱਲ ਕਰ ਸਕਦੇ ਹੋਣ, ਉਹਦਾ ਖ਼ਾਤਮਾ ਕਰਨ ਲਈ ਬਾਜ਼ਾਰ ਪੱਬਾਂ ਭਾਰ ਹੈ। ਆਨਲਾਈਨ ਐਜੂਕੇਸ਼ਨ 'ਚੱਲ' ਰਹੀ ਹੈ। ਆਉਣ ਵਾਲੇ ਦਿਨਾਂ ਵਿੱਚ ਆਨਲਾਇਨ ਸਸਕਾਰ ਅਤੇ ਭੋਗਾਂ ਦਾ ਟਰੈਂਡ ਵੀ ਛੇਤੀ ਵੇਖਣ ਨੂੰ ਮਿਲੇਗਾ।

ਸਰਕਾਰ ਸਿਆਸੀ ਵਿਰੋਧੀਆਂ ਨੂੰ ਨਿੱਸਲ ਕਰਕੇ, ਯੂਨੀਵਰਸਿਟੀਆਂ ਨੂੰ ਲੋਕਾਂ ਵਿੱਚ ਬੱਦੂ ਕਰਕੇ, ਵਿਰੋਧ ਦੀ ਹਰ ਆਵਾਜ਼ ਨੂੰ ਪਿੰਜਰੇ ਪਾ ਕੇ ਆਪਣੇ ਖਾਸ ਯਾਰਾਂ ਦੇ ਮੁਨਾਫ਼ੇ ਦੀ ਹਾਬੜ ਪੂਰੀ ਕਰਨ ਲਈ ਕਿਸਾਨੀ ਨੂੰ ਕਾਰਪੋਰੇਟਾਂ ਦੀ ਗੁਲਾਮ ਬਣਾਉਣ ਲਈ ਤਿੰਨ ਕਾਲੇ ਕਾਨੂੰਨ ਲੈ ਕੇ ਆਈ। ਸਰਕਾਰ ਨੂੰ ਇਹ ਵਿਸ਼ਵਾਸ ਸੀ ਕਿ ਕਰੋਨਾ ਦਾ ਸਮਾਂ ਹੈ, ਲੋਕ ਡਰਾ ਦਿੱਤੇ ਗਏ ਨੇ। ਕੋਈ ਇਹਨਾਂ ਦੇ ਵਿਰੋਧ ਵਿੱਚ ਘਰੋਂ ਬਾਹਰ ਨਹੀਂ ਨਿਕਲੇਗਾ।

ਹੋਇਆ ਇਸ ਦੇ ਉਲਟ। ਇਹ ਬਿੱਲ ਆਉਂਦੇ ਸਾਰ ਹੀ ਪੰਜਾਬ ਨੇ ਅੰਗੜਾਈ ਲਈ, ਇੱਕ ਨਵੀਂ ਊਰਜਾ ਨਾਲ ਪੰਜਾਬ ਜਾਗਿਆ। ਹਕੂਮਤਾਂ ਨੂੰ ਕਾਰਪੋਰੇਟ ਘਰਾਣਿਆਂ ਅੱਗੇ ਨਤਮਸਤਕ ਵੇਖ ਕਿਸਾਨੀ ਨੇ ਲੰਬੀ ਲੜਾਈ ਦੀ ਲਾਮਬੰਦੀ ਸ਼ੁਰੂ ਕਰ ਲਈ। ਲੋਕਾਂ ਨੇ ਸੜਕਾਂ, ਰੇਲ ਪਟੜੀਆਂ, ਟੋਲ ਪਲਾਜ਼ਿਆਂ, ਰਿਲਾਇੰਸ ਪੰਪ ਅਤੇ ਮਾਲਜ਼ ਘੇਰ ਲਏ। ਪੰਜਾਬ ਦੀਆਂ ਦੋਵਾਂ ਵੱਡੀਆਂ ਰਾਜਸੀ ਪਾਰਟੀਆਂ ਦੇ ਆਗੂਆਂ ਦੇ ਇਲਾਕਿਆਂ ਵਿੱਚ ਮੋਰਚੇ ਲਾਏ ਗਏ। (ਟੋਲ ਪਲਾਜ਼ਿਆਂ ਦੇ ਮਾਮਲੇ ਵਿੱਚ ਪੌਣੇ ਨੌਂ ਮਹੀਨਿਆਂ ਤੋਂ ਪੰਜਾਬ ਵਿੱਚ ਕਿਸਾਨਾਂ ਦੀ ਹਕੂਮਤ ਹੈ।) ਨਸ਼ੇੜੀ, ਭਗੌੜਾ, ਗੈਰਜ਼ਿੰਮੇਵਾਰ, ਗੈਂਗਸਟਰ ਵਰਗੀਆਂ ਹੋਰ ਕਈ ਕਲਗੀਆਂ ਲਾਈ ਫਿਰਦੀ ਪੰਜਾਬ ਦੀ ਜਵਾਨੀ ਪੰਜਾਬ ਦੀਆਂ ਸੜਕਾਂ ਰੋਕਦੀ, ਕੱਲਾ ਕੱਲਾ ਅਡਾਨੀ ਦੀਆਂ ਰੇਲਾਂ ਡੱਕਦਾ ਦਿੱਲੀ ਦੇ ਰਾਹ ਪੈ ਗਿਆ।

ਇਸ ਅੰਦੋਲਨ ਦੀ ਸਭ ਤੋਂ ਵੱਡੀ ਖ਼ੂਬਸੂਰਤੀ ਇਸ ਲੜਾਈ ਵਿੱਚ ਨੌਜਵਾਨਾਂ ਅਤੇ ਔਰਤਾਂ ਦੀ ਭਰਪੂਰ ਸ਼ਮੂਲੀਅਤ ਦਾ ਹੋਣਾ ਹੈ। ਔਰਤਾਂ ਇਸ ਲੜਾਈ ਵਿੱਚ ਦਰਸ਼ਕ/ਸਰੋਤਿਆਂ ਵਜੋਂ ਨਹੀਂ, ਸਗੋਂ ਮੁਕੰਮਲ ਅੰਦੋਲਨਕਾਰੀਆਂ ਵਜੋਂ ਹਾਜ਼ਰ ਨੇ। ਸਟੇਜ ਚਲਾਉਂਦੀਆਂ, ਰਣਨੀਤੀ ਬਣਾਉਂਦੀਆਂ, ਲਾਮਬੰਦੀ ਕਰਦੀਆਂ, ਅੰਦੋਲਨ ਦੀ ਗਾਥਾ ਸੁਣਾਉਂਦੀਆਂ ਇਸ ਨੂੰ ਇੱਕ ਵੱਖਰੀ ਦਿੱਖ ਪ੍ਰਦਾਨ ਕਰ ਰਹੀਆਂ ਸਨ।

ਮਜਾਜ਼ ਲਖਨਵੀ ਦੇ ਉਸ ਸੁਪਨੇ ਵਿੱਚ ਕਲਪਨਾ ਕੀਤੀ ਔਰਤ ਇਸ ਅੰਦੋਲਨ ਵਿੱਚ ਸਾਕਾਰ ਹੋ ਰਹੀ ਹੈ :

ਤੇਰੇ ਮਾਥੇ ਪੇ ਯੇ ਆਂਚਲ ਬਹੁਤ ਹੀ ਖ਼ੂਬ ਹੈ ਲੇਕਿਨ,<br>ਤੂ ਇਸ ਆਂਚਲ ਸੇ ਏਕ ਪਰਚਮ ਬਣਾ ਲੇਤੀ ਤੋ ਅੱਛਾ ਥਾ।

ਅੱਠ ਮਹੀਨਿਆਂ ਤੋਂ ਵੱਧ ਸਮਾਂ ਹੋ ਗਿਆ ਹੈ, ਦਿੱਲੀ ਦੀਆਂ ਸਰਹੱਦਾਂ 'ਤੇ ਮੋਰਚਾ ਜਾਰੀ ਹੈ। ਅੰਦੋਲਨ ਨੂੰ ਬੇਪਨਾਹ ਸਹਿਯੋਗ ਅਤੇ ਸਮਰਥਨ ਮਿਲਿਆ ਹੈ। ਇਸ ਕਿਸਮ ਦੇ ਅੰਦੋਲਨ ਰੋਜ਼ ਨਹੀਂ ਉਸਾਰੇ ਜਾ ਸਕਦੇ। ਸਮੁੱਚਾ ਦੇਸ਼ ਹੀ ਨਹੀਂ ਸਮੁੱਚੇ ਵਿਸ਼ਵ ਦਾ ਜਨ ਸਾਧਾਰਨ ਇਸ ਅੰਦੋਲਨ ਵੱਲ ਵੇਖ ਰਿਹਾ ਹੈ। ਇਸ ਦੀ ਸਫ਼ਲਤਾ ਦੀ ਕਾਮਨਾ ਕਰ ਰਿਹਾ ਹੈ। ਇਸ ਅੰਦੋਲਨ ਦੀ ਸਫ਼ਲਤਾ ਵਿੱਚੋਂ ਉਸ ਨੂੰ ਆਪਣੀ ਬੰਦ ਖਲਾਸੀ ਦੀ ਨਵੀਂ ਲੜਾਈ ਦੇ ਨਕਸ਼ ਨਜ਼ਰ ਆ ਰਹੇ ਹਨ। ਜਦੋਂ ਇਸ ਕਿਸਮ ਦੇ ਵੱਡੇ ਅੰਦੋਲਨਾਂ ਦੀ ਉਸਾਰੀ ਹੁੰਦੀ ਹੈ ਤਾਂ ਹਰ ਧਿਰ ਉਸ ਵਿੱਚੋਂ ਆਪਣੀ ਸਪੇਸ ਲੱਭਣ ਦਾ ਯਤਨ ਕਰਦੀ ਹੈ। ਆਪਣੇ ਪ੍ਰਭਾਵ ਘੇਰੇ ਨੂੰ ਹੋਰ ਚੌੜਾ ਕਰਨ ਦੀ ਇੱਛਾ/ਲਾਲਸਾ ਕੋਈ ਧਿਰ ਨਹੀਂ ਛੱਡ ਸਕਦੀ ਪਰ ਅਜਿਹਾ ਕਰਦਿਆਂ ਜੇ ਅੰਦੋਲਨ ਨੂੰ ਢਾਹ ਲੱਗਦੀ ਹੋਵੇ ਤਾਂ ਹਕੂਮਤਾਂ ਲਈ ਖ਼ੁਸ਼ੀ ਅਤੇ ਲੜਨ ਵਾਲਿਆਂ ਲਈ ਫਿਕਰਮੰਦੀ ਦਾ ਮੌਕਾ ਹੁੰਦਾ ਹੈ। ਇਸ ਅੰਦੋਲਨ ਨੂੰ ਨੌਜਵਾਨ ਬਨਾਮ ਜਥੇਬੰਦੀਆਂ ਬਣਾਉਣ ਲਈ ਪੂਰਾ ਟਿੱਲ ਲੱਗਾ ਹੋਇਆ ਹੈ। ਜਿਵੇਂ ਜਥੇਬੰਦੀਆਂ ਨੌਜਵਾਨ ਵਿਰੋਧੀ ਹੋਣ ਅਤੇ ਨੌਜਵਾਨ ਕਿਸਾਨ ਜਥੇਬੰਦੀਆਂ ਖ਼ਿਲਾਫ਼ ਡਾਂਗ ਫੜੀ ਬੈਠੇ ਹੋਣ। ਇਹ ਬਿਰਤਾਂਤ ਵੀ ਬਾਕੀ ਫੈਲਾਏ ਗਏ ਬਿਰਤਾਂਤਾਂ ਵਾਂਗ ਫੇਲ ਹੋਵੇਗਾ। ਇਹ ਅੰਦੋਲਨ ਸਾਡੀਆਂ ਨਸਲਾਂ ਅਤੇ ਫ਼ਸਲਾਂ ਦੀ ਸਲਾਮਤੀ ਦਾ ਅੰਦੋਲਨ ਹੈ।

ਇਹ ਉਹ ਲੜਾਈ ਹੈ ਜਿਹੜੀ ਜੇ ਕਿਸਾਨ ਅੰਦੋਲਨ ਹਾਰਦਾ ਹੈ ਤਾਂ ਸੱਤਾ ਦੀ ਚੜ ਮੱਚੇਗੀ। ਕਿਸੇ ਹੋਰ ਅੰਦੋਲਨ ਨੂੰ ਖੜਾ ਹੁੰਦਿਆਂ ਜਿੰਨਾ ਸਮਾਂ ਲੱਗੇਗਾ, ਉਦੋਂ ਤੱਕ ਦੇਸ਼ ਦੇ ਹਾਲਾਤ ਕੀ ਹੋ ਜਾਣਗੇ, ਹਰ ਜਾਗਦੀ ਅੱਖ ਭਲੀਭਾਂਤ ਵੇਖ ਤੇ ਸਮਝ ਸਕਦੀ ਹੈ। ਵੱਖ ਵੱਖ ਪੜਾਵਾਂ ਵਿੱਚੋਂ ਲੰਘਦਿਆਂ, ਹਕੂਮਤੀ ਜਬਰ ਨਾਲ ਟਕਰਾਉਂਦਿਆਂ, ਆਪੋ ਵਿਚਲੇ ਵਿਚਾਰਧਾਰਕ ਵਖਰੇਵਿਆਂ ਨਾਲ ਖਹਿੰਦਿਆਂ ਇਹ ਅੰਦੋਲਨ ਇੱਥੋਂ ਤੱਕ ਪੁੱਜਾ ਹੈ ਕਿ ਚੰਡੀਗੜ ਵਰਗੇ ਪੱਥਰਾਂ ਦੇ ਸ਼ਹਿਰ ਵਿੱਚ ਰੋਜ਼ ਸ਼ਾਮ ਚੌਕਾਂ ਵਿੱਚ ਅੰਦੋਲਨ ਦੀ ਹਮਾਇਤ ਵਿੱਚ ਬੈਨਰ ਫੜ ਕੇ ਖੜੇ ਲੋਕ ਆਮ ਹੀ ਨਜ਼ਰ ਆਉਂਦੇ ਹਨ। ਉਹ ਵੀ ਇੱਕ ਅੱਧ ਚੌਕ ਵਿੱਚ ਨਹੀਂ, ਸਗੋਂ ਹਰੇਕ ਚੌਕ ਵਿੱਚ ਹੀ।

ਆਪਣਾ ਵਿਸ਼ਵਾਸ਼ ਗੁਆ ਚੁੱਕੀਆਂ ਰਾਜਸੀ ਧਿਰਾਂ ਲਗਾਤਾਰ ਭੰਬਲਭੂਸਾ ਪੈਦਾ ਕਰਨ ਦਾ ਯਤਨ ਕਰ ਰਹੀਆਂ ਨੇ। ਆਪਣੇ ਆਪ ਨੂੰ ਕਿਸਾਨਾਂ ਦਾ ਖ਼ੈਰ ਖ਼ਾਹ ਸਿੱਧ ਕਰਨ ਲਈ ਦਮਗਜੇ ਮਾਰੇ ਜਾ ਰਹੇ ਹਨ।

ਰਾਜਸੀ ਪਾਰਟੀਆਂ ਲਈ ਮੁੱਖ ਸਵਾਲ ਸਿਰਫ਼ ਮੁਨਾਫ਼ੇ ਵਿੱਚ ਹਿੱਸੇਦਾਰੀ ਦਾ ਹੈ। ਧਰਤ ਪੁੱਤਰਾਂ ਲਈ ਹੋਂਦ ਦੀ ਲੜਾਈ ਹੈ। ਇਸ ਫ਼ਰਕ ਨੂੰ ਸਮਝੇ ਬਗੈਰ ਆਮ ਲੋਕਾਂ ਨੂੰ ਸਮਝਾਏ ਬਿਨਾਂ ਪਾਰ ਉਤਾਰਾ ਨਹੀਂ ਹੋਣਾ। ਨਵਤੇਜ ਭਾਰਤੀ ਵਾਰ ਵਾਰ ਚੇਤੇ ਆ ਰਿਹਾ ਹੈ :

**ਮੈਂ ਜਿੱਥੇ ਵੀ ਹਾਂ,**<br>**ਦਿੱਲੀ ਦੀਆਂ ਬਰੂਹਾਂ 'ਤੇ ਹਾਂ।**<br>**ਉਹੀ ਨਵਤੇਜ ਭਾਰਤੀ ਫਿਰ ਆਖਦਾ ਹੈ:**<br>**ਮੈਂ ਆਪਣੇ ਆਪ ਨੂੰ ਪੁੱਛਦਾ ਹਾਂ,**<br>**ਜੇ ਦਿੱਲੀ ਵਿਚ ਨਹੀਂ,**<br>**ਤਾਂ ਕਿੱਥੇ ਹਾਂ।**

# ਸੰਯੁਕਤ ਕਿਸਾਨ ਮੋਰਚਾ ਵੱਲੋਂ ਸੁਪਰੀਮ ਕੋਰਟ ਦੀਆਂ ਟਿੱਪਣੀਆਂ ਦੀ ਸਮੀਖਿਆ

## ਕਿਹਾ ਕਿ ਨਾਕਾਬੰਦੀ ਕਿਸਾਨਾਂ ਨੇ ਨਹੀਂ ਬਲਕਿ ਭਾਰਤ ਸਰਕਾਰ ਤੇ ਦਿੱਲੀ ਪੁਲਿਸ ਦੇ ਕੰਟਰੋਲ ਹੇਠ ਕਈ ਰਾਜ ਸਰਕਾਰਾਂ ਨੇ ਕੀਤੀ

**ਨਵੀਂ ਦਿੱਲੀ/ਏ.ਟੀ.ਨਿਊਜ਼** : ਸੁਪਰੀਮ ਕੋਰਟ ਵੱਲੋਂ ਹੁਣੇ ਜਿਹੇ ਕੀਤੀਆਂ ਗਈਆਂ ਟਿੱਪਣੀਆਂ ਸਬੰਧੀ ਸੰਯੁਕਤ ਕਿਸਾਨ ਮੋਰਚਾ ਨੇ ਕਿਹਾ ਕਿ ਦੋ ਜੱਜਾਂ ਦੀ ਬੈਂਚ ਨੇ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਦੌਰਾਨ ਕਿਸਾਨਾਂ ਦੇ ਸ਼ਾਂਤੀਪੂਰਵਕ ਵਿਰੋਧ ਦੇ ਹੱਕ ਨੂੰ ਇੱਕ ਵਾਰ ਫਿਰ ਬਰਕਰਾਰ ਰੱਖਿਆ ਹੈ। ਸੰਯੁਕਤ ਕਿਸਾਨ ਮੋਰਚੇ ਨੇ ਦੱਸਿਆ ਕਿ ਨਾਕਾਬੰਦੀ ਕਿਸਾਨਾਂ ਵੱਲੋਂ ਨਹੀਂ ਕੀਤੀ ਗਈ ਸੀ, ਬਲਕਿ ਭਾਰਤ ਸਰਕਾਰ ਤੇ ਦਿੱਲੀ ਪੁਲੀਸ ਪ੍ਰਸ਼ਾਸਨ ਦੇ ਕੰਟਰੋਲ ਹੇਠ ਕਈ ਰਾਜ ਸਰਕਾਰਾਂ ਨੇ ਕੀਤੀ ਸੀ। ਇਹ ਗੱਲ ਸੁਪਰੀਮ ਕੋਰਟ ਦੀ ਪਿਛਲੀ ਸੁਣਵਾਈ ਵਿੱਚ ਵੀ ਸਾਹਮਣੇ ਆਈ ਸੀ। ਮੋਰਚੇ ਨੇ ਦੱਸਿਆ ਕਿ ਕਿਸਾਨ ਆਪਣੀ ਮਰਜ਼ੀ ਨਾਲ ਨੌਂ ਮਹੀਨਿਆਂ ਤੋਂ ਸੜਕਾਂ 'ਤੇ ਨਹੀਂ ਬੈਠੇ। ਸਰਕਾਰ ਨੇ ਨਾਕਾਬੰਦੀ ਲਗਾਈ ਜਦੋਂ ਕਿਸਾਨ ਆਪਣੀਆਂ ਸ਼ਿਕਾਇਤਾਂ ਦੱਸਣ ਲਈ ਦਿੱਲੀ ਜਾਣਾ ਚਾਹੁੰਦੇ ਸਨ। ਇਹ ਉਹ ਸਰਕਾਰ ਹੈ ਜੋ ਸਮੱਸਿਆ ਨੂੰ ਹੱਲ ਕਰਨ ਲਈ ਤਿਆਰ ਨਹੀਂ ਹੈ ਤੇ ਇਹ ਵੀ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕਿਸਾਨਾਂ ਦੇ ਵਿਰੋਧ ਕਰਨ ਦੇ ਅਧਿਕਾਰ ਨੂੰ ਖੋਹਿਆ ਜਾਵੇ। ਮੋਰਚਾ ਸੁਪਰੀਮ ਕੋਰਟ ਨਾਲ ਸਹਿਮਤ ਹੈ ਕਿ ਕੇਂਦਰ ਸਰਕਾਰ ਨੂੰ ਮਾਮਲੇ ਦੇ ਹੱਲ ਲਈ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ। ਇਸ ਦਾ ਹੱਲ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਮੁੜ ਸ਼ੁਰੂ ਕਰਨ ਤੇ ਕਿਸਾਨਾਂ ਦੀਆਂ ਜਾਇਜ਼ ਮੰਗਾਂ ਨੂੰ ਪੂਰਾ ਕਰਨ ਨਾਲ ਹੀ ਹੋਵੇਗਾ। ਮੋਰਚੇ ਨੇ ਦੁਹਰਾਇਆ ਕਿ ਕਿਸਾਨ ਆਪਣੀਆਂ ਮੰਗਾਂ ਦੇ ਸਹੀ ਹੱਲ ਦੀ ਉਡੀਕ ਕਰ ਰਹੇ ਹਨ। ਇਥੇ ਜ਼ਿਕਰਯੋਗ ਹੈ ਕਿ ਬੀਤੇ ਸੋਮਵਾਰ ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਦੇ ਇਕ ਨਾਗਰਿਕ ਦੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੀਆਂ ਸਰਕਾਰਾਂ ਨੂੰ ਨਿਰਦੇਸ਼ ਦਿੱਤੇ ਕਿ ਕਿਸਾਨ ਅੰਦੋਲਨ ਦਾ ਹੱਲ ਲੱਭਿਆ ਜਾਣਾ ਚਾਹੀਦਾ ਹੈ। ਸਰਬਉੱਚ ਅਦਾਲਤ ਨੇ ਕਿਹਾ, 'ਤੁਹਾਨੂੰ ਹੱਲ ਲੱਭਣਾ ਪੈਣਾ ਹੈ ਉਨਾਂ (ਕਿਸਾਨਾਂ) ਨੂੰ ਵਿਰੋਧ ਕਰਨ ਦਾ ਹੱਕ ਹੈ ਪਰ ਆਵਾਜਾਈ ਵਿਚ ਵਿਘਨ ਨਹੀਂ ਪੈਣਾ ਚਾਹੀਦਾ।' ਸੁਪਰੀਮ ਕੋਰਟ ਦੀ ਟਿੱਪਣੀ ਬਿਲਕੁਲ ਸਹੀ ਹੈ ਪਰ ਕਾਨੂੰਨੀ ਮਾਹਿਰ ਅੰਦੋਲਨ ਦੇ ਜਿਸ ਮਹੱਤਵਪੂਰਨ ਪੱਖ ਵੱਲ ਧਿਆਨ ਦਿਵਾ ਰਹੇ ਹਨ, ਉਹ ਇਹ ਹੈ ਕਿ ਕਿਸਾਨ ਖ਼ੁਸ਼ੀ ਨਾਲ ਅੰਦੋਲਨ ਨਹੀਂ ਕਰ ਰਹੇ, ਉਨਾਂ ਨੂੰ ਅੰਦੋਲਨ ਕਰਨ ਲਈ ਮਜਬੂਰ ਕੀਤਾ ਗਿਆ ਹੈ ਅਤੇ ਇਸ ਕਾਰਨ ਉਨਾਂ ਅਤੇ ਉਨਾਂ ਦੇ ਪਰਿਵਾਰਾਂ ਦੀਆਂ ਜ਼ਿੰਦਗੀਆਂ ਵਿਚ ਵੱਡੇ ਵਿਘਨ ਪਏ ਹੋਏ ਹਨ। ਯਾਦ ਰਹੇ ਕਿ ਇਸ ਅੰਦੋਲਨ ਵਿਚ 600 ਤੋਂ ਜ਼ਿਆਦਾ ਕਿਸਾਨਾਂ ਦੀਆਂ ਜਾਨਾਂ ਗਈਆਂ ਹਨ, ਉਨਾਂ ਨੂੰ ਲੋਕ-ਸ਼ਹੀਦ ਮੰਨਿਆ ਜਾ ਰਿਹਾ ਹੈ। ਲੱਖਾਂ ਪਰਿਵਾਰਾਂ ਦੇ ਜੀਆਂ ਨੇ ਅੰਦੋਲਨ ਵਿਚ ਹਿੱਸਾ ਲਿਆ ਹੈ ਤੇ ਇਸ ਤਰਾਂ ਉਨਾਂ ਦੀ ਰੋਜ਼ਮੱਰਾ ਜ਼ਿੰਦਗੀ ਪ੍ਰਭਾਵਿਤ ਹੋਈ ਹੈ।

ਇਹ ਅੰਦੋਲਨ ਸਰੀਰਕ ਰੂਪ ਵਿਚ ਨਹੀਂ ਸਗੋਂ ਮਾਨਸਿਕ ਪੱਧਰ 'ਤੇ ਵੀ ਕਿਸਾਨ-ਜੀਵਨ 'ਤੇ ਅਸਰ ਪਾ ਰਿਹਾ ਹੈ।



*ਅੰਮ੍ਰਿਤਸਰ ਟਾਈਮਜ਼ ਦਾ ਮੰਨਣਾ ਹੈ ਕਿ ਪ੍ਰਮੁੱਖ ਮੁੱਦਾ ਖੇਤੀ ਕਾਨੂੰਨਾਂ ਦੀ ਸੰਵਿਧਾਨਕਤਾ ਬਾਰੇ ਹੈ ਕਿਉਂਕਿ ਖੇਤੀ ਕੇਂਦਰ ਦੇ ਅਧਿਕਾਰ-ਖੇਤਰ ਦਾ ਵਿਸ਼ਾ ਨਹੀਂ ਹੈ; ਕੇਂਦਰ ਸਰਕਾਰ ਨੇ ਇਹ ਕਾਨੂੰਨ ਸਮਵਰਤੀ ਸੂਚੀ (ਜਿਸ ਦੇ ਵਿਸ਼ਿਆਂ ਬਾਰੇ ਕੇਂਦਰ ਅਤੇ ਸੂਬਾ ਸਰਕਾਰਾਂ ਦੋਵੇਂ ਕਾਨੂੰਨ ਬਣਾ ਸਕਦੀਆਂ ਹਨ) ਵਿਚਲੀ ਖਾਧ ਪਦਾਰਥਾਂ ਦੇ ਵਣਜ-ਵਪਾਰ ਨੂੰ ਸੋਧਿਤ ਕਰਨ ਵਾਲੀ ਮੱਦ ਤਹਿਤ ਬਣਾਏ ਹਨ। ਆਵਾਜਾਈ ਵਿਚ ਪਏ ਵਿਘਨ ਬਾਰੇ ਧਿਆਨ ਦੇਣਾ ਵੀ ਬਣਦਾ ਹੈ ਪਰ ਸੁਪਰੀਮ ਕੋਰਟ ਨੂੰ ਉਨਾਂ ਕਾਨੂੰਨਾਂ ਜਿਨਾਂ ਨੇ ਖੇਤੀ ਖੇਤਰ ਅਤੇ ਕਰੋੜਾਂ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਜ਼ਿੰਦਗੀ ਵਿਚ ਵੱਡੇ ਵਿਘਨ ਪਾਏ ਹਨ, 'ਤੇ ਵੀ ਗ਼ੌਰ ਕਰਨਾ ਚਾਹੀਦਾ ਹੈ।*

ਕੇਂਦਰ ਸਰਕਾਰ ਦੁਆਰਾ ਤਿੰਨ ਖੇਤੀ ਕਾਨੂੰਨ ਬਣਾਉਣ ਨਾਲ ਕਿਸਾਨ-ਆਤਮਾ ਵਲੂੰਧਰੀ ਗਈ ਹੈ। ਕਿਸਾਨਾਂ ਨੂੰ ਸਪੱਸ਼ਟ ਦਿਖਾਈ ਦੇ ਰਿਹਾ ਹੈ ਕਿ ਇਹ ਕਾਨੂੰਨ ਖੇਤੀ ਖੇਤਰ ਵਿਚ ਕਾਰਪੋਰੇਟ ਘਰਾਣਿਆਂ ਦੇ ਦਾਖ਼ਲੇ ਦਾ ਰਾਹ ਪੱਧਰਾ ਕਰਨ ਲਈ ਬਣਾਏ ਗਏ ਹਨ। ਸਰਕਾਰਾਂ ਦੇ ਕਾਰਪੋਰੇਟ ਮੋਹ ਦੀ ਕਹਾਣੀ ਬਹੁਤ ਲੰਮੀ ਹੈ; ਇਹ ਕਈ ਦਹਾਕੇ ਪਹਿਲਾਂ ਸ਼ੁਰੂ ਹੋਈ ਤੇ ਖੇਤੀ ਖੇਤਰ ਦੇ ਪੱਖ ਤੋਂ 2020 ਵਿਚ ਨਵੀਂ ਮੰਜ਼ਿਲ 'ਤੇ ਪਹੁੰਚੀ। ਕਿਸਾਨ ਜਾਣਦੇ ਹਨ ਕਿ ਖੇਤੀ ਕਾਨੂੰਨ ਜਿਨਾਂ ਨੂੰ ਖੇਤੀ ਖੇਤਰ ਦੇ ਸੁਧਾਰਾਂ ਦੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ, ਉਨਾਂ ਲਈ ਕਿੰਨੇ ਘਾਤਕ ਹੋ ਸਕਦੇ ਹਨ।

ਕਿਸਾਨ ਆਗੂ ਵੀ ਅਦਾਲਤਾਂ ਤੋਂ ਕੁਝ ਸਵਾਲ ਪੁੱਛਣਾ ਚਾਹੁੰਦੇ ਹਨ, ਸਭ ਤੋਂ ਪਹਿਲਾ ਤਾਂ ਇਹ ਕਿ ਸੁਪਰੀਮ ਕੋਰਟ ਨੇ ਖ਼ੁਦ ਮਾਹਿਰਾਂ ਦੀ ਕਮੇਟੀ ਬਣਾਈ ਸੀ ਜਿਹੜੀ ਨਾ ਤਾਂ ਅੰਦੋਲਨ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੇ ਪ੍ਰਵਾਨ ਕੀਤੀ ਅਤੇ ਨਾ ਹੀ ਉਸ ਦੀ ਕਿਸਾਨ ਆਗੂਆਂ ਨਾਲ ਕੋਈ ਗੱਲਬਾਤ ਹੋਈ, ਉਸ ਕਮੇਟੀ ਨੇ ਆਪਣੀ ਰਿਪੋਰਟ ਸੁਪਰੀਮ ਕੋਰਟ ਨੂੰ ਸੌਂਪੀ ਹੈ, ਪ੍ਰਸ਼ਨ ਹੈ ਕਿ ਉਸ ਰਿਪੋਰਟ ਦਾ ਕੀ ਬਣਿਆ? ਸੁਪਰੀਮ ਕੋਰਟ ਨੂੰ ਉਹ ਰਿਪੋਰਟ ਜਨਤਕ ਕਰਨੀ ਚਾਹੀਦੀ ਹੈ, ਕਿਸਾਨ ਜਥੇਬੰਦੀਆਂ ਦਾ ਦੂਸਰਾ ਸਵਾਲ ਇਹ ਹੈ ਕਿ ਸਰਬਉੱਚ ਅਦਾਲਤ ਕਿਸਾਨ ਅੰਦੋਲਨ ਦੌਰਾਨ ਵਾਪਰ ਰਹੇ ਮਨੁੱਖੀ ਦੁਖਾਂਤ (600 ਤੋਂ ਜ਼ਿਆਦਾ ਕਿਸਾਨਾਂ ਦਾ ਜਾਨੀ ਨੁਕਸਾਨ) ਅਤੇ ਸਰਕਾਰ ਦੀ ਕਿਸਾਨ ਅੰਦੋਲਨ ਪ੍ਰਤੀ ਉਦਾਸੀਨਤਾ 'ਤੇ ਵਿਚਾਰ ਕਿਉਂ ਨਹੀਂ ਕਰਦੀ। **ਬਾਕੀ ਸਫ਼ਾ 30 'ਤੇ**

# ਪੰਜਾਬ 'ਚ ਰਾਜਸੀ ਆਗੂਆਂ ਦੇ ਘਿਰਾਓ ਦੇ ਮੁੱਦੇ 'ਤੇ ਸਿਆਸੀ ਦਲ ਹੋਣ ਲੱਗੇ ਪੀੜਤ

## ✪ ਮਾਲਵੇ ਦੇ ਪਿੰਡਾਂ 'ਚ ਸਿਆਸੀ ਆਗੂਆਂ ਖ਼ਿਲਾਫ਼ ਮਤੇ ਪਾਸ, ਖੇਤੀ ਕਾਨੂੰਨ ਰੱਦ ਹੋਣ ਤੱਕ ਬਾਈਕਾਟ ਜਾਰੀ ਰੱਖਣ ਦਾ ਫ਼ੈਸਲਾ ✪ ਲੌਂਗੋਵਾਲ ਦੇ ਬਰਸੀ ਸਮਾਗਮ ਮੌਕੇ ਸਿਆਸੀ ਆਗੂਆਂ ਦਾ ਕਿਸਾਨਾਂ ਵਲੋਂ ਜ਼ੋਰਦਾਰ ਵਿਰੋਧ ✪ ਸਾਬਕਾ ਮੰਤਰੀ ਅਨਿਲ ਜੋਸ਼ੀ, ਸਾਬਕਾ ਵਿਧਾਇਕ ਤੇ ਸਾਬਕਾ ਭਾਜਪਾ ਆਗੂ ਅਕਾਲੀ ਦਲ ਵਿਚ ਸ਼ਾਮਿਲ ਹੋਣ ਕਾਰਨ ਬਾਦਲ ਦਲ ਦੀ ਸਥਿਤੀ ਮਜਬੂਤ



**ਬਘੇਲ ਸਿੰਘ ਪੱਤਰਕਾਰ**
**99142-58142**

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨਜ਼ਦੀਕ ਆਉਣ ਨਾਲ ਸਿਆਸੀ ਸਮੀਕਰਨ ਬਦਲਣੇ ਸ਼ੁਰੂ ਹੋ ਗਏ ਹਨ। ਹੁਣ ਤੋਂ ਹੀ ਇਹ ਸੰਕੇਤ ਮਿਲ ਰਹੇ ਹਨ ਕਿ ਇਸ ਵਾਰ ਚੋਣਾਂ ਦਾ ਮਾਹੌਲ ਪਹਿਲਾਂ ਵਰਗਾ ਨਹੀਂ ਬਲਕਿ ਬਦਲਿਆ ਹੋਇਆ ਦਿਖਾਈ ਦੇਵੇਗਾ। ਪੰਜਾਬ ਵਿਚੋਂ ਸ਼ੁਰੂ ਹੋ ਕੇ ਦੇਸ਼ਵਿਆਪੀ ਬਣੇ ਕਿਸਾਨ ਅੰਦੋਲਨ ਦੇ ਸਿਆਸੀ ਅਸਰ ਦਾ ਪ੍ਰਭਾਵ ਇਸੇ ਤੋਂ ਦੇਖਿਆ ਜਾ ਸਕਦਾ ਹੈ ਕਿ ਇਸ ਕਾਰਨ ਅਕਾਲੀ-ਭਾਜਪਾ ਵਿਚਲੇ ਲੰਮੇ ਸਮੇਂ ਦੀ ਸਾਂਝ ਟੁੱਟ ਗਈ। ਬਸਪਾ ਨਾਲ ਸਮਝੌਤਾ ਅਤੇ ਭਾਜਪਾ ਦੇ ਬਾਗ਼ੀਆਂ ਨੂੰ ਪਾਰਟੀ ਵਿਚ ਸ਼ਾਮਿਲ ਕਰਕੇ ਅਕਾਲੀ ਦਲ ਆਪਣੇ ਆਪ ਨੂੰ ਪੰਜਾਬ ਦੇ ਸਭ ਵਰਗਾਂ ਦੀ ਸ਼ਮੂਲੀਅਤ ਵਾਲੀ ਪਾਰਟੀ ਵਜੋਂ ਉਭਾਰਨਾ ਚਾਹੁੰਦਾ ਹੈ। ਭਾਜਪਾ ਪੰਜਾਬ ਦੀ ਸਿਆਸਤ ਵਿਚ ਹਾਸ਼ੀਏ ਉੱਤੇ ਹੈ। ਸਾਬਕਾ ਮੰਤਰੀ ਅਨਿਲ ਜੋਸ਼ੀ, ਸਾਬਕਾ ਵਿਧਾਇਕ ਸੁਖਜੀਤ ਕੌਰ ਸ਼ਾਹੀ, ਬੁਲਾਰੇ ਹਰਜੀਤ ਭੁੱਲਰ ਸਮੇਤ ਬਹੁਤ ਸਾਰੇ ਆਗੂ ਕਿਸਾਨ ਅੰਦੋਲਨ ਦੀ ਹਮਾਇਤ ਕਰਦਿਆਂ ਅਕਾਲੀ ਦਲ ਵਿਚ ਸ਼ਾਮਿਲ ਹੋ ਗਏ ਹਨ।

ਕਾਂਗਰਸ ਪਾਰਟੀ ਚਾਰ ਸਾਲਾਂ ਦੀ ਸੱਤਾ ਹੰਢਾਉਣ ਤੋਂ ਬਾਅਦ ਅੰਦਰੂਨੀ ਖਿੱਚੋਤਾਣ ਦਾ ਸ਼ਿਕਾਰ ਹੈ। ਆਪ ਪਾਰਟੀ ਪਹਿਲਾਂ ਦੀ ਤਰਾਂ ਹੋਰਾਂ ਪਾਰਟੀਆਂ ਵਿਚਲੇ ਨਾਰਾਜ਼ ਆਗੂਆਂ ਨੂੰ ਸ਼ਾਮਿਲ ਕਰਕੇ ਆਪਣਾ ਆਕਾਰ ਤੇ ਆਧਾਰ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਸ ਨੂੰ ਕਾਂਗਰਸ ਅੰਦਰਲੀ ਖਿੱਚੋਤਾਣ ਅਤੇ ਅਕਾਲੀ ਦਲ ਪ੍ਰਤੀ ਲੋਕਾਂ ਦੀ ਪੁਰਾਣੀ ਨਾਰਾਜ਼ਗੀ ਤੋਂ ਲਾਭ ਮਿਲਣ ਦੀ ਉਮੀਦ ਹੈ। ਮੁੱਦਿਆਂ ਦੀ ਸਿਆਸਤ ਫਿਲਹਾਲ ਗਾਇਬ ਹੈ। ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਇਹ ਖਿਆਲ ਵੀ ਉੱਭਰ ਰਿਹਾ ਹੈ ਕਿ ਜੇਕਰ ਕਿਸਾਨ ਅੰਦੋਲਨ ਵਿਚੋਂ ਕੋਈ ਨਵੀਂ ਧਿਰ ਸਾਹਮਣੇ ਆ ਜਾਵੇ ਤਾਂ ਸਿਆਸਤ ਦਾ ਰੰਗ ਬਦਲ ਸਕਦਾ ਹੈ। ਕਿਸਾਨ ਮੋਰਚੇ ਦੇ ਆਗੂਆਂ ਦਾ ਮੰਨਣਾ ਹੈ ਕਿ ਅੰਦੋਲਨ ਚਲਾਉਣਾ ਉਨਾਂ ਲਈ ਪਹਿਲੀ ਤਰਜੀਹ ਹੈ, ਇਸ ਲਈ ਮੋਰਚੇ ਦੀ ਕੀਮਤ ਉੱਤੇ ਚੋਣਾਂ ਲੜਨ ਦਾ ਕੋਈ ਮਤਲਬ ਨਹੀਂ ਹੈ। ਕਿਸਾਨ ਅੰਦੋਲਨ ਵੱਲੋਂ ਭਾਜਪਾ ਆਗੂਆਂ ਦਾ ਘਿਰਾਓ ਅਤੇ ਦੂਸਰੀਆ ਪਾਰਟੀਆਂ ਦੇ ਆਗੂਆਂ ਤੋਂ ਸਵਾਲ ਪੁੱਛਣ ਦਾ ਸੱਦਾ ਪਿੰਡਾਂ ਵਿਚ ਭਖਿਆ ਹੋਇਆ ਹੈ। ਕਾਂਗਰਸ ਸਾਹਮਣੇ 18 ਨੁਕਾਤੀ ਪ੍ਰੋਗਰਾਮ ਉੱਤੇ ਅਮਲ ਕਰਨ ਅਤੇ ਲੋਕਾਂ ਨੂੰ ਸਹਿਮਤ ਕਰਵਾਉਣ ਦੀ ਚੁਣੌਤੀ ਹੈ। ਅਕਾਲੀ-ਬਸਪਾ ਗੱਠਜੋੜ ਅਕਾਲੀਆਂ ਦੇ ਪੁਰਾਣੇ ਅਕਸ ਨੂੰ ਠੀਕ ਕਰਨ ਦੀ ਜ਼ੋਰ ਅਜ਼ਮਾਈ ਵਿਚ ਰੁੱਝਿਆ ਹੋਇਆ ਹੈ। ਪਾਰਟੀਆਂ ਦੇ ਵਿਚਾਰਧਾਰਕ ਆਧਾਰ ਕਮਜ਼ੋਰ ਹੋ ਚੁੱਕੇ ਹਨ। ਇਸੇ ਲਈ ਆਉਣ ਵਾਲੇ ਸਮੇਂ ਵਿਚ ਹੋਰ ਦਲਬਦਲੀਆਂ ਹੋਣ ਦੀ ਸੰਭਾਵਨਾ ਹੈ।

ਖੇਤੀ ਕਨੂੰਨਾਂ ਨੂੰ ਲੈ ਕੇ ਕਿਸਾਨ ਅੰਦੋਲਨ ਦੌਰਾਨ ਕੁਝ ਕਿਸਾਨ ਜਥੇਬੰਦੀਆਂ ਵਲੋਂ ਸਿਆਸੀ ਆਗੂਆਂ ਨੂੰ ਪੰਜਾਬ ਦੇ ਪਿੰਡਾਂ ਵਿਚ ਨਾ ਵੜਨ ਦੇਣ ਦੇ ਐਲਾਨ ਕਾਰਨ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਜਾਮ ਹੋ ਕੇ ਰਹਿ ਗਈਆਂ ਹਨ।

ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਪਿੰਡ ਸਨੇਰ ਜੀਰਾ, ਪਿੰਡ ਭਾਗੀਵਾਂਦਰ, ਪਿੰਡ ਬਦਰਾ ਧਨੌਲਾ ਦੀ ਪੰਚਾਇਤ ਨੇ ਇੱਕ ਮਤੇ ਰਾਹੀਂ ਪਿੰਡ 'ਚ ਰਾਜਨੀਤਕ ਲੀਡਰਾਂ ਦੇ ਦਾਖ਼ਲੇ 'ਤੇ ਪਾਬੰਦੀ ਸਬੰਧੀ ਮਤਾ ਪਾਇਆ ਹੈ। ਪਿੰਡ ਰਾਇਸਰ ਮਹਿਲ ਕਲਾਂ, ਪਿੰਡ ਨਾਈਵਾਲਾ ਵਿੱਚ ਕਿਸਾਨ ਜਥੇਬੰਦੀਆਂ ਵੱਲੋਂ ਸਿਆਸੀ ਪਾਰਟੀਆਂ ਦਾ ਪਿੰਡ 'ਚ ਦਾਖਲਾ ਬੰਦ ਕਰਨ ਸਬੰਧੀ ਬੈਨਰ ਲਾਏ ਗਏ।

ਬੀਤੇ ਹਫਤੇ ਮਰਹੂਮ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਸਮਾਗਮ ਮੌਕੇ 2 ਮੁੱਖ ਰਾਜਨੀਤਕ ਪਾਰਟੀਆਂ ਕਾਂਗਰਸ ਤੇ ਬਾਦਲ ਦਲ ਨੂੰ ਕਿਸਾਨ ਜਥੇਬੰਦੀਆਂ ਦੇ ਕਰੜੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਪੰਜਾਬ ਸਰਕਾਰ ਵਲੋਂ ਲੌਂਗੋਵਾਲ ਦੀ ਅਨਾਜ ਮੰਡੀ ਵਿਖੇ ਕਰਵਾਏ ਸਮਾਗਮ ਦੇ ਮੁੱਖ ਮਹਿਮਾਨਾਂ ਵਜੋਂ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਤੇ ਵਿਜੈਇੰਦਰ ਸਿੰਗਲਾ ਨੂੰ ਸਮਾਗਮ ਵਾਲੀ ਥਾਂ ਪੁੱਜਣ ਤੋਂ ਪਹਿਲਾਂ ਕਿਸਾਨਾਂ ਨੇ ਕਾਲੀਆਂ ਝੰਡੀਆਂ ਦਿਖਾ ਕੇ ਤੇ ਮੁਰਦਾਬਾਦ ਦੇ ਜ਼ੋਰਦਾਰ ਨਾਅਰਿਆਂ ਰਾਹੀਂ ਰੋਸ ਪ੍ਰਗਟਾਇਆ। ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਸੂਬਾ ਪ੍ਰਧਾਨ ਭੁਪਿੰਦਰ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਵੱਡੀ ਗਿਣਤੀ ਵਿਚ ਕਿਸਾਨ ਮੰਡੀ ਵਾਲੇ ਸਰਕਾਰੀ ਸਮਾਗਮ ਵੱਲ ਵਧੇ ਜਿੱਥੇ ਪੁਲਿਸ ਨੇ ਰੋਕਾਂ ਲਗਾ ਕੇ ਉਨਾਂ ਨੂੰ ਰੋਕਣ ਦੀ ਕੋਸ਼ਿਸ਼ ਵੀ ਕੀਤੀ। ਸਾਧੂ ਸਿੰਘ ਧਰਮਸੋਤ ਤਾਂ ਕੁਝ ਸਮਾਂ ਪਹਿਲਾਂ ਹੀ ਸਮਾਗਮ ਤੋਂ ਰਵਾਨਾ ਹੋ ਚੁੱਕੇ ਸਨ ਪਰ ਵਿਜੈਇੰਦਰ ਸਿੰਗਲਾ ਜਦ ਸਮਾਗਮ ਵਾਲੀ ਥਾਂ ਤੋਂ ਰਵਾਨਾ ਹੋਣ ਲੱਗੇ ਤਾਂ ਅਚਾਨਕ ਕਿਸਾਨਾਂ ਦਾ ਹਜੂਮ ਹੱਥਾਂ ਵਿਚ ਝੰਡੇ ਲੈ ਕੇ ਉਨਾਂ ਦੇ ਕਾਫ਼ਲੇ ਵੱਲ ਵਧ ਗਿਆ। ਸਿੰਗਲਾ ਦੇ ਕਾਫ਼ਲੇ ਨੂੰ ਇਕਦਮ ਤੇਜ਼ ਗੱਡੀਆਂ ਭਜਾ ਕੇ ਉਥੋਂ ਨਿਕਲਣਾ ਪਿਆ। ਅਨਾਜ ਮੰਡੀ ਤੋਂ ਕਿਸਾਨਾਂ ਦਾ ਇਕੱਠ ਜ਼ੋਰਦਾਰ ਨਾਅਰੇਬਾਜ਼ੀ ਕਰਦਾ ਸ਼੍ਰੋਮਣੀ ਅਕਾਲੀ ਦਲ (ਬ) ਦੇ ਸਮਾਗਮ ਵੱਲ ਵਧਿਆ। ਗੁਰਦੁਆਰਾ ਕੈਂਬੋਵਾਲ ਸਾਹਿਬ ਵਾਲੀ ਸੜਕ ਦਾ ਮੁੱਖ ਬੈਰੀਕੇਡ ਸਣੇ ਰਸਤੇ ਵਿਚ ਲੱਗੇ ਸਾਰੇ ਬੈਰੀਕੇਡਾਂ ਨੂੰ ਤੋੜਦਿਆਂ ਕਿਸਾਨ ਇਥੋਂ ਤਕਰੀਬਨ ਦੋ-ਢਾਈ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਗੁਰਦੁਆਰਾ ਕੈਂਬੋਵਾਲ ਸਾਹਿਬ ਦੇ ਮੁੱਖ ਗੇਟ ਤੱਕ ਪੁੱਜਣ ਵਿਚ ਸਫਲ ਰਹੇ। ਕਿਸਾਨ ਕਾਰਕੁੰਨਾਂ ਨੇ ਮੋਰਚਾ ਸੰਭਾਲਦਿਆਂ ਕਈ ਵੱਡੇ ਅਤੇ ਛੋਟੇ ਅਕਾਲੀ ਆਗੂਆਂ ਦਾ ਕੇਵਲ ਵਿਰੋਧ ਹੀ ਨਹੀਂ ਕੀਤਾ ਬਲਕਿ ਉਨਾਂ ਨੂੰ ਦੌੜਾ ਦਿਤਾ। ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੇਮ ਸਿੰਘ ਚੰਦੂਮਾਜਰਾ ਜਦ ਗੁਰਦੁਆਰਾ ਸਾਹਿਬ ਕੈਂਬੋਵਾਲ ਨਜ਼ਦੀਕ ਸਮਾਗਮ ਵਿਚ ਸ਼ਿਰਕਤ ਕਰਨ ਆਏ ਤਾਂ ਕਿਸਾਨਾਂ ਦੇ ਸਖ਼ਤ ਵਿਰੋਧ ਕਾਰਨ ਚੰਦੂਮਾਜਰਾ ਵਾਪਸ ਜਾਣ ਲਈ ਮਜਬੂਰ ਹੋਣਾ ਪਿਆ। ਇਸੇ ਤਰਾਂ ਇਕ ਪਾਇਲਟ ਗੱਡੀ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਦੀ ਸੁਰੱਖਿਆ ਲਈ ਤਾਇਨਾਤ ਸੀ, ਨੂੰ ਵੀ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰਨਾ ਪਿਆ, ਇਸ ਦੇ ਸ਼ੀਸ਼ੇ ਚੂਰ-ਚੂਰ ਹੋ ਗਏ।

ਸਮਾਗਮ ਲਈ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਦਾ ਪ੍ਰੋਗਰਾਮ ਨਿਰਧਾਰਿਤ ਹੋ ਚੁੱਕਿਆ ਸੀ ਪਰ ਕਿਸਾਨਾਂ ਦਾ ਗੁੱਸਾ ਭਾਂਪਦਿਆਂ ਖੁਫੀਆਂ ਏਜੰਸੀਆਂ ਨੇ ਅਕਾਲੀ ਆਗੂ ਦੀ ਸੁਰੱਖਿਆ ਵਿਚ ਤੈਨਾਤ ਅਫ਼ਸਰਾਂ ਨੂੰ ਸੂਚਿਤ ਕੀਤਾ ਜਿਸ ਦੇ ਕਾਰਨ ਸੁਖਬੀਰ ਸਮਾਗਮ ਵਿਚ ਨਾ ਪੁੱਜੇ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪਾਰਟੀ ਵਲੋਂ ਇਸ ਮੁੱਦੇ ਨੂੰ ਲੈ ਕੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਗੱਲ ਕੀਤੀ ਜਾਵੇਗੀ।

ਸਿਆਸੀ ਆਗੂਆਂ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਕਿਸਾਨ ਜਥੇਬੰਦੀਆਂ ਨੂੰ ਆਪਣੇ ਇਸ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਲਈ ਕਿਹਾ ਹੈ।ਵਰਨਣਯੋਗ ਹੈ ਕਿ ਇਸ ਫ਼ੈਸਲੇ ਕਾਰਨ ਭਾਜਪਾ ਦੇ ਨਾਲ-ਨਾਲ ਕਾਂਗਰਸ, ਆਪ ਤੇ ਅਕਾਲੀ ਦਲ ਬਾਦਲ ਵੀ ਪ੍ਰਭਾਵਿਤ ਹੋ ਰਹੇ ਹਨ। ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਨੇ ਕਿਹਾ ਹੈ ਕਿ ਜਦ 32 ਕਿਸਾਨ ਜਥੇਬੰਦੀਆਂ ਅਤੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਨੇ ਫ਼ੈਸਲਾ ਕਰ ਰੱਖਿਆ ਹੈ ਕਿ ਇਹ ਕਿਸਾਨ ਮਾਰੂ ਕਾਨੂੰਨ ਬਣਾਉਣ ਵਾਲੀ ਭਾਜਪਾ ਦਾ ਹੀ ਵਿਰੋਧ ਕੀਤਾ ਜਾਵੇਗਾ ਤਾਂ ਇਨਾਂ ਜਥੇਬੰਦੀਆਂ ਨੂੰ ਇਸ ਫ਼ੈਸਲੇ 'ਤੇ ਪਹਿਰਾ ਦੇਣਾ ਚਾਹੀਦਾ ਹੈ। ਕੈਬਨਿਟ ਮੰਤਰੀ ਵਿਜੈਇੰਦਰ ਸਿੰਗਲਾ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਕਾਂਗਰਸ ਨੇ ਹਮੇਸ਼ਾ ਕਿਸਾਨ ਪੱਖੀ ਗੱਲ ਕੀਤੀ ਹੈ ਅਤੇ ਉਹ ਖੁਦ ਵੀ ਦਿੱਲੀ ਸਰਹੱਦ 'ਤੇ ਚੱਲ ਰਹੇ ਕਿਸਾਨ ਮੋਰਚੇ ਵਿਚ ਜਾ ਕੇ ਆਏ ਹਨ। ਉਨਾਂ ਕਿਹਾ ਕਿ ਘਿਰਾਓ ਕਰਨ ਵਾਲਿਆਂ ਨੂੰ ਇਸ ਮੁੱਦੇ 'ਤੇ ਚਿੰਤਨ ਦੀ ਲੋੜ ਹੈ। ਸ਼੍ਰੋਮਣੀ ਅਕਾਲੀ ਦਲ (ਸ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਸਾਡਾ ਕਦੇ ਕਿਸੇ ਕਿਸਾਨ ਜਥੇਬੰਦੀ ਨੇ ਵਿਰੋਧ ਨਹੀਂ ਕੀਤਾ, ਕਿਉਂਕਿ ਅਸੀਂ ਕਿਸਾਨ ਅੰਦੋਲਨ ਦੇ ਨਾਲ ਖੜੇ ਹਾਂ। ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕਿਸਾਨਾਂ ਨੂੰ ਪਤਾ ਹੈ ਕਿ ਭਾਜਪਾ ਵਲੋਂ ਬਣਾਏ ਤਿੰਨ ਕਾਲੇ ਕਨੂੰਨਾਂ ਦਾ ਅਕਾਲੀ ਦਲ (ਬ) ਨੇ ਡਟ ਕੇ ਸਮਰਥਨ ਕੀਤਾ ਸੀ ਪਰ ਜਦ ਕਿਸਾਨਾਂ ਦਾ ਰੋਸ ਵੇਖਿਆ ਤਾਂ ਭਾਜਪਾ ਸਰਕਾਰ ਨਾਲੋਂ ਨਾਤਾ ਤੋੜ ਲਿਆ ਇਸ ਲਈ ਕਿਸਾਨ ਅਕਾਲੀ ਦਲ ਨੂੰ ਵੀ ਬਰਾਬਰ ਦਾ ਜਿੰਮੇਵਾਰ ਸਮਝ ਕੇ ਅਕਾਲੀ ਆਗੂਆਂ ਦਾ ਵਿਰੋਧ ਕਰ ਰਹੇ ਹਨ। ਇਸੇ ਤਰਾਂ ਕਾਂਗਰਸ ਨੇ ਵੀ ਕਿਸਾਨਾਂ ਪ੍ਰਤੀ ਆਪਣੀ ਸਹੀ ਜਿੰਮੇਵਾਰੀ ਨਹੀਂ ਨਿਭਾਈ। ਨਤੀਜੇ ਵਜੋਂ ਕਾਂਗਰਸੀ ਆਗੂਆਂ ਨੂੰ ਵੀ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਭਾਜਪਾ ਦੇ ਸੂਬਾ ਕੁਆਰਡੀਨੇਟਰ ਜਤਿੰਦਰ ਕਾਲੜਾ ਨੇ ਕਿਹਾ ਕਿ ਅਕਾਲੀ ਦਲ, ਕਾਂਗਰਸ ਤੇ ਆਪ ਪਾਰਟੀ ਨੇ ਕਿਸਾਨਾਂ ਨੂੰ ਗੁਮਰਾਹ ਕਰ ਕੇ ਭਾਜਪਾ ਦੇ ਵਿਰੋਧ ਵਿਚ ਖੜਾ ਕੀਤਾ ਸੀ ਅੱਜ ਇਨਾਂ ਪਾਰਟੀਆਂ ਨੂੰ ਵੀ ਕਿਸਾਨ ਰੋਹ ਦਾ ਖਮਿਆਜਾ ਭੁਗਤਣਾ ਪੈ ਰਿਹਾ ਹੈ। ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਸਪੱਸ਼ਟ ਕੀਤਾ ਕਿ ਉਨਾਂ ਦੀ ਪਾਰਟੀ ਨੇ ਆਪਣੇ ਵਰਕਰਾਂ ਨੂੰ ਕੇਵਲ ਭਾਜਪਾ ਆਗੂਆਂ ਦਾ ਵਿਰੋਧ ਕਰਨ ਲਈ ਕਿਹਾ ਹੋਇਆ ਹੈ ਅਤੇ ਜੋ ਦੂਸਰੀਆਂ ਪਾਰਟੀਆਂ ਦੇ ਆਗੂਆਂ ਦਾ ਵਿਰੋਧ ਹੋ ਰਿਹਾ ਹੈ ਉਸ ਲਈ ਸਾਡੀ ਜਥੇਬੰਦੀ ਜਿੰਮੇਵਾਰ ਨਹੀਂ ਹੈ। 32 ਕਿਸਾਨ ਜਥੇਬੰਦੀਆਂ ਦੇ ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਿਲ ਆਲ ਇੰਡੀਆ ਕਿਸਾਨ ਫੈਡਰੇਸ਼ਨ ਦੇ ਕੌਮੀ ਮੀਤ ਪ੍ਰਧਾਨ ਕਿਰਨਜੀਤ ਸਿੰਘ ਸੇਖੋਂ ਨੇ ਕਿਹਾ ਕਿ 32 ਕਿਸਾਨ ਜਥੇਬੰਦੀਆਂ ਦੀ ਮੀਟਿੰਗ ਵਿਚ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਪੰਜਾਬ ਵਿਚ ਕੇਵਲ ਭਾਜਪਾ ਆਗੂਆਂ ਦਾ ਵਿਰੋਧ ਕੀਤਾ ਜਾਵੇਗਾ ਅਤੇ ਜੋ ਹੁਣ ਵਰਤਾਰਾ ਹੋ ਰਿਹਾ ਹੈ ਉਸ 'ਤੇ ਚਿੰਤਨ ਕਰਨ ਦੀ ਲੋੜ ਹੈ। ਸਾਰੀਆਂ ਸਿਆਸੀਆਂ ਪਾਰਟੀਆਂ ਦੇ ਆਗੂਆਂ ਦਾ ਘਿਰਾਓ ਕਰ ਰਹੀ ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਸੂਬਾ ਪ੍ਰਧਾਨ ਭੁਪਿੰਦਰ ਸਿੰਘ ਲੌਂਗੋਵਾਲ ਨੇ ਕਿਹਾ ਕਿ ਜਥੇਬੰਦੀ ਵਲੋਂ ਘਿਰਾਓ ਕੇਵਲ ਭਾਜਪਾ ਆਗੂਆਂ ਦਾ ਕੀਤਾ ਜਾਂਦਾ ਹੈ ਪਰ ਜਥੇਬੰਦੀ ਦੇ ਫ਼ੈਸਲੇ ਅਨੁਸਾਰ ਬਾਕੀ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਘੇਰ ਕੇ ਉਨਾਂ ਤੋਂ ਸਵਾਲ ਪੁੱਛੇ ਜਾਂਦੇ ਹਨ।

ਜਦ ਉਨਾਂ ਦਾ ਧਿਆਨ ਕੱਲ ਲੌਂਗੋਵਾਲ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਬਰਸੀ ਸਮਾਰੋਹ ਵਿਚ ਸ਼ਾਮਿਲ ਹੋਣ ਲਈ ਗੁਰੂ ਘਰਾਂ ਵਿਚ ਜਾ ਰਹੇ ਆਗੂਆਂ ਦੇ ਹੋਏ ਘਿਰਾਓ ਵੱਲ ਦਿਵਾਇਆ ਗਿਆ ਤਾਂ ਉਨਾਂ ਕਿਹਾ ਕਿ ਇਹ ਲੋਕ ਧਾਰਮਿਕ ਸਮਾਗਮ ਵਿਚ ਨਹੀਂ ਸਨ ਆਏ ਸਗੋਂ ਆਪਣੀਆਂ ਸਿਆਸੀ ਰੋਟੀਆਂ ਸੇਕਣ ਆਏ ਸਨ।



## ਭਾਜਪਾ ਦੀ ਛੱਡੀ ਛੁਰਲੀ ਪੰਜਾਬ ਵਿਚ ਬਣੇਗੀ ਸਾਡੀ ਸਰਕਾਰ, 117 ਸੀਟਾਂ 'ਤੇ ਉਤਾਰਾਂਗੇ ਉਮੀਦਵਾਰ

ਜਲੰਧਰ : ਬੀਜੇਪੀ ਨੂੰ ਅਜੇ ਵੀ ਭਰੋਸਾ ਹੈ ਕਿ ਪੰਜਾਬ ਵਿੱਚ ਅਗਲੀ ਸਰਕਾਰ ਭਗਵਾ ਪਾਰਟੀ ਦੀ ਹੀ ਬਣੇਗੀ। ਪਾਰਟੀ ਨੇ ਤਾਜ਼ਾ ਸਿਆਸੀ ਹਾਲਾਤ ਤੇ ਸਾਲ 2022 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਸਮੀਖਿਆ ਲਈ ਚੰਡੀਗੜ ਵਿੱਚ ਕੀਤੀ ਕੋਰ ਕਮੇਟੀ ਦੀ ਵਿਸ਼ੇਸ਼ ਮੀਟਿੰਗ ਮਗਰੋਂ ਬੀਜੇਪੀ ਲੀਡਰਾਂ ਨੇ ਸਪੱਸ਼ਟ ਐਲਾਨ ਕੀਤਾ ਹੈ ਕਿ ਭਾਜਪਾ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੀਆਂ 117 ਸੀਟਾਂ 'ਤੇ ਆਪਣੇ ਦਮ 'ਤੇ ਚੋਣ ਲੜੇਗੀ ਤੇ ਲੋਕਾਂ ਦੇ ਸਮਰਥਨ ਨਾਲ ਜਿੱਤ ਹਾਸਲ ਕਰਕੇ ਸੂਬੇ ਵਿੱਚ ਮਜ਼ਬੂਤ ਸਰਕਾਰ ਬਣਾਏਗੀ।ਇਸ ਦੇ ਨਾਲ ਹੀ ਬੀਜੇਪੀ ਨੇ ਇਹ ਵੀ ਐਲਾਨ ਕੀਤਾ ਹੈ ਕਿ ਪੰਜਾਬ ਦੇ ਲੋਕਾਂ ਨੂੰ ਬੀਜੇਪੀ ਸਰਕਾਰ ਆਉਣ ਤੋਂ ਬਾਅਦ 24 ਘੰਟੇ ਸਸਤੀ ਬਿਜਲੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਕਿਸਾਨਾਂ ਦੀ ਆਮਦਨ ਦੁੱਗਣੀ ਕੀਤੀ ਜਾਵੇਗੀ ਤੇ ਉਨਾਂ ਨੂੰ ਅੱਜ ਦੇ ਯੁੱਗ ਮੁਤਾਬਕ ਢਾਲਣ ਲਈ ਪ੍ਰੇਰਿਆ ਜਾਵੇਗਾ।

## ਸੁਖਬੀਰ ਬਾਦਲ ਨੇ ਅਪਣਾਈ ਕੈਪਟਨ ਦੀ ਪਿਛਲੀਆਂ ਚੋਣਾਂ ਵਾਲੀ ਰਣਨੀਤੀ

ਜਲੰਧਰ : ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 2017 ਦੀਆਂ ਚੋਣਾਂ 'ਚ ਅਪਣਾਈ ਰਣਨੀਤੀ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ। ਛੇ ਮਹੀਨੇ ਬਾਅਦ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਵੇਖਦੇ ਹੋਏ ਆਪਣੀ ਰਣਨੀਤੀ 'ਚ ਬਦਲਾਅ ਕੀਤਾ ਹੈ। ਹੁਣ ਉਹ ਇਕ ਤਰਫਾ ਸੰਵਾਦ ਕਰਨ ਦੀ ਬਜਾਏ ਦੋਪਾਸੜ ਸੰਵਾਦ ਰਚਾ ਕੇ ਲੋਕਾਂ ਦੀਆਂ ਸ਼ਿਕਾਇਤਾਂ ਸੁਣ ਰਹੇ ਹਨ। ਇਸ ਤੋਂ ਪਹਿਲਾਂ ਉਹ ਸਿਰਫ ਰੈਲੀਆਂ ਕਰਕੇ ਆਪਣੀ ਗੱਲ ਕਹਿ ਕੇ ਚਲੇ ਜਾਂਦੇ ਸਨ।

ਤਿੰਨ ਖੇਤੀ ਕਾਨੂੰਨਾਂ ਤੇ ਬਹਿਬਲ ਕਲਾਂ ਗੋਲ਼ੀ ਕਾਂਡ ਜਿਹੇ ਮਾਮਲਿਆਂ ਦੇ ਚੱਲਦੇ ਪਾਰਟੀ ਦੇ ਅਕਸ ਨੂੰ ਜੋ ਠੇਸ ਪੁੱਜੀ ਹੈ, ਉਸ ਨੂੰ ਸੁਖਬੀਰ ਨੇ ਠੀਕ ਕਰਨ ਦਾ ਬੀੜਾ ਉਠਾਇਆ ਹੈ। 100 ਦਿਨਾਂ 'ਚ 100 ਵਿਧਾਨ ਸਭਾ ਹਲਕਿਆਂ 'ਚ ਜਾ ਕੇ ਲੋਕਾਂ ਦੀ ਨਬਜ਼ ਪਛਾਣਨ ਦੀ ਮੁਹਿੰਮ 'ਚ ਸੁਖਬੀਰ ਨੂੰ ਕਿੰਨੀ ਸਫ਼ਲਤਾ ਮਿਲੇਗੀ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਇਸ ਵਾਰ ਉਨਾਂ ਦੀ ਰਣਨੀਤੀ ਪ੍ਰਸ਼ਾਂਤ ਕਿਸ਼ੋਰ ਦੇ ਸਾਥੀ ਰਹੇ ਸੁਨੀਲ ਤਿਆਰ ਕਰ ਰਹੇ ਹਨ ਤੇ ਇਹ ਠੀਕ ਅਜਿਹੀ ਹੀ ਹੈ ਜਿਵੇਂ ਕਿ ਪਿਛਲੀਆਂ ਚੋਣਾਂ 'ਚ ਕੈਪਟਨ ਅਮਰਿੰਦਰ ਸਿੰਘ ਲਈ ਪ੍ਰਸ਼ਾਂਤ ਕਿਸ਼ੋਰ ਨੇ ਤਿਆਰ ਕੀਤੀ ਸੀ। 2017 ਦੀਆਂ ਚੋਣਾਂ 'ਚ ਪੀਕੇ ਨੇ ਕੈਪਟਨ ਲਈ 'ਕੌਫੀ ਵਿਦ ਕੈਪਟਨ' ਪ੍ਰੋਗਰਾਮ ਸ਼ੁਰੂ ਕੀਤਾ ਸੀ, ਜਿਸ 'ਚ ਜਗਾ-ਜਗਾ ਜਾ ਕੇ ਵੱਖ-ਵੱਖ ਵਰਗਾਂ ਦੇ ਵੱਖ-ਵੱਖ ਮੁੱਦਿਆਂ 'ਤੇ ਗੱਲ ਕਰਨੀ ਸੀ ਤੇ ਉਨਾਂ ਦੀ ਰਣਨੀਤੀ ਬਾਰੇ ਪੁੱਛਣਾ ਸੀ।

ਸੁਖਬੀਰ ਬਾਦਲ ਲਈ ਉਨਾਂ ਦੇ ਰਣਨੀਤੀਕਾਰ ਨੇ 'ਗੱਲ ਪੰਜਾਬ ਦੀ' ਪ੍ਰੋਗਰਾਮ ਤਿਆਰ ਕੀਤਾ ਹੈ। ਇਸੇ ਤਰਾਂ ਕੈਪਟਨ ਦੇ ਜਗਾ-ਜਗਾ ਰੁਕ ਕੇ ਲੋਕਾਂ ਨਾਲ ਗੱਲਾਂ ਕਰਨ ਵਾਲੇ ਆਈਡੀਆ ਨੂੰ ਵੀ ਲਿਆ ਗਿਆ ਹੈ, ਜਿਸ 'ਚ ਬਦਲਾਅ ਸਿਰਫ਼ ਇੰਨਾ ਕੀਤਾ ਗਿਆ ਹੈ ਕਿ ਸੁਖਬੀਰ ਬਾਦਲ ਇਕ ਉਲੀਕੇ ਗਏ ਚੁਣਾਵੀ ਦੌਰੇ ਦੌਰਾਨ ਅਜਿਹਾ ਕਰ ਰਹੇ ਹਨ। ਪਿਛਲੇ ਦਿਨੀਂ ਗੁਰੂ ਹਰਸਹਾਏ 'ਚ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਤੀਨਿਧੀਆਂ ਨੇ ਉਨਾਂ ਦੇ ਕਾਫਲੇ ਨੂੰ ਰੋਕ ਕੇ ਤਿੱਖੇ ਸਵਾਲ ਪੁੱਛੇ।

ਇਨਾਂ 'ਚ ਸਭ ਤੋਂ ਵੱਡਾ ਸਵਾਲ ਤਿੰਨ ਖੇਤੀ ਕਾਨੂੰਨਾਂ 'ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੈਬਨਿਟ 'ਚ ਮਨਜ਼ੂਰੀ ਦੇਣਾ, ਜਿਸ ਦੇ ਜਵਾਬ 'ਚ ਸੁਖਬੀਰ ਬਾਦਲ ਕਿਸਾਨਾਂ ਨੂੰ ਕਹਿੰਦੇ ਦਿਸ ਰਹੇ ਹਨ, 'ਜਦੋਂ ਇਹ ਮਾਮਲਾ ਕੈਬਨਿਟ 'ਚ ਆਇਆ ਤਾਂ ਹਰਸਿਮਰਤ ਨੇ ਵਿਰੋਧ ਕੀਤਾ ਸੀ। ਅਸੀਂ ਕਈ ਕਿਸਾਨ ਯੂਨੀਅਨਾਂ ਨਾਲ ਬੈਠਕਾਂ ਕੀਤੀਆਂ ਤੇ ਉਨਾਂ ਦੀਆਂ ਸਮੱਸਿਆਵਾਂ ਸੁਣੀਆਂ, ਜਿਸ ਦੀ ਸੂਚੀ ਅਸੀਂ ਖੇਤੀ ਮੰਤਰੀ ਨਰਿੰਦਰ ਤੋਮਰ ਨੂੰ ਦਿੱਤੀ। ਉਨਾਂ ਨੂੰ ਕਿਹਾ ਕਿ ਇਸ ਨੂੰ ਨਵੀਂ ਬਣਨ ਵਾਲੇ ਕਾਨੂੰਨ 'ਚ ਸ਼ਾਮਲ ਕਰੋ। ਜਦੋਂ ਲੋਕ ਸਭਾ 'ਚ ਬਿੱਲ ਆਏ , ਉਦੋਂ ਵੀ ਅਸੀਂ ਪਹਿਲਾਂ ਨਰਿੰਦਰ ਤੋਮਰ ਤੇ ਫਿਰ ਅਮਿਤ ਸ਼ਾਹ ਨੂੰ ਮਿਲੇ। ਜਿਨਾਂ ਨੇ ਭਰੋਸਾ ਦਿੱਤਾ ਸੀ ਕਿ ਕਿਸਾਨਾਂ ਦੀਆਂ ਸੋਧਾਂ ਨੂੰ ਇਸ 'ਚ ਸ਼ਾਮਲ ਕੀਤਾ ਜਾਵੇਗਾ ਪਰ ਜਦੋਂ ਅਜਿਹਾ ਨਹੀਂ ਹੋਇਆ ਤਾਂ ਅਸੀਂ ਸਰਕਾਰ ਤੇ ਗਠਜੋੜ 'ਚੋਂ ਬਾਹਰ ਆ ਗਏ।'

# ਵਿਧਾਇਕਾਂ ਦੀਆਂ ਤਨਖ਼ਾਹਾਂ ਅਤੇ ਪੈਨਸ਼ਨਾਂ ਵਿਰੁੱਧ ਉੱਠੇ ਸਵਾਲ

## ਬੁੱਧੀਜੀਵੀਆਂ ਤੇ ਸਮਾਜ ਸੇਵਕਾਂ ਨੇ ਕਿਹਾ ਕਿ ਇਹ ਚੋਣ ਏਜੰਡਾ ਬਣੇ

**ਪ੍ਰਗਟ ਸਿੰਘ ਜੰਡਿਆਲਾ ਗੁਰੂ**

ਭਾਵੇਂ ਹੀ ਭਾਰਤ ਸਰਕਾਰ ਨੇ, ਸਰਕਾਰੀ ਮੁਲਾਜ਼ਮਾਂ ਦੀ ਸੇਵਾਮੁਕਤੀ ਤੋਂ ਬਾਅਦ ਪੈਨਸ਼ਨ ਸਕੀਮ ਖ਼ਤਮ ਕਰ ਦਿੱਤੀ ਹੈ, ਪਰ ਲੀਡਰਾਂ ਦੀ ਪੈਨਸ਼ਨ ਸਕੀਮ ਹਾਲੇ ਵੀ ਜਾਰੀ ਹੈ। 2004 ਤੋਂ ਮਗਰੋਂ ਭਰਤੀ ਹੋਏ ਸਾਰੇ ਮੁਲਾਜ਼ਮਾਂ ਦੀ ਪੈਨਸ਼ਨ ਸਕੀਮ ਖ਼ਤਮ ਹੈ ਅਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਵਾਉਣ ਵਾਸਤੇ ਲਗਾਤਾਰ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਸੰਘਰਸ਼ ਕਰ ਰਹੀਆਂ ਹਨ। ਵਿਧਾਇਕਾਂ ਅਤੇ ਸੰਸਦਾਂ ਮੈਂਬਰਾਂ ਦੇ ਨਾਲ ਨਾਲ ਸਾਬਕਾ ਹੋ ਚੁੱਕੇ ਵਿਧਾਇਕਾਂ ਤੇ ਸੰਸਦ ਮੈਂਬਰਾਂ ਦੀ ਹਰ ਵਰੇ ਦੀ ਤਨਖ਼ਾਹ ਤੇ ਪੈਨਸ਼ਨ ਦੇ ਵਿੱਚ ਵਾਧਾ ਹੁੰਦੈ। ਪਰ, ਜਿਹੜੇ ਲੋਕਾਂ ਨੇ ਇਨਾਂ ਲੀਡਰਾਂ ਨੂੰ ਚੁਣਿਆ ਹੁੰਦੈ, ਉਨਾਂ ਨੂੰ ਕਦੇ ਜਾ ਕੇ, ਇਹ ਲੀਡਰ ਪੁੱਛਦੇ ਤੱਕ ਨਹੀਂ। ਹਾਲ ਇਹ ਬਣ ਚੁੱਕੇ ਹਨ, ਕਿ ਜਿਹੜੇ ਵੀ ਲੀਡਰ ਨੂੰ ਚੁਣ ਕੇ, ਜਨਤਾ ਸੱਤਾ ਵਿੱਚ ਭੇਜਦੀ ਹੈ, ਉਹੀ ਲੀਡਰ ਬਾਅਦ ਵਿੱਚ ਜਨਤਾ ਦੀ ਛਿੱਲ ਲਾਹੁਣ ਲੱਗ ਜਾਂਦੈ।

ਅੰਮ੍ਰਿਤਸਰ ਟਾਈਮਜ ਜਾਣਕਾਰੀ ਦੇ ਮੁਤਾਬਿਕ, ਲੋਕਾਂ ਦੁਆਰਾ ਚੁਣਿਆ ਗਿਆ ਨੁਮਾਇੰਦਾ ਇੱਕ ਵਾਰ ਵਿਧਾਇਕ ਜਾਂ ਫਿਰ ਸੰਸਦ ਬਣਨ 'ਤੇ ਉਹਦੀ ਤਨਖ਼ਾਹ ਤਾਂ ਲੱਗਦੀ ਹੀ ਹੈ, ਨਾਲ ਹੀ ਹੋਰ ਅਣਗਿਣਤ ਭੱਤੇ ਵੀ ਮਿਲਦੇ ਹਨ। ਇੱਕ ਵਾਰ ਵਿਧਾਇਕ ਬਣਨ ਤੋਂ ਬਾਅਦ ਸਿਆਸਤਦਾਨ ਸਾਰੀ ਉਮਰ ਪੈਨਸ਼ਨ ਹਾਸਲ ਕਰ ਸਕਦਾ ਹੈ ਅਤੇ ਕਾਨੂੰਨ ਮੁਤਾਬਿਕ ਹਰ ਵਾਰ ਵਿਧਾਇਕ ਚੁਣੇ ਜਾਣ 'ਤੇ ਉਕਤ ਵਿਧਾਇਕ ਦੀ ਪੈਨਸ਼ਨ ਵਿੱਚ ਵੀ ਚੋਖਾ ਵਾਧਾ ਹੁੰਦਾ ਹੈ। ਇਹ ਸੁਵਿਧਾ ਉਨਾਂ ਸਰਕਾਰੀ ਮੁਲਾਜ਼ਮਾਂ ਨੂੰ ਵੀ ਨਹੀਂ ਮਿਲਦੀ, ਜੋ 25-30 ਸਾਲ ਦੀ ਨੌਕਰੀ ਕਰਨ ਤੋਂ ਬਾਅਦ ਪੈਨਸ਼ਨ ਲੈਣ ਦੇ ਯੋਗ ਹੁੰਦੇ ਹਨ। ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਪ੍ਰਾਪਤ ਜਾਣਕਾਰੀ ਮੁਤਾਬਿਕ, ਵਿਧਾਇਕਾਂ ਦੀ ਪੈਨਸ਼ਨ ਵਿੱਚ ਹਰ ਵਾਰ ਵੱਡਾ ਵਾਧਾ ਹੁੰਦਾ ਹੈ। 2018 ਵਿੱਚ ਜਨਤਿਕ ਹੋਈ ਇੱਕ ਰਿਪੋਰਟ ਦੇ ਅਨੁਸਾਰ ਪੰਜਾਬ ਵਿੱਚ ਕੁੱਲ 282 ਸਾਬਕਾ ਵਿਧਾਇਕ ਹਨ, ਜੋ ਮਹੀਨਾਵਾਰ ਪੈਨਸ਼ਨ ਦਾ ਲਾਭ ਪ੍ਰਾਪਤ ਕਰ ਰਹੇ ਹਨ। 26 ਅਕਤੂਬਰ 2016 ਦੇ ਨੋਟੀਫ਼ਿਕੇਸ਼ਨ ਮੁਤਾਬਿਕ ਵਿਧਾਇਕ 15,000 ਰੁਪਏ ਮਹੀਨਾਵਾਰ ਮੂਲ ਪੈਨਸ਼ਨ ਲੈਣ ਦੇ ਹੱਕਦਾਰ ਹਨ ਅਤੇ ਜਿੰਨੀ ਵਾਰ ਉਹ ਵਿਧਾਇਕ ਚੁਣੇ ਜਾਣਗੇ, ਓਨੀ ਵਾਰ ਉਨਾਂ ਦੀ ਇਹ ਬੇਸਿਕ ਹਰ ਵਾਰ 10,000 ਰੁਪਏ ਵਧਦੀ ਰਹੇਗੀ। ਯਾਦ ਰਹੇ ਕਿ ਇਸ ਤਨਖ਼ਾਹ ਵਿੱਚ ਕਿਸੇ ਵੀ ਕਿਸਮ ਦਾ ਭੱਤਾ ਸ਼ਾਮਲ ਨਹੀਂ।

ਪਹਿਲੀ ਵਾਰ ਵਿਧਾਇਕ ਬਣਨ 'ਤੇ 15,000 ਰੁਪਏ ਮਿਲਦੇ ਹਨ, ਅੱਗੇ ਹਰ ਵਾਰ ਵਿਧਾਇਕ ਚੁਣੇ ਜਾਣ 'ਤੇ 10,000 ਰੁਪਏ ਵਾਧਾ ਪਾ ਕੇ ਮਿਲਦੇ ਹਨ। 50% ਮਿਸ਼ਰਤ ਰੋਜ਼ਾਨਾ ਭੱਤਾ (ਡੀਏ) 7,500 ਰੁਪਏ, ਉਕਤ ਪੈਨਸ਼ਨ 'ਤੇ 234% ਡੀਏ 35,100, 2018 ਦੀ ਰਿਪੋਰਟ ਅਨੁਸਾਰ, ਇੱਕ ਅੰਦਾਜ਼ੇ ਮੁਤਾਬਿਕ, ਸਾਬਕਾ ਵਿਧਾਇਕ ਹਰ ਮਹੀਨੇ ਘੱਟੋ-ਘੱਟ 57,600 ਰੁਪਏ ਤਨਖ਼ਾਹ ਲੈਂਦੇ ਹਨ। ਘੱਟੋ-ਘੱਟ 2 ਵਾਰ ਵਿਧਾਇਕ ਰਹਿ ਚੁੱਕੇ ਸਾਬਕਾ ਵਿਧਾਇਕ ਵੀ ਪੰਜਾਬ ਸਰਕਾਰ ਦੇ ਖ਼ਜ਼ਾਨੇ ਵਿੱਚੋਂ 67,600 ਰੁਪਏ ਦੀ ਪੈਨਸ਼ਨ ਪ੍ਰਾਪਤ ਕਰਦੇ ਹਨ। 2 ਤੋਂ ਵੱਧ ਵਾਰ ਵਿਧਾਇਕ ਰਹੇ ਵਿਅਕਤੀ ਜਾਂ ਫਿਰ ਔਰਤ ਨੂੰ ਪੰਜਾਬ ਸਰਕਾਰ ਹਰ ਵਾਰ ਦੇ 10,000 ਰੁਪਏ ਹਰ ਮਹੀਨੇ ਪੈਨਸ਼ਨ ਵਿੱਚ ਜੋੜ ਕੇ ਦੇਵੇਗੀ। ਯਾਨੀ ਕਿ 4 ਵਾਰ ਵਿਧਾਇਕ ਰਹਿ ਚੁੱਕੇ ਵਿਅਕਤੀ ਜਾਂ ਫਿਰ ਔਰਤ ਦੀ ਮਹੀਨਾਵਾਰ ਪੈਨਸ਼ਨ ਇੱਕ ਵਾਰ ਵਿਧਾਇਕ ਦਾ। ਸੁੱਖ ਭੋਗਣ ਵਾਲੇ ਤੋਂ 40,000 ਰੁਪਏ ਵੱਧ ਹੁੰਦੀ ਹੈ।

ਮੀਡੀਆ ਅਦਾਰਿਆਂ ਵਿੱਚ ਚੱਲੀਆਂ ਖ਼ਬਰਾਂ ਦੀ ਮੰਨੀਏ ਸਾਬਕਾ ਵਿਧਾਇਕਾ ਬੀਬੀ ਰਾਜਿੰਦਰ ਕੌਰ ਭੱਠਲ, ਸਾਬਕਾ ਵਿਧਾਇਕ ਲਾਲ ਸਿੰਘ ਸਵਾ 3-3 ਲੱਖ ਰੁਪਏ ਦੀ ਮਹੀਨਾਵਾਰ ਪੈਨਸ਼ਨ ਪ੍ਰਾਪਤ ਕਰ ਰਹੇ ਹਨ। ਇਸ ਤੋਂ ਇਲਾਵਾ ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ ਨੂੰ ਕ੍ਰਮਵਾਰ 2.25 ਲੱਖ ਤੇ 2.75 ਲੱਖ ਰੁਪਏ ਦੀ ਪੈਨਸ਼ਨ ਲੈ ਰਹੇ ਹਨ, ਜਦੋਂਕਿ ਬਤੌਰ ਰਾਜ ਸਭਾ ਮੈਂਬਰ ਉਨਾਂ ਦੀ ਤਨਖ਼ਾਹ ਵੱਖਰੀ ਆਉਂਦੀ ਹੈ। ਗੁਲਜ਼ਾਰ ਸਿੰਘ ਰਣੀਕੇ, ਰਣਜੀਤ ਸਿੰਘ ਬ੍ਰਹਮਪੁਰਾ, ਮੌਜੂਦਾ ਵਿੱਤ ਮੰਤਰੀ ਮਨਪ੍ਰੀਤ ਬਾਦਲ, ਕਾਂਗਰਸ ਦੇ ਸਾਬਕਾ ਪ੍ਰਧਾਨ ਪਰਤਾਪ ਬਾਜਵਾ ਆਦਿ ਇਸ ਵੇਲੇ ਸਵਾ 2 ਲੱਖ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇ ਤੌਰ 'ਤੇ ਵਸੂਲ ਪਾ ਰਹੇ ਹਨ। 20 18 ਦੀ ਰਿਪੋਰਟ ਕਹਿੰਦੀ ਹੈ ਕਿ, ਪੰਜਾਬ ਵਿੱਚ ਤਕਰੀਬਨ 9 ਵਿਧਾਇਕ ਅਜਿਹੇ ਹਨ, ਸਾਬਕਾ ਲੋਕ ਸਭਾ, ਸਾਬਕਾ ਰਾਜ ਸਭਾ ਅਤੇ ਸਾਬਕਾ ਵਿਧਾਨ ਸਭਾ ਮੈਂਬਰ ਹੋਣ 'ਤੇ ਇਕੱਠੀ ਪੈਨਸ਼ਨ ਲੈਂਦੇ ਹਨ। ਇਸ ਤੋਂ ਇਲਾਵਾ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਦੀ ਤਨਖ਼ਾਹ ਭਾਰਤ ਦੇ ਰਾਸ਼ਟਰਪਤੀ ਤੋਂ ਵੀ ਵੱਧ ਹੈ। ਰਾਸ਼ਟਰਪਤੀ 5 ਲੱਖ ਰੁਪਏ ਮਹੀਨਾ ਤਨਖ਼ਾਹ ਲੈਂਦਾ ਹੈ, ਜਦੋਂਕਿ ਪ੍ਰਕਾਸ਼ ਸਿੰਘ ਬਾਦਲ ਦੀ ਮਹੀਨਾਵਾਰ ਪੈਨਸ਼ਨ ਹੀ 5.26 ਲੱਖ ਰੁਪਏ ਦੇ ਕਰੀਬ ਹੈ, ਜਦੋਂਕਿ ਬਾਦਲ ਮੌਜੂਦਾ ਸਮੇਂ ਵਿੱਚ ਵੀ ਵਿਧਾਇਕ ਹਨ। ਏਨੀ ਜ਼ਿਆਦਾ ਪੈਨਸ਼ਨ ਆਪਣੇ ਆਪ ਵਿੱਚ ਹੀ ਇੱਕ ਅਜੀਬ ਰਿਕਾਰਡ ਦਰਜ ਕਰਦੀ ਹੈ।

ਅੰਮ੍ਰਿਤਸਰ ਟਾਈਮਜ ਦੇ ਮੁਤਾਬਿਕ, ਜਿੰਨਾ ਇੱਕ ਵਿਧਾਇਕ



ਜਾਂ ਫਿਰ ਸੰਸਦ ਮੈਂਬਰ ਨੂੰ ਤਨਖ਼ਾਹ ਅਤੇ ਭੱਤਾ ਮਿਲਦਾ, ਜੇਕਰ ਇਸ ਨੂੰ ਘਟਾ ਕੇ, ਤੀਜਾ ਹਿੱਸਾ ਕਰ ਦਿੱਤਾ ਜਾਵੇ ਤਾਂ ਠੀਕ ਰਹੇਗਾ। ਕਿਉਂਕਿ, ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨੂੰ ਆਮ ਲੋਕਾਂ ਦੇ ਨਾਲੋਂ ਕਿਤੇ ਵੱਧ ਅਤੇ ਫ਼ਸਟ-ਕਲਾਸ ਸਹੂਲਤਾਂ ਮਿਲਦੀਆਂ ਹਨ। ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨੂੰ ਮਿਲ ਰਹੀਆਂ ਇਹ ਸਹੂਲਤਾਂ ਭਾਰਤ ਨੂੰ ਜਿੱਥੇ ਉਜਾੜੇ ਵੱਲ ਧੱਕ ਰਹੀਆਂ ਹਨ, ਉੱਥੇ ਹੀ ਮੁਲਕ ਦੇ ਵਿੱਚ ਗ਼ਰੀਬੀ ਅਤੇ ਭੁੱਖਮਰੀ ਤੋਂ ਇਲਾਵਾ ਬੇਰੁਜ਼ਗਾਰੀ ਨੂੰ ਵੀ ਹੁਲਾਰਾ ਦੇ ਰਹੀਆਂ ਹਨ। ਸਾਬਕਾ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੀ ਤਨਖ਼ਾਹ ਅਤੇ ਭੱਤਿਆਂ ਨੇ ਤਾਂ, ਮੌਜੂਦਾ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨਾਲੋਂ ਵੀ ਵੱਧ ਉਜਾੜਾ ਕੀਤਾ ਹੈ। ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨੂੰ ਉਨਾਂ ਚਿਰ ਹੀ ਤਨਖ਼ਾਹ ਮਿਲਣੀ ਚਾਹੀਦੀ ਹੈ, ਜਿੰਨਾ ਚਿਰ ਉਹ ਸੱਤਾ ਵਿੱਚ ਹੋਣ, ਉਹਦੇ ਤੋਂ ਬਾਅਦ ਉਨਾਂ ਕੋਈ ਪੈਨਸ਼ਨ ਜਾਂ ਫਿਰ ਭੱਤਾ ਦੇਣ ਦਾ ਕੋਈ ਮਤਲਬ ਨਹੀਂ ਬਣਦਾ। ਜਿੰਨਾ ਪੈਸਾ ਮੁਲਕ ਦੇ ਵਿੱਚ ਸਾਬਕਾ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੀ ਤਨਖ਼ਾਹ ਅਤੇ ਭੱਤਿਆਂ 'ਤੇ ਖ਼ਰਚ ਹੁੰਦਾ ਹੈ, ਜੇਕਰ ਇੰਨਾ ਪੈਸਾ ਮੁਲਕ ਦੀ ਅਵਾਮ ਨੂੰ ਸੁੱਖ ਸਹੂਲਤਾਂ ਦੇਣ 'ਤੇ ਖ਼ਰਚ ਹੋਵੇ ਤਾਂ, ਕੁੱਝ ਹੀ ਸਾਲਾਂ ਵਿੱਚ ਅਸੀਂ ਅਮਰੀਕਾ, ਇੰਗਲੈਂਡ ਅਤੇ ਚੀਨ ਤੋਂ ਇਲਾਵਾ ਦੁਬਈ ਵਰਗੇ ਵਿਕਸਿਤ ਦੇਸ਼ਾਂ ਨੂੰ ਕੱਟ ਕੇ ਅੱਗੇ ਲੰਘ ਸਕਦੇ ਹਾਂ। ਪਰ ਇਹ ਤਾਂ ਹੀ ਸੰਭਵ ਹੈ, ਜੇਕਰ ਅਵਾਮ ਜਾਗੇਗਾ ਅਤੇ ਆਵਦੇ ਹੱਕਾ ਦੀ ਗੱਲਾਂ ਕਰਦੇ ਹੋਏ, ਸਰਕਾਰਾਂ ਸਾਹਮਣੇ ਇਹ ਮੰਗਾਂ ਰੱਖੇਗੀ ਕਿ, ਸਾਬਕਾ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੀ ਤਨਖ਼ਾਹ ਅਤੇ ਭੱਤੇ ਬੰਦ ਕਰੇ ਜਾਣ ਤਾਂ, ਹੀ ਮੁਲਕ ਦੇ ਅੰਦਰ ਬਦਲਾਅ ਆ ਸਕਦਾ ਹੈ। ਹੁਣ ਪੰਜਾਬ ਵਿਚ ਵਿਧਾਇਕਾਂ ਦੀਆਂ ਤਨਖ਼ਾਹਾਂ, ਭੱਤਿਆਂ, ਸਹੂਲਤਾਂ ਅਤੇ ਪੈਨਸ਼ਨਾਂ ਨੂੰ ਲੈ ਕੇ ਲੋਕ ਆਵਾਜ਼ ਉੱਠਣੀ ਸ਼ੁਰੂ ਹੋ ਗਈ ਹੈ।

### ਨਿਊਜ਼ ਵਿਸ਼ਲੇਸ਼ਣ

ਭਾਰਤੀ ਜਨਤਾ ਪਾਰਟੀ ਦੇ ਸੂਬਾ ਕੋਆਰਡੀਨੇਟਰ ਜਤਿੰਦਰ ਕਾਲੜਾ ਨੇ ਬਹੁ ਪੈਨਸ਼ਨ ਯੋਜਨਾ ਬੰਦ ਕਰਨ ਦਾ ਸੱਦਾ ਦਿੱਤਾ ਹੈ।

ਪੰਥਕ ਵਿਦਵਾਨ ਗੁਰਤੇਜ ਸਿੰਘ ਆਈ ਏ ਐਸ ਅਨੁਸਾਰ ਲੋਕਾਂ ਵਲੋਂ ਆਪਣੇ ਹੀ ਪ੍ਰਤੀਨਿਧਾਂ ਬਾਰੇ ਆਵਾਜ਼ ਉਠਾਉਣ ਦਾ ਸਮਾਂ ਆ ਗਿਆ ਹੈ ਤਾਂ ਜੋ ਆਰਥਿਕ ਤੌਰ 'ਤੇ ਮਜ਼ਬੂਤ ਸਿਆਸੀ ਆਗੂ ਅਜਿਹੀਆਂ ਸਹੂਲਤਾਂ ਆਪਣੇ ਆਪ ਛੱਡ ਦੇਣ।

ਗੁਰਬਚਨ ਸਿੰਘ ਦੇਸ ਪੰਜਾਬ ਦਾ ਕਹਿਣਾ ਹੈ ਕਿ ਪੰਜਾਬ ਉੱਪਰ ਏਨਾ ਕਰਜ਼ਾ ਚੜ ਚੁੱਕਾ ਹੈ ਕਿ ਇਸ ਦਾ ਵਿਆਜ 20 ਹਜ਼ਾਰ ਕਰੋੜ ਰੁਪਏ ਸਾਲਾਨਾ ਦੇਣਾ ਪੈ ਰਿਹਾ ਹੈ। ਅਜਿਹੇ ਆਰਥਿਕ ਮੰਦਵਾੜੇ ਦੌਰਾਨ ਸਰਦੇ-ਪੁਜਦੇ ਵਿਧਾਇਕਾਂ ਸਰਕਾਰੀ ਖਜ਼ਾਨੇ ਉੱਤੇ ਬੋਝ ਬਣਨਾ ਚਿੰਤਨ ਦਾ ਵਿਸ਼ਾ ਹੈ। ਇਹ ਵਿਧਾਨ ਸਭਾ ਚੋਣਾਂ ਵਿਚ ਚੋਣ ਮੁੱਦਾ ਬਣਨਾ ਚਾਹੀਦਾ ਹੈ।

ਖਾਲੜਾ ਮਿਸ਼ਨ ਦੇ ਆਗੂ ਬੀਬੀ ਪਰਮਜੀਤ ਕੌਰ ਖਾਲੜਾ ਨੇ ਕਿਹਾ ਕਿ ਵਿਧਾਇਕਾਂ ਨੂੰ ਹਰ ਕਾਰਜਕਾਲ ਲਈ ਵੱਖੋ ਵੱਖ ਪੈਨਸ਼ਨ ਦੇਣਾ ਆਰਥਿਕ ਮੰਦੀ ਝੱਲ ਰਹੇ ਰਾਜ ਲਈ ਨਾਜਾਇਜ਼ ਹੈ। ਪੰਜਾਬ ਦੇ ਵਿਧਾਇਕ ਵਧੀਆ ਤਨਖ਼ਾਹਾਂ ਅਤੇ ਸਹੂਲਤਾਂ ਲੈ ਰਹੇ ਹਨ ਅਤੇ ਉਨਾਂ ਦੀਆਂ ਤਨਖ਼ਾਹਾਂ ਉੱਤੇ ਲੱਗਣ ਵਾਲਾ ਆਮਦਨ ਕਰ ਵੀ ਸਰਕਾਰ ਦੇ ਖ਼ਜ਼ਾਨੇ ਵਿਚੋਂ ਜਾ ਰਿਹਾ ਹੈ ਜਾਂ ਇੰਜ ਕਹਿ ਲਵੋ ਕਿ ਲੋਕਾਂ ਦੀਆਂ ਜੇਬਾਂ ਵਿਚੋਂ ਇਨਾਂ ਵਿਧਾਇਕਾਂ ਦਾ ਆਮਦਨ ਕਰ ਭਰਿਆ ਜਾ ਰਿਹਾ ਹੈ। ਇਸ ਉੱਤੇ ਵੀ ਵਿਚਾਰ ਕਰਨ ਦੀ ਲੋੜ ਹੈ। ਇਹ ਚੋਣ ਮੁੱਦਾ ਬਣਨਾ ਚਾਹੀਦਾ ਹੈ।

ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਨੇ ਕਿਹਾ ਕਿ ਵਿਧਾਇਕਾਂ ਨੂੰ ਕੇਵਲ ਇਕ ਹੀ ਪੈਨਸ਼ਨ ਮਿਲਣੀ ਚਾਹੀਦੀ ਹੈ ਤਾਂ ਜੋ ਉਨਾਂ ਦਾ ਗੁਜ਼ਾਰਾ ਹੋ ਸਕੇ। ਲੋਕ ਹੁਣ ਜਾਗਰੂਕ ਹੋ ਰਹੇ ਹਨ, ਇਸ ਲਈ ਵੱਡੇ ਘਰਾਣਿਆਂ ਦੇ ਵਿਧਾਇਕਾਂ ਨੂੰ ਸਰਕਾਰੀ ਖਜ਼ਾਨੇ ਉੱਤੇ ਬੋਝ ਨਹੀਂ ਬਣਨਾ ਚਾਹੀਦਾ। ਇਹ ਮਸਲਾ ਚੋਣ ਮੁਦਾ ਬਣੇ। ਲੋਕ ਜਾਗਰੂਕ ਹੋਣ।

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਲੋਕ ਪ੍ਰਤੀਨਿਧੀਆਂ ਨੂੰ ਲੋਕ ਸੇਵਕ ਬਣ ਕੇ ਵਿਚਰਨਾ ਚਾਹੀਦਾ ਹੈ ਅਤੇ ਨਿੱਜੀ ਹਿਤਾਂ ਤੋਂ ਪਹਿਲਾਂ ਲੋਕ ਹਿਤਾਂ ਵੱਲ ਧਿਆਨ ਦੇਣ ਦੀ ਲੋੜ ਹੈ। ਮੌਜੂਦਾ ਆਰਥਿਕ ਸੰਕਟ ਦੀ ਸਥਿਤੀ ਵਿਚ ਵਿਧਾਇਕਾਂ ਨੂੰ ਰਾਜਿਆਂ ਵਾਂਗ ਸਹੂਲਤਾਂ ਦੇਣਾ ਸਿਆਣਪ ਵਾਲੀ ਗੱਲ ਨਹੀਂ। ਲੋਕ ਹੁਣ ਜਾਗਰੂਕ ਹੋਣ ਲੱਗੇ ਹਨ, ਇਸ ਲਈ ਸਿਆਸੀ ਆਗੂਆਂ ਨੂੰ ਆਪ ਹੀ ਸਿਆਣੇ ਬਣ ਜਾਣਾ ਚਾਹੀਦਾ ਹੈ।

ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਕੇਵਲ ਸਿੰਘ ਦਾ ਕਹਿਣਾ ਹੈ ਕਿ ਅੱਜ ਕਈ ਸਾਬਕਾ ਵਿਧਾਇਕ ਢਾਈ ਢਾਈ ਲੱਖ ਰੁਪਏ ਪੈਨਸ਼ਨਾਂ ਲੈ ਰਹੇ ਹਨ। ਪੰਜਾਬ ਦੇ ਅੱਧਿਓਂ ਵੱਧ ਵਿਧਾਇਕ ਬਗੈਰ ਤਨਖ਼ਾਹ ਜਾਂ ਪੈਨਸ਼ਨ ਤੋਂ ਆਪਣਾ ਵਧੀਆ ਗੁਜ਼ਾਰਾ ਕਰਨ ਦੇ ਸਮਰੱਥ ਹਨ, ਇਸ ਲਈ ਉਨਾਂ ਨੂੰ ਆਪਣਾ ਜੀਵਨ ਸਮਾਜ ਪ੍ਰਤੀ ਸਮਰਪਿਤ ਕਰਨਾ ਚਾਹੀਦਾ ਹੈ ਨਾ ਕਿ ਮੋਟੀਆਂ ਤਨਖ਼ਾਹਾਂ, ਭੱਤਿਆਂ, ਸਹੂਲਤਾਂ ਆਦਿ ਹਾਸਲ ਕਰ ਕੇ ਲੋਕਾਂ ਦੀਆਂ ਜੇਬਾਂ ਵਿਚੋਂ ਟੈਕਸਾਂ ਦੇ ਰੂਪ ਵਿਚ ਖ਼ਜ਼ਾਨੇ ਉੱਤੇ ਬੋਝ ਬਣਨਾ ਚਾਹੀਦਾ ਹੈ।

ਇਸ ਸਬੰਧੀ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੋਈ ਸਿਆਸੀ ਆਗੂ ਜਿੰਨੇ ਵਾਰ ਮਰਜ਼ੀ ਵਿਧਾਇਕ ਬਣੇ, ਉਸ ਦੀ ਪੈਨਸ਼ਨ ਇਕ ਹੀ ਹੋਣੀ ਚਾਹੀਦੀ ਹੈ।

ਅਕਾਲੀ ਦਲ (ਸ) ਦੇ ਵਿਧਾਇਕ ਅਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਸਾਬਕਾ ਵਿਧਾਇਕਾਂ ਦੀਆਂ ਪੈਨਸ਼ਨਾਂ ਵਿਚ ਕਟੌਤੀ ਹੋਣੀ ਚਾਹੀਦੀ ਹੈ ਅਤੇ ਨਾਲ ਹੀ ਉਨਾਂ ਕਿਹਾ ਕਿ ਜਿਸ ਤਰਾਂ ਮੁਲਾਜ਼ਮਾਂ ਦੀਆਂ ਤਨਖਾਹਾਂ ਉੱਤੇ ਨਜ਼ਰਸਾਨੀ ਕਰਨ ਲਈ ਤਨਖ਼ਾਹ ਕਮਿਸ਼ਨ ਬਣਾਏ ਜਾਂਦੇ ਹਨ, ਇਸੇ ਤਰਾਂ ਵਿਧਾਇਕਾਂ ਦੀਆਂ ਤਨਖ਼ਾਹਾਂ ਅਤੇ ਪੈਨਸ਼ਨਾਂ ਲਈ ਵੀ ਕਮਿਸ਼ਨ ਸਥਾਪਤ ਹੋਣੇ ਚਾਹੀਦੇ ਹਨ।

ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ






ਅੰਮ੍ਰਿਤਸਰ ਟਾਈਮਜ਼ AMRITSAR TIMES
20 ਅਗਸਤ 2021 ਤੋਂ 26 ਅਗਸਤ 2021

## ਸਿੱਖਾਂ ਅਤੇ ਹਿੰਦੂਆਂ ਨੂੰ ਅਫ਼ਗਾਨਿਸਤਾਨ ਵਿੱਚੋਂ ਸੁਰੱਖਿਅਤ ਬਾਹਰ ਕੱਢਣ ਦਾ ਮਸਲਾ : ਸਿਆਸਤ ਬਨਾਮ ਸਰਬੱਤ ਦੇ ਭਲੇ ਦੇ ਪਾਂਧੀਆਂ ਦੀ ਜਿੰਮੇਵਾਰੀ

ਅਫ਼ਗਾਨਿਸਤਾਨ ਦੀ ਧਰਤੀ ਪਿਛਲੇ ਤਿੰਨ ਦਹਾਕਿਆਂ ਤੋਂ ਵਿਸ਼ਵ ਤਾਕਤਾਂ ਦੀ ਦਖਲਅੰਦਾਜੀ ਅਤੇ ਘਰੇਲੂ ਖਾਨਾਜੰਗੀ ਦਾ ਕੇਂਦਰ ਬਣੀ ਰਹੀ ਹੈ। ਇਸ ਦੌਰਾਨ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਉੱਥੇ ਵੱਸਦੇ ਸਿੱਖਾਂ ਨੇ ਵੀ ਵੱਡਾ ਸੰਤਾਪ ਹੰਢਾਇਆ ਹੈ। ਘੱਟ-ਗਿਣਤੀ 'ਚ ਹੋਣ ਕਰਕੇ ਉਨਾਂ ਨੂੰ ਆਪਣੀ ਜਾਨੀ-ਮਾਲੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਇੰਡੀਆ ਸਮੇਤ ਹੋਰ ਪੱਛਮੀ ਮੁਲਕਾਂ ਵਿਚ ਪ੍ਰਵਾਸ ਕਰਨਾ ਪਿਆ। 2001 ਤੋਂ ਸ਼ੁਰੂ ਹੋਈ ਅਫ਼ਗਾਨਿਸਤਾਨ ਦੀ ਜੰਗ ਦੀ ਸਮਾਪਤੀ ਤਾਲਿਬਾਨ ਦੇ ਸੱਤਾ 'ਚ ਆਉਣ ਨਾਲ ਹੋਈ ਹੈ, ਇਸ ਮੌਕੇ ਬਹੁਤ ਘੱਟਗਿਣਤੀ 'ਚ ਬਚੇ ਸਿੱਖਾਂ ਅੰਦਰ ਬੇਚੈਨੀ ਦਾ ਮਹੌਲ ਹੈ ਅਤੇ ਉਹ ਆਪਣੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਹੋਰਨਾਂ ਮੁਲਕਾਂ ਵਿੱਚ ਪਰਵਾਸ ਕਰਨਾ ਚਾਹੁੰਦੇ ਹਨ। ਇੰਡੀਆ ਵਿਚ ਰਹਿੰਦੇ ਅਫਗਾਨੀ ਸਿੱਖ ਵਰਿਆਂ ਤੋਂ ਮਹੌਲ ਠੀਕ ਹੋਣ ਦੀ ਆਸ 'ਚ ਹਨ ਅਤੇ ਅਫ਼ਗਾਨਿਸਤਾਨ ਵਿਚਲੇ ਆਪਣੇ ਘਰਾਂ, ਕਾਰੋਬਾਰਾਂ ਅਤੇ ਗੁਰਧਾਮਾਂ ਨੂੰ ਵਾਪਸ ਜਾਣ ਦੀ ਤਾਂਘ ਵਿਚ ਰਹਿੰਦੇ ਹਨ। ਅਫ਼ਗਾਨਿਸਤਾਨ ਤੋਂ ਪ੍ਰਵਾਸ ਕਰ ਰਹੇ ਬਚੇ ਸਿੱਖਾਂ ਅਤੇ ਹਿੰਦੂਆਂ ਨੂੰ ਤਾਲੀਬਾਨ ਨੇ ਅਫ਼ਗਾਨਿਸਤਾਨ 'ਚ ਹੀ ਰੁਕੇ ਰਹਿਣ ਲਈ ਕਿਹਾ ਹੈ ਪਰ ਬੇਵਿਸ਼ਵਾਸ਼ੀ ਕਾਰਨ ਇਹ ਕਾਫੀ ਔਖਾ ਫੈਸਲਾ ਹੈ।

ਕਈ ਵਰੇ ਪਹਿਲਾਂ ਅਫ਼ਗਾਨਿਸਤਾਨ ਤੋਂ ਆਸਟ੍ਰੇਲੀਆ ਆਏ ਤਰਨਜੀਤ ਸਿੰਘ ਅਤੇ ਸੁਰਬੀਰ ਸਿੰਘ ਨੇ ਇੱਕ ਚੈਨਲ ਨੂੰ ਆਪਣੀ ਇੰਟਰਵੀਊ ਦੌਰਾਨ ਦੱਸਿਆ ਕਿ ਘੱਟ ਗਿਣਤੀਆਂ ਦੀ ਅਫ਼ਗਾਨਿਸਤਾਨ ਦੀਆਂ ਸਰਕਾਰਾਂ ਉੱਤੇ ਬੇਵਿਸ਼ਵਾਸ਼ੀ ਹੈ, ਇਹ ਬੇਵਿਸ਼ਵਾਸ਼ੀ ਸਿਰਫ ਤਾਲਿਬਾਨ 'ਤੇ ਨਹੀਂ ਸਗੋਂ ਬਾਕੀਆਂ 'ਤੇ ਵੀ ਹੈ। ਅੱਗੇ ਉਨਾਂ ਨੇ ਦੱਸਿਆ ਕਿ ਜ਼ਿਆਦਾਤਰ ਹਿੰਦੂ ਕਈ ਦਹਾਕੇ ਪਹਿਲਾਂ ਤੋਂ ਹੀ ਅਫ਼ਗਾਨਿਸਤਾਨ ਨੂੰ ਛੱਡ ਕੇ ਆ ਗਏ ਸਨ। ਆਪਣੀ ਗੱਲ ਦੇ ਨਾਲ ਹੀ ਉਹਨਾਂ ਕਿਹਾ ਕਿ ਇਕ ਮੰਦਿਰ ਤੋਂ ਬਿਨਾਂ ਬਾਕੀਆਂ ਨੂੰ ਤਾਂ ਉਹ ਬਿਨਾਂ ਪ੍ਰਬੰਧਕੀ ਦੇਖਭਾਲ ਦੇ ਹੀ ਛੱਡ ਕੇ ਆ ਗਏ ਸਨ। ਸਿੱਖਾਂ ਅਤੇ ਹਿੰਦੂਆਂ ਨੂੰ ਦਰਪੇਸ਼ ਸਮੱਸਿਆ ਸਬੰਧੀ ਉਨਾਂ ਕਿਹਾ ਕਿ ਹਿੰਦੂਆਂ ਦੀ ਦਿੱਖ ਜਿਆਦਾ ਵੱਖਰੀ ਨਹੀਂ ਹੈ, ਉਹ ਟੋਪੀ ਵਗੈਰਾ ਪਾ ਕੇ ਉਨਾਂ ਵਿੱਚ ਹੀ ਰਲ ਜਾਂਦੇ ਹਨ ਜਿਸ ਕਰਕੇ ਉਨਾਂ ਦੀ ਸਮੱਸਿਆ ਐਨੀ ਜ਼ਿਆਦਾ ਨਹੀਂ ਹੈ।

ਲੰਘੇ ਦਿਨੀਂ 'ਇੰਡੀਅਨ ਐਕਸਪ੍ਰੈੱਸ ਵਿੱਚ ਇਕ ਲਿਖਤ ਛਪੀ ਜਿਸ ਅਨੁਸਾਰ 1992 ਵਿੱਚ ਮੁਜਾਹਿਦੀਨ ਦੇ ਕਾਬੁਲ ਉੱਤੇ ਕਾਬਜ ਹੋਣ ਤੋਂ ਬਾਅਦ, ਵੱਡੀ ਗਿਣਤੀ ਵਿੱਚ ਸਿੱਖਾਂ ਨੇ ਦੇਸ ਛੱਡਣਾ ਸੁਰੂ ਕਰ ਦਿੱਤਾ ਸੀ ਕਿਉਂਕਿ ਉਨਾਂ ਨੂੰ ਅਗਵਾ, ਜਬਰਦਸਤੀ ਅਤੇ ਪ੍ਰੇਸ਼ਾਨੀ ਦੇ ਕਈ ਮਾਮਲਿਆਂ ਦਾ ਸਾਹਮਣਾ ਕਰਨਾ ਪਿਆ ਸੀ। ਜਦੋਂ 1994 ਵਿੱਚ ਤਾਲਿਬਾਨ ਸੱਤਾ ਵਿੱਚ ਆਇਆ ਤਾਂ ਮੁਸੀਬਤਾਂ ਹੋਰ ਵਧ ਗਈਆਂ। 1990 ਦੇ ਦਹਾਕੇ ਦੇ ਅਰੰਭ ਵਿੱਚ 60,000 ਤੋਂ ਵੱਧ ਸਿੱਖ ਅਤੇ ਹਿੰਦੂ ਅਫ਼ਗਾਨਿਸਤਾਨ ਵਿੱਚ ਰਹਿੰਦੇ ਸਨ, ਫਿਰ ਇਹ ਅੰਕੜਾ 2019 ਤੱਕ ਘੱਟ ਕੇ ਇੱਕ ਹਜ਼ਾਰ ਦੇ ਕਰੀਬ ਆ ਗਿਆ ਸੀ, ਜੋ ਮੁੱਖ ਤੌਰ 'ਤੇ ਕਾਬੁਲ, ਜਲਾਲਾਬਾਦ ਅਤੇ ਗਜਨੀ ਤੱਕ ਸੀਮਤ ਸੀ। ਇਨਾਂ ਸ਼ਹਿਰਾਂ ਦੇ ਬਾਹਰ, ਗੁਰਦੁਆਰਿਆਂ ਅਤੇ ਮੰਦਰਾਂ ਉੱਤੇ ਹੁਣ ਬਹੁਗਿਣਤੀ ਭਾਈਚਾਰੇ ਦੇ ਸਥਾਨਕ ਲੋਕਾਂ ਦਾ ਗੈਰਕਨੂੰਨੀ ਕਬਜਾ ਹੈ। ਘਰੇਲੂ ਖਾਨਾਜੰਗੀ ਦੇ ਦੌਰਾਨ ਇਨਾਂ ਸ਼ਹਿਰਾਂ ਦੇ ਅੰਦਰ, ਸਿੱਖਾਂ ਅਤੇ ਹਿੰਦੂਆਂ ਦੇ ਘਰਾਂ 'ਤੇ ਜਬਰਦਸਤੀ ਕਬਜਾ ਕਰ ਲਿਆ ਗਿਆ ਸੀ। 2018 ਵਿੱਚ, ਜਲਾਲਾਬਾਦ ਵਿੱਚ ਇੱਕ ਆਤਮਘਾਤੀ ਬੰਬ ਹਮਲੇ ਵਿੱਚ ਘੱਟੋ-ਘੱਟ 19 ਸਿੱਖ ਮਾਰੇ ਗਏ ਸਨ ਅਤੇ ਮਾਰਚ 2020 ਵਿੱਚ ਗੁਰਦੁਆਰਾ ਗੁਰੂ ਹਰਿ ਰਾਏ ਸਾਹਿਬ ਉੱਤੇ ਹੋਏ ਹਮਲੇ ਵਿੱਚ 25 ਸਿੱਖ ਮਾਰੇ ਗਏ ਸਨ। ਉਦੋਂ ਤੋਂ, ਅਫਗਾਨ ਸਿੱਖਾਂ ਦੇ ਪਰਵਾਸ ਵਿੱਚ ਭਾਰੀ ਵਾਧਾ ਹੋਇਆ ਹੈ।

'ਇੰਡੀਆ ਟੂਡੇ' ਵਿੱਚ ਛਪੀ ਇਕ ਲਿਖਤ ਅਨੁਸਾਰ ਤਕਰੀਬਨ 15,000 ਅਫਗਾਨ ਸਿੱਖ ਅਫ਼ਗਾਨਿਸਤਾਨ ਵਿੱਚ ਧਾਰਮਿਕ ਅਤਿਆਚਾਰਾਂ ਕਾਰਨ ਦਿੱਲੀ ਵਿੱਚ ਰਹਿੰਦੇ ਹਨ। ਉਨਾਂ ਦੀ ਆਮਦ ਦਹਾਕਿਆਂ ਪਹਿਲਾਂ ਸ਼ੁਰੂ ਹੋਈ ਸੀ ਅਤੇ ਅੱਜ ਵੀ ਜਾਰੀ ਹੈ।

ਸਿੱਖਾਂ ਅਤੇ ਹਿੰਦੂਆਂ ਨੂੰ ਅਫ਼ਗਾਨਿਸਤਾਨ ਵਿੱਚੋਂ ਸੁਰੱਖਿਅਤ ਬਾਹਰ ਕੱਢਣ ਦੇ ਮਸਲੇ ਉੱਤੇ ਇੰਡੀਆ ਨੇ ਸਿਆਸੀ ਤੌਰ 'ਤੇ ਕਾਫੀ ਲਾਹਾ ਲਿਆ ਹੈ। ਇੰਡੀਆ ਨੇ ਇਸ ਮੌਕੇ ਦਾ ਰੱਜ ਕੇ ਇਸਤੇਮਾਲ ਕਰਦਿਆਂ ਆਪਣੇ ਸੀ.ਏ.ਏ ਵਰਗੇ ਵਿਵਾਦਤ ਫੈਸਲਿਆਂ ਨੂੰ ਸਹੀ ਸਿੱਧ ਕਰਨ ਦਾ ਪੂਰਾ ਜ਼ੋਰ ਲਗਾਇਆ ਹੋਇਆ ਹੈ ਜਿਸ ਵਿੱਚ ਕਾਫੀ ਹੱਦ ਤੱਕ ਉਹ ਕਾਮਯਾਬ ਵੀ ਰਿਹਾ ਹੈ ਪਰ ਹਕੀਕਤ ਇਹ ਹੈ ਕਿ ਲੋਕ ਅਫ਼ਗਾਨਿਸਤਾਨ ਤੋਂ ਇੰਡੀਆ ਆਉਣ ਦੀ ਬਜਾਏ ਹੋਰਨਾਂ ਮੁਲਕਾਂ ਵਿੱਚ ਜਾਣਾ ਬਿਹਤਰ ਸਮਝਦੇ ਹਨ। 'ਦ ਟਾਈਮਜ਼ ਆਫ ਇੰਡੀਆ' ਦੀ ਇਕ ਖਬਰ ਮੁਤਾਬਿਕ ਇੱਕ ਅਫਗਾਨ ਸਿੱਖ ਨੇ ਕਿਹਾ ਕਿ ਜਦੋਂ ਅਸੀਂ ਜਹਾਜ਼ ਚੜਨ ਤੋਂ ਪਹਿਲਾਂ ਰਸਮੀ ਕਾਰਵਾਈਆਂ ਨੂੰ ਪੂਰਾ ਕਰਨ ਲਈ ਕਾਬੁਲ ਹਵਾਈ ਅੱਡੇ 'ਤੇ ਭਾਰਤੀ ਕਾਊਂਟਰ 'ਤੇ ਗਏ, ਤਾਂ ਸਾਨੂੰ ਕੁਝ ਹੋਰ ਬਚਾਅ ਕਰਮਚਾਰੀਆਂ ਨੇ ਦੱਸਿਆ ਕਿ ਕੈਨੇਡਾ ਸਾਨੂੰ ਲੈ ਕੇ ਜਾਣ ਲਈ ਤਿਆਰ ਹੈ ਪਰ ਜਦੋਂ ਅਸੀਂ ਕੈਨੇਡਾ ਵਾਲੇ ਕਾਊਂਟਰ ਵੱਲ ਗਏ ਤਾਂ ਇੰਡੀਆ ਵਾਲਿਆਂ ਨੇ ਸਾਨੂੰ ਚੇਤਾਵਨੀ ਦਿੱਤੀ ਕਿ ਇਹ ਕਾਬੁਲ ਤੋਂ ਆਖਰੀ ਨਿਕਾਸੀ ਉਡਾਣ ਸੀ ਅਤੇ ਤੁਹਾਡੇ ਵੀਜੇ ਰੱਦ ਕੀਤੇ ਜਾ ਸਕਦੇ ਹਨ। ਉਨਾਂ ਨੇ ਸਾਨੂੰ ਬਹੁਤ ਉਲਝਾਇਆ।' ਖਬਰ ਵਿੱਚ ਅੱਗੇ ਲਿਖਿਆ ਹੈ ਕਿ ਇੱਕ ਵਿਕਲਪ ਦੇ ਮੱਦੇਨਜ਼ਰ, ਲੋਕ ਇੰਡੀਆ ਦੀ ਬਜਾਏ ਕੈਨੇਡਾ ਜਾਂ ਅਮਰੀਕਾ ਵਿੱਚ ਪਰਵਾਸ ਕਰਨਾ ਪਸੰਦ ਕਰਦੇ ਹਨ।

ਸਿੱਖਾਂ ਅਤੇ ਹਿੰਦੂਆਂ ਦੇ ਇਸ ਮਸਲੇ ਵਿੱਚ ਹੋਰਨਾਂ ਮੁਲਕਾਂ ਵਿੱਚ ਰਹਿੰਦੇ ਸਰਬੱਤ ਦੇ ਭਲੇ ਦੇ ਪਾਂਧੀਆਂ ਉੱਤੇ ਖਾਸਕਰ ਸਿੱਖਾਂ ਉੱਤੇ ਇਹ ਨੈਤਿਕ ਜਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਇਸ ਮਸਲੇ ਵਿੱਚ ਆਪਣਾ ਬਣਦਾ ਫਰਜ਼ ਨਿਭਾਉਣ। ਚੋਣਾਂ ਵਿੱਚ ਰੁੱਝੇ ਪੰਜਾਬ ਦੇ ਸਿਆਸਤਦਾਨ ਵੀ ਇਸ ਮਸਲੇ ਵਿੱਚ ਜਵਾਬਦੇਹ ਹੋਣੇ ਚਾਹੀਦੇ ਹਨ ਕਿ ਉਨਾਂ ਨੇ ਬਤੌਰ ਸਿੱਖ ਇਸ ਮਸਲੇ 'ਤੇ ਕੀ ਕੀਤਾ ਹੈ? ਸਿਆਸੀ ਤੌਰ ਉੱਤੇ ਪੰਜਾਬ ਦੇ ਸਿਆਸਤਦਾਨ ਜਾਂ ਪੰਜਾਬ ਦੇ ਸੂਬੇਦਾਰ ਕੋਲ ਜਿੰਨੀ ਕੁ ਤਾਕਤ ਬਚੀ ਹੈ ਉਹ ਮਹਿਜ ਆਪਣੇ ਉੱਪਰ ਵਾਲਿਆਂ ਨੂੰ ਬੇਨਤੀ ਹੀ ਕਰ ਸਕਦੇ ਹਨ। ਇੰਡੀਆ ਤੋਂ ਬਿਨਾਂ ਕੈਨੇਡਾ ਸਮੇਤ ਹੋਰਨਾਂ ਮੁਲਕਾਂ ਵਿੱਚ ਜਿੱਥੇ ਸਿੱਖ ਚੰਗੇ ਅਹੁਦਿਆਂ ਉੱਤੇ ਬੈਠੇ ਹਨ ਅਤੇ ਉੱਥੋਂ ਦੀ ਸਿਆਸਤ ਵਿੱਚ ਚੰਗੀ ਥਾਂ ਰੱਖਦੇ ਹਨ, ਉਹ ਵੀ ਇਸ ਮਸਲੇ ਵਿੱਚ ਅਜੇ ਤੱਕ ਇਹਨਾਂ ਦੁਨਿਆਵੀ ਪ੍ਰਾਪਤੀਆਂ ਦਾ ਕੋਈ ਯੋਗਦਾਨ ਨਹੀਂ ਪਾ ਸਕੇ। ਅਫਗਾਨ ਸਿੱਖਾਂ ਬਾਰੇ ਸਾਡੀ ਅਜ਼ਾਦ ਪਹੁੰਚ ਦੀ ਵੱਡੀ ਘਾਟ ਰਹੀ ਹੈ ਅਤੇ ਨਾਲ ਹੀ ਬਹੁਤ ਉਦਾਸੀ ਭਰਿਆ ਪੱਖ ਇਹ ਰਿਹਾ ਹੈ ਕਿ ਵੱਖ-ਵੱਖ ਮੰਚਾਂ 'ਤੇ ਇਸ ਬਾਰੇ ਹੋਈ ਚਰਚਾ ਵਿੱਚੋਂ ਅਫਗਾਨੀ ਸਿੱਖਾਂ ਦਾ ਦ੍ਰਿਸ਼ਟੀਕੋਣ ਲੱਗਭੱਗ ਗੈਰ-ਹਾਜ਼ਰ ਰਿਹਾ ਹੈ। ਇਹ ਸਾਰਾ ਘਟਨਾਕ੍ਰਮ ਕਾਹਲ, ਤੱਟ-ਫੱਟ ਪ੍ਰਕ੍ਰਿਆ ਦੇਣ ਵਾਲਾ ਹੀ ਰਿਹਾ ਹੈ।

ਇਸ ਅਸਫਲਤਾ ਉੱਤੇ ਇਮਾਨਦਾਰੀ ਨਾਲ ਝਾਤ ਮਾਰਨੀ ਚਾਹੀਦੀ ਹੈ ਅਤੇ ਭਵਿੱਖ ਲਈ ਕੋਈ ਵਿਉਂਤਬੰਦੀ ਬਣਾਉਣੀ ਚਾਹੀਦੀ ਹੈ। ਸਿੱਖਾਂ ਦੀਆਂ ਸਿਰਮੌਰ ਸੰਸਥਾਵਾਂ ਨੂੰ ਵੀ ਅਜਿਹੇ ਮਸਲਿਆਂ ਵਿੱਚ ਅੱਗੇ ਹੋ ਕੇ ਆਪਣੀ ਸ਼ਮੂਲੀਅਤ ਕਰਨੀ ਚਾਹੀਦੀ ਹੈ। ਵੱਖ-ਵੱਖ ਮੁਲਕਾਂ ਵਿੱਚ ਰਹਿੰਦੇ ਸਿੱਖਾਂ ਵਿਚਕਾਰ ਸੰਚਾਰ ਦੇ ਪਾੜੇ ਨੂੰ ਵੀ ਘੱਟ ਕਰਨ ਲਈ ਯਤਨ ਕਰਨੇ ਚਾਹੀਦੇ ਹਨ।

# ਵੰਡ ਦਾ ਦੁਖਾਂਤ ਅਤੇ ਸਿੱਖ ਲੀਡਰਸ਼ਿਪ ਦੀ ਨਾਕਾਮੀ



ਰਣਜੀਤ ਸਿੰਘ ਕੁਕੀ

ਮੌਖਿਕ ਇਤਿਹਾਸ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਵੰਡ ਸਮੇਂ ਹੋਈ ਜਿਆਦਾਤਰ ਹਿੰਸਾ ਉੱਪਰ ਤੋਂ ਹੇਠਾਂ ਤੱਕ ਚੱਲੇ ਰਾਜਨੀਤਿਕ ਸਾਜਿਸ਼ਾਂ ਅਤੇ ਲੁੱਟ-ਖਸੁੱਟ ਕਰਕੇ ਹੋਈ। ਇਸ ਵੰਡ ਕਰਕੇ ਧਰਮ ਦੇ ਅਧਾਰ ਉਤੇ 10-20 ਮਿਲੀਅਨ ਲੋਕ ਉਜੜ ਗਏ ਜਿਸ ਨੇ ਨਵੇਂ ਬਣੇ ਦੇਸ਼ਾਂ ਵਿਚ ਬਹੁਤ ਵੱਡੇ ਰਿਫਊਜੀ ਸੰਕਟ ਨੂੰ ਜਨਮ ਦਿੱਤਾ। ਇਸ ਸਮੇਂ ਦੌਰਾਨ ਵੱਡੇ ਪੱਧਰ ਤੇ ਹਿੰਸਾ ਵਾਪਰੀ ਜਿਸ ਵਿਚ ਵੰਡ ਤੋਂ ਪਹਿਲਾਂ ਅਤੇ ਵੰਡ ਸਮੇਂ ਲਗਭਗ ਦੋ ਮਿਲੀਅਨ ਲੋਕਾਂ ਨੇ ਆਪਣੀਆਂ ਜਾਨਾਂ ਗੁਆਈਆਂ। ਵੰਡ ਸਮੇਂ ਵਾਪਰੀ ਵਿਆਪਕ ਹਿੰਸਾ ਕਰਕੇ ਭਾਰਤ ਅਤੇ ਪਾਕਿਸਤਾਨ ਵਿਚ ਆਪਸੀ ਵਿਰੋਧ ਅਤੇ ਸ਼ੱਕ ਦਾ ਮਾਹੌਲ ਪੈਦਾ ਹੋ ਗਿਆ ਜਿਸ ਨੇ ਅੱਜ ਵੀ ਦੋਹਾਂ ਦੇ ਰਿਸ਼ਤਿਆਂ ਨੂੰ ਪ੍ਰਭਾਵਿਤ ਕੀਤਾ ਹੋਇਆ ਹੈ।ਉੱਤਰੀ ਭਾਰਤ ਅਤੇ ਪਾਕਿਸਤਾਨ ਵਿਚ ਹਿੰਸਾ ਉਸ ਸਮੇਂ ਖਤਮ ਹੋਈ ਜਦੋਂ ਗੋਰਖਾ ਅਤੇ ਮਦਰਾਸ ਰੈਜੀਮੈਂਟ, ਜੋ ਕਿ ਨਸਲੀ ਅਤੇ ਸੱਭਿਆਚਾਰਕ ਪੱਖੋਂ ਬਹੁਤ ਭਿੰਨ ਸਨ, ਨੂੰ ਲਿਆਂਦਾ ਗਿਆ।ਵੰਡ ਸਮੇਂ ਰਾਜਨੀਤਿਕ ਭਾਸ਼ਣਾਂ ਰਾਹੀ ਹਾਸ਼ੀਆਗ੍ਰਸਤ ਤੱਤਾਂ ਨੂੰ ਭੜਕਾਇਆ ਗਿਆ ਜਿਨਾਂ ਦੇ ਅਪਰਾਧੀ ਕਾਰਿਆਂ ਨੇ ਉਨਾਂ ਖੇਤਰਾਂ ਦੇ ਹਰ ਮਨੁੱਖ ਨੂੰ ਪ੍ਰਭਾਵਿਤ ਕੀਤਾ।ਭਾਰਤੀ ਫੌਜੀ ਬਲਾਂ ਵਿਚ ਪੈਦਾ ਹੋਈ ਅਵਿਵਸਥਾ ਅਤੇ ਸੱਤਾ ਵਲੋਂ ਧਾਰਨ ਕੀਤੀ ਚੁੱਪੀ ਨੇ ਇਸ ਕਤਲੋਗਾਰਤ ਨੂੰ ਹੋਰ ਵਧਾਵਾ ਦਿੱਤਾ ਜਿਸ ਨੂੰ ਕਿ ਰੋਕਿਆ ਜਾ ਸਕਦਾ ਸੀ।

ਵੰਡ ਨੂੰ ਅਗਸਤ 1947 ਵਿਚ ਪੰਜਾਬ ਦੀ ਵੰਡ ਰਾਹੀ ਨੇਪਰੇ ਚਾੜਿਆ ਗਿਆ।ਇਸ ਉਸ ਸਮਝੌਤੇ ਦਾ ਹਿੱਸਾ ਸੀ ਜੋ ਕਾਂਗਰਸ, ਮੁਸਲਿਮ ਲੀਗ ਅਤੇ ਪੰਜਾਬ ਦੇ ਸਿੱਖਾਂ ਵਿਚਕਾਰ ਅੰਗਰੇਜ਼ਾਂ ਦੁਆਰਾ ਕਰਵਾਇਆ ਗਿਆ।ਬਿਨਾਂ ਕਿਸੇ ਯੋਜਨਾਬੰਦੀ ਦੇ ਹੋਈ ਵੰਡ ਨੇ ਸੰਚਾਰ ਸਾਧਨਾਂ ਦੀ ਕਮੀ ਕਰਕੇ ਲੋਕਾਂ ਅਤੇ ਰੰਜਿਸ਼ ਦਾ ਭਾਈਚਾਰਿਆਂ ਦੇ ਨੇਤਾਵਾਂ ਵਿਚ ਅਨਿਸ਼ਚਿਤ ਭਵਿੱਖ ਨੂੰ ਲੈ ਕੇ ਡਰ ਪੈਦਾ ਕਰ ਦਿੱਤਾ।ਇਸ ਸਮੇਂ ਅੰਗਰੇਜ਼ਾਂ ਦੀ ਸੱਤਾ ਦੀ ਚਮਕ ਫਿੱਕੀ ਪੈ ਰਹੀ ਸੀ ਅਤੇ ਰਾਜ ਦੀਆਂ ਸੰਸਥਾਵਾਂ ਅਤੇ ਉਨਾਂ ਦੇ ਕੰਮ-ਕਾਰ ਨੂੰ ਲੈ ਕੇ ਬੇਭਰੋਸਗੀ ਵਾਲੀ ਸਥਿਤੀ ਬਣੀ ਹੋਈ ਸੀ। ਇਸ ਨੇ ਅਜਿਹਾ ਰਾਜਨੀਤਿਕ ਅਤੇ ਸਮਾਜਿਕ ਮਾਹੌਲ ਪੈਦਾ ਕਰ ਦਿੱਤਾ ਜਿਸ ਵਿਚ ਲੋਕਾਂ ਵਿਚ ਸ਼ੱਕ, ਡਰ ਅਤੇ ਗੁੱਸੇ ਦੀ ਭਾਵਨਾ ਨੂੰ ਵਧਾਇਆ।ਇਸ ਤਰਾਂ ਦੀ ਸਥਿਤੀ ਵਿਚ ਕਿਰਿਆ ਅਤੇ ਪ੍ਰਤੀਕਿਰਿਆ ਨੇ ਕੁਝ ਅਜਿਹੇ ਕਾਰਿਆਂ ਨੂੰ ਜਨਮ ਦਿੱਤਾ ਜਿਸ ਦਾ ਨਤੀਜਾ ਅੰਤ ਭਾਰਤੀ ਬਰੇ-ਸਗੀਰ ਦੇ ਇਤਿਹਾਸ ਵਿਚ ਸਭ ਤੋਂ ਵੱਡੇ ਦੁਖਾਂਤ ਦੇ ਰੂਪ ਵਿਚ ਨਿਕਲਿਆ।

ਵੰਡ ਸਮੇਂ ਹੋਈ ਕਤਲੋਗਾਰਤ ਸਬੰਧੀ ਨਾ ਤਾਂ ਭਾਰਤ ਅਤੇ ਨਾ ਹੀ ਪਾਕਿਸਤਾਨ ਵਿਚ ਕੋਈ ਅਧਿਕਾਰਕ ਦਸਤਾਵੇਜ਼ ਮਿਲਦੇ ਹਨ। ਮਾਰਚ 1947 ਵਿਚ ਸ਼ੁਰੂ ਹੋਈ ਇਹ ਹਿੰਸਾ 1948 ਤੱਕ ਚੱਲੀ। ਵੱਖ-ਵੱਖ ਸ੍ਰੋਤਾਂ ਦੇ ਅਨੁਸਾਰ ਪੱਛਮੀ ਪੰਜਾਬ ਦੇ ਹਿੰਦੂਆਂ ਅਤੇ ਸਿੱਖਾਂ ਨੂੰ ਮਿਲਾ ਕੇ ਪੂਰਬੀ ਪੰਜਾਬ ਵਿਚ ਇਸ ਤੋਂ ਜਿਆਦਾ ਮੁਸਲਮਾਨ ਮਾਰੇ ਗਏ ਸਨ।ਇਕ ਸਮਝੌਤੇ ਉੱਪਰ ਪਹੁੰਚਣ ਦੇ ਦਬਾਅ ਹੇਠ ਰਾਸ਼ਟਰਵਾਦੀ ਨੇਤਾਵਾਂ ਜਿਵੇਂ ਨਹਿਰੂ ਜਿਸ ਨੇ ਹਿੰਦੂ ਕਾਂਗਰਸ ਦੀ ਖ਼ਾਤਰ ਅਤੇ ਜਿਨਾਹ ਨੇ ਮੁਸਲਿਮ ਲੀਗ ਦੀ ਪ੍ਰਧਾਨਤਾ ਕਰਦੇ ਹੋਏ ਧਰਮ ਦੇ ਅਧਾਰ 'ਤੇ ਦੇਸ਼ ਦੀ ਵੰਡ ਦੇ ਫੈਸਲੇ ਨੂੰ ਮੰਨ ਲਿਆ।ਬਹੁਤ ਸਾਰੇ ਵਿਦਵਾਨ ਮਹਿਜ਼ ਜਿਨਾਹ ਨੂੰ ਹੀ ਇਸ ਲਈ ਜ਼ਿੰਮੇਵਾਰ ਵੀ ਮੰਨਦੇ ਹਨ। ਪਰ ਇਹ ਧਿਆਨ ਦੇਣ ਯੋਗ ਗੱਲ ਹੈ ਕਿ ਅੰਗਰੇਜ਼, ਕਾਂਗਰਸ ਅਤੇ ਹਿੰਦੂ ਮਹਾਂਸਭਾ ਵੀ ਇਸ ਵਿਚ ਬਰਾਬਰ ਦੇ ਜ਼ਿੰਮੇਵਾਰ ਸਨ।1940 ਵਿਆਂ ਤੱਕ ਭਾਰਤ ਦੇ ਮੁਸਲਮਾਨ ਕਦੇ ਵੀ ਵੱਖਰਾ ਰਾਜ ਨਹੀਂ ਸਨ ਚਾਹੁੰਦੇ, ਉਹ ਸੱਤਾ ਵਿਚ ਜਿਆਦਾ ਹਿੱਸੇਦਾਰੀ ਦੀ ਮੰਗ ਕਰਦੇ ਸਨ।ਇਹ ਇਕ ਕਾਰਣ ਸੀ ਕਿ 1946 ਵਿਚ ਉਨਾਂ ਨੇ ਭਾਰੀ ਗਿਣਤੀ ਵਿਚ ਮੁਸਲਿਮ ਲੀਗ ਦੇ ਪੱਖ ਵਿਚ ਵੋਟ ਪਾਈ।

1967 ਤੋਂ ਹੀ ਅਤੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਜਨਤਕ ਸਪੇਸ ਵਿਚ ਮੁਸਲਮਾਨਾਂ ਦੀ ਹਾਸ਼ੀਆਗ੍ਰਸਤ ਸਥਿਤੀ ਹੋਣ ਕਰਕੇ ਮੁਸਲਮਾਨਾਂ ਅਤੇ ਹਿੰਦੂਆਂ ਵਿਚ ਪਾੜ ਪੈਣਾ ਸ਼ੁਰੂ ਹੋ ਗਿਆ।ਬੁੱਧੀਮਾਨ ਵਕੀਲ ਜਿਨਾਹ ਨੇ ਆਪਣਾ ਪੱਖ ਸਮਝਦਾਰੀ ਨਾਲ ਰੱਖਿਆ ਅਤੇ ਉਹ ਭਾਰਤ ਦੇ ਮੁਸਲਮਾਨਾਂ ਨੂੰ ਯਕੀਨ ਦੁਆਉਣ ਵਿਚ ਸਫਲ ਰਿਹਾ ਕਿ ਬਹੁਗਿਣਤੀ ਹਿੰਦੂ ਭਾਰਤ ਵਿਚ ਉਨਾਂ ਦਾ ਭਵਿੱਖ ਜਿਆਦਾ ਸੁਰੱਖਿਅਤ ਨਹੀਂ ਸੀ।ਇਸ ਦੇ ਲਈ ਜਰੂਰੀ ਸੀ ਕਿ ਉਨਾਂ ਦੀ ਅਵਾਜ਼ ਨੂੰ ਸੁਣਿਆ ਜਾਵੇ।ਇਹ ਇਸ ਤਰਾਂ ਦੀ ਮੰਗ ਸੀ ਜੋ ਅਸੁਰੱਖਿਅਤ ਘੱਟ-ਗਿਣਤੀਆਂ ਇਤਿਹਾਸ ਦੇ ਵੱਖ-ਵੱਖ ਦੌਰਾਂ ਵਿਚ ਕਰਦੀਆਂ ਰਹੀਆਂ ਹਨ ਚਾਹੇ ਉਹ ਕੁਰਦ ਹੋਣ, ਜਾਂ ਰੂਸ ਵਿਚ ਚੇਚਨ, ਜਾਂ ਚੀਨ ਵਿਚ ਵੀਗਰ। ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਭਾਰਤ ਵਿਚ ਮਿਜ਼ੋ, ਨਾਗਾ, ਕਸ਼ਮੀਰੀ ਅਤੇ ਸਿੱਖ ਵੀ ਇਸੇ ਕਤਾਰ ਵਿਚ ਆਉਂਦੇ ਹਨ।ਜਦੋਂ ਸਹਿ-ਹੋਂਦ ਬਹੁਤ ਘੁਟਣ ਭਰੀ ਹੋ ਜਾਵੇ ਤਾਂ ਅਲੱਗ ਹੋਣਾ ਜਾਂ ਟੁੱਟਣਾ ਲਾਜ਼ਮੀ ਹੋ ਜਾਂਦਾ ਹੈ।ਇਹ ਹੀ ਯੁਗੋਸਲਾਵੀਆ, ਚੈਕਸਲੋਵਾਕੀਆ, ਸੂਡਾਨ, ਇਥੋਪੀਆ, ਅਤੇ 1990ਵਿਆਂ ਵਿਚ ਵੱਡੇ ਪੱਧਰ ਤੇ ਸੋਵੀਅਤ ਯੂਨੀਅਨ ਦੇ ਸੰਬੰਧ ਵਿਚ ਦੇਖਿਆ ਜਾ ਸਕਦਾ ਹੈ।ਬ੍ਰਿਟਿਸ਼ ਬਸਤੀਵਾਦੀ ਰਾਜ ਦੀ ਵੰਡੋ ਅਤੇ ਰਾਜ ਕਰੋ ਦੀ ਨੀਤੀ ਨੇ ਬਸਤੀਵਾਦੀ ਹਕੂਮਤ ਨੂੰ ਬਣਾਈ ਰੱਖਣ ਲਈ ਲੋਕਾਂ ਵਿਚ ਧਾਰਮਿਕ ਵਿਰੋਧ ਨੂੰ ਭੜਕਾਇਆ ਜੋ ਕਿ 1947 ਵਿਚ ਆਪਣੀ ਚਰਮ ਸੀਮਾ ਤੇ ਪਹੁੰਚ ਗਿਆ।ਭਾਰਤ ਵਿਚ ਸੰਪ੍ਰਦਾਇਕ ਟਕਰਾਅ ਅਤੇ ਮੁਸਲਿਮ ਵੱਖਵਾਦ ਇਸ ਨੀਤੀ ਅਤੇ ਭਾਰਤ ਦੀਆਂ ਸਮਾਜਿਕ ਅਤੇ ਰਾਜਨੀਤਿਕ ਹਾਲਤਾਂ ਕਰਕੇ ਪੈਦਾ ਹੋਏ।

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਸਾਰਿਆਂ ਭਾਈਚਾਰਿਆਂ ਵਿਚੋਂ ਰਾਸ਼ਟਰੀ ਪੱਧਰ ਦਾ ਕੋਈ ਨੇਤਾ ਨਾ ਪੈਦਾ ਕਰ ਸਕੀ ਅਤੇ ਇਹ ਇਤਿਹਾਸ ਦੇ ਅਤਿ-ਨਾਜ਼ੁਕ ਮੌੜ ਤੇ ਇਸ ਲਈ ਤਬਾਹੀ ਦਾ ਸਬੱਬ ਬਣਿਆ।ਪੰਜਾਬ ਦੀ ਲੀਡਰਸ਼ਿਪ ਪੰਜਾਬ ਵਿਚ ਹੀ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਨਾਲ ਹੀ ਸੰਤੁਸ਼ਟ ਸੀ।ਸਿੱਖ ਲੀਡਰਸ਼ਿਪ ਵੀ ਇਸ ਰਵਾਇਤੀ ਕਮਜ਼ੋਰੀ ਦਾ ਸ਼ਿਕਾਰ ਬਣ ਗਈ।ਇਸ ਤੋਂ ਇਲਾਵਾ ਸਿੱਖ ਲੀਡਰਸ਼ਿਪ ਦੇ ਸਾਹਮਣੇ ਯੋਗ ਲੀਡਰਸ਼ਿਪ ਜਿਵੇਂ ਨਹਿਰੂ, ਗਾਂਧੀ ਅਤੇ ਜਿਨਾਹ ਆਦਿ ਸਨ ਜਿਸ ਨੇ ਉਨਾਂ ਨੂੰ ਸਵੈ-ਰੱਖਿਆਤਮਕ ਸਥਿਤੀ ਵਿਚ ਪਾ ਦਿੱਤਾ।ਸਭ ਤੋਂ ਮਹੱਤਵਪੂਰਨ ਸਿੱਖਾਂ ਦੀ ਪ੍ਰਮੁੱਖ ਪਾਰਟੀ ਅਕਾਲੀ ਦਲ ਦੀ ਲੀਡਰਸ਼ਿਪ ਵਿਚ ਲਗਾਤਾਰ ਬਦਲ ਰਹੀ ਰਾਜਨੀਤਿਕ ਸਥਿਤੀ ਨੂੰ ਸਮਝਣ ਅਤੇ ਹੁੰਗਾਰਾ ਦੇਣ ਦੀ ਲਚਕਤਾ ਅਤੇ ਯੋਗਤਾ ਦੀ ਘਾਟ ਸੀ।ਉਨਾਂ ਨੇ ਦੂਜੇ ਭਾਈਚਾਰਿਆਂ ਨਾਲ ਸੰਵਾਦ ਵਿਚੋਂ ਨਿਕਲਣ ਵਾਲੇ ਸੰਭਾਵੀ ਵਿਕਲਪਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ।ਰਾਜਨੀਤੀ ਵਿਚ ਸੰਵਾਦੀ ਤਰਕ ਉਸ ਸਮੇਂ ਦੀ ਲੋੜ ਸੀ, ਪਰ ਉਸ ਸਮੇਂ ਦੀ ਬਿਮਾਰ ਲੀਡਰਸ਼ਿਪ ਬ੍ਰਿਟਿਸ਼ ਸਲਾਹ ਉੱਤੇ ਜਿਆਦਾ ਨਿਰਭਰ ਰਹੀ, ਪਰ ਵਿਵਹਾਰਕ ਰੂਪ ਵਿਚ ਵੱਖਰੇ ਫੈਸਲੇ ਲਏ।ਇਸ ਤਰਾਂ ਦੇ ਨਾਜ਼ੁਕ ਸਮੇਂ ਵਿਚ ਗਲਤ ਫੈਸਲਾ ਲੈਣ ਦਾ ਮਤਲਬ ਸਿੱਖਾਂ ਦੀ ਬਰਬਾਦੀ ਸੀ।

ਇਸ ਤਰਾਂ ਦੀ ਨਾਜ਼ੁਕ ਸਥਿਤੀ ਵਿਚ ਵੀ ਅਕਾਲੀ ਦਲ ਸਿੱਖਾਂ ਦੇ ਭਵਿੱਖ ਨੂੰ ਦਾਅ 'ਤੇ ਲਗਾ ਕੇ ਸਵੈ-ਛਵੀ ਲਈ ਹੀ ਕੰਮ ਕਰਦੀ ਰਹੀ।ਸਿੱਖਾਂ ਵਿਚ ਯੋਗ ਲੀਡਰਸ਼ਿਪ ਦੀ ਕਮੀ ਬਹੁਤ ਵੱਡਾ ਕਾਰਣ ਸੀ ਜਿਸ ਨੇ ਉਨਾਂ ਦੀਆਂ ਮੰਗਾਂ ਮੰਨੇ ਜਾਣ ਦੀ ਸੰਭਾਵਨਾ ਨੂੰ ਗ੍ਰਹਿਣ ਲਗਾ ਦਿੱਤਾ।ਸਿੱਖਾਂ ਕੋਲ ਉੱਚ ਪੱਧਰ ਦਾ ਪੜਿਆ-ਲਿਖਿਆ ਕੋਈ ਨੇਤਾ ਨਹੀਂ ਸੀ ਜੋ ਕਿ ਆਪਣੀ ਪ੍ਰਮੁੱਖਤਾ ਜ਼ਾਹਿਰ ਕਰ ਪਾਉਂਦਾ।ਸਿੱਖਾਂ ਵਿਚ ਲਗਾਤਾਰ ਗੁਣਵੱਤਾ ਵਾਲੀ ਲੀਡਰਸ਼ਿਪ ਦੀ ਘਾਟ ਰਹੀ।ਉਨਾਂ ਨੂੰ ਵਿਵਕੇਹੀਣ ਸਮਝਿਆ ਜਾਂਦਾ ਸੀ, ਪਰ ਉਨਾਂ ਨੇ ਇਸ ਕਮਜ਼ੋਰੀ ਨੂੰ ਦੂਰ ਕਰਨ ਲਈ ਕੁਝ ਨਹੀਂ ਕੀਤਾ।ਅਕਾਲੀ ਰਾਜਨੀਤੀ ਦਾ ਇਕ ਹੋਰ ਕਮਜ਼ੋਰ ਪੱਖ ਸੀ ਗੁਰਦੁਆਰਿਆਂ ਦੇ ਫੰਡ ਉੱਪਰ ਕੰਟਰੋਲ ਕਰਨ ਵੱਲ ਝੁਕਾਅ।ਗੁਰੂਦੁਆਰਿਆਂ ਦੀ ਆਮਦਨੀ, ਜ਼ਮੀਨ ਜਾਂ ਸੰਪੱਤੀ ਉੱਪਰ ਅਧਿਕਾਰ ਦੇ ਲੋਭ ਨੇ ਅਕਾਲੀਆਂ ਦੀ ਸ਼ਕਤੀ ਨੂੰ ਭਾਰੀ ਸੱਟ ਮਾਰੀ। ਉਹ ਗੁਰੁਦੁਆਰਿਆਂ ਦੇ ਫੰਡਾਂ ਉੱਪਰ ਕੰਟਰੋਲ ਕਰਨ ਲਈ ਸਭ ਕੁਝ ਵਾਰਨ ਨੂੰ ਤਿਆਰ ਸਨ।ਇਸ ਤਰਾਂ ਦੀਆਂ ਗਤੀਵਿਧੀਆਂ ਨੇ ਉਨਾਂ ਦੇ ਅੰਦੋਲਨ ਨੂੰ ਨੁਕਸਾਨ ਪਹੁੰਚਾਇਆ।

ਸਿੱਖ ਲੀਡਰਸ਼ਿਪ ਬਹੁਤ ਹੀ ਸਵਾਰਥੀ ਸੀ ਅਤੇ ਸਰਪ੍ਰਸਤੀ ਦੀ ਮੰਗ ਕਰ ਰਹੀ ਸੀ। ਉਨਾਂ ਵਿਚ ਸਿੱਖਾਂ ਲਈ ਨਿਸਵਾਰਥ ਕੰਮ ਕਰਨ ਦੀ ਭਾਵਨਾ ਨਹੀਂ ਸੀ। ਇਸ ਤਰਾਂ ਦੀਆਂ ਸਵਾਰਥੀ ਨੀਤੀਆਂ ਸਿੱਖਾਂ ਦੇ ਭਵਿੱਖ ਲਈ ਚੰਗਾ ਸੰਕੇਤ ਨਹੀਂ ਸਨ। ਅਕਾਲੀਆਂ ਦੇ ਰਾਜਨੀਤੀ ਵਿਚ ਆਪਣੇ ਉਦੇਸ਼ ਨੂੰ ਲੈ ਕੇ ਸੰਜੀਦਗੀ ਮੌਜੂਦ ਨਹੀਂ ਸੀ। ਉਨਾਂ ਨੇ ਆਪਣੇ ਆਪ ਨੂੰ ਰਾਸ਼ਟਰਵਾਦੀਆਂ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਿਸ ਨੇ ਉਨਾਂ ਵਿਚ ਉਲਝਣ ਨੂੰ ਵਧਾਇਆ ਕਿਉਂਕਿ ਉਨਾਂ ਦਾ ਅਸਲ ਵਿਚ ਏਜੰਡਾ ਸੰਪ੍ਰਦਾਇਕ ਸੀ।ਸਿੱਖ ਲੀਡਰਸ਼ਿਪ ਅਤੇ ਖਾਸ ਕਰਕੇ ਅਕਾਲੀਆਂ ਵਿਚ ਖੇਤਰੀ ਅਤੇ ਰਾਸ਼ਟਰੀ ਰਾਜਨੀਤੀ ਨੂੰ ਲੈ ਕੇ ਕੋਈ ਸਪੱਸ਼ਟਤਾ ਨਹੀਂ ਸੀ। ਉਨਾਂ ਦਾ ਜਿਆਦਾ ਝੁਕਾਅ ਰਾਸ਼ਟਰਵਾਦੀ ਸੀ, ਪਰ ਨਾਲ ਹੀ ਸਿੱਖਾਂ ਦੇ ਹਿੱਤਾਂ ਦੀ ਰਾਖੀ ਕਰਨ ਦੀ ਬੇਚੈਨੀ ਵੀ ਸੀ।ਸਿੱਖਾਂ ਅਤੇ ਉਨਾਂ ਦੀਆਂ ਰਾਜਨੀਤਿਕ ਮੰਗਾਂ ਲਈ ਰਾਸ਼ਟਰਵਾਦ ਮਾਫ਼ਿਕ ਨਹੀਂ ਸੀ ਕਿਉਂਕਿ ਉਨਾਂ ਦਾ ਸੰਘਰਸ਼ ਸੰਪ੍ਰਦਾਇਕ ਸੀ।ਸਿੱਖ ਧਰਮ ਨੇ ਹਿੰਦੂਵਾਦ ਵਿਚੋਂ ਬਹੁਤ ਸਾਰੇ ਅਨੁਯਾਈਆਂ ਨੂੰ ਆਕਰਿਸ਼ਤ ਕੀਤਾ।ਇਸ ਤਰਾਂ ਦੇ ਸੰਪਰਕ ਦਾ ਪ੍ਰਭਾਵ ਬਣਿਆ ਰਿਹਾ ਜਿਸ ਨੇ ਸਿੱਖਾਂ ਦੇ ਰਾਜਨੀਤਿਕ ਆਦਰਸ਼ਵਾਦ ਨੂੰ ਪ੍ਰਭਾਵਿਤ ਕੀਤਾ। ਕਾਂਗਰਸ ਨੇ ਬਹੁਤ ਸਾਰੇ ਮੁੱਦਿਆਂ ਉੱਪਰ ਲਗਾਤਾਰ ਸਿੱਖਾਂ ਨਾਲ ਧੋਖਾ ਕੀਤਾ, ਪਰ ਸਿੱਖ ਲੀਡਰਸ਼ਿਪ ਨੇ ਹਿੰਦੂਆਂ ਦੇ ਪ੍ਰਭਾਵ ਤੋਂ ਛੁਟਕਾਰਾ ਪਾਉਣ ਲਈ ਕੋਈ ਕਦਮ ਨਹੀਂ ਉਠਾਇਆ। ਕਾਂਗਰਸ ਨਾਲ ਖੁੱਲਮ-ਖੁਲਾ ਸਾਥ ਹੋਣ ਦੇ ਬਾਵਜੂਦ ਮਹੱਤਵਪੂਰਨ ਫੈਸਲਿਆਂ ਸਮੇਂ ਕਦੇ ਵੀ ਸਿੱਖ ਲੀਡਰਸ਼ਿਪ ਦੀ ਸਲਾਹ ਨਹੀਂ ਲਈ ਗਈ। ਇਸ ਦੇ ਬਾਵਜੂਦ ਵੀ ਅਕਾਲੀ ਅਤੇ ਸਿੱਖ ਲੀਡਰਸ਼ਿਪ ਸਿੱਖਾਂ ਨੂੰ ਕਾਂਗਰਸ ਪਾਰਟੀ ਦਾ ਹਿੱਸਾ ਬਣਨ ਲਈ ਪ੍ਰੇਰਦੀ ਰਹੀ।ਹਰ ਮਹੱਤਵਪੂਰਨ ਮੌਕੇ ਸਮੇਂ ਕਾਂਗਰਸ ਨੇ ਸਿੱਖ ਲੀਡਰਸ਼ਿਪ ਨੂੰ ਨਜ਼ਰਅੰਦਾਜ਼ ਕੀਤਾ ਪਰ ਅਕਾਲੀਆਂ ਨੇ ਰਾਜਨੀਤੀ ਵਿਚ ਖ਼ੁਦਮੁਖਤਿਆਰ ਹੋਣ ਦਾ ਹੌਂਸਲਾ ਕਦੇ ਨਾ ਕੀਤਾ। ਕਾਂਗਰਸ ਦੇ ਪ੍ਰਭਾਵ ਦੀ ਪ੍ਰਵਾਨਗੀ ਸਿੱਖਾਂ ਦੇ ਭਵਿੱਖ ਲਈ ਹਾਨੀਕਾਰਕ ਸਾਬਿਤ ਹੋਈ।

ਸਿੱਖਾਂ ਦਾ ਜਨਸੰਖਿਅਕ ਢਾਂਚਾ ਇਸ ਤਰਾਂ ਦੀ ਨਾਜ਼ੁਕ ਤਰੁੱਟੀ ਸੀ ਜਿਸ ਨੂੰ ਸਿੱਖ ਲੀਡਰ ਢੰਗ ਨਾਲ ਸੰਬੋਧਿਤ ਨਾ ਹੋ ਸਕੇ।ਤਿੰਨ ਸਿੱਖ ਲੀਡਰ ਜੋ ਕਿ ਬਹੁਤ ਹੀ ਮਹੱਤਵਪੂਰਨ ਸਨ ਅਤੇ ਜਿਨਾਂ ਨੇ ਉਸ ਸਮੇਂ ਦੀਆਂ ਗਤੀਵਿਧੀਆਂ ਨੂੰ ਪ੍ਰਭਾਵਿਤ ਕੀਤਾ, ਉਹ ਸਨ: ਬਲਦੇਵ ਸਿੰਘ ਜੋ ਕਿ ਅੰਤਰਿਮ ਸਰਕਾਰ ਦਾ ਮੰਤਰੀ ਹੋਣ ਨਾਤੇ ਲਗਾਤਾਰ ਵਾਇਸਰਾਇ ਨਾਲ ਸੰਪਰਕ ਵਿਚ ਰਹਿੰਦਾ ਸੀ।ਉਸ ਦੀ ਵਿਲੱਖਣ ਵਿਸ਼ੇਸ਼ਤਾ ਸੀ ਕਿ ਉਹ ਕੱਟੜ ਮੁਸਲਿਮ ਵਿਰੋਧੀ ਸੀ।ਦੂਜਾ ਪ੍ਰਮੁੱਖ ਨੇਤਾ ਸੀ ਮਾਸਟਰ ਤਾਰਾ ਸਿੰਘ ਜੋ ਕਿ ਬਹੁਤ ਜਜ਼ਬਾਤੀ ਸੀ ਅਤੇ ਤੀਜਾ ਨੇਤਾ ਗਿਆਨੀ ਕਰਤਾਰ ਸਿੰਘ ਅਕਾਲੀ

ਬਾਕੀ ਸਫ਼ਾ 30 'ਤੇ

# ਭਾਰਤੀ ਖ਼ਬਰ ਚੈਨਲਾਂ ਦੀ ਭਰੋਸੇਯੋਗਤਾ ਗੁਆਚੀ

## ਪ੍ਰੋਫੈਸਰ ਕੁਲਬੀਰ ਸਿੰਘ

ਵਿਰੋਧੀ ਧਿਰ ਦੇ ਵੱਡੇ ਨੇਤਾ ਦੀ ਪ੍ਰੈੱਸ ਕਾਨਫਰੰਸ ਚੱਲ ਰਹੀ ਸੀ। ਸਰਕਾਰ ਦਾ ਇਕ ਵੱਡਾ ਨੇਤਾ ਚੋਣਵੇਂ ਸੰਪਾਦਕਾਂ, ਡਾਇਰੈਕਟਰਾਂ ਨੂੰ ਫੋਨ ਕਰ ਰਿਹਾ ਸੀ। ਕਹਿ ਰਿਹਾ ਸੀ ਪ੍ਰੈੱਸ ਕਾਨਫਰੰਸ ਕਵਰ ਨਾ ਕੀਤੀ ਜਾਵੇ। ਉਨਾਂ ਅਖ਼ਬਾਰਾਂ ਅਤੇ ਚੈਨਲਾਂ ਨੇ ਪ੍ਰੈੱਸ ਕਾਨਫਰੰਸ ਕਵਰ ਕੀਤੀ ਜਾਂ ਨਹੀਂ ਇਹ ਵੱਖਰਾ ਮਸਲਾ ਹੈ, ਪ੍ਰੰਤੂ ਸਰਕਾਰ ਦੇ ਮੀਡੀਆ ਅਤੇ ਵਿਰੋਧੀ ਧਿਰ ਪ੍ਰਤੀ ਨਜ਼ਰੀਏ ਦਾ ਭਲੀਭਾਂਤ ਪਤਾ ਚੱਲ ਜਾਂਦਾ ਹੈ। ਇਹ ਜ਼ਿਕਰ ਸ੍ਰੀ ਵਿਨੋਦ ਕੇ. ਜੋਸ਼ ਨੇ ਆਪਣੇ ਇਕ ਭਾਸ਼ਨ ਦੌਰਾਨ ਕੁਝ ਮਹੀਨੇ ਪਹਿਲਾਂ ਕੀਤਾ, ਜਿਸ ਦਾ ਵੇਰਵਾ ਵਿਸਥਾਰ ਸਹਿਤ ਕਈ ਅਖ਼ਬਾਰਾਂ ਵਿਚ ਵੀ ਪ੍ਰਕਾਸ਼ਿਤ ਹੋਇਆ। ਦੇਸ਼ ਦੇ ਅਜਿਹੇ ਮਾਹੌਲ ਕਾਰਨ ਦਿਨੋ-ਦਿਨ ਮੀਡੀਆ ਦੀ ਕਾਰਗੁਜ਼ਾਰੀ ਵਿਚ ਜਿਹੜੇ ਬਦਲਾਅ ਵਾਪਰ ਰਹੇ ਹਨ, ਉਸ 'ਤੇ ਵੀ ਬੇਬਾਕੀ ਨਾਲ ਰੌਸ਼ਨੀ ਪਾਈ ਗਈ। ਅੱਜ ਮੁੱਖ ਧਾਰਾ ਮੀਡੀਆ ਇਕਮੱਤ, ਇਕਸੁਰ ਨਹੀਂ ਹੈ। ਜੇ ਕੋਈ ਮੀਡੀਆ ਅਦਾਰਾ ਕੋਈ ਵੱਡਾ ਮੁੱਦਾ ਮਸਲਾ ਉਠਾਉਂਦਾ ਹੈ ਤਾਂ ਬਾਕੀ ਮੀਡੀਆ ਉਸ ਨੂੰ ਅੱਗੇ ਨਹੀਂ ਤੋਰਦਾ। ਵੱਡੀਆਂ ਅਹੁਰਾਂ, ਅਣਗਹਿਲੀਆਂ, ਅਸਫਲਤਾਵਾਂ ਪ੍ਰਤੀ ਖਾਮੋਸ਼ ਰਹਿੰਦਾ ਹੈ। ਹੁਣ ਭਾਰਤੀ ਮੀਡੀਆ ਦਾ ਇਕ ਵੱਡਾ ਹਿੱਸਾ ਜਾਬਰ, ਭ੍ਰਿਸ਼ਟ ਨੇਤਾਵਾਂ ਅਤੇ ਬੋਦੇ ਹੋ ਗਏ ਸਿਸਟਮ ਨਾਲ ਘੱਟ ਹੀ ਮੱਥਾ ਲਾਉਂਦਾ ਹੈ। ਪ੍ਰੈੱਸ ਦੀ ਅਜ਼ਾਦੀ ਵੀ ਅਜਿਹੀ ਪ੍ਰੈੱਸ ਲਈ ਹੁਣ ਕੋਈ ਮੁੱਦਾ ਨਹੀਂ ਰਹੀ। ਇਸੇ ਲਈ ਨੇਤਾਵਾਂ ਨੂੰ, ਸਰਕਾਰਾਂ ਨੂੰ ਵਿਸ਼ਵਾਸ ਹੋ ਗਿਆ ਹੈ ਕਿ ਉਹ ਰਵਾਇਤੀ ਮੀਡੀਆ ਨੂੰ ਕੰਟਰੋਲ ਕਰ ਲੈਣਗੇ। ਸਰਕਾਰ ਦੀ, ਨੇਤਾਵਾਂ ਦੀ ਜਵਾਬਦੇਹੀ ਤੋਂ ਮੀਡੀਆ ਕਤਰਾਉਣ ਲੱਗਾ ਹੈ ਪਰ ਕੁਝ ਮੀਡੀਆ ਅਦਾਰੇ ਆਪਣੀ ਜ਼ਿੰਮੇਵਾਰੀ ਅਜੇ ਵੀ ਨਿਭਾਅ ਰਹੇ ਹਨ, ਭਾਵੇਂ ਉਨਾਂ ਨੂੰ ਕਈ ਤਰਾਂ



ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਅੱਜ ਕਾਰੋਬਾਰੀਆਂ, ਨੇਤਾਵਾਂ ਦੀ ਵਧੇਰੇ ਮੀਡੀਆ 'ਤੇ ਮਾਲਕੀ ਹੈ ਜੋ ਇਸ ਨੂੰ ਰਾਜਨੀਤੀ ਅਤੇ ਕਾਰੋਬਾਰ ਲਈ ਵਰਤਦੇ ਹਨ। ਨਿਊਜ਼ ਰੂਮ ਬਿਮਾਰ ਹੋ ਗਏ ਹਨ। ਆਪਣੇ ਹਿਤਾਂ ਦੇ ਮੱਦੇਨਜ਼ਰ ਕਿਸੇ ਖ਼ਬਰ ਨੂੰ ਘੜਦੇ ਹਨ, ਤੋੜਦੇ-ਮਰੋੜਦੇ ਹਨ, ਰੋਕਦੇ ਹਨ ਜਾਂ ਪ੍ਰਸਾਰਿਤ ਕਰਦੇ ਹਨ। ਕਾਰਪੋਰੇਟ ਘਰਾਣਿਆਂ ਵਲੋਂ ਸੰਚਾਲਿਤ ਮੀਡੀਆ ਮਾਡਲ ਬੁਰੀ ਤਰਾਂ ਫੇਲ ਹੋ ਗਿਆ ਹੈ। ਸਰਕਾਰਾਂ ਸੌਖਿਆਂ ਹੀ ਉਸ ਨੂੰ ਆਪਣੇ ਅਨੁਸਾਰ ਚਲਾ ਲੈਂਦੀਆਂ ਹਨ। ਮੀਡੀਆ, ਕਾਰਪੋਰੇਟ ਘਰਾਣਿਆਂ ਅਤੇ ਸਿਆਸੀ ਤਾਣੇ-ਬਾਣੇ ਦਾ ਮਜ਼ਬੂਤ ਨੈੱਟਵਰਕ ਬਣ ਗਿਆ ਹੈ। ਮੀਡੀਆ ਅਦਾਰੇ ਪੱਤਰਕਾਰੀ ਦੀ ਥਾਂ ਸਿਆਸਤ ਕਰਨ ਲੱਗ ਗਏ ਹਨ।

ਵੱਡਾ ਸਵਾਲ ਇਹ ਪੈਦਾ ਹੋ ਗਿਆ ਹੈ ਕਿ ਭਾਰਤ ਵਿਚ ਮੀਡੀਆ ਨੂੰ ਕੌਣ ਕੰਟਰੋਲ ਕਰ ਰਿਹਾ ਹੈ? ਭਾਰਤੀ ਖ਼ਬਰ ਚੈਨਲਾਂ ਦੇ ਮਾਲਕ ਕੌਣ ਹਨ? ਭਾਰਤ ਵਿਚ ਮੀਡੀਆ ਕਾਰੋਬਾਰ ਕਿਉਂ ਬਣਦਾ ਜਾ ਰਿਹਾ ਹੈ? ਭਾਰਤੀ ਖ਼ਬਰ ਚੈਨਲਾਂ 'ਤੇ ਕਾਰਪੋਰੇਟ ਅਤੇ ਸਿਆਸੀ ਘਰਾਣਿਆਂ ਦਾ ਕਬਜ਼ਾ ਕਿਉਂ ਹੋ ਗਿਆ ਹੈ? ਭਾਰਤ ਵਿਚ ਮੀਡੀਆ ਦੀ ਅਜੋਕੀ ਸਥਿਤੀ ਤਰਸਯੋਗ ਕਿਉਂ ਹੋ ਗਈ ਹੈ? ਇਸ ਸਮੁੱਚੇ ਦ੍ਰਿਸ਼ ਲਈ ਕੌਣ ਜ਼ਿੰਮੇਵਾਰ ਹੈ?

ਬਹੁਤੇ ਖ਼ਬਰ ਚੈਨਲਾਂ ਨੇ ਸਵੈ-ਸੈਂਸਰਸ਼ਿਪ ਲਗਾ ਰੱਖੀ ਹੈ। ਸਰਕਾਰ ਦੇ, ਸਰਕਾਰੀ ਕੰਮਕਾਜ ਦੇ, ਸਰਕਾਰੀ ਨੀਤੀਆਂ ਦੇ ਖਿਲਾਫ਼ ਨਾ ਹੁਣ ਕਹਿਣਾ ਹੈ, ਨਾ ਕੁਝ ਵਿਖਾਉਣਾ ਹੈ। ਜਿਹੜੇ ਕਹਿਣਾ ਚਾਹੁੰਦੇ ਹਨ, ਵਿਖਾਉਣਾ ਚਾਹੁੰਦੇ ਹਨ, ਲਿਖਣਾ ਚਾਹੁੰਦੇ ਹਨ, ਉਨਾਂ ਨੂੰ ਦਬਾਅ ਹੇਠ ਕੰਮ ਕਰਨਾ ਪੈ ਰਿਹਾ ਹੈ। ਭਾਰਤ ਵਿਚ ਮੀਡੀਆ ਦੀ ਇਸ ਸਥਿਤੀ 'ਤੇ ਖੁੱਲ ਬਹਿਸ, ਖੁੱਲੀ ਵਿਚਾਰ-ਚਰਚਾ ਹੋਣੀ ਚਾਹੀਦੀ ਹੈ। ਵੱਡੇ ਚੈਨਲਾਂ ਦੇ ਐਂਕਰ ਬੋਲਦੇ ਹਨ। ਇਕ ਦੂਸਰੇ ਨੂੰ ਗ਼ਲਤ ਸਿੱਧ ਕਰਦੇ ਹਨ। ਸਮੁੱਚੇ ਤੌਰ 'ਤੇ ਮੀਡੀਆ ਦੀ ਕਾਰਗੁਜ਼ਾਰੀ ਸਬੰਧੀ ਵਿਚਾਰ-ਵਟਾਂਦਰਾ ਨਹੀਂ ਕਰਦੇ। ਹਰੇਕ ਚੈਨਲ, ਹਰੇਕ ਐਂਕਰ ਖੁਦ ਨੂੰ ਸਹੀ ਕਰਾਰ ਦੇਣ ਦੀ ਕੋਸ਼ਿਸ਼ ਕਰਦਾ ਹੈ। ਮੀਡੀਆ ਸਰਕਾਰ ਪੱਖੀ ਅਤੇ ਸਰਕਾਰੀ ਵਿਰੋਧੀ ਧੜਿਆਂ ਵਿਚ ਵੰਡਿਆ ਗਿਆ ਹੈ। ਸਰਕਾਰ ਦੀ ਸਹੀ ਗੱਲ ਨੂੰ ਸਹੀ ਅਤੇ ਗ਼ਲਤ ਨੂੰ ਗ਼ਲਤ ਕਹਿਣਾ ਬੀਤੇ ਦੀ ਗੱਲ ਹੋ ਗਈ ਹੈ। ਸਰਕਾਰ ਪੱਖੀ ਮੀਡੀਆ ਹਮੇਸ਼ਾ ਮੁਲਕ ਦੇ ਵੱਡੇ ਬੁਨਿਆਦੀ ਮਸਲਿਆਂ ਤੋਂ ਧਿਆਨ ਲਾਂਭੇ ਕਰਨ ਵਿਚ ਲੱਗਾ ਰਹਿੰਦਾ ਹੈ। ਪ੍ਰਾਈਮ ਟਾਈਮ 'ਤੇ ਅਕਸਰ ਪਾਕਿਸਤਾਨ-ਚੀਨ ਨੂੰ ਲੈ ਕੇ ਕਹਾਣੀ ਸ਼ੁਰੂ ਕਰ ਲੈਂਦੇ ਹਨ ਜਾਂ ਹਿੰਦੂ-ਮੁਸਲਮਾਨ ਖੇਡ ਖੇਡਣ ਲਗਦੇ ਹਨ।

ਵਿਰੋਧੀ ਧਿਰ ਦੇ ਨੇਤਾਵਾਂ ਨੂੰ ਨਾਮਾਤਰ ਕਵਰੇਜ ਦਿੱਤੀ ਜਾਂਦੀ ਹੈ, ਦੂਸਰੇ ਪਾਸੇ ਜਦ ਪ੍ਰਧਾਨ ਮੰਤਰੀ ਕਿਸੇ ਸਥਾਨ, ਕਿਸੇ ਸ਼ਹਿਰ ਗਏ ਹੁੰਦੇ ਹਨ ਤਾਂ ਇਨਾਂ ਚੈਨਲਾਂ ਲਈ ਜਿਵੇਂ ਸਾਰਾ ਮੁਲਕ ਰੁਕ ਜਾਂਦਾ ਹੈ। ਕੇਵਲ ਪ੍ਰਧਾਨ ਮੰਤਰੀ ਦੀ ਫੇਰੀ ਨੂੰ ਹੀ 'ਲਾਈਵ' ਵਿਖਾਇਆ ਜਾਂਦਾ ਹੈ। ਅਜਿਹਾ ਕਦੇ-ਕਦਾਈਂ ਨਹੀਂ ਵਾਪਰਦਾ, ਹਰ ਦੂਸਰੇ-ਤੀਸਰੇ ਦਿਨ ਇਹ ਕੁਝ ਹੁੰਦਾ ਹੈ। ਗ਼ੈਰ-ਵਿਹਾਰਕ, ਕੰਮ-ਸੱਭਿਆਚਾਰ ਕਾਰਨ ਭਾਰਤੀ ਖ਼ਬਰ ਚੈਨਲਾਂ ਦੀ ਭਰੋਸੇਯੋਗਤਾ ਗੁਆਚ ਗਈ ਹੈ। ਸੱਚ ਵਿਖਾਉਣ ਵਿਚ, ਉਨਾਂ ਦੀ ਕੋਈ ਦਿਲਚਸਪੀ ਨਹੀਂ ਰਹੀ। ਸਾਰਾ ਦਾਰੋ-ਮਦਾਰ ਸ਼ੇਅਰ ਹੋਲਡਰਾਂ ਦੁਆਲੇ ਕੇਂਦਰਿਤ ਹੋ ਗਿਆ ਹੈ। ਜੋ ਉਹ ਚਾਹੁੰਦੇ ਹਨ, ਉਹੀ ਵਿਖਾਇਆ ਸਮਝਾਇਆ ਜਾਂਦਾ ਹੈ ਸਰਕਾਰ ਵੀ ਕੌਮੀ ਹਿਤਾਂ ਨਾਲੋਂ ਉਨਾਂ ਦੇ ਹਿਤਾਂ ਨੂੰ ਤਰਜੀਹ ਦਿੰਦੀ ਹੈ।

ਇਵੇਂ ਸਿਆਸਤ, ਮੀਡੀਆ ਅਤੇ ਕਾਰਪੋਰੇਟ ਸੈਕਟਰ ਦਾ ਕਿ ਮਜ਼ਬੂਤ ਗੱਠਜੋੜ ਬਣ ਗਿਆ ਹੈ। ਇਸ ਗੱਠਜੋੜ ਨੂੰ ਤੋੜੇ ਬਿਨਾਂ ਸਿਹਤਮੰਦ ਤੇ ਕਦਰਾਂ-ਕੀਮਤਾਂ ਵਾਲੇ ਮੀਡੀਆ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਅਫ਼ਸੋਸ ਕਿ ਇਹ ਗੱਠਜੋੜ ਜਿੰਨਾ ਪੀਡਾ ਹੋ ਚੁੱਕਾ ਹੈ, ਜਿੰਨਾ ਅੱਗੇ ਵਧ ਗਿਆ ਹੈ, ਹੁਣ ਇਸ ਨੂੰ ਤੋੜਨਾ ਸੁਖਾਲਾ ਨਹੀਂ।

---

# ਪਛੜੀਆਂ ਜਾਤੀਆਂ ਦੀਆਂ ਸਮੱਸਿਆਵਾਂ ਵਿਚ ਹੋਰ ਵਾਧਾ ਕਰੇਗਾ ਸੋਧ ਕਾਨੂੰਨ

## ਅਭੈ ਕੁਮਾਰ ਦੂਬੇ

ਇਸ ਸਮੇਂ ਦੋ ਵੱਡੇ ਸਵਾਲ ਸਾਡੀ ਰਾਜਨੀਤੀ ਦੇ ਸਮਾਜਿਕ ਪੱਖ ਨੂੰ ਹਿਲਾ ਰਹੇ ਹਨ। ਪਹਿਲਾ, ਕੀ ਹੋਰ ਪਛੜੇ ਵਰਗ ਦੀਆਂ ਜਾਤੀਆਂ ਦੀ ਸੂਚੀ ਬਣਾਉਣ ਦਾ ਅਧਿਕਾਰ ਰਾਜਾਂ ਨੂੰ ਸੌਂਪਣ ਨਾਲ ਰਾਖਵਾਂਕਰਨ ਦੀ ਨੀਤੀ ਵਿਚ ਆਇਆ ਵਿਗਾੜ ਖ਼ਤਮ ਹੋ ਸਕਦਾ ਹੈ ਜਾਂ ਉਸ ਵਿਚ ਹੋਰ ਵਾਧਾ ਹੋ ਜਾਵੇਗਾ? ਦੂਜਾ, ਕੀ ਜਾਤੀਵਾਰ ਮਰਦਮਸ਼ੁਮਾਰੀ ਠੀਕ ਢੰਗ ਨਾਲ ਕਰਵਾਉਣ ਦੀ ਸਮਰੱਥਾ ਕੇਂਦਰ ਸਰਕਾਰ ਕੋਲ ਹੈ? ਪਿਛਲੇ ਹਫ਼ਤੇ ਇਸੇ ਸੰਦਰਭ ਵਿਚ ਜਾਤੀਵਾਰ ਗਿਣਤੀ ਦੇ ਹੱਕ ਅਤੇ ਵਿਰੋਧ ਵਿਚ ਦਿੱਤੀਆਂ ਜਾ ਰਹੀਆਂ ਦਲੀਲਾਂ ਦੀ ਸਮੀਖਿਆ ਕੀਤੀ ਗਈ ਸੀ। ਇਸ ਵਾਰ ਸਰਕਾਰ ਵਲੋਂ 2011 ਵਿਚ ਕੀਤੀ ਗਈ ਸਮਾਜਿਕ, ਆਰਥਿਕ ਅਤੇ ਜਾਤੀ ਆਧਾਰਿਤ ਮਰਦਮਸ਼ੁਮਾਰੀ ਦੇ ਤਜਰਬਿਆਂ 'ਤੇ ਗ਼ੌਰ ਕੀਤਾ ਜਾ ਸਕਦਾ ਹੈ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ 1901 ਵਿਚ ਜਦੋਂ ਪਹਿਲੀ ਵਾਰ ਮਰਦਮਸ਼ੁਮਾਰੀ ਹੋਈ ਸੀ ਤਾਂ ਉਸ ਵਿਚ ਜਾਤੀਆਂ ਗਿਣੀਆਂ ਗਈਆਂ ਸਨ ਅਤੇ ਉਸ ਸਮੇਂ ਦੇਸ਼ ਵਿਚ ਜਾਤੀਆਂ ਦੀ ਕੁੱਲ ਗਿਣਤੀ 1646 ਨਿਕਲੀ ਸੀ। 1931 ਵਿਚ ਹੋਈ ਮਰਦਮਸ਼ੁਮਾਰੀ ਵਿਚ ਉਨਾਂ ਦੀ ਗਿਣਤੀ ਢਾਈ ਗੁਣਾ ਵਧ ਗਈ, ਭਾਵ ਇਸ ਵਿਚ ਕੁੱਲ 4117 ਜਾਤੀਆਂ ਦਰਜ ਕੀਤੀਆਂ ਗਈਆਂ। ਜ਼ਾਹਰ ਹੈ ਕਿ ਅੰਗਰੇਜ਼ਾਂ ਦੀ ਸਰਕਾਰ ਜਾਤੀਆਂ ਦੀ ਗਿਣਤੀ ਠੀਕ-ਠੀਕ ਗਿਣਨ ਦੀ ਵਿਧੀ ਤਿਆਰ ਨਹੀਂ ਸੀ ਕਰ ਸਕੀ। ਜੇਕਰ 1931 ਤੋਂ ਬਾਅਦ ਫਿਰ ਤੋਂ ਜਾਤੀਆਂ ਗਿਣੀਆਂ ਜਾਂਦੀਆਂ ਤਾਂ ਇਹ ਗਿਣਤੀ ਕੁਝ ਹੋਰ ਨਿਕਲਦੀ। ਇਸ ਤੋਂ ਬਾਅਦ ਸਿੱਧੇ 2011 ਵਿਚ ਆਜ਼ਾਦ ਭਾਰਤ ਦੀ ਸਰਕਾਰ ਨੇ 'ਸੋਸ਼ੀਓ-ਇਕਨਾਮਿਕ ਐਂਡ ਕਾਸਟ ਸੈਂਸਿਜ਼' (ਐਸ.ਈ.ਸੀ.ਸੀ.) ਕਰਨ ਦੀ ਵੱਡੀ ਕੋਸ਼ਿਸ਼ ਕੀਤੀ। ਨਤੀਜਾ ਕੀ ਨਿਕਲਿਆ? ਜਾਤੀਆਂ ਦੀ ਗਿਣਤੀ ਵਿਚ ਇਕ ਹਜ਼ਾਰ ਗੁਣਾ ਵਾਧਾ ਦਰਜ ਹੋਇਆ। ਜਾਤੀਆਂ, ਉਪ-ਜਾਤੀਆਂ, ਵੱਖ-ਵੱਖ ਜਾਤੀਵਾਰ ਉਪਨਾਵਾਂ, ਗੋਤਰਾਂ ਅਤੇ ਟੱਬਰਾਂ ਦੇ ਨਾਵਾਂ ਨੂੰ ਦਰਜ ਕਰਨ ਦੀ ਪ੍ਰਕਿਰਿਆ ਵਿਚ ਇਹ ਨਤੀਜਾ ਨਿਕਲਿਆ। 10 ਸਾਲ ਬੀਤ ਚੁੱਕੇ ਹਨ ਪਰ ਮਰਦਮਸ਼ੁਮਾਰੀ ਦਾ ਜਾਤੀਵਾਰ ਪੱਖ ਅਜੇ ਤੱਕ ਸਰਕਾਰ ਲੋਕਾਂ ਦੇ ਸਾਹਮਣੇ ਪੇਸ਼ ਨਹੀਂ ਕਰ ਸਕੀ।

ਕਾਰਨ ਇਹ ਦੱਸਿਆ ਜਾ ਰਿਹਾ ਹੈ ਕਿ ਜਾਤੀਆਂ ਗਿਣਨ ਵਿਚ ਮਰਦਮਸ਼ੁਮਾਰੀ ਕਰਨ ਵਾਲਿਆਂ ਕੋਲੋਂ ਸਵਾ ਅੱਠ ਕਰੋੜ ਗ਼ਲਤੀਆਂ ਹੋ ਗਈਆਂ। ਇਨਾਂ ਨੂੰ ਠੀਕ ਕਰਨ ਦੀ ਪ੍ਰਕਿਰਿਆ ਚਲਾਈ ਗਈ ਅਤੇ ਹੁਣ ਕਿਹਾ ਜਾ ਰਿਹਾ ਹੈ ਕਿ 10 ਸਾਲਾਂ ਵਿਚ ਪੌਣੇ ਸੱਤ ਕਰੋੜ ਗ਼ਲਤੀਆਂ ਨੂੰ ਦਰੁੱਸਤ ਕਰ ਲਿਆ ਗਿਆ ਹੈ। ਪਰ ਅਜੇ ਵੀ ਕਰੀਬ ਡੇਢ ਕਰੋੜ ਗ਼ਲਤੀਆਂ ਠੀਕ ਹੋਣੀਆਂ ਬਾਕੀ ਹਨ। ਹੁਣ ਸਰਕਾਰ ਵਲੋਂ ਇਹ ਕਿਹਾ ਜਾ ਰਿਹਾ ਹੈ ਕਿ 2011 ਦੀ ਮਰਦਮਸ਼ੁਮਾਰੀ ਗ਼ਲਤੀਆਂ ਨਾਲ ਭਰਪੂਰ ਸੀ ਅਤੇ ਹੁਣ ਉਹ ਬਹੁਤ ਪੁਰਾਣੀ ਹੋ ਚੁੱਕੀ ਹੈ। ਇਸ ਲਈ ਉਸ ਦੇ ਅੰਕੜੇ ਜਾਰੀ ਨਹੀਂ ਕੀਤੇ ਜਾਣਗੇ। ਕੀ ਇਹ ਘਟਨਾਕ੍ਰਮ ਨਹੀਂ ਦੱਸਦਾ ਕਿ ਜਾਤੀਆਂ ਗਿਣਨਾ ਕਿੰਨਾ ਮੁਸ਼ਕਿਲ ਕੰਮ ਹੈ ਅਤੇ ਉਸ ਲਈ ਸਹੀ-ਸਹੀ ਢੰਗ-ਤਰੀਕੇ ਦੀ ਖੋਜ ਨਾ ਤਾਂ ਅੰਗਰੇਜ਼ ਕਰ ਸਕੇ ਸਨ ਅਤੇ ਨਾ ਹੀ ਸਾਡੀ ਸਰਕਾਰ ਕਰ ਸਕੀ ਹੈ। ਇਸ ਲਈ ਸਵਾਲ ਉੱਠਦਾ ਹੈ ਕਿ, ਕੀ ਮਰਦਮਸ਼ੁਮਾਰੀ ਦੇ 10 ਸਾਲ ਪੂਰੇ ਹੋਣ ਤੋਂ



ਬਾਅਦ ਜਦੋਂ ਸਰਕਾਰ ਆਪਣੇ ਵਾਅਦੇ ਮੁਤਾਬਿਕ 'ਸੋਸ਼ੀਓ-ਇਕਨਾਮਿਕ ਐਂਡ ਕਾਸਟ ਸੈਂਸਿਜ਼' ਫਿਰ ਤੋਂ ਕਰੇਗੀ ਤਾਂ ਕੀ ਗਾਰੰਟੀ ਹੈ ਕਿ ਉਸ ਦਾ ਹਸ਼ਰ ਪਹਿਲਾਂ ਵਾਂਗ ਨਹੀਂ ਹੋਏਗਾ? ਜਾਤੀਵਾਰ ਮਰਦਮਸ਼ੁਮਾਰੀ ਦੀਆਂ ਮੁਸ਼ਕਿਲਾਂ ਵਾਲੀਆਂ ਗੱਲਾਂ ਵਿਚੋਂ ਇਕ ਇਹ ਵੀ ਹੈ ਕਿ ਆਜ਼ਾਦੀ ਤੋਂ ਪਹਿਲਾਂ ਕਈ ਕਾਰੀਗਰ ਜਾਤੀਆਂ ਦੂਜੀਆਂ ਜਾਤੀਆਂ ਦੇ ਉਪ-ਨਾਂ ਲਿਖਣ ਲੱਗੀਆਂ ਸਨ। ਸ਼ਰਮਾ ਅਜਿਹਾ ਹੀ ਇਕ ਨਾਂਅ ਹੈ ਜੋ ਕਦੇ ਬ੍ਰਾਹਮਣਾਂ ਦਾ ਮੂਲ ਉਪ-ਨਾਂਅ 'ਸ਼ਰਮਨ' ਤੋਂ ਨਿਕਲਿਆ ਹੈ। ਇਸੇ ਤਰਾਂ ਵਰਮਾ ਉਪ-ਨਾਂ ਹੈ, ਜੋ ਰਾਜਪੂਤਾਂ ਦੇ ਮੂਲ ਉਪ-ਨਾਂ 'ਵਰਮਨ' ਦੀ ਦੇਣ ਹੈ। ਇਸੇ ਤਰਾਂ ਲੋਧੀ ਵਰਗੀ ਓ.ਬੀ.ਸੀ. ਜਾਤੀ ਆਪਣੇ ਨਾਂ ਨਾਲ ਰਾਜਪੂਤ ਉਪ-ਨਾਂ ਲਿਖਦੀ ਹੈ। ਭੂਮੀਹਾਰ ਜਾਤੀਆਂ ਖ਼ੁਦ ਨੂੰ ਦੂਜੀਆਂ ਜਾਤੀਆਂ ਦੀ ਸ਼੍ਰੇਣੀ ਵਿਚ ਮੰਨਦੀਆਂ ਹਨ। ਬੰਗਾਲ ਦੇ ਰਾਜਵੰਸ਼ੀ ਆਦਿਵਾਸੀਆਂ ਨੇ ਖ਼ੁਦ ਨੂੰ ਕਸ਼ੱਤਰੀ ਐਲਾਨ ਰੱਖਿਆ ਹੈ। ਕੁਝ ਜਾਣਕਾਰ ਲੋਕਾਂ ਨੇ ਦੱਸਿਆ ਹੈ ਕਿ ਕਰਨਾਟਕ ਅਤੇ ਤਾਮਿਲਨਾਡੂ ਵਿਚ ਕੁਝ ਬ੍ਰਾਹਮਣ ਜਾਤੀਆਂ ਵੀ ਹੇਰ-ਫੇਰ ਕਰਕੇ ਓ.ਬੀ.ਸੀ. ਰਾਖਵਾਂਕਰਨ ਦੀ ਸੂਚੀ ਵਿਚ ਆ ਗਈਆਂ ਹਨ। ਹੋ ਸਕਦਾ ਹੈ ਕਿ ਬ੍ਰਾਹਮਣ ਉਪ-ਨਾਂ ਵਾਲੀਆਂ ਇਹ ਜਾਤੀਆਂ ਅਸਲ ਵਿਚ ਕਾਰੀਗਰ ਭਾਈਚਾਰਿਆਂ ਵਿਚੋਂ ਨਿਕਲੀਆਂ ਹੋਣ ਅਤੇ ਬਾਅਦ ਵਿਚ ਆਪਣੇ ਸਮਾਜਿਕ ਰੁਤਬੇ ਨੂੰ ਉੱਚਾ ਚੁੱਕਣ ਲਈ ਉਨਾਂ ਨੇ ਬ੍ਰਾਹਮਣ ਉਪ-ਨਾਂਅ ਅਪਣਾ ਲਿਆ ਹੋਵੇ। ਕੁੱਲ ਮਿਲਾ ਕੇ ਜਾਤੀਵਾਰ ਸੰਰਚਨਾ ਏਨੀ ਜਟਿਲ ਹੈ ਕਿ ਉਸ ਨੂੰ ਕਿਸੇ ਮਰਦਮਸ਼ੁਮਾਰੀ ਵਿਚ 'ਜਿਵੇਂ ਹੈ ਤਿਵੇਂ ਹੈ' ਦੀ ਸਥਿਤੀ ਵਿਚ ਦਰਜ ਕੀਤਾ ਜਾਣਾ ਅਸੰਭਵ ਲੱਗ ਰਿਹਾ ਹੈ।

ਹੁਣ ਰਾਖਵਾਂਕਰਨ ਦੇਣ ਲਈ ਪਛੜੀਆਂ ਜਾਤੀਆਂ ਦੀ ਸੂਚੀ ਤਿਆਰ ਕਰਨ ਦਾ ਅਧਿਕਾਰ ਰਾਜਾਂ ਨੂੰ ਸੌਂਪਣ ਬਾਰੇ ਚਰਚਾ ਕਰਦੇ ਹਾਂ। ਸੰਸਦ ਮੈਂਬਰਾਂ ਨੇ ਇਸ ਸਬੰਧ ਵਿਚ ਸੰਵਿਧਾਨ ਵਿਚ ਸੋਧ ਕਰਨ ਲਈ ਹੈਰਾਨੀਜਨਕ ਏਕਤਾ ਦਿਖਾਈ ਪਰ ਅਜਿਹਾ ਕਰਦੇ ਹੋਏ ਉਹ ਮੰਡਲ ਕਮਿਸ਼ਨ ਦੇ ਇਤਿਹਾਸ ਦੇ ਇਕ ਅਹਿਮ ਹਿੱਸੇ ਨੂੰ ਭੁੱਲ ਗਏ। ਜੇਕਰ ਉਹ ਇਸ ਨੂੰ ਨਜ਼ਰ ਵਿਚ ਰੱਖਦੇ ਤਾਂ ਪਛੜੇ ਭਾਈਚਾਰਿਆਂ ਦਰਮਿਆਨ ਉਨਾਂ ਦੇ ਰਾਖਵਾਂਕਰਨ ਦੇ ਪ੍ਰਤੀਸ਼ਤ ਦੀ ਨਿਆਂਪੂਰਨ ਵੰਡ ਯਕੀਨੀ ਬਣਾ ਸਕਦੇ ਸਨ। ਸੰਸਦ ਮੈਂਬਰਾਂ ਨੂੰ ਯਾਦ ਰੱਖਣਾ ਚਾਹੀਦਾ ਸੀ ਕਿ ਕਮਿਸ਼ਨ ਦੀ ਰਿਪੋਰਟ ਸਰਬਸੰਮਤੀ ਵਾਲੀ ਨਹੀਂ ਸੀ। ਉਸ ਵਿਚ ਇਕ ਅਸਹਿਮਤੀ ਦਾ ਸੁਰ ਵੀ ਸੀ। ਇਹ ਸੀ ਕਮਿਸ਼ਨ ਦੇ ਇਕਲੌਤੇ ਦਲਿਤ ਮੈਂਬਰ ਆਰ. ਐਲ. ਨਾਇਕ ਦਾ। ਨਾਇਕ ਨੇ ਬਿੰਦੇਸ਼ਵਰੀ ਪ੍ਰਸਾਦ ਮੰਡਲ ਨੂੰ ਇਕ ਅਹਿਮ ਸੁਝਾਅ ਦਿੱਤਾ ਸੀ ਕਿ ਹੋਰ ਪਛੜੇ ਵਰਗ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਜਾਣਾ ਚਾਹੀਦਾ ਹੈ। ਇਕ ਹਿੱਸਾ ਉਨਾਂ ਜਾਤੀਆਂ ਦਾ ਹੋਵੇ ਜੋ ਭੂ-ਮਾਲਿਕ ਹਨ। ਇਹ ਕਿਸਾਨ ਜਾਤੀਆਂ ਆਰਥਿਕ ਅਤੇ ਸਮਾਜਿਕ ਨਜ਼ਰੀਏ ਤੋਂ ਦੂਜਿਆਂ ਦੀ ਤੁਲਨਾ ਵਿਚ ਮਜ਼ਬੂਤ ਹਨ। ਦੂਜਾ ਹਿੱਸਾ ਉਨਾਂ ਦਾ ਹੋਵੇ, ਜੋ ਕਾਰੀਗਰ ਜਾਤੀਆਂ ਹਨ। ਇਹ ਬਿਲਕੁਲ ਹੀ ਗ਼ਰੀਬ ਭਾਈਚਾਰਾ ਹੈ, ਕੁਝ ਮਾਮਲਿਆਂ ਵਿਚ ਤਾਂ ਉਹ ਦਲਿਤਾਂ ਤੋਂ ਵੀ ਜ਼ਿਆਦਾ ਅਧਿਕਾਰਾਂ ਤੋਂ ਵਾਂਝੇ ਹੁੰਦੇ ਹਨ। ਨਵੀਂ ਬਾਜ਼ਾਰਵਾਦੀ ਅਰਥਵਿਵਸਥਾ ਨੇ ਇਨਾਂ ਭਾਈਚਾਰਿਆਂ ਦੀ ਆਰਥਿਕ ਹਾਲਤ ਹੋਰ ਬਦਤਰ ਕਰ ਦਿੱਤੀ ਹੈ। ਨਾਇਕ ਨੇ ਦੋਵਾਂ ਜਾਤੀ ਸਮੂਹਾਂ ਲਈ ਰਾਖਵਾਂਕਰਨ ਦਾ ਵੱਖ-ਵੱਖ ਸਪੱਸ਼ਟ ਕਾਨੂੰਨ ਬਣਾਉਣ ਦੀ ਅਪੀਲ ਵੀ ਕੀਤੀ ਸੀ। ਪਰ ਮੰਡਲ ਨੇ ਨਾਇਕ ਦੀਆਂ ਗੱਲਾਂ ਨੂੰ ਤਰਜੀਹ ਨਹੀਂ ਦਿੱਤੀ। ਨਤੀਜੇ ਵਜੋਂ ਉਨਾਂ ਨੇ ਰਿਪੋਰਟ 'ਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੀ ਅਸਹਿਮਤੀ ਦੀ ਟਿੱਪਣੀ ਪੇਸ਼ ਕਰ ਦਿੱਤੀ।

ਜੇਕਰ ਨਾਇਕ ਦੀ ਗੱਲ ਮੰਨ ਲਈ ਜਾਂਦੀ ਤਾਂ ਕੀ ਹੁੰਦਾ? ਅੱਜ ਹੋਰ ਪਛੜੇ ਵਰਗਾਂ ਨੂੰ ਮਿਲਣ ਵਾਲੀ ਰਾਖਵਾਂਕਰਨ ਦੀ ਨੀਤੀ ਬਹੁਤ ਵੱਡੀ ਹੱਦ ਤੱਕ ਵਿਵਾਦਾਂ ਤੋਂ ਮੁਕਤ ਹੁੰਦੀ। ਸਮਾਜਿਕ ਨਿਆਂ ਦੀ ਰਾਜਨੀਤੀ ਅੱਜ ਦੇ ਮੁਕਾਬਲੇ ਸਿਹਤਮੰਦ, ਸਮਾਨਤਾਵਾਦੀ ਅਤੇ ਲਾਭਾਂ ਦੀ ਠੀਕ ਵੰਡ ਕਰਨ ਵਾਲੀ ਤਾਂ ਹੁੰਦੀ ਹੀ, ਪਰ ਇਸ ਨਾਲ ਇਨਾਂ ਜਾਤੀਆਂ ਵਿਚ ਕਿਤੇ ਬਿਹਤਰ ਰਾਜਨੀਤਕ ਏਕਤਾ ਦੀ ਜ਼ਮੀਨ ਵੀ ਬਣਦੀ। ਹੋਰ ਪਛੜੇ ਵਰਗਾਂ ਵੱਲ ਜੇਕਰ ਗਿਣਤੀ ਦੇ ਨਜ਼ਰੀਏ ਤੋਂ ਦੇਖੀਏ ਤਾਂ ਸਾਫ਼ ਹੋ ਜਾਂਦਾ ਹੈ ਕਿ ਇਹ ਵਰਗ ਹੋਰਾਂ ਦੀ ਤੁਲਨਾ ਵਿਚ ਖ਼ੁਸ਼ਹਾਲ ਅਤੇ ਬਹੁਤ ਗ਼ਰੀਬ ਜਾਤੀਆਂ ਵਿਚਕਾਰ 50-50 ਫ਼ੀਸਦੀ ਵੰਡਿਆ ਹੋਇਆ ਹੈ। ਕਿਉਂਕਿ ਨਾਇਕ ਦੀ ਗੱਲ ਨਹੀਂ ਮੰਨੀ ਗਈ, ਇਸ ਲਈ ਹੋਇਆ ਇਹ ਕਿ ਰਾਖਵਾਂਕਰਨ ਦੇ ਜ਼ਿਆਦਾਤਰ ਲਾਭ ਬਹੁਗਿਣਤੀ ਵਿਚ ਮਜ਼ਬੂਤ ਅਤੇ ਲਾਮਬੰਦੀ ਵਿਚ ਜ਼ਿਆਦਾ ਸਮਰੱਥ ਜਾਤੀਆਂ ਦੇ ਹੱਥ ਵਿਚ ਸੀਮਤ ਹੁੰਦੇ ਚਲੇ ਗਏ। ਹੌਲੀ-ਹੌਲੀ ਪਛੜੇ ਵਰਗਾਂ ਵਿਚ 'ਉੱਚ ਵਰਗ' ਅਤੇ 'ਹੇਠਲੇ ਵਰਗ' ਵਿਚ ਦੂਰੀ ਵਧਦੀ ਚਲੇ ਗਈ। ਦੇਰ-ਸਵੇਰ ਇਸ ਦੇ ਰਾਜਨੀਤਕ ਨਤੀਜੇ ਨਿਕਲਣੇ ਲਾਜ਼ਮੀ ਸਨ। ਅੱਜ ਸਥਿਤੀ ਇਹ ਹੈ ਕਿ ਅਤਿ ਪਛੜੀਆਂ ਜਾਤੀਆਂ ਨੇ ਵੀ ਆਪਣੀਆਂ ਵੱਖਰੀਆਂ ਪਾਰਟੀਆਂ ਬਣਾ ਲਈਆਂ ਹਨ ਅਤੇ ਉਹ ਪਛੜੀਆਂ ਜਾਤੀਆਂ ਦੇ ਉੱਚ ਵਰਗ ਦੇ ਨੇਤਾਵਾਂ ਨਾਲ ਗੱਠਜੋੜ ਕਰਨ ਤੋਂ ਪਹਿਲਾਂ ਸੌ ਵਾਰ ਸੋਚਦੇ ਹਨ। ਦਰਅਸਲ ਅਤਿ ਪਛੜੇ ਵਰਗਾਂ ਨੂੰ ਰਾਜਨੀਤਕ ਨੁਮਾਇੰਦਗੀ ਦੇਣ ਵਾਲੀਆਂ ਸ਼ਕਤੀਆਂ ਨੂੰ ਉੱਚੀਆਂ ਜਾਤੀਆਂ ਦੀ ਪ੍ਰਧਾਨਤਾ ਵਾਲੀਆਂ ਪਾਰਟੀਆਂ ਨਾਲ ਗੱਠਜੋੜ ਕਰਨ ਵਿਚ ਘੱਟ ਇਤਰਾਜ਼ ਹੁੰਦਾ ਹੈ। ਕਿਉਂਕਿ ਉਨਾਂ ਨੂੰ ਪਤਾ ਹੈ ਕਿ ਉਹ ਉਨਾਂ ਦੇ ਨਾਲ ਕਿਸੇ ਕਿਸਮ ਦੀ ਦੌੜ ਵਿਚ ਨਹੀਂ ਹਨ।

ਅੱਜ ਪਛੜੇ ਵਰਗਾਂ ਦੀ ਰਾਜਨੀਤੀ ਦੇ ਵੰਡੇ ਹੋਣ ਅਤੇ ਅਤਿ ਪਛੜੀਆਂ ਜਾਤੀਆਂ ਦੇ ਅਧਿਕਾਰਾਂ ਤੋਂ ਵਾਂਝਾ ਰਹਿਣ ਦਾ ਇਕ ਵੱਡਾ ਕਾਰਨ ਮੰਡਲ ਵਲੋਂ ਨਾਇਕ ਦੀ ਸਿਫ਼ਾਰਸ਼ ਨਾ ਮੰਨਣਾ ਤਾਂ ਹੈ ਹੀ, ਇਨਾਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਸਮੇਂ ਵਿਸ਼ਵਨਾਥ ਪ੍ਰਤਾਪ ਸਿੰਘ ਵਲੋਂ ਇਸ ਨੂੰ ਨਜ਼ਰਅੰਦਾਜ਼ ਕਰਨ ਦੀ ਵੀ ਇਸ ਵਿਚ ਇਕ ਇਤਿਹਾਸਕ ਭੂਮਿਕਾ ਹੈ। ਇਸ ਸਬੰਧੀ ਸੋਧ ਬਿੱਲ ਪਾਸ ਕਰਨ ਦੀ ਦਿਖਾਈ ਗਈ ਸੰਸਦੀ ਏਕਤਾ ਦਾ ਇਕ ਨਤੀਜਾ ਇਹ ਵੀ ਨਿਕਲ ਸਕਦਾ ਹੈ ਕਿ ਰਾਜਾਂ ਵਲੋਂ ਪਛੜੀਆਂ ਜਾਤੀਆਂ ਦੀ ਸੂਚੀ ਬਣਾਉਣ ਸਮੇਂ ਉਨਾਂ ਵਿਚ ਹੋਰ ਵੀ ਜ਼ਿਆਦਾ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਜਾਤੀਆਂ ਆਪਣੇ ਦਬਦਬੇ ਦੇ ਜ਼ੋਰ 'ਤੇ ਘੁਸਪੈਠ ਕਰ ਲੈਣਗੀਆਂ। ਮਰਾਠਿਆਂ, ਪਟੇਲਾਂ ਅਤੇ ਜਾਟਾਂ ਨੂੰ ਜਿਵੇਂ ਹੀ ਪਛੜੀਆਂ ਜਾਤੀਆਂ ਦੀ ਸੂਚੀ ਵਿਚ ਸ਼ਾਮਿਲ ਕੀਤਾ ਜਾਵੇਗਾ, ਅਤਿ ਪਛੜੀਆਂ ਜਾਤੀਆਂ ਨੂੰ ਹਾਸ਼ੀਏ 'ਤੇ ਅਤੇ ਜ਼ਿਆਦਾ ਸਿਮਟ ਜਾਣਾ ਪਵੇਗਾ।

ਇਕ ਤਰਾਂ ਨਾਲ ਇਹ ਫ਼ੈਸਲਾ ਰਾਖਵਾਂਕਰਨ ਨੀਤੀ ਦੇ ਵਿਗਾੜ ਨੂੰ ਹੋਰ ਵਧਾ ਸਕਦਾ ਹੈ।

# ਤਾਲਿਬਾਨ ਨੂੰ ਨਥ ਪਾਓ ਕਹਿ ਕੇ ਆਪਣੀ ਮੂਰਖਤਾ ਦਾ ਪ੍ਰਗਟਾਵਾ ਨਾ ਕਰੋ

## ਤਾਲਿਬਾਨ ਦੀ ਜਿੱਤ ਜਿਹਾਦ ਦੇ ਤੋਦੇ ਦਾ ਮਹਿਜ ਇਕ ਕਿਣਕਾ ਮਾਤਰ ਹੈ



**ਗੁਰਬਚਨ ਸਿੰਘ ਦੇਸ ਪੰਜਾਬ**

**9815698451**

*ਸਵਾਮੀਨਾਥਨ ਅੰਕਲੇਸਰੀਆ ਅਈਯਰ, (ਧੰਨਵਾਦ ਸਾਹਿਤ, ਟਾਈਮਜ ਆਫ ਇੰਡੀਆ, 22 ਅਗਸਤ 2021)*

ਤਾਲਿਬਾਨ ਸਾਹਮਣੇ ਅਫ਼ਗਾਨਿਸਤਾਨ ਦੇ ਏਨੀ ਤੇਜ਼ੀ ਨਾਲ ਢਹਿ ਜਾਣ ਨੇ ਇਕ-ਦੂਜੇ ਦੇ ਸਿਰ ਦੋਸ਼ ਮੜਣ ਨੂੰ ਤੇਜ਼ ਕਰ ਦਿੱਤਾ ਹੈ। ਜਦੋਂ ਕਿ ਤਾਲਿਬਾਨ ਪਿਛਲੇ ਇਕ ਦਹਾਕੇ ਤੋਂ ਅੱਗੇ ਵਧ ਰਹੇ ਸਨ ਅਤੇ ਅਮਰੀਕਾ ਪਿਛੇ ਹੱਟ ਰਿਹਾ ਸੀ। ਸਿਰਫ ਅੰਤਿਮ ਜਿੱਤ ਦੀ ਚਾਲ ਹੀ ਹੈਰਾਨੀਜਨਕ ਹੈ।

ਤਾਲਿਬਾਨ ਨੂੰ ਭਾਵੇਂ ਪਾਕਿਸਤਾਨ ਦੀ ਹਮਾਇਤ ਹਾਸਲ ਸੀ ਪਰ ਬਿਨਾਂ ਸ਼ੱਕ ਤਾਲਿਬਾਨ ਅਫ਼ਗਾਨਿਸਤਾਨ ਦੀ ਆਪਣੀ ਪੈਦਾਇਸ਼ ਹੈ। ਪਰ ਫਿਰ ਵੀ ਤਾਲਿਬਾਨ ਹਮੇਸ਼ਾ ਆਪਣੇ ਆਪ ਨੂੰ ਆਲਮੀ ਇਸਲਾਮੀ ਉਭਾਰ ਦੇ ਇਕ ਅੰਗ ਵਜੋਂ ਵੇਖਦੇ ਆ ਰਹੇ ਹਨ। ਇਸਲਾਮੀ ਉਭਾਰ ਦੇ ਵਿਚਾਰ ਦੇ ਪ੍ਰਗਟ ਹੋਣ ਦਾ ਸਮਾਂ ਫਿਰ ਆ ਗਿਆ ਹੈ। ਕਿਉਂਕਿ ਦੋਵੇਂ ਕਿਸਮ ਦੀਆਂ ਸਰਕਾਰਾਂ ਜਮਹੂਰੀ ਅਤੇ ਤਾਨਾਸ਼ਾਹ ਕੁਰੱਪਟ, ਵਹਿਸ਼ਤ ਦੀ ਹੱਦ ਤੱਕ ਲੋਕ ਸਰੋਕਾਰਾਂ ਪ੍ਰਤੀ ਉਦਾਸੀਨ ਅਤੇ ਮੁਸਲਿਮ ਜਗਤ ਵਿਚ ਲੋਕਾਂ ਦੀ ਬੇਭਰੋਸਗੀ ਦਾ ਸ਼ਿਕਾਰ ਹਨ। ਇਸੇ ਕਰ ਕੇ ਧਾਰਮਿਕ ਮੂਲਵਾਦ ਦੀ ਸ਼ੁੱਧਤਾ ਅਤੇ ਜਿਹਾਦ ਲਈ ਖਿੱਚ ਬੜੀ ਤੇਜ਼ੀ ਨਾਲ ਵਧੀ ਹੈ ਅਤੇ ਆਲਮੀ ਇਸਲਾਮ ਦੀਆਂ ਇਤਿਹਾਸਕ ਜੜਾਂ ਉਤੇ ਪ੍ਰਫੁਲਤ ਹੋਈ ਹੈ।

ਪੱਛਮ ਦਾ ਪਤਨ ਅਤੇ ਪੱਛਮ ਪ੍ਰਤੀ ਬਣੇ ਭਰਮਾਂ ਦਾ ਟੁੱਟਣਾ ਤੇ ਅਫਰੀਕਾ ਵਿਚ ਇਸਲਾਮੀ ਜਿਹਾਦ ਦਾ ਉਭਾਰ ਅਫ਼ਗਾਨਿਸਤਾਨ ਜਿੰਨਾ ਹੀ ਸਪੱਸ਼ਟ ਹੈ। ਫਰਾਂਸੀਸੀ ਅਤੇ ਯੂਰਪੀਨ ਫੌਜਾਂ ਅਫਰੀਕਾ ਵਿਚ ਜਿਹਾਦੀਆਂ ਨੂੰ ਕੁਚਲਣ ਦੇ ਆਪਣੇ ਦਹਾਕੇ ਭਰ ਦੇ ਯਤਨਾਂ ਵਿਚ ਸਫਲ ਨਹੀਂ ਹੋ ਸਕੀਆਂ। ਫਰਾਂਸ ਦੇ 5100 ਫੌਜੀ ਉਸਦੀਆਂ ਪੰਜ ਪੁਰਾਣੀਆਂ ਬਸਤੀਆਂ ਮਾਲੀ, ਮੌਰੀਤਾਨੀਆ, ਬੁਰਕੀਨਾ ਫਾਸੋ, ਨਿਗਰ ਅਤੇ ਚਾਡ ਵਿਚ ਤਾਇਨਾਤ ਹਨ। ਫਰਾਂਸ ਦਾ ਪ੍ਰਧਾਨ ਮੈਕਰੋਨ ਕਦੇ ਖਤਮ ਨਾ ਹੋਣ ਵਾਲੀ ਇਸ ਜੰਗ ਤੋਂ ਤੰਗ ਆ ਕੇ ਫੌਜੀਆਂ ਦੀ ਘਰ ਵਾਪਸੀ ਦਾ ਵਾਅਦਾ ਕਰ ਚੁੱਕਾ ਹੈ ਅਤੇ ਬਾਕੀ ਯੂਰਪੀਨ ਦੇਸ਼ਾਂ ਅਤੇ ਅਫਰੀਕਨਾਂ ਨੂੰ ਇਨਾਂ ਫੌਜੀਆਂ ਦੀ ਥਾਂ ਭਰਨ ਲਈ ਕਹਿ ਰਿਹਾ ਹੈ।

ਉਸਦੀ ਸਭ ਤੋਂ ਮੰਦੀ ਹਾਲਤ ਮਾਲੀ ਵਿਚ ਹੈ। ਜਿਥੇ ਗਦਾਫੀ ਦੀ ਮੌਤ ਤੋਂ ਬਾਅਦ ਦੇਸ਼ ਵਿਚੋਂ ਕੱਢੇ ਗਏ ਲਿਬੀਅਨ ਜਿਹਾਦੀ ਸਥਾਨਕ ਜਿਹਾਦੀਆਂ ਨਾਲ ਮਿਲ ਗਏ ਹਨ। ਜਿਹਾਦੀਆਂ ਨੇ ਟਿੰਬੁਕਟੂ ਉਤੇ ਕਬਜਾ ਕਰ ਕੇ ਬਹੁਤ ਸਾਰੇ ਪੁਰਾਣੇ ਮਕਬਰੇ ਗੈਰਇਸਲਾਮੀ ਕਹਿ ਕੇ ਢਾਹ ਦਿੱਤੇ। ਫਰਾਂਸੀਸੀ ਫੌਜੀ ਜਿਹਾਦੀਆਂ ਉਤੇ ਕਾਬੂ ਪਾਉਣ ਲਈ ਭੇਜੇ ਗਏ। ਉਨਾਂ ਨੂੰ ਮੁਢ ਵਿਚ ਚੰਗੀ ਸਫਲਤਾ ਮਿਲੀ ਪਰ ਹੁਣੇ ਜਿਹੇ ਮਾਲੀ ਵਿਚ ਹੋਏ ਰਾਜ ਪਲਟੇ ਕਾਰਨ ਫਰਾਂਸ ਨੂੰ ਨਮੋਸ਼ੀ ਹੋਈ ਹੈ ਅਤੇ ਜਿਹਾਦੀ ਆਪਣੀ ਇਖਲਾਕੀ ਜਿੱਤ ਅਤੇ ਦ੍ਰਿੜਤਾ ਉਤੇ ਖੁਸ਼ ਹੋਏ ਹਨ। ਮੰਨਿਆ ਜਾ ਰਿਹਾ ਹੈ ਕਿ ਹੁਣ ਇਕ ਨਵੀਂ ਆਲਮੀ ਟਾਸਕ ਫੋਰਸ ਟਕੂਬਾ ਦੇਸ਼ ਵਿਚ ਸ਼ਾਤੀਂ ਯਕੀਨੀ ਬਣਾਏਗੀ। ਪਰ ਇਸ ਦੀ ਆਸ ਬਹੁਤ ਘੱਟ ਹੈ।

ਨਾਈਜੀਰੀਆ ਵਿਚ ਜਿਹਾਦੀ ਸਭ ਤੋਂ ਤਾਕਤਵਰ ਹਨ। ਜਿੱਥੇ ਅਸਲ ਵਿਚ ਬੋਕੋ ਹਰਮ ਲੱਖਾਂ ਦੀ ਆਬਾਦੀ ਵਾਲੇ ਬਹੁਤ ਵਡੇ ਖੇਤਰ ਵਿਚ ਰਾਜ ਕਰਦਾ ਹੈ। ਇਸਲਾਮੀ ਜਿਹਾਦੀਆਂ ਦੇ ਇਕ ਛੋਟੇ ਜਿਹੇ ਗਰੁੱਪ ਨੇ 1993 ਵਿਚ ਸੋਮਾਲੀਆ ਅੰਦਰ ਅਮਰੀਕਾ ਦੀ ਫੌਜ ਨੂੰ ਹਰਾਇਆ ਸੀ। (ਅਮਰੀਕਾ ਦੀ ਇਸ ਹਾਰ ਉਤੇ 'ਬਲੈਕ ਹਾਕ ਡਾਊਨ' ਫਿਲਮ ਬਣੀ ਸੀ)

ਤਾਲਿਬਾਨ ਕਹਿ ਰਹੇ ਹਨ ਕਿ ਉਹ ਤਾਕਤ ਦੀ ਬਦਲੀ ਸ਼ਾਂਤਮਈ ਢੰਗ ਨਾਲ ਕਰਨਗੇ ਅਤੇ ਆਲਮੀ ਦਹਿਸ਼ਤਗਰਦੀ ਲਈ ਆਪਣੇ ਦੇਸ਼ ਦੀ ਵਰਤੋਂ ਨਹੀਂ ਕਰਨ ਦੇਣਗੇ। ਪਰ ਉਹ ਬੜੇ ਲੰਬੇ ਸਮੇਂ ਤੋਂ ਆਪਣੇ ਗੁਆਂਢੀ ਮੁਲਕਾਂ ਉਜਬੇਕਿਸਤਾਨ, ਕਿਰਗਿਜਸਤਾਨ, ਤਾਜਿਕਸਤਾਨ, ਤੁਰਕਿਮਸਤਾਨ ਅਤੇ ਪਾਕਿਸਤਾਨ ਵਿਚਲੇ ਦਹਿਸ਼ਤਗਰਦਾਂ ਨੂੰ ਪਨਾਹ ਦੇ ਰਹੇ ਹਨ। ਚੀਨ ਆਪਣੇ ਜਿਨਜਿਆਂਗ ਸੂਬੇ ਵਿਚਲੇ ਇਸਲਾਮੀ ਖਾੜਕੂਪੁਣੇ ਤੋਂ ਡਰਿਆ ਹੋਇਆ ਹੈ। ਉਸ ਨੇ 10 ਲੱਖ ਦੇ ਕਰੀਬ ਉਗਰ ਮੁਸਲਮਾਨਾਂ ਨੂੰ 'ਵਿਦਿਆ' ਅਤੇ 'ਕਿਤਾ' ਕੈਂਪਾਂ ਵਿਚ ਬੰਦ ਕੀਤਾ ਹੋਇਆ ਹੈ। ਚੀਨ ਤਾਲਿਬਾਨ ਨਾਲ ਸਮਝੌਤਾ ਕਰ ਕੇ ਖੁਸ਼ ਹੈ (ਬਿਲਕੁਲ ਉਵੇਂ ਹੀ ਜਿਵੇਂ 1990ਵਿਆਂ ਵਿਚ ਅਮਰੀਕਾ ਖੁਸ਼ ਸੀ।) ਬਸ਼ਰਤੇ ਕਿ ਉਹ ਜਿਹਾਦ ਨੂੰ ਬਰਾਮਦ ਨਾ ਕਰੇ। ਪਰ ਇਹ ਇਕ ਮੂਰਖਾਂ ਵਾਲੀ ਆਸ ਹੈ। ਉਹ ਧਾਰਮਿਕ ਤਾਕਤਾਂ ਜਿਹੜੀਆਂ ਆਲਮੀ ਜਿਹਾਦ ਦੇ ਉਭਾਰ ਵਿਚ ਸਹਾਈ ਹੁੰਦੀਆਂ ਹਨ, ਉਹ ਸਾਧਾਰਣ ਰਾਜਦੂਤਕ ਚੈਨਲਾਂ ਰਾਹੀਂ ਕਾਬੂ ਨਹੀਂ ਕੀਤੀਆਂ ਜਾ ਸਕਦੀਆਂ, ਭਾਵੇਂ ਕਿ ਤਾਲਿਬਾਨ ਰਸਮੀ ਤੌਰ ਉਤੇ ਇਸ ਵਿਚਾਰ ਨਾਲ ਸਹਿਮਤ ਵੀ ਹੋ ਜਾਏ। ਤਾਲਿਬਾਨ ਭਾਵੇਂ ਹਾਲ ਦੀ ਘੜੀ ਇਸ ਗੱਲ ਨੂੰ ਠੀਕ ਸਮਝਣ ਕਿ ਅਮਰੀਕਾ ਅਤੇ ਇਥੋਂ ਤੱਕ ਕਿ ਚੀਨ ਵਿਚ ਵੀ ਜਿਹਾਦੀ ਮਾਅਰਕੇਬਾਜੀ ਉਤੇ ਕਾਬੂ ਰਖਿਆ ਜਾਵੇ। ਪਰ ਇਹ ਮੌਕਾਪ੍ਰਸਤੀ ਤੋਂ ਵਧੇਰੇ ਹੋਰ ਕੁਝ ਨਹੀਂ। ਕਿਉਂਕਿ ਤਾਲਿਬਾਨ ਖੁਦ ਆਲਮੀ ਇਸਲਾਮ ਦੇ ਉਭਾਰ ਵਿਚ ਆ ਰਹੇ ਜਵਾਰਭਾਟੇ ਦਾ ਇਕ ਅੰਗ ਹੈ। ਕੋਈ ਵੀ ਉਸਦੇ ਇਸ ਦਾਅਵੇ ਉਤੇ ਯਕੀਨ ਨਹੀਂ ਕਰ ਸਕਦਾ। ਇਹ ਯਕੀਨੀ ਤੌਰ ਉਤੇ ਪਾਕਿਸਤਾਨ ਤੇ ਭਾਰਤ ਸਮੇਤ ਗੁਆਂਢੀ ਮੁਲਕਾਂ ਵਿਚ ਧਾਰਮਿਕ ਮੂਲਵਾਦ ਨੂੰ ਉਭਾਰੇਗਾ।

ਬਹੁਤ ਥੋੜੇ ਭਾਰਤੀ ਸੰਸਾਰ ਭਰ ਵਿਚ ਛਪ ਰਹੇ ਇਸਲਾਮੀ ਸਾਹਿਤ ਨੂੰ ਪੜਦੇ ਹਨ। ਇਹ ਸਾਰਾ ਸਾਹਿਤ ਭਾਰਤ ਨੂੰ ਮੁਸਲਮਾਨਾਂ ਤੇ ਖਾਸ ਕਰ ਕੇ ਕਸ਼ਮੀਰ ਵਿਚਲੇ ਮੁਸਲਮਾਨਾਂ ਉਤੇ ਸਭ ਤੋਂ ਵਧ ਜਬਰ ਕਰਨ ਵਾਲੇ ਦੇਸ਼ ਵਜੋਂ ਪ੍ਰਚਾਰਦਾ ਹੈ। ਤਾਲਿਬਾਨ ਦੀ ਜਿੱਤ ਹਿੰਦੂ ਰਾਸ਼ਟਰਵਾਦੀਆਂ ਵਲੋਂ ਭਾਰਤੀ ਮੁਸਲਮਾਨਾਂ ਨੂੰ ਪ੍ਰੇਸ਼ਾਨ ਕਰਨ ਵਿਰੁਧ ਇਨਸਾਫ ਮੰਗਦੀ ਉਸ ਆਲਮੀ ਇਸਲਾਮੀ ਲਹਿਰ ਨੂੰ ਮਜਬੂਤ ਕਰੇਗੀ। ਇਸ ਗੱਲ ਦਾ ਵੱਡਾ ਖ਼ਤਰਾ ਹੈ ਕਿ ਹਿੰਦੂ ਫਿਰਕਾਪ੍ਰਸਤੀ ਤੇ ਇਸਲਾਮੀ ਮੂਲਵਾਦ ਆਪਸ ਵਿਚ ਟਕਰਾਅ ਜਾਣ ਅਤੇ ਇਕ-ਦੂਜੇ ਨੂੰ ਤਕੜਾ ਕਰਦੇ ਹੋਏ ਸਮਾਜੀ ਇਕਸੁਰਤਾ ਨੂੰ ਭੰਗ ਕਰ ਦੇਣ।

ਜਿਆਦਾਤਰ ਆਲਮੀ ਬਹਿਸਾਂ ਚੀਨ ਅਤੇ ਅਮਰੀਕਾ ਦੀ ਅਗਵਾਈ ਹੇਠਲੇ ਜਮਹੂਰੀ ਸੰਸਾਰ ਵਿਚਕਾਰ ਦੁਸ਼ਮਣੀ ਉਤੇ ਕੇਂਦਰਿਤ ਹਨ। ਪਰ ਕਮਰੇ ਵਿਚ ਲਗਾਤਾਰ ਹੋ ਰਹੇ ਇਸਲਾਮੀ ਉਭਾਰਨੁਮਾ ਹਾਥੀ ਦੀ ਹੋਂਦ ਵੀ ਹੈ। ਇਥੋਂ ਤੱਕ ਕਿ ਇੰਡੋਨੇਸ਼ੀਆ ਜਿਹੜਾ ਕਿਸੇ ਵੇਲੇ ਪੂਰੀ ਤਰਾਂ ਧਰਮ ਨਿਰਪੱਖ ਦੇਸ਼ ਸੀ, ਫਿਰਕੂ ਬਣ ਰਿਹਾ ਹੈ। ਬੰਗਲਾਦੇਸ਼ ਵਿਚ ਮੁਸਲਿਮ ਮੂਲਵਾਦੀ ਤਰਕਸ਼ੀਲਾਂ ਤੇ (ਮੇਰੇ ਵਰਗੇ) ਨਾਸਤਿਕਾਂ ਦੇ ਕਤਲ ਕਰ ਰਹੇ ਨੇ। ਇਕ ਅਰਧ ਜਿਹਾਦੀ ਖਿਤਾ ਸੀਰੀਆ ਦੇ ਇਦਲਿਬ ਖੇਤਰ ਵਿਚ ਮੌਜੂਦ ਹੈ। ਆਈ. ਐਸ. ਆਈ. ਐਸ. ਉਤੇ ਕਾਬੂ ਪਾਇਆ ਜਾ ਸਕਿਆ ਹੈ ਪਰ ਇਹ ਖਤਮ ਨਹੀਂ ਹੋਇਆ।

ਬਹੁਤੇ ਭਾਰਤੀ ਮੌਜਬੀਕ ਤੋਂ ਜਾਣੂ ਨਹੀਂ ਹਨ। ਖਾੜੀ ਦੇਸ਼ਾਂ ਤੋਂ ਬਾਅਦ ਕੁਦਰਤੀ ਗੈਸ ਦਾ ਸਭ ਤੋਂ ਵਡਾ ਭੰਡਾਰ ਇਸ ਦੇਸ਼ ਵਿਚ ਮੌਜੂਦ ਹੈ। ਇਸ ਦੇਸ਼ ਵਿਚ ਕਈ ਭਾਰਤੀ ਕੰਪਨੀਆਂ (ਓ. ਐਨ. ਜੀ. ਸੀ. ਤੇ ਬੀ. ਪੀ. ਸੀ. ਐਲ. ਸਮੇਤ) ਨੇ ਫਰਾਂਸ ਦੀ ਕੰਪਨੀ ਟੋਟਲ ਦੀ ਅਗਵਾਈ ਹੇਠਲੇ ਆਲਮੀ ਕੰਪਨੀਆਂ ਦੇ ਸਮੂਹ ਨਾਲ ਮਿਲ ਕੇ ਤਰਲ ਕੁਦਰਤੀ ਗੈਸ ਦੀ ਇਕ ਬਹੁਤ ਵੱਡੀ ਸਨਅਤ ਕਾਇਮ ਕਰਨ ਦਾ ਯਤਨ ਕੀਤਾ ਹੈ। ਇਸ ਸਨਅਤ ਦਾ ਮੌਜਬੀਕ ਦੀ ਕੁਲ ਜੀ. ਡੀ. ਪੀ. ਵਿਚ ੪੦ ਫੀਸਦੀ ਹਿਸਾ ਹੋਣਾ ਸੀ। ਪਰ ਅਫਸੋਸ, ਇਕ ਨਿੱਕੇ ਜਿਹੇ ਅਣਜਾਣੇ ਇਸਲਾਮੀ ਗਰੁੱਪ ਨੇ ਗੈਸ ਫੀਲਡ ਦੇ ਨੇੜਲੇ ਖੇਤਰ ਪਾਲਮਾ ਉਤੇ ਕਬਜਾ ਕਰ ਲਿਆ ਅਤੇ 2600 ਲੋਕਾਂ ਨੂੰ ਮਾਰ ਕੇ ਉਥੋਂ 7 ਲੱਖ ਲੋਕਾਂ ਨੂੰ ਭਜਾ ਦਿੱਤਾ। ਇਹ ਅਫ਼ਗਾਨਿਸਤਾਨ ਜਿਡੀ ਹੀ ਵੱਡੀ ਹਾਰ ਹੈ। ਪਰ ਇਸ ਦਾ ਜਿਕਰ ਇਸ ਕਰ ਕੇ ਘੱਟ ਹੋਇਆ ਹੈ ਕਿਉਂਕਿ ਇਸ ਵਿਚ ਕੋਈ ਵੱਡੀ (ਸਾਮਰਾਜੀ) ਤਾਕਤ ਸ਼ਾਮਿਲ ਨਹੀਂ ਹੈ। ਟੋਟਲ ਕੰਪਨੀ ਅਤੇ ਉਸ ਦਾ ਸਾਰਾ ਫਰਾਂਸੀਸੀ ਅਮਲਾਫੈਲਾ ਉਥੋਂ ਦੌੜ ਗਿਆ ਹੈ ਅਤੇ ਕੁਝ ਪਤਾ ਨਹੀਂ ਤੇ ਕੋਈ ਨਹੀਂ ਜਾਣਦਾ ਕਿ ਹਾਲਾਤ ਕਦੋਂ ਸੁਧਰਨਗੇ ਅਤੇ ਇਹ ਓਪਰੇਸ਼ਨ ਦੁਬਾਰਾ ਕਦੋਂ ਸ਼ੁਰੂ ਹੋਵੇਗਾ। ਸਾਰੀਆਂ ਪੱਛਮੀ ਤਾਕਤਾਂ ਨਿੱਤ ਲੜੀਆਂ ਜਾ ਰਹੀ ਜੰਗਾਂ ਤੋਂ ਘਬਰਾਈਆਂ ਹੋਈਆਂ ਹਨ।

ਬਹੁਤੇ ਭਾਰਤੀ ਲਿਬਰਲ ਬੁਧੀਜੀਵੀ ਆਲਮੀ ਜਿਹਾਦ ਦੀ ਨਿਖੇਧੀ ਕਰਨ ਤੋਂ ਇਸ ਪੱਖੋਂ ਝਕਦੇ ਹਨ ਕਿਉਂਕਿ ਉਨਾਂ ਨੂੰ (ਸਹੀ) ਡਰ ਹੈ ਕਿ ਇਹ ਭਾਰਤੀ ਜਨਤਾ ਪਾਰਟੀ ਦੇ ਫਿਰਕੂ ਨਫਰਤੀ ਪ੍ਰਚਾਰ ਨੂੰ ਤਕੜਾ ਕਰੇਗਾ। ਕੁਝ ਲਿਬਰਲ ਤਾਲਿਬਾਨ ਨੂੰ ਨੱਥ ਪਾਉਣ ਦੀ ਆਸ ਲਾਈ ਬੈਠੇ ਹਨ। ਪਰ ਇਹ ਇਕ ਭਰਮ ਹੈ। ਆਲਮੀ ਇਸਲਾਮੀ ਉਭਾਰ ਤੇ ਹਿੰਦੂ ਰਾਸ਼ਟਰਵਾਦ ਯਕੀਨੀ ਟਕਰਾਅ ਵਿਚ ਆਉਣਗੇ ਅਤੇ ਦੋਵਾਂ ਪਾਸਿਆਂ ਦੀ ਫਿਰਕਾਪ੍ਰਸਤੀ ਨੂੰ ਤਕੜਾ ਕਰਨਗੇ। ਥੋੜੇ ਸਮੇਂ ਲਈ ਭਾਵੇਂ ਇਸ ਦਾ ਭਾਜਪਾ ਨੂੰ ਫਾਇਦਾ ਹੋਵੇ ਪਰ ਸਮੁੱਚੇ ਸਮਾਜ ਅਤੇ ਅਰਥਚਾਰੇ ਲਈ ਇਹ ਬਹੁਤ ਭਿਆਨਕ ਹੋਵੇਗਾ।

# ਸੌਦਾ ਸਾਧ ਦੀਆਂ ਸਰਕਾਰੀ ਪ੍ਰਬੰਧ ਵਿਚ ਡੂੰਘੀਆਂ ਜੜਾਂ

**ਰਜਿੰਦਰ ਸਿੰਘ ਪੁਰੇਵਾਲ**

ਸੌਦਾ ਸਾਧ ਜੋ ਬਲਤਕਾਰ ਤੇ ਕਤਲ ਦੇ ਦੋਸ਼ਾਂ ਵਿਚ ਫਸਿਆ ਉਮਰ ਕੈਦ ਭੋਗ ਰਿਹਾ ਹੈ, ਉਸਦੀਆਂ ਜੜਾਂ ਹਾਲੇ ਵੀ ਸਰਕਾਰੀ ਪ੍ਰਬੰਧ ਵਿਚ ਡੂੰਘੀਆਂ ਹਨ। ਹੁਣੇ ਜਿਹੇ ਦੋ ਘਟਨਾਵਾਂ ਤੋਂ ਸਿੱਧ ਹੋ ਚੁੱਕਾ ਹੈ ਜਿਵੇਂ ਉਹ ਸਰਕਾਰੀ ਮਹਿਮਾਨ ਹੋਵੇ। ਬਲਾਤਕਾਰ ਅਤੇ ਕਤਲ ਕੇਸ ਵਿੱਚ ਪੰਚਕੂਲਾ ਵਿਖੇ ਜੇਲ ਵਿੱਚ ਬੰਦ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੀਆਂ ਮੁਸ਼ਕਲਾਂ ਹੋਰ ਵਧ ਗਈਆਂ ਹਨ, ਜਦੋਂ ਹਾਈਕੋਰਟ ਨੇ ਰਣਜੀਤ ਸਿੰਘ ਦੇ ਕਤਲ ਮਾਮਲੇ ਵਿੱਚ ਸੀਬੀਆਈ ਦੇ ਫੈਸਲੇ ਉਪਰ ਰੋਕ ਲਗਾਉਣ ਦੇ ਹੁਕਮ ਦਿੱਤੇ ਹਨ। ਡੇਰੇ ਦੇ ਸਾਬਕਾ ਮੈਨੇਜਰ ਰਣਜੀਤ ਸਿੰਘ ਕਤਲ ਕੇਸ ਦੇ ਫੈਸਲੇ ਤੋਂ ਦੋ ਦਿਨ ਪਹਿਲਾਂ ਪੰਜਾਬ-ਹਰਿਆਣਾ ਹਾਈਕੋਰਟ ਨੇ ਸੀਬੀਆਈ ਦੇ ਫੈਸਲੇ 'ਤੇ ਰੋਕ ਲਗਾ ਦਿੱਤੀ ਹੈ। ਇਹ ਹੁਕਮ ਹਾਈਕੋਰਟ ਵੱਲੋਂ ਰਣਜੀਤ ਸਿੰਘ ਦੇ ਬੇਟੇ ਦੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਕੀਤੇ ਹਨ। ਪੰਚਕੂਲਾ ਸੀਬੀਆਈ ਅਦਾਲਤ ਵਿੱਚ ਚੱਲ ਰਹੇ ਮਾਮਲੇ ਵਿੱਚ ਫੈਸਲਾ 27 ਅਗਸਤ ਨੂੰ ਆਉਣਾ ਸੀ। ਪਰ ਰਣਜੀਤ ਸਿੰਘ ਦੇ ਬੇਟੇ ਨੇ ਬੀਤੇ ਸੋਮਵਾਰ ਨੂੰ ਅਦਾਲਤ ਵਿੱਚ ਇੱਕ ਪਟੀਸ਼ਨ ਦਾਇਰ ਕਰਦਿਆਂ ਕਿਹਾ ਕਿ ਉਸਨੂੰ ਸੀਬੀਆਈ ਜੱਜ ਅਤੇ ਵਕੀਲ ਉੱਤੇ ਭਰੋਸਾ ਨਹੀਂ ਹੈ। ਇਸ ਮਾਮਲੇ ਵਿਚ ਰਾਮ ਰਹੀਮ ਅਤੇ ਹੋਰਾਂ ਖਿਲਾਫ ਦੋਸ਼ ਹਨ। ਦਾਖ਼ਲ ਪਟੀਸ਼ਨ ਵਿੱਚ ਰਣਜੀਤ ਸਿੰਘ ਦੇ ਬੇਟੇ ਨੇ ਖਦਸ਼ਾ ਪ੍ਰਗਟ ਕੀਤਾ ਸੀ ਕਿ ਜੱਜ, ਰਾਮ ਰਹੀਮ ਨੂੰ ਰਾਹਤ ਦੇ ਸਕਦੇ ਹਨ। ਇਸ ਲਈ ਜੱਜ ਤੋਂ ਮਾਮਲਾ ਲਓ ਅਤੇ ਕਿਸੇ ਹੋਰ ਨੂੰ ਦੇ ਦਿਓ। ਹਾਈਕੋਰਟ ਨੇ ਸੁਣਵਾਈ ਕਰਦੇ ਹੋਏ ਫੈਸਲੇ 'ਤੇ 27 ਅਗਸਤ ਤੱਕ ਰੋਕ ਲਗਾ ਦਿੱਤੀ ਹੈ, ਅਗਲੀ ਸੁਣਵਾਈ 27 ਅਗਸਤ ਨੂੰ ਹੋਵੇਗੀ। ਇਸ ਤੋਂ ਇਲਾਵਾ ਅਦਾਲਤ ਨੇ ਸੀਬੀਆਈ ਨੂੰ ਨੋਟਿਸ ਜਾਰੀ ਕੀਤਾ। ਸੀਬੀਆਈ ਨੂੰ ਹਲਫ਼ਨਾਮਾ ਦਾਇਰ ਕਰਨ ਦੇ ਆਦੇਸ਼ ਦਿੱਤੇ ਹਨ। ਇਸ ਦਾ ਨਤੀਜਾ ਕੀ ਆਉਂਦਾ ਹੈ ਆਉਣ ਵਾਲਾ ਸਮਾਂ ਦਸੇਗਾ।ਪਰ ਜਿਹੜੇ ਦੋਸ਼ ਸੀਬੀਆਈ ਅਦਾਲਤ ਉਪਰ ਲੱਗੇ ਹਨ, ਉਸ ਤੋਂ ਜਾਹਿਰ ਹੈ ਕਿ ਸੀਬੀਆਈ ਅਦਾਲਤ ਵੀ ਸ਼ੱਕ ਦੇ ਦਾਇਰੇ ਵਿਚ ਹੈ।ਇਹ ਇਨਸਾਫ ਉਪਰ ਵੱਡਾ ਪ੍ਰਸ਼ਨ ਚਿੰਨ ਹੈ।

ਦੂਸਰਾ ਸੌਦਾ ਸਾਧ ਆਪਣੀ ਮਾਇਆ ਤੇ ਸਿਆਸੀ ਪ੍ਰਭਾਵ ਬਦਲਕੇ ਡੇਰਾ ਮੁਖੀ ਪੁਲਿਸ ਅਫਸਰਸ਼ਾਹੀ ਨੂੰ ਭ੍ਰਿਸ਼ਟ ਕਰ ਰਿਹਾ ਹੈ। ਦਿੱਲੀ ਏਮਜ਼ ਤੋਂ ਰੋਹਤਕ ਸੁਨਾਰੀਆ ਜੇਲ ਆਉਂਦੇ ਸਮੇਂ ਡੇਰਾ ਮੁਖੀ ਗੁਰਮੀਤ ਨੂੰ ਸਪੈਸ਼ਲ ਗੈਸਟ ਨਾਲ ਮਿਲਵਾਉਣ ਦੇ ਮਾਮਲੇ 'ਚ ਡੀਐੱਸਪੀ ਮੇਹਮ ਸ਼ਮਸ਼ੇਰ ਸਿੰਘ 'ਤੇ ਗਾਜ਼ ਡਿੱਗੀ ਹੈ। ਦੋਸ਼ ਹੈ ਕਿ ਸੁਰੱਖਿਆ ਦੇ ਓਵਰਆਲ ਇੰਚਾਰਜ ਰਹੇ ਡੀਐੱਸਪੀ ਨੇ ਵਾਪਸ ਪਰਤਦੇ ਸਮੇਂ ਡੇਰਾ ਮੁਖੀ ਨੂੰ ਕੁਝ ਲੋਕਾਂ ਨਾਲ ਮਿਲਵਾਇਆ ਸੀ, ਜਿਸ ਵਿਚ ਔਰਤਾਂ ਵੀ ਸ਼ਾਮਲ ਸਨ। ਡੀਐਸਪੀ ਉਪਰ ਡੇਰਾ ਮੁਖੀ ਕੋਲੋਂ ਪੈਸੇ ਲੈਣ ਦੇ ਦੋਸ਼ ਲਗੇ ਹਨ। ਪਿਛਲੇ ਦਿਨੀਂ ਇਹ ਮਾਮਲਾ ਸੁਰਖੀਆਂ 'ਚ ਆਇਆ, ਜਿਸ ਤੋਂ ਬਾਅਦ ਹੁਣ ਹੈੱਡਕੁਆਰਟਰ ਤੋਂ ਡੀਐੱਸਪੀ ਨੂੰ ਮੁਅੱਤਲ ਕਰਨ ਦੇ ਆਦੇਸ਼ ਜਾਰੀ ਕੀਤੇ ਗਏ ਹਨ। ਅਸਲ 'ਚ ਸਾਧਵੀਆਂ ਨਾਲ ਜਿਨਸੀ ਸ਼ੋਸ਼ਣ ਦੇ ਮਾਮਲੇ 'ਚ ਡੇਰਾ ਮੁਖੀ ਗੁਰਮੀਤ 20 ਸਾਲਾਂ ਦੀ ਸਜ਼ਾ ਕੱਟ ਰਿਹਾ ਹੈ, ਜਿਹੜਾ ਸੁਨਾਰੀਆ ਜੇਲ 'ਚ ਬੰਦ ਹੈ। 17 ਜੁਲਾਈ ਨੂੰ ਕੁਝ ਟੈਸਟ ਕਰਾਉਣ ਲਈ ਡੇਰਾ ਮੁਖੀ ਨੂੰ ਭਾਰੀ ਸੁਰੱਖਿਆ ਵਿਚਾਲੇ ਦਿੱਲੀ ਸਥਿਤ ਏਮਜ਼ ਹਸਪਤਾਲ 'ਚ ਲਿਜਾਂਦਾ



ਗਿਆ ਸੀ। ਦਿੱਲੀ ਜਾਣ ਤੇ ਆਉਣ ਦੌਰਾਨ ਡੇਰਾ ਮੁਖੀ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਡੀਐੱਸਪੀ ਮੇਹਮ ਦੇ ਹਵਾਲੇ ਸੀ। ਉੱਥੋਂ ਪਰਤਦੇ ਸਮੇਂ ਡੀਐੱਸਪੀ ਨੇ ਡੇਰਾ ਮੁਖੀ ਨੂੰ ਆਪਣੀ ਸਰਕਾਰੀ ਗੱਡੀ 'ਚ ਬਿਠਾਇਆ ਸੀ, ਜਿਸ ਵਿਚ ਦੋ ਔਰਤਾਂ ਵੀ ਬੈਠੀਆਂ ਸਨ। ਰਸਤੇ ਵਿਚ ਕਈ ਥਾਈਂ ਗੱਡੀਆਂ ਹੋਟਲਾਂ ਕੋਲ ਰੋਕੀਆਂ ਗਈਆਂ ਤੇ ਰੂਟ ਵੀ ਬਦਲਿਆ ਗਿਆ ਸੀ। ਉੱਥੋਂ ਆਉਣ ਤੋਂ ਬਾਅਦ ਮੇਹਮ ਦੇ ਡੀਐੱਸਪੀ ਦੀ ਨਿਗਰਾਨੀ 'ਚ ਕੰਮ ਕਰ ਰਹੇ ਰੋਹਤਕ ਦੇ ਇਕ ਹੋਰ ਡੀਐੱਸਪੀ ਨੇ ਇਸ ਦੀ ਰਿਪੋਰਟ ਐੱਸਪੀ ਰਾਹੁਲ ਸ਼ਰਮਾ ਨੂੰ ਦਿੱਤੀ। ਐੱਸਪੀ ਨੇ ਤੁਰੰਤ ਏਡੀਜੀਪੀ ਸੰਦੀਪ ਖਿਰਵਾਰ ਨੂੰ ਮਾਮਲੇ ਤੋਂ ਜਾਣੂ ਕਰਵਾਇਆ, ਜਿਸਦੇ ਬਾਅਦ ਪੂਰੇ ਮਾਮਲੇ ਦੀ ਰਿਪੋਰਟ ਬਣਾ ਕੇ ਹੈੱਡਕੁਆਰਟਰ ਨੂੰ ਭੇਜੀ ਗਈ ਸੀ। ਇਸ ਰਿਪੋਰਟ 'ਚ ਡੀਐੱਸਪੀ ਮੇਹਮ ਦੀ ਮੁਅੱਤਲੀ ਦੀ ਸਿਫਾਰਸ਼ ਕੀਤੀ ਗਈ ਸੀ। ਹੁਣ ਇਸ ਮਾਮਲੇ 'ਚ ਡੀਐੱਸਪੀ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਸੁਆਲ ਤਾਂ ਇਹ ਹੈ ਕਿ ਸੌਦਾ ਸਾਧ ਸਿਹਤਮੰਦ ਹੈ।ਬਹਾਨੇ ਮਾਰਕੇ ਸਿਫਾਰਸ਼ ਨਾਲ ਹਸਪਤਾਲ ਦਾਖਲ ਹੋ ਕੇ ਐਸ਼ਪ੍ਰਸਤੀ ਕਰਦਾ ਹੈ।ਮੋਦੀ ਸਰਕਾਰ ਨੂੰ ਚਾਹੀਦਾ ਹੈ ਕਿ ਸੌਦਾ ਸਾਧ ਵਿਰੁਧ ਸਖਤੀ ਵਰਤੇ।ਇਸ ਬਾਰੇ ਨਰਮੀ ਦਾ ਰੁਖ ਅਪਣਾਕੇ ਪੀੜਤਾਂ ਨਾਲ ਬੇਇਨਸਾਫ਼ੀ ਨਾ ਕਰੇ।ਭਾਰਤੀ ਰਾਜਨੀਤੀ ਦੇ ਗੰਧਲੇਪਣ ਨੇ ਡੇਰਾਵਾਦ ਪੈਦਾ ਕਰਕੇ ਸਮਾਜ ਵਿੱਚ ਨਾ-ਬਰਾਬਰੀ ਵਾਲਾ ਮਾਹੌਲ ਪੈਦਾ ਕੀਤਾ ਹੈ।ਇਸ ਨਾ-ਬਰਾਬਰੀ ਨੇ ਜਿੱਥੇ ਭਾਈਚਾਰਕ ਸਾਂਝ ਨੂੰ ਪ੍ਰਭਾਵਿਤ ਕੀਤਾ ਹੈ, ਉੱਥੇ ਰੂਹਾਨੀ ਸ਼ਾਂਤੀ ਹਾਸਲ ਕਰਨ ਦੀ ਗੱਲ 'ਤੇ ਵੀ ਸਮਾਜ ਵੰਡਿਆ ਗਿਆ। ਰਾਜਸੀ ਦਲਾਂ ਦੀ ਗੰਧਲੀ ਸਿਆਸਤ ਨੇ ਡੇਰਾਵਾਦ ਨੂੰ ਵਧਣ-ਫੁੱਲਣ ਦਾ ਮੌਕਾ ਦਿੱਤਾ। ਇਸ ਦਾ ਦੇਰ-ਸਵੇਰ ਨਤੀਜਾ ਇਹ ਨਿਕਲਿਆ ਕਿ ਡੇਰਿਆਂ ਦੇ ਪੈਰੋਕਾਰਾਂ ਨੇ ਚੋਣਾਂ ਦੇ ਹਰ ਮੌਸਮ ਵਿੱਚ ਆਪਣੇ ਧਾਰਮਿਕ ਸਮਾਗਮਾਂ ਰਾਹੀਂ ਆਪਣੀ ਗਿਣਤੀ ਦੀ ਸ਼ਕਤੀ ਦਾ ਪ੍ਰਦਰਸ਼ਨ ਕਰਕੇ ਸਿਆਸੀ ਦਲਾਂ ਨੂੰ ਸੋਚਾਂ ਵਿੱਚ ਪਾਉਣਾ ਸ਼ੁਰੂ ਕਰ ਦਿੱਤਾ। ਇਹ ਗੱਲ ਤਾਂ ਠੀਕ ਹੀ ਹੈ ਕਿ ਸਿਆਸੀ ਆਗੂ ਸਿੱਧੇ ਜਾਂ ਅਸਿੱਧੇ ਢੰਗ ਨਾਲ ਡੇਰਿਆਂ ਦੇ ਸਮਾਗਮਾਂ ਵਿੱਚ ਹਾਜ਼ਰੀ ਭਰਦੇ ਹੀ ਰਹੇ ਤੇ ਸਾਧਾਂ ਦੀਆਂ ਗੈਰ ਕਨੂੰਨੀ ਹਰਕਤਾਂ ਨੂੰ ਉਤਸ਼ਾਹਿਤ ਕਰਦੇ ਰਹੇ ਹਨ।

# ਮੇਰਾ ਆਰ ਐੱਸ ਐੱਸ ਵਿਚ ਬਿਤਾਇਆ ਸਮਾਂ

**ਵਿਸ਼ਵ ਮਿੱਤਰ**

ਜਦੋਂ ਅਜੇ ਮੈਂ ਛੇਵੀਂ ਜਮਾਤ ਵਿਚ ਹੀ ਦਾਖਲ ਹੋਇਆ ਸੀ ਤਾਂ ਇੱਕ ਆਰ ਐੱਸ ਐੱਸ ਦਾ ਸਵੈ ਸੇਵਕ ਮੈਨੂੰ ਰੋਜ਼ ਛੁੱਟੀ ਦੇ ਸਮੇਂ ਮਿਲ਼ਦਾ ਅਤੇ ਹਿੰਦੂ ਰਾਸ਼ਟਰ ਦੇ ਬਾਰੇ ਕੁਝ ਨਾ ਕੁਝ ਦੱਸਦਾ ਰਹਿੰਦਾ। ਇੱਕ ਮਹੀਨੇ ਵਿਚ ਹੀ ਮੇਰਾ ਮਨ ਆਰ ਐੱਸ ਐੱਸ ਦੀ ਸ਼ਾਖਾ 'ਤੇ ਜਾਣ ਦਾ ਬਣ ਗਿਆ। ਰੋਜ਼ਾਨਾ ਖ਼ਾਕੀ ਨਿੱਕਰ, ਚਿੱਟੀ ਕਮੀਜ਼ ਪਹਿਨ ਕੇ ਅਤੇ ਇੱਕ ਲਾਠੀ ਲੈ ਕੇ ਸ਼ਾਖਾ ਵਿਚ ਜਾਣਾ ਸ਼ੁਰੂ ਕਰ ਦਿੱਤਾ। ਪਹਿਲਾਂ ਪ੍ਰਾਰਥਨਾ ਹੋਣੀ, ਫੇਰ ਕੁਝ ਖੇਡਣਾ ਹੁੰਦਾ, ਪਰੇਡ ਹੁੰਦੀ ਅਤੇ ਉਸ ਤੋਂ ਬਾਅਦ ਇੱਕ ਅਰਧ ਚੱਕਰ ਵਿਚ ਬੈਠ ਕੇ ਕਿਸੇ ਸੀਨੀਅਰ ਸਵੈ ਸੇਵਕ ਵੱਲੋਂ ਹਿੰਦੂ ਅਤੇ ਹਿੰਦੂ ਰਾਸ਼ਟਰ ਬਾਰੇ ਵਿਚਾਰ ਸੁਣਨੇ। ਜਿੱਥੇ ਤੱਕ ਵੀ ਕਿਸੇ ਹਿੰਦੂ ਨਾਮ ਦਾ ਦਰਿਆ, ਪਹਾੜ ਜਾਂ ਮੰਦਿਰ ਸਥਿਤ ਹੁੰਦਾ ਉਹ ਸਾਰਾ ਇਲਾਕਾ ਪ੍ਰਾਚੀਨ ਕਾਲ ਦਾ ਹਿੰਦੂ ਭਾਰਤ ਦੱਸਿਆ ਜਾਂਦਾ। ਭਾਵ ਹਿੰਦੂਕੁਸ਼ ਪਹਾੜ ਤੋਂ ਲੈ ਕੇ ਅਫ਼ਗਾਨਿਸਤਾਨ, ਪਾਕਿਸਤਾਨ, ਹੁਣ ਦਾ ਭਾਰਤ, ਪੂਰਬੀ ਪਾਕਿਸਤਾਨ, ਜਿਹੜਾ ਹੁਣ ਬੰਗਲਾ ਦੇਸ਼ ਹੈ, ਲੰਕਾ, ਮਿਆਂਮਾਰ, ਥਾਈਲੈਂਡ ਆਦਿ ਸਾਰੇ ਦਾ ਸਾਰਾ ਹੀ ਵਿਸ਼ਾਲ ਭਾਰਤ ਸੀ ਅਤੇ ਇਸ ਨੂੰ ਮੁੜ ਕੇ ਇੱਕ ਹਿੰਦੂ ਰਾਸ਼ਟਰ ਬਣਾਇਆ ਜਾਵੇਗਾ।

ਅੱਜ ਕੱਲ ਸ਼ਾਇਦ ਹਿੰਦੂ ਰਾਸ਼ਟਰ ਕੇਵਲ ਮੌਜੂਦਾ ਭਾਰਤ ਹੀ ਬਣਾਉਣਾ ਹੈ। ਹੋ ਸਕਦਾ ਹੈ ਕਿ ਕੇਵਲ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਬਾਰੇ ਗੱਲ ਕਰਨੀ ਭਾਜਪਾ ਦੀ ਰਾਜਨੀਤਿਕ ਮਜਬੂਰੀ ਹੋਵੇ ਅਤੇ ਆਰ ਐੱਸ ਐੱਸ ਆਪਣੀਆਂ ਸ਼ਾਖਾਵਾਂ ਵਿਚ ਅਜੇ ਵੀ ਉਹੀ ਹਿੰਦੂ ਰਾਸ਼ਟਰ ਬਣਾਉਣ ਦਾ ਪਰਚਾਰ ਕਰਦਾ ਹੋਵੇ, ਜਿਹੜਾ ਮੇਰੇ ਸ਼ਾਖਾ ਵਿਚ ਜਾਣ ਦੇ ਸਮੇਂ ਹੁੰਦਾ ਸੀ। ਬੀ. ਐੱਸਸੀ ਕਰਨ ਤਕ ਮੈਂ ਇੱਕ ਸ਼ਾਖਾ ਦਾ ਸਹਿ ਸ਼ਿਕਸ਼ਕ ਬਣ ਗਿਆ। ਹਿੰਦੂ ਰਾਸ਼ਟਰ ਦੀ ਸਿੱਖਿਆ ਦੇ ਨਾਲ ਨਾਲ ਕਾਮਰੇਡਾਂ, ਕਮਿਊਨਿਸਟਾਂ, ਕਮਿਊਨਿਸਟ ਵਿਚਾਰਧਾਰਾ ਅਤੇ ਕਮਿਊਨਿਸਟ ਦੇਸ਼ਾਂ ਬਾਰੇ ਪੂਰਾ ਭੰਡੀ ਪਰਚਾਰ ਕੀਤਾ ਜਾਂਦਾ ਅਤੇ ਜੋ ਕੁਝ ਸਰਮਾਏਦਾਰੀ ਸਮਾਜਵਾਦ ਬਾਰੇ ਕੂੜ ਪ੍ਰਚਾਰ ਕਰਦੀ ਹੈ, ਉਹੀ ਸਾਨੂੰ ਵੀ ਸਮਝਾਇਆ ਜਾਂਦਾ।

ਇੱਕ ਵਾਰ ਪੰਜਾਬ ਪੱਧਰ ਦਾ ਇੱਕ ਕਾਰਜ ਕਰਤਾ ਸਾਡੀ ਸ਼ਾਖਾ ਵਿਚ ਆ ਗਿਆ। ਉਸਨੇ ਸਾਰਿਆਂ ਦੇ ਨਾਮ ਪੁੱਛੇ। ਜਦੋਂ ਮੈਂ ਆਪਣਾ ਨਾਮ ਵਿਸ਼ਵਾ ਮਿੱਤਰ ਦੱਸਿਆ ਤਾਂ ਉਹ ਇੱਕ ਦਮ ਖੁਸ਼ ਹੋ ਕੇ ਸਵਾਲੀਆ ਅੰਦਾਜ਼ ਵਿਚ ਬੋਲਿਆ, 'ਬ੍ਰਾਹਮਣ ਹੋ?' ਮੈਂ ਕਿਹਾ, ਜੀ ਖਤਰੀ ਹਾਂ। ਤਾਂ ਉਹ ਥੋੜੇ ਜਿਹੇ ਚਿਹਰੇ ਦੇ ਹਾਵ ਭਾਵ ਬਦਲਦੇ ਹੋਏ ਬੋਲਿਆ, 'ਯੇਹ ਭੀ ਅੱਛਾ ਹੈ।' ਮੈਂ ਸਮਝ ਗਿਆ ਕਿ ਇੱਥੇ ਬ੍ਰਾਹਮਣ ਸਭ ਤੋਂ ਚੰਗਾ ਸਮਝਿਆ ਜਾਂਦਾ ਹੈ। ਇੱਕ ਵਾਰ ਮੈਂ ਗੱਲ ਕੀਤੀ ਕਿ ਪੁਲਸ ਥਾਣਿਆਂ ਵਿਚ ਗ਼ਰੀਬਾਂ ਅਤੇ ਮਜ਼ਦੂਰਾਂ ਨਾਲ ਬਹੁਤ ਧੱਕਾ ਹੁੰਦਾ ਹੈ। ਸਾਡੇ ਸੰਗਠਨ ਨੂੰ ਇਹਨਾਂ ਬਾਰੇ ਜ਼ਰੂਰ ਆਵਾਜ਼ ਉਠਾਉਣੀ ਚਾਹੀਦੀ ਹੈ ਅਤੇ ਇਸ ਤਰੀਕੇ ਨਾਲ ਇਹ ਲੋਕ ਵੀ ਸਾਡੇ ਨਾਲ ਆ ਜਾਣਗੇ। ਪਰ ਉੱਤਰ ਕੋਈ ਤੱਸਲੀ ਬਖ਼ਸ਼ ਨਾ ਮਿਲਿਆ। ਮੇਰੀ ਆਪਣੀ ਵੀ ਸੋਚ ਅਜੇ ਪੂਰੀ ਵਿਕਸਿਤ ਨਹੀਂ ਹੋਈ ਸੀ, ਇਸ ਲਈ ਸਮਝਿਆ ਕਿ ਸ਼ਾਇਦ



ਮੈਂ ਹੀ ਗਲਤ ਹੋਵਾਂ। ਇੱਕ ਵਾਰ ਇੱਕ ਸੀਨੀਅਰ ਸਵੈ ਸੇਵਕ ਨੂੰ ਕਿਸੇ ਨੇ ਪੁੱਛਿਆ, 'ਜੇਕਰ ਅਸੀਂ ਸੱਤਾ ਵਿਚ ਆ ਗਏ ਤਾਂ ਕੀ ਕਾਂਗਰਸ ਦਾ ਜੜ ਤੋਂ ਸਫਾਇਆ ਕਰ ਦਿਆਂਗੇ?' ਸਵੈ ਸੇਵਕ ਦਾ ਉੱਤਰ ਸੀ, 'ਬਿਲਕੁਲ ਨਹੀਂ। ਅਸੀ ਕਾਂਗਰਸ ਨੂੰ ਆਪਣੀ ਵਿਰੋਧੀ ਪਾਰਟੀ ਜ਼ਰੂਰ ਰੱਖਾਂਗੇ। ਜੇਕਰ ਕਾਂਗਰਸ ਖਤਮ ਹੋ ਗਈ ਤਾਂ ਹੋ ਸਕਦਾ ਹੈ ਕਿ ਮੁੱਖ ਵਿਰੋਧੀ ਪਾਰਟੀ ਕਮਿਊਨਿਸਟ ਪਾਰਟੀ ਬਣ ਜਾਏ ਅਤੇ ਜੇ ਕਿਧਰੇ ਕਮਿਊਨਿਸਟ ਬਹੁਮਤ ਵਿਚ ਆ ਗਏ ਤਾਂ ਉਨਾਂ ਨੇ ਆਰ ਐੱਸ ਐੱਸ ਨਹੀਂ ਰਹਿਣ ਦੇਣਾ ਅਤੇ ਸਾਡਾ ਕਤਲੇਆਮ ਸ਼ੁਰੂ ਹੋ ਜਾਵੇਗਾ।' ਹੁਣ ਜਿਨਾਂ ਨੇ ਕਾਂਗਰਸ ਮੁਕਤ ਭਾਰਤ ਦਾ ਨਾਹਰਾ ਦਿੱਤਾ ਹੈ, ਪਤਾ ਨਹੀਂ ਦਿਲ ਵਿਚ ਕੀ ਸੋਚ ਰਹੇ ਹਨ।

**ਹੱਡ ਬੀਤੀ**

**ਆਰ ਐੱਸ ਐੱਸ ਨੂੰ ਤਿਆਗਣਾ :**

ਸਾਲ ਬਾਅਦ ਮੈਂ ਬੀ. ਐੱਡ ਕਰਕੇ ਇੱਕ ਪ੍ਰਾਈਵੇਟ ਸਕੂਲ ਵਿੱਚ ਅਧਿਆਪਕ ਲੱਗ ਗਿਆ। ਪੂਰਾ ਸਾਲ ਮੈਂ ਅਤੇ ਮੇਰੇ ਤਿੰਨ ਹੋਰ ਵਿਗਿਆਨ ਅਧਿਆਪਕਾਂ ਨੇ ਮਿਹਨਤ ਕੀਤੀ, ਕੋਈ ਛੁੱਟੀ ਨਹੀਂ ਲਈ ਅਤੇ 100% ਨਤੀਜੇ ਦਿੱਤੇ। ਅਸੀਂ ਚਾਰੇ ਵਿਗਿਆਨ ਅਧਿਆਪਕ ਆਸ ਕਰ ਰਹੇ ਸੀ ਕਿ ਪ੍ਰਿੰਸੀਪਲ ਸਾਹਿਬ ਸਾਨੂੰ ਕਿਸੇ ਸਵੇਰ ਦੀ ਸਭਾ ਵਿੱਚ ਸ਼ਾਬਾਸ਼ ਦੇਣਗੇ ਪਰ ਹੋਇਆ ਇਹ ਕਿ ਅਚਾਨਕ ਹੀ ਸਾਨੂੰ ਚਾਰਾਂ ਅਧਿਆਪਕਾਂ ਨੂੰ ਮੈਨੇਜਰ ਸਾਹਿਬ ਦਾ ਪੱਤਰ ਮਿਲਿਆ ਕਿ ਕੱਲ ਤੋਂ ਤੁਹਾਡੀਆਂ ਸੇਵਾਵਾਂ ਦੀ ਕੋਈ ਲੋੜ ਨਹੀਂ ਅਤੇ ਦੂਜੇ ਦਿਨ ਸਾਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ। ਪ੍ਰਿੰਸੀਪਲ ਸਾਹਿਬ ਤੋਂ ਕਾਰਨ ਪੁੱਛਿਆ ਤਾਂ ਉਨਾਂ ਬੱਸ ਐਨਾ ਹੀ ਕਿਹਾ ਕਿ ਮੈਨੇਜਰ ਸਾਹਿਬ ਦੀ ਇੱਛਾ ਹੈ। ਜਦੋਂ ਸਾਨੂੰ ਪਤਾ ਲੱਗਾ ਕਿ ਸਾਡੀ ਥਾਂ 'ਤੇ ਚਾਰ ਹੋਰ ਸਿਫਾਰਸ਼ੀ ਅਧਿਆਪਕ ਰੱਖਣ ਲਈ ਮੈਨੇਜਰ ਸਾਹਿਬ ਨੇ ਪ੍ਰਿੰਸੀਪਲ ਨੂੰ ਉਨਾਂ ਦੇ ਇੰਟਰਵਿਊ ਲੈਣ ਲਈ ਕਿਹਾ ਹੈ ਤਾਂ ਅਸੀਂ ਆਪਣੇ ਨਾਲ ਇਹ ਧੱਕਾ ਮਹਿਸੂਸ ਕੀਤਾ। ਇਸ ਧੱਕੇ ਵਿਰੁੱਧ ਅਸੀਂ ਸ਼ਹਿਰ ਦੇ ਹਰ ਮੋਹਤਬਰ ਵਿਅਕਤੀ ਨੂੰ ਮਿਲੇ। ਐੱਮ. ਐੱਲ. ਏ ਨੂੰ ਮਿਲੇ ਪਰ ਕੋਈ ਫਾਇਦਾ ਨਾ ਹੋਇਆ। ਅੰਤ ਮੈਂ ਜਲੰਧਰ ਦੇ ਆਰ ਐੱਸ ਐੱਸ ਅਧਿਕਾਰੀ ਨੂੰ ਮਿਲਿਆ ਅਤੇ ਕਿਹਾ ਕਿ ਤੁਹਾਡੀ ਕਾਫ਼ੀ ਚੱਲਦੀ ਹੈ, ਇਸ ਕਰ ਕੇ ਮੈਨੇਜਰ ਸਾਹਿਬ 'ਤੇ ਦਬਾਅ ਪਾਓ ਤਾਂਕਿ ਸਾਨੂੰ ਕੰਮ 'ਤੇ ਰੱਖ ਲੈਣ। ਅਧਿਕਾਰੀ ਜੀ ਬੋਲੇ, 'ਦੇਖੋ ਵਿਸ਼ਵਾ ਮਿੱਤਰ, ਜਲੰਧਰ ਵਿੱਚ ਕੇਵਲ ਦੋ ਤਿੰਨ ਹਿੰਦੂਆਂ ਦੇ ਸੰਸਥਾਨ ਹਨ ਅਤੇ ਅਸੀਂ ਉਨਾਂ ਨਾਲ ਝਗੜਾ ਨਹੀਂ ਕਰਨਾ ਚਾਹੁੰਦੇ।'

ਮੈਂ ਕਿਹਾ, 'ਜੀ ਅਸੀਂ ਚਾਰੇ ਵਿਗਿਆਨ ਅਧਿਆਪਕ ਵੀ ਤਾਂ ਹਿੰਦੂ ਹੀ ਹਾਂ।'

ਚੰਗਾ ਭਲਾ ਹਿੰਦੀ ਬੋਲਦਾ ਹੋਇਆ ਹੁਣ ਉਹ ਅੰਗਰੇਜ਼ੀ 'ਤੇ ਆ ਗਿਆ ਅਤੇ ਬੋਲਿਆ, 'ਨੋ ਸੋਰੀ।'

ਮੈਂ ਵੀ ਇੱਕ ਦਮ ਗੁੱਸੇ ਵੀ ਆ ਗਿਆ। ਲਾਠੀ ਅਤੇ ਬੈਲਟ ਉਸੇ ਵਕਤ ਉਸ ਨੂੰ ਪਕੜਾਈ ਅਤੇ ਘਰ ਜਾ ਕੇ ਨਿੱਕਰ ਵੀ ਕਿਸੇ ਦੇ ਰਾਹੀਂ ਭੇਜ ਦਿੱਤੀ।

ਮੈਨੂੰ ਮਹਿਸੂਸ ਹੋਇਆ ਕਿ ਮੈਂ ਆਪਣੀ ਜ਼ਿੰਦਗੀ ਦੇ ਕੀਮਤੀ ਨੌਂ ਸਾਲ ਵਿਅਰਥ ਗੁਆ ਲਏ। ਮੈਨੂੰ ਇਹ ਵੀ ਸਮਝ ਲੱਗ ਗਈ ਕਿ ਜਦੋਂ ਮੈਂ ਗਰੀਬਾਂ ਅਤੇ ਮਜ਼ਦੂਰਾਂ ਨਾਲ ਹੁੰਦੇ ਧੱਕੇ ਬਾਰੇ ਆਵਾਜ਼ ਉਠਾਉਣ ਨੂੰ ਕਿਹਾ ਸੀ ਤਾਂ ਮੈਨੂੰ ਤਸੱਲੀਬਖ਼ਸ਼ ਉੱਤਰ ਕਿਉਂ ਨਹੀਂ ਸੀ ਮਿਲਿਆ।

ਆਰ ਐੱਸ ਐੱਸ ਨੂੰ ਭਾਵੇਂ ਮੈਂ ਇੱਕ ਅਚਨਚੇਤ ਘਟਨਾ ਕਾਰਨ ਤਿਆਗਿਆ ਪਰ ਇਸ ਨਾਲ ਮੇਰੀ ਸੋਚ ਵਿਚ ਬਹੁਤ ਜ਼ਬਰਦਸਤ ਤਬਦੀਲੀ ਆ ਗਈ। ਮੇਰਾ ਕਾਮਰੇਡ ਸਾਥੀਆਂ ਨਾਲ ਸੰਪਰਕ ਹੋ ਗਿਆ ਅਤੇ ਛੇਤੀ ਹੀ ਮੇਰੇ ਦਿਮਾਗ ਵਿੱਚੋਂ ਹਿੰਦੂ ਰਾਸ਼ਟਰ ਬਣਾਉਣ ਵਾਲਾ ਭੂਤ ਨਿਕਲ ਗਿਆ। ਇਸ ਤੋਂ ਪਹਿਲਾਂ ਇਹ ਬਿਲਕੁਲ ਸਮਝ ਨਹੀਂ ਸੀ ਕਿ ਨੌਕਰੀਆਂ ਵਿਚ ਯੋਗਤਾ ਦੀ ਬਜਾਏ ਸਿਫਾਰਿਸ਼ਾਂ , ਗਰੀਬੀ, ਭੁੱਖਮਰੀ, ਬਿਮਾਰੀਆਂ, ਗਰੀਬਾਂ ਨਾਲ ਹੁੰਦਾ ਧੱਕਾ, ਚੋਰੀਆਂ, ਜ਼ਮੀਨਾਂ 'ਤੇ ਨਾਜਾਇਜ਼ ਕਬਜੇ, ਬਲਾਤਕਾਰ, ਭ੍ਰਿਸ਼ਟਾਚਾਰ, ਮਹਿੰਗਾਈ, ਬੇਰੁਜ਼ਗਾਰੀ, ਸਿੱਖਿਆ ਜਾਂ ਸਿਹਤ ਸੇਵਾਵਾਂ ਨਾਲੋਂ ਧਨ ਧਾਰਮਿਕ ਸਥਲਾਂ 'ਤੇ ਜ਼ਿਆਦਾ ਹੋਣਾ, ਪੜਿਆ ਲਿਖਿਆ ਸੰਤਰੀ ਅਤੇ ਅਨਪੜ ਮੰਤਰੀ ਹੋਣਾ, ਅਤੇ ਹੋਰ ਸਮਾਜਿਕ ਤ੍ਰਾਸਦੀਆਂ ਇਸ ਪੂੰਜੀਵਾਦੀ ਸਿਸਟਮ ਦੀ ਦੇਣ ਹਨ। ਇਹ ਵੀ ਸਮਝ ਲੱਗ ਚੁੱਕੀ ਹੈ ਕਿ ਜਿਹੜਾ ਵਿਅਕਤੀ ਅੰਤਰ ਰਾਸ਼ਟਰਵਾਦੀ ਨਹੀਂ ਹੈ, ਉਹ ਰਾਸ਼ਟਰਵਾਦੀ ਵੀ ਨਹੀਂ ਹੋ ਸਕਦਾ। ਹੁਣ ਇਹ ਵੀ ਸਮਝ ਬਣ ਚੁੱਕੀ ਹੈ ਕਿ ਹਿੰਦੂ ਰਾਸ਼ਟਰ, ਖਾਲਿਸਤਾਨ ਜਾਂ ਇਸਲਾਮਿਕ ਵਤਨ ਆਦਿ ਕੋਈ ਅਲੱਗ ਅਲੱਗ ਅੰਦੋਲਨ ਨਹੀਂ ਬਲਕਿ ਇੱਕ ਹੀ ਹਨ ਅਤੇ ਇਹ ਸਭ ਇਸ ਲੁੱਟ ਖਸੁੱਟ ਵਾਲੇ ਸਿਸਟਮ ਦੀ ਉਮਰ ਲੰਬੀ ਕਰਨ ਲਈ ਹਰਬੇ ਹਨ।

ਪਰ ਇੱਥੇ ਬੜੇ ਦੁੱਖ ਨਾਲ ਮੈਂ ਆਰ ਐੱਸ ਐੱਸ ਦੀ ਸਿਫ਼ਤ ਵੀ ਕਰ ਰਿਹਾ ਹਾਂ। ਆਰ ਐੱਸ ਐੱਸ ਅਤੇ ਕਮਿਊਨਿਸਟ ਪਾਰਟੀ ਦੋਵੇਂ ਹੀ 1925 ਤੋਂ ਹੋਂਦ ਵਿਚ ਆਏ। ਮਤਲਬ ਛੇਤੀ ਹੀ ਇਨਾਂ ਦੋਹਾਂ ਨੂੰ ਹੋਂਦ ਵਿਚ ਆਏ ਸੌ ਸਾਲ ਹੋ ਜਾਣੇ ਹਨ। ਸੌ ਸਾਲ ਤੋਂ ਆਰ ਐੱਸ ਐੱਸ ਨੇ ਆਪਣੀ ਏਕਤਾ ਬਣਾ ਕੇ ਰੱਖੀ ਹੋਈ ਹੈ ਅਤੇ ਪੂਰੇ ਅਨੁਸ਼ਾਸਨ ਵਿਚ ਹੈ, ਜਦਕਿ ਅਸੀਂ ਲਗਭਗ ਇੱਕ ਦਰਜਨ ਹਿੱਸਿਆਂ ਵਿਚ ਵੰਡੇ ਜਾ ਚੁੱਕੇ ਹਾਂ। ਉਹ ਬਚਪਨ ਤੋਂ ਹੀ ਕਿਸੇ ਨੂੰ ਆਪਣੀ ਵਿਚਾਰਧਾਰਾ ਦੇਣੀ ਸ਼ੁਰੂ ਕਰ ਦੇਂਦੇ ਹਨ ਅਤੇ ਅਸੀਂ ਵਿਅਕਤੀ ਨੂੰ ਉਦੋਂ ਆਪਣੀ ਵਿਚਾਰਧਾਰਾ ਦੇਣੀ ਸ਼ੁਰੂ ਕਰਦੇ ਹਾਂ ਜਦੋਂ ਉਸ ਦਾ ਦਿਮਾਗ ਇੱਕ ਖਾਲੀ ਸਲੇਟ ਨਹੀਂ ਰਹਿੰਦਾ ਅਤੇ ਉਸ ਦੀ ਸੋਚ ਇਸ ਸਿਸਟਮ ਵਿਚ ਆਪਣੇ ਆਪ ਨੂੰ ਐਡਜਸਟ ਕਰਨ ਵਾਲੀ ਬਣ ਚੁੱਕੀ ਹੁੰਦੀ ਹੈ। ਅਸੀਂ ਪਹਿਲਾਂ ਉਸ ਦੀ ਸਲੇਟ 'ਤੇ ਜਿਹੜਾ ਕੁਝ ਪੱਕੀ ਤਰਾਂ ਲਿਖਿਆ ਹੁੰਦਾ ਹੈ, ਉਸ ਨੂੰ ਮਿਟਾਉਣ ਦੀ ਕੋਸ਼ਿਸ਼ ਕਰਦੇ ਹਾਂ ਪਰ ਹਰ ਕਿਸੇ 'ਤੇ ਸਫਲ ਨਹੀਂ ਹੁੰਦੇ। ਇਹ ਅਲੱਗ ਗੱਲ ਹੈ ਕਿ ਇਸ ਸਿਸਟਮ ਵਿਚ ਕਿਸੇ ਵਿਅਕਤੀ ਨੂੰ ਜਿਹੜੀ ਸਕੂਲੀ ਅਤੇ ਗੈਰ ਸਕੂਲੀ ਵਿੱਦਿਆ ਮਿਲਦੀ ਹੈ, ਉਸ ਵਿਚ ਪੂਰਾ ਖਿਆਲ ਰੱਖਿਆ ਜਾਂਦਾ ਹੈ ਕਿ ਕਿਤੇ ਸਮਾਜਵਾਦੀ ਸੋਚ ਇਸ ਦੇ ਨੇੜੇ ਨਾ ਆ ਜਾਵੇ।

ਇੱਕ ਹੋਰ ਸਾਡੇ ਵਿਚ ਘਾਟ ਹੈ ਜੋ ਕਿ ਆਰ ਐੱਸ ਐੱਸ ਵਿਚ ਨਹੀਂ ਹੈ ਕਿ ਅਸੀਂ ਘਰ ਪਰਿਵਾਰ ਤੋਂ ਟੁੱਟੇ ਹੁੰਦੇ ਹਾਂ। ਅਸੀਂ ਜਿਸ ਵੀ ਵਿਅਕਤੀ ਨਾਲ ਸਮਾਜਵਾਦ ਬਾਰੇ ਗੱਲ ਕਰਦੇ ਹਾਂ, ਉਸਦੇ ਘਰ ਵਿਚ ਨਹੀਂ ਕਰਦੇ, ਕਿਧਰੇ ਬਾਹਰ ਘਰ ਤੋਂ ਦੂਰ ਜਾ ਕੇ ਕਰਦੇ ਹਾਂ। ਜ਼ਿਆਦਾਤਰ ਘਰ ਵਾਲੇ ਵੀ ਇਸ ਸ਼ੱਕ ਵਿਚ ਹੀ ਰਹਿੰਦੇ ਹਨ ਕਿ ਉਨਾਂ ਦਾ ਨੌਜਵਾਨ ਪਤਾ ਨਹੀਂ ਕਿਸ ਗਲਤ ਸੁਸਾਇਟੀ ਵਿਚ ਜਾ ਰਲਿਆ ਹੈ। ਬਹੁਤ ਥੋੜੇ ਹੀ ਹਨ ਜਿਹਨਾਂ ਦੇ ਘਰਾਂ ਵਿੱਚ ਵੀ ਸਮਾਜਵਾਦ ਬਾਰੇ ਗੱਲਾਂ ਹੁੰਦੀਆਂ ਹਨ। ਦੁਸ਼ਮਣ ਭਾਵੇਂ ਆਪਣੇ ਇਰਾਦਿਆਂ ਵਿਚ ਸਫਲ ਨਹੀਂ ਹੋ ਸਕਦਾ ਪਰ ਸਾਨੂੰ ਉਸ ਦੀ ਇੱਕ ਜੁਟਦਾ, ਉਸਦੇ ਅਨੁਸ਼ਾਸਨ ਅਤੇ ਉਸ ਦੇ ਕੰਮ ਢੰਗ ਤੋਂ ਜ਼ਰੂਰ ਸਿੱਖਣਾ ਚਾਹੀਦਾ ਹੈ।






# ਅਫ਼ਗਾਨੀਆਂ ਦੇ ਇਤਿਹਾਸ ਨੂੰ ਫਰੋਲਦਿਆਂ

**ਸਰਬਜੀਤ ਸੋਹੀ**



ਭਾਰਤ ਦੇ ਪੱਛਮੀ ਭਾਗ ਵਿਚ ਅੰਗਰੇਜ਼ੀ ਬਸਤੀਵਾਦੀ ਭਾਰਤ ਵੱਲੋਂ ਸਿੱਖਾਂ ਨਾਲ ਦੋ ਅਤੇ ਅਫ਼ਗਾਨੀਆਂ ਨਾਲ ਤਿੰਨ ਯੁੱਧ ਲੜੇ ਗਏ ਸਨ। ਸਿੱਖਾਂ ਨਾਲ ਹੋਏ ਯੁੱਧ ਗੋਰਿਆਂ ਵੱਲੋਂ ਸਿਰਫ ਡੋਗਰਿਆਂ ਦੀ ਗ਼ਦਾਰੀ ਕਾਰਨ ਹੀ ਨਹੀਂ ਜਿੱਤੇ ਗਏ, ਇਸਦਾ ਕਾਰਨ ਅੰਦਰੂਨੀ ਬੁਰਛਾ-ਗਰਦੀ, ਰਣਜੀਤ ਸਿੰਘ ਦੀ (ਜੱਟ ਪਰੇ ਕਰੂ ਨੀਤੀ) ਅਤੇ ਕੌਮੀਅਤ ਦੀ ਬਜਾਏ ਕਬਜ਼ਾਵਾਦੀ ਪ੍ਰਵਿਰਤੀ ਵੀ ਸੀ। ਪਹਿਲੇ ਦੀ ਬਜਾਏ ਦੂਸਰਾ ਐਂਗਲੋ ਸਿੱਖ-ਯੁੱਧ ਸਿੱਖ ਸਵੈ-ਮਾਣ ਨੂੰ ਵੱਜੀ ਸੱਟ ਦੇ ਬਦਲੇ ਵਜੋਂ ਲੜਿਆ ਗਿਆ ਸੀ। ਇਸ ਵਿੱਚ ਹੋਈ ਹਾਰ ਤੋਂ ਬਾਅਦ ਗ਼ਦਰ ਦੀ ਗੂੰਜ ਤੱਕ ਸਿੱਖਾਂ ਨੇ ਗੋਰਿਆਂ ਦੀ ਗੁਲਾਮੀ ਨੂੰ ਸ਼ਾਨ ਨਾਲ ਅਪਣਾ ਲਿਆ। ਜਦੋਂ ਤਮਗਿਆਂ, ਮੁਰੱਬਿਆਂ ਦੀ ਲਾਲਸਾ ਤਹਿਤ ਪੰਜਾਬੀ ਬ੍ਰਿਟਿਸ਼ ਹਕੂਮਤ ਦੇ ਝੰਡੇ ਹੇਠ ਲੜਣ ਲਈ ਉਤਾਵਲੇ ਹੋਏ ਫਿਰਦੇ ਸਨ, ਪਸ਼ਤੂਨ ਉਦੋਂ ਵੀ ਆਪਣੀ ਆਜ਼ਾਦ ਹਸਤੀ ਲਈ ਗੋਰਿਆਂ ਸਾਹਵੇਂ ਅਜੇਤੂ ਵਾਂਗ ਡਟੇ ਰਹੇ।ਦੁਨੀਆ ਦੀ ਉਸ ਵੇਲੇ ਦੀ ਮਹਾਂਸ਼ਕਤੀ ਇੰਗਲੈਂਡ ਜਿਸ ਨੇ ਮਰਾਠੇ, ਪੰਜਾਬੀ, ਰਾਜਪੂਤ, ਬੰਗਾਲੀ, ਰੋਹੀਲੇ, ਜਾਟ, ਮੁਗ਼ਲ ਆਦਿ ਸਭ ਤਾਕਤਵਰ ਭਾਰਤੀ ਸ਼ਾਸਕ ਰੋਲ ਦਿੱਤੇ ਸਨ:- ਪਸ਼ਤੂਨਾਂ ਦੇ ਸਾਹਵੇਂ ਤਾਸ਼ ਦੇ ਪੱਤਿਆਂ ਵਾਂਗ ਢਹਿ-ਢੇਰੀ ਹੋ ਗਏ। ਪਹਿਲਾ ਐਂਗਲੋ-ਅਫ਼ਗਾਨ ਯੁੱਧ 1839-1842 ਵਿਚ ਲੜਿਆ ਗਿਆ। ਗਵਰਨਰ ਜਨਰਲ ਜੌਰਜ ਐਡਮ ਦੇ ਕਾਰਜ-ਕਾਲ ਦੌਰਾਨ 21000 ਸੈਨਿਕਾਂ ਦੀ ਕਾਨਵਾਈ ਵੱਲੋਂ ਅਫ਼ਗਾਨਿਸਤਾਨ ਫ਼ਤਿਹ ਲਈ ਕੂਚ ਕੀਤਾ ਸੀ। ਮੁੱਢਲੀਆਂ ਜਿੱਤਾਂ ਤੋਂ ਬਾਅਦ ਗੋਰਿਆਂ ਨੂੰ ਪਠਾਣਾਂ ਨੇ ਅਜਿਹਾ ਸਬਕ ਦਿੱਤਾ ਕਿ ਕਈ ਸਾਲ ਉਹ ਪਸ਼ਤੋ ਇਲਾਕੇ ਵੱਲ ਮੂੰਹ ਨਾ ਕਰ ਸਕੇ। ਇਕ ਜਨਵਰੀ 1842 ਨੂੰ ਵਾਪਸੀ ਤੇ ਮੁੜਦੇ ਬ੍ਰਿਟਿਸ਼ ਸੈਨਾ ਦੇ 16500 ਫੌਜੀਆਂ ਅਤੇ ਕੈਂਪਰਸ ਦੇ ਕਾਫ਼ਲੇ ਦੀ ਪਠਾਣਾਂ ਵੱਲੋਂ ਅਜਿਹੀ ਦੁਰਦਸ਼ਾ ਕੀਤੀ ਗਈ ਕਿ ਸਿਰਫ਼ ਇਕ ਗੋਰਾ Dr. William Brydon ਜਾਨ ਬਚਾ ਕੇ ਜਲਾਲਾਬਾਦ ਪਹੁੰਚਿਆ ਸੀ। ਇਸ ਹਾਰ ਨਾਲ ਇੰਗਲੈਂਡ ਵਿਚ ਹਾਹਾਕਾਰ ਮੱਚ ਗਈ ਸੀ। ਪਸ਼ਤੂਨਾਂ ਦੀ ਬਹਾਦਰੀ ਬਾਰੇ ਸਾਨੂੰ ਕੋਈ ਭਰਮ ਨਹੀਂ ਰੱਖਣਾ ਚਾਹੀਦਾ, ਬੇਸ਼ੱਕ ਇਸ ਵੇਲੇ ਤਾਲਿਬਾਨ ਵਰਗੇ ਕੱਟੜਪੰਥੀਆਂ ਨੇ ਉਸ ਖ਼ਿੱਤੇ ਦੀ ਮਾਨਸਿਕਤਾ ਨੂੰ ਅਗਵਾ ਕਰ ਲਿਆ ਹੈ। ਤਾਲਿਬਾਨ ਵੱਲੋਂ ਅਮਰੀਕਾ ਨੂੰ ਬਾਹਰ ਨਿਕਲਣ ਲਈ ਮਜਬੂਰ ਕਰ ਦੇਣਾ ਉਹਨਾਂ ਦੀ ਪਹਿਲੀ ਜਿੱਤ ਹੈ, ਪਰ ਦੂਸਰੀ ਲੜਾਈ ਕੌਮੀਅਤ ਨੂੰ ਮਾਨਵੀ, ਇਖ਼ਲਾਕੀ ਅਤੇ ਸਭਿਅਕ ਨੁਹਾਰ ਦੇਣ ਦੀ ਹੈ। ਇਸ ਵਿਚ ਜਿੱਤਣਾ ਅਜੇ ਅਸੰਭਵ ਲੱਗਦਾ ਹੈ। ਇਹ ਇਨਕਲਾਬ ਬਾਹਰੀ ਸ਼ਕਤੀਆਂ ਦੀ ਦਖ਼ਲਅੰਦਾਜ਼ੀ ਨਾਲ ਨਹੀਂ ਹੋਏਗਾ, ਇਹ ਲੜਾਈ ਸਵੈ-ਸ਼ੁੱਧਤਾ ਦੀ ਹੈ। ਸਿਰਫ ਤੇ ਸਿਰਫ ਸਿੱਖਿਆ ਹੀ ਇਸ ਜ਼ਹਾਲਤ 'ਚੋਂ ਬਾਹਰ ਨਿਕਲਣ ਦਾ ਆਖਰੀ ਵਿਕਲਪ ਹੈ।




# ਧਰਤੀ ’ਤੇ ਵਧ ਰਹੀ ਤਪਸ਼ ਖ਼ਤਰੇ ਦੀ ਘੰਟੀ



**ਗੁਰਮੀਤ ਸਿੰਘ ਪਲਾਹੀ**
**9815802070**

ਕੈਨੇਡਾ ਵਿੱਚ ਉਸ ਵੇਲੇ ਹਾਹਾਕਾਰ ਮਚ ਗਈ, ਜਦੋਂ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਵਿੱਚ ਧਰਤੀ ਦਾ ਤਾਪਮਾਨ ਇਸ ਵਰੇ ਜੂਨ ਵਿੱਚ 47.9 ਡਿਗਰੀ ਸੈਂਟੀਗਰੇਡ ਪੁੱਜ ਗਿਆ। ਕੈਨੇਡਾ ਦਾ ਇੱਕ ਛੋਟਾ ਜਿਹਾ ਕਸਬਾ ਦੁਨੀਆ ਦਾ ਸਭ ਤੋਂ ਗਰਮ ਕਸਬਾ ਬਣ ਗਿਆ, ਜਿੱਥੇ ਤਪਸ਼ ਨਾਲ ਇਮਾਰਤਾਂ ਨੂੰ ਅੱਗ ਲੱਗ ਗਈ ਅਤੇ ਉਨਾਂ ਵਿੱਚ ਪਿਆ ਸਮਾਨ ਰਾਖ ਹੋ ਗਿਆ। ਲੋਕਾਂ ਨੂੰ ਬਚਾ ਲਿਆ ਗਿਆ। ਸਹਾਰਾ ਮਾਰੂਥਲ ਵਿੱਚ ਚੱਲੀਆਂ ਗਰਮ ਹਵਾਵਾਂ ਨੇ ਬਿਜਲੀ ਦੀਆਂ ਕੇਬਲਾਂ ਤਕ ਪਿਘਲਾ ਦਿੱਤੀਆਂ। ਮੱਧ ਪੂਰਬੀ ਪੰਜ ਦੇਸ਼ਾਂ ਵਿੱਚ ਇਸ ਵਰੇ ਦੇ ਜੂਨ ਮਹੀਨੇ ਤਾਪਮਾਨ 50 ਡਿਗਰੀ ਸੈਂਟੀਗਰੇਡ ਤਕ ਪਹੁੰਚ ਗਿਆ। ਪਾਕਿਸਤਾਨ ਵਿੱਚ ਵਗੀਆਂ ਤੱਤੀਆਂ ਹਵਾਵਾਂ ਨਾਲ ਇੱਕ ਕਲਾਸ ਰੂਮ ਵਿੱਚ ਪੜ ਰਹੇ 20 ਬੱਚੇ ਬੇਹੋਸ਼ ਹੋ ਗਏ। ਸਾਲ 2019 ਵਿੱਚ ਯੂਰਪੀ ਖਿੱਤੇ ਵਿੱਚ ਚੱਲੀਆਂ ਲੂਆਂ ਨਾਲ 2500 ਬੰਦੇ ਮਾਰੇ ਗਏ ਸਨ।

ਵਾਤਾਵਰਣ ਵਿਗਿਆਨੀਆਂ ਅਨੁਸਾਰ ਸਾਲ 2030 ਤਕ ਧਰਤੀ ਉੱਤੇ ਤਾਪਮਾਨ 1.5 ਡਿਗਰੀ ਸੈਂਟੀਗਰੇਡ ਵਧਣ ਦਾ ਅਨੁਮਾਨ ਹੈ। ਡੇਢ ਡਿਗਰੀ ਸੈਂਟੀਗਰੇਡ ਤਾਪਮਾਨ ਦਾ ਵਧ ਜਾਣਾ ਧਰਤੀ ਉੱਤੇ ਤਪਸ਼ ਦਾ ਬਹੁਤ ਵੱਡਾ ਵਾਧਾ ਹੈ। ਸਾਲ 2030 ਦੇ ਬਾਅਦ ਵਾਤਾਵਰਣ ਬਦਲੀ ਕਾਰਨ ਹੋਣ ਵਾਲੀ ਗੜਬੜੀ ਕੋਵਿਡ-19 ਮਹਾਂਮਾਰੀ ਵਾਂਗ ਆਪਣੇ ਸਾਰਿਆਂ ਦੇ ਘਰੋ-ਘਰੀ ਪਹੁੰਚ ਜਾਏਗੀ, ਖਾਸਕਰ ਗਰੀਬਾਂ ਦੇ ਵਿਹੜਿਆਂ ਵਿੱਚ।

ਦੁਨੀਆਂ ਦੇ ਸਭ ਤੋਂ ਅਮੀਰ ਇੱਕ ਅਰਬ ਲੋਕ ਧਰਤੀ ਉੱਤੇ ਤਾਪਮਾਨ ਵਧਾਉਣ ਵਾਲੀਆਂ ਗੈਸਾਂ ਦੀ 50 ਫ਼ੀਸਦੀ ਦੀ ਪੈਦਾਇਸ਼ ਦੇ ਜ਼ਿੰਮੇਵਾਰ ਹਨ ਜਦਕਿ ਦੁਨੀਆਂ ਦੇ ਗਰੀਬ ਤਿੰਨ ਅਰਬ ਲੋਕਾਂ ਦਾ ਤਾਪਮਾਨ ਵਧਾਉਣ ਵਾਲੀਆਂ ਗੈਸਾਂ ਵਿੱਚ ਯੋਗਦਾਨ ਸਿਰਫ 5 ਫੀਸਦੀ ਹੈ। ਇਹਨਾਂ ਤਿੰਨ ਅਰਬ ਗਰੀਬ ਲੋਕਾਂ ਕੋਲ ਅਤਿ ਦੀ ਗਰਮੀ, ਸੋਕੇ, ਹੜ, ਅੱਗਜ਼ਨੀ, ਫ਼ਸਲਾਂ ਦੀ ਬਰਬਾਦੀ, ਮੱਖੀਆਂ-ਮੱਛਰਾਂ ਤੋਂ ਫੈਲਣ ਵਾਲੀਆਂ ਬਿਮਾਰੀਆਂ ਅਤੇ ਪਾਣੀ ਤੋਂ ਹੋਣ ਵਾਲੀਆਂ ਬੀਮਾਰੀਆਂ ਤੋਂ ਬਚਣ ਲਈ ਬਹੁਤ ਸੀਮਤ ਜਿਹੇ ਸਾਧਨ ਹਨ। ਜਦੋਂ ਅਗਲੇ ੯ ਸਾਲਾਂ ਵਿੱਚ ਜਾਂ ਇਸਦੇ ਆਸ ਪਾਸ ਧਰਤੀ ਦਾ ਤਾਪਮਾਨ 1.5 ਡਿਗਰੀ ਸੈਂਟੀਗਰੇਡ ਵਧ ਜਾਏਗਾ ਤਾਂ ਉੱਪਰ ਗਿਣੀਆਂ ਸਾਰੀਆਂ ਹਾਲਤਾਂ ਹੋਰ ਖਰਾਬ ਹੋ ਜਾਣਗੀਆਂ।

ਅਸਲ ਵਿੱਚ ਘੱਟ ਲਾਗਤ ਵਾਲੇ ਜਲਣ ਵਾਲੇ ਪਦਾਰਥਾਂ ਦੀ ਆਮ ਲੋਕਾਂ ਤਕ ਪਹੁੰਚ ਨਹੀਂ ਹੈ, ਜਿਸ ਨਾਲ ਵਾਤਾਵਰਣ ਵਿਗਾੜ ਸਾਡੇ ਸਮੇਂ ਦੀ ਸਭ ਤੋਂ ਵੱਡੀ ਚਣੌਤੀ ਬਣੀ ਹੋਈ ਹੈ। ਸੂਰਜੀ ਊਰਜਾ ਅਤੇ ਹੋਰ ਨਵੀਨੀ ਬਾਇਓ ਸਰੋਤਾਂ ਤਕ ਪਹੁੰਚ ਦੀ ਬਜਾਏ ਅੰਨੇਵਾਹ ਡੀਜ਼ਲ, ਪੈਟਰੋਲ, ਤੇਲ ਦੀ ਵਰਤੋਂ ਨੇ ਵਾਤਾਵਰਣ ਵਿੱਚ ਉਵੇਂ ਦਾ ਹੀ ਰੋਲ ਅਦਾ ਕੀਤਾ ਹੈ, ਜਿਵੇਂ ਮੌਜੂਦਾ ਦੌਰ ਵਿੱਚ ਲੈਂਡ ਲਾਈਨ ਫੋਨ ਤਕ ਪਹੁੰਚ ਤੋਂ ਬਿਨਾਂ ਮੋਬਾਇਲ ਫੋਨ ਤੱਕ ਪਹੁੰਚ ਬਣੀ ਹੋਈ ਹੈ।

ਧਰਤੀ ਉੱਤੇ ਗਰਮੀ ਦੇ ਵਾਧੇ ਲਈ ਮੁੱਖ ਸਰੋਤਾਂ ਵਿੱਚ ਕੋਲਾ, ਪੈਟਰੋਲੀਅਮ ਵਸਤਾਂ ਅਤੇ ਕੁਦਰਤੀ ਗੈਸਾਂ ਹਨ। ਇਹ ਗੈਸਾਂ ਹੀ ਹਵਾ ਪ੍ਰਦੂਸ਼ਨ ਦਾ ਕਾਰਨ ਬਣਦੀਆਂ ਹਨ। ਇਸ ਨਾਲ ਹਰ ਸਾਲ ਦਿਲ ਦੀਆਂ ਬਿਮਾਰੀਆਂ, ਲਕਵੇ, ਸਾਹ ਦੇ ਰੋਗਾਂ ਅਤੇ ਫੇਫੜਿਆਂ ਦੇ ਕੈਂਸਰ ਨਾਲ 50 ਲੱਖ ਤੋਂ ਇੱਕ ਕਰੋੜ ਲੋਕ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਵਾਤਾਵਰਣ ਬਦਲਾਅ ਉੱਤੇ ਜੇਕਰ ਸਮਿਆਂ ਦੀਆਂ ਸਰਕਾਰਾਂ ਨੇ ਵਿਗਿਆਨੀਆਂ ਦੀ ਸਲਾਹ ਨਾਲ ਰੋਕ ਪਾਉਣ ਦਾ ਯੋਗ ਪ੍ਰਬੰਧ ਨਾ ਕੀਤਾ ਹੁੰਦਾ ਤਾਂ ਇਹ ਲੋਕਾਂ ਅਤੇ ਈਕੋਸਿਸਟਮ ਲਈ ਅਜਿਹਾ ਸੰਕਟ ਬਣ ਜਾਂਦਾ ਜਿਸ ਨਾਲ ਨਿਪਟਿਆ ਨਹੀਂ ਸੀ ਜਾ ਸਕਦਾ।

ਭਾਰਤ ਵਿੱਚ ਪ੍ਰਦੂਸ਼ਨ ਨਾਲ ਹੋਣ ਵਾਲੀਆਂ ਮੌਤਾਂ ਦਾ ਅੰਕੜਾ ਬਹੁਤ ਜ਼ਿਆਦਾ ਹੈ। ਇਸ ਨਾਲ ਹਰ ਸਾਲ 25 ਲੱਖ ਲੋਕਾਂ ਦੀ ਸਮੇਂ ਤੋਂ ਪਹਿਲਾਂ ਮੌਤ ਹੋ ਜਾਂਦੀ ਹੈ। ਇਸ ਵਿੱਚ ਇੱਕ ਲੱਖ 14 ਹਜ਼ਾਰ ਬਾਲਾਂ ਦੀਆਂ ਮੌਤਾਂ ਵੀ ਸ਼ਾਮਲ ਹੈ। ਭਾਰਤ ਅਤੇ ਦੱਖਣੀ ਏਸ਼ੀਆ ਦੇਸ਼ਾਂ ਦੇ ਹਵਾ ਪ੍ਰਦੂਸ਼ਨ ਦਾ ਮੁੱਖ ਕਾਰਨ ਕਾਰਬਨਡਾਈਔਕਸਾਈਡ ਗੈਸਾਂ ਵਿੱਚ ਵਾਧਾ ਹੈ। ਵਿਸ਼ਵੀ ਤਾਪਮਾਨ ਵਿੱਚ ਵਾਧੇ ਦੇ ਅੰਕੜੇ ਦੱਸਦੇ ਹਨ ਕਿ ਗਰਮ ਹਵਾ ਜ਼ਿਆਦਾ ਨਮੀ ਪੈਦਾ ਕਰਦੀ ਹੈ। ਉਪਗ੍ਰਹੀ ਅੰਕੜਿਆਂ ਅਨੁਸਾਰ ਹਵਾ ਵਿੱਚ ਇੱਕ ਡਿਗਰੀ ਦੀ ਗਰਮੀ ਵਿੱਚ ਵਾਧਾ ਨਮੀ ਵਿੱਚ 7 ਫ਼ੀਸਦੀ ਵਾਧਾ ਕਰਦਾ ਹੈ। ਤਾਪਮਾਨ ਵਿੱਚ ਵਾਧਾ ਅਤੇ ਨਮੀ ਵਿੱਚ ਵਾਧਾ ਭਾਰਤ ਵਰਗੇ ਦੇਸ਼ ਲਈ ਵੱਡੀ ਪ੍ਰੇਸ਼ਾਨੀਆਂ ਵਾਲਾ ਮੁੱਦਾ ਹੈ। ਜੇਕਰ ਗਰਮੀ ਵਿੱਚ ਵਾਧਾ ਇਵੇਂ ਹੁੰਦਾ ਰਿਹਾ ਤਾਂ ਨਮੀ ਵਾਲੀਆਂ ਗਰਮ ਹਵਾਵਾਂ ਚੱਲ ਸਕਦੀਆਂ ਹਨ। ਮਾਨਸੂਨ ਦੀ ਵਰਖਾ ਤਿੰਨ ਗੁਣਾ ਤਕ ਵਧ ਸਕਦੀ ਹੈ ਅਤੇ ਇਸ ਸਭ ਕੁਝ ਦਾ ਅਸਰ ਜੀਵਨ, ਖੇਤੀ ਅਤੇ ਜਾਇਦਾਦ ਦੇ ਵਿਨਾਸ਼ ਦੇ ਰੂਪ ਵਿੱਚ ਵੇਖਿਆ ਜਾ ਸਕਦਾ ਹੈ।

ਵਾਤਾਵਰਣ ਪ੍ਰਦੂਸ਼ਨ ਪੈਦਾ ਕਰਨ ਵਾਲੇ ਮੀਥੇਨ, ਹੇਠਲੇ ਵਾਯੂਮੰਡਲ ਵਿੱਚ ਓਜ਼ੋਨ, ਕਾਲੇ ਕਾਰਬਨ ਦੇ ਕਣ ਅਤੇ ਹਾਈਡਰੋਫਲੋਰੋਕਾਰਬਨ ਹਨ, ਜਿਹਨਾਂ ਨੂੰ ਥੋੜੇ ਸਮੇਂ ਤਕ ਜੀਉਣ ਵਾਲੇ ਮੰਨਿਆ ਜਾਂਦਾ ਹੈ। ਵਾਤਾਵਰਣ ਵਿੱਚੋਂ ਕਾਰਬਨਡਾਈਔਕਸਾਈਡ ਅਤੇ ਇਹ ਚਾਰੇ ਪ੍ਰਦੂਸ਼ਕ ਜੇਕਰ ਘੱਟ ਕੀਤੇ ਜਾਂਦੇ ਹਨ ਤਾਂ ਵਾਤਾਵਰਣ ਵਿਗਾੜ ਅੱਧਾ ਰਹਿ ਸਕਦਾ ਹੈ।

ਵਾਤਾਵਰਣ ਪ੍ਰਦੂਸ਼ਨ ਗੈਸਾਂ ਦੀ ਬੇਲੋੜੀ ਪੈਦਾਵਾਰ ਨਾਲ ਧਰਤੀ ਉੱਤੇ ਤਪਸ਼ ਦਾ ਬੇਲਗਾਮ ਵਾਧਾ ਹੋ ਰਿਹਾ ਹੈ। ਜੇਕਰ ਭਾਰਤ ਦੇ ਪਿੰਡਾਂ ਵਿੱਚ ਸੂਰਜੀ ਊਰਜਾ ਅਤੇ ਬਾਇਉਮਾਸ ਊਰਜਾ ਦੀ ਵਰਤੋਂ ਯਕੀਨੀ ਕੀਤੀ ਜਾਵੇ ਅਤੇ ਲੋਕਾਂ ਨੂੰ ਖਾਣਾ ਬਣਾਉਣ, ਖਾਣਾ ਗਰਮ ਕਰਨ ਅਤੇ ਰੌਸ਼ਨੀ ਲਈ ਇਹਨਾਂ ਸਾਧਨਾਂ ਦੀ ਵਰਤੋਂ ਹੋਵੇ ਤਾਂ ਪ੍ਰਦੂਸ਼ਕ ਤੱਤ ਘਟ ਸਕਦੇ ਹਨ। ਖੇਤੀ ਨਾਲ ਸਬੰਧਤ ਵਾਧੂ ਪਦਾਰਥ ਜਿਹਨਾਂ ਨੂੰ ਜਲਾਇਆ ਜਾਂਦਾ ਹੈ, ਉਹ ਪ੍ਰਦੂਸ਼ਨ ਤਾਂ ਪੈਦਾ ਕਰਦੇ ਹੀ ਹਨ, ਸਿਹਤਮੰਦ ਧਰਤੀ ਨੂੰ ਨੁਕਸਾਨ ਵੀ ਪਹੁੰਚਾਉਂਦੇ ਹਨ। ਇਸ ਖੇਤੀ ਰਹਿੰਦ-ਖੂੰਦ ਤੋਂ ਖਾਦ ਤਿਆਰ ਹੋਵੇ ਜਾਂ ਇਸ ਨੂੰ ਬਿਜਲੀ ਬਣਾਉਣ ਲਈ ਵਰਤਿਆ ਜਾਵੇ ਤਾਂ ਸਾਰਥਕ ਸਿੱਟੇ ਨਿਕਲ ਸਕਦੇ ਹਨ। ਕਚਰਾ ਪ੍ਰਬੰਧ, ਹਵਾ ਪ੍ਰਦੂਸ਼ਨ ਵਿੱਚ ਕਟੌਤੀ, ਰੂੜੀ ਖਾਦ ਬਿਹਤਰ ਬਦਲ ਹੋ ਸਕਦੇ ਹਨ।

ਡੀਜ਼ਲ ਦੀ ਵਰਤੋਂ ਬੰਦ ਕਰਨੀ ਸਮੇਂ ਦੀ ਮੁੱਖ ਲੋੜ ਹੈ। ਇਸ ਤੋਂ ਪੈਦਾ ਹੋਏ ਕਾਲੇ ਕਾਰਬਨ ਕਣਾਂ ਦੀ ਇੱਕ ਟਨ ਮਾਤਰਾ ਨਾਲ ਉਨੀ ਗਰਮੀ ਧਰਤੀ ਉੱਤੇ ਪੈਦਾ ਹੁੰਦੀ ਹੈ ਜਿੰਨੀ 2000 ਟਨ ਕਾਰਬਨ ਡਾਈਔਕਸਾਈਡ ਨਾਲ। ਜੇਕਰ ਡੀਜ਼ਲ ਦੀ ਵਰਤੋਂ ਭਾਰਤ ਵਿੱਚ ਬੰਦ ਹੁੰਦੀ ਹੈ ਤਾਂ ਪ੍ਰਦੂਸ਼ਣ ਰੁਕੇਗਾ ਤੇ ਭਾਰਤ ਵਿੱਚ ਸਮੇਂ ਤੋਂ ਪਹਿਲਾਂ ਜਿਹੜੀਆਂ 10 ਲੱਖ ਮੌਤਾਂ ਹਰ ਸਾਲ ਹੁੰਦੀਆਂ ਹਨ, ਉਹਨਾਂ ਨੂੰ ਠੱਲ ਪਵੇਗੀ। ਇੰਨਾ ਹੀ ਨਹੀਂ, ਹਿਮਾਲਿਆ ਦੇ ਗਲੈਸ਼ੀਅਰ ਜੋ ਪਿਘਲਦੇ ਹਨ, ਉਹਨਾਂ ਦੀ ਦਰ ਅੱਧੀ ਰਹਿ ਜਾਏਗੀ। ਇਸ ਨਾਲ ਭਾਰਤ ਦਾ ਵਿਸ਼ਵ ਪੱਧਰੀ ਤਾਪਮਾਨ ਵਿੱਚ ਵਾਧੇ ਵਿੱਚ ਜੋ ਹਿੱਸਾ ਹੈ, ਉਹ ਘੱਟ ਹੋ ਜਾਏਗਾ। ਇਸਦਾ ਲਾਭ ਇਹ ਵੀ ਮਿਲੇਗਾ ਕਿ ਭਾਰਤ ਵਿੱਚ ਕਣਕ ਦੇ ਉਤਪਾਦਨ ਵਿੱਚ 35 ਫ਼ੀਸਦੀ ਅਤੇ ਚੌਲਾਂ ਦੇ ਉਤਪਾਦਨ ਵਿੱਚ 10 ਫ਼ੀਸਦੀ ਦਾ ਵਾਧਾ ਹੋਵੇਗਾ।

ਵਾਤਾਵਰਣ ਸੰਕਟ ਦਾ ਹੱਲ ਇਹ ਹੈ ਕਿ ਮੌਜੂਦਾ ਈਧਨ ਨੂੰ ਬੀਤੇ ਸਮੇਂ ਦੀ ਗੱਲ ਬਣਾ ਦਿੱਤਾ ਜਾਏ ਅਤੇ ਊਰਜਾ ਦੇ ਉਹਨਾਂ ਸਰੋਤਾਂ ਦੀ ਵਰਤੋਂ ਕੀਤੀ ਜਾਵੇ, ਜਿਹੜੇ ਗਰਮੀ ਪੈਦਾ ਕਰਨ ਵਾਲੀਆਂ ਗੈਸਾਂ ਪੈਦਾ ਨਹੀਂ ਕਰਦੇ ਅਤੇ ਨਾ ਹੀ ਕਾਲਾ ਕਾਰਬਨ ਪੈਦਾ ਕਰਦੇ ਹਨ। ਵਿਸ਼ਵ ਵਿੱਚ ਕਿਧਰੇ ਵੀ ਵਾਤਾਵਰਣ ਪ੍ਰਦੂਸ਼ਣ ਗੈਸਾਂ ਪੈਦਾ ਹੁੰਦੀਆਂ ਹੋਣ ਉਹ ਵਿਸ਼ਵ ਤਾਪਮਾਨ ਵਧਾਉਣ ਦਾ ਕਾਰਨ ਬਣਦੀਆਂ ਹਨ।

**ਬਾਕੀ ਸਫ਼ਾ 30 ’ਤੇ**

## ਕੁਦਰਤ ਦੀਆਂ ਕੁਦਰਤੀ ਰਮਜ਼ਾਂ



**ਹਰਫੂਲ ਭੁੱਲਰ ਮੰਡੀ ਕਲਾਂ**
**੯੮੭੬੮੭੦੧੫੭**

ਕੁਦਰਤ ਨੂੰ ਨੇੜਿਓਂ ਜਾਣਕੇ, ਸਮਝਕੇ ਹੀ ਅਸੀਂ ਆਪਣੇ ਦਿਮਾਗ਼ ਦੀਆਂ ਤੰਗ ਗਲੀਆਂ ਨੂੰ ਰੌਸ਼ਨ ਕਰ ਸਕਦੇ ਹਾਂ।

ਅਸੀਂ ਬ੍ਰਹਿਮੰਡ ਦੇ ਸਾਰੇ ਪ੍ਰਾਣੀ ਕਿਰਤੀ ਹਾਂ, ਜੋ ਸਾਥੋਂ ਵੀ ਪਹਿਲਾਂ ਮੌਜੂਦ ਸੀ, ਉਹ ਪ੍ਰਕਿਰਤੀ (ਕੁਦਰਤ) ਅਖਵਾਉਂਦੀ ਹੈ। ਇਸ ਵਿਚ ਕੋਈ ਅਤਕਥਨੀ ਨਹੀਂ ਕਿ ਕੁਦਰਤ ਨੇ ਸਾਨੂੰ ਬਣਾਇਆ ਹੈ। ਬਣਾਇਆ ਵੀ ਉਸੇ ਤਰਾਂ ਦਾ ਜਿਸ ਤਰਾਂ ਉਸ ਨੂੰ ਆਪਣੇ ਅਨੁਕੂਲ ਲੱਗਿਆ। ਹੁਣ ਸਿਧਾਂਤ ਬਿਲਕੁਲ ਸੌਖਾ, ਸਿੱਧਾ ਤੇ ਸਰਲ ਹੈ ਕਿ ਅਸੀਂ ਜਿੰਨਾ ਵੱਧ ਆਪਣੀ ਸਿਰਜਣਹਾਰੀ ਕੁਦਰਤ ਨਾਲ ਇੱਕ-ਮਿਕ ਜਾਂ ਘੁੱਲ-ਮਿਲਕੇ ਚੱਲਾਂਗੇ, ਉਨੇ ਹੀ ਵੱਧ ਸੌਖੇ ਅਤੇ ਸਮੱਰਥਾਵਾਨ ਰਹਾਂਗੇ।

ਹੁਣ ਗੱਲ ਊਰਜਾ ਦੇ ਸੋਮੇ ਸੂਰਜ ਦੀ ਕਰੀਏ, ਸੂਰਜ ਦੀ ਮੌਜੂਦਗੀ ਦਾ ਅਰਥ ਇਹ ਹੈ ਕਿ… ‘ਸਾਡੇ ਤਨ-ਮਨ ਵਿਚ ਊਰਜਾ ਦੀ ਮੌਜੂਦਗੀ ਤੋਂ ਹੈ, ਸੂਰਜ ਦਾ ਢਲ ਜਾਣਾ ਊਰਜਾ ਦਾ ਵੀ ਹੌਲੀ-ਹੌਲੀ ਮੁੱਕਦੇ ਚਲੇ ਜਾਣਾ ਹੈ।’

ਅਸੀਂ ਜੋ ਵੀ ਕਾਰਜ ਕਰਦੇ ਹਾਂ ਸਾਨੂੰ ਉਨਾਂ ਸਾਰਿਆਂ ਵਿਚ ਹੀ ਊਰਜਾ ਦੀ ਲੋੜ ਪੈਂਦੀ ਹੈ। ਇਹ ਸਵਾਲ ਦਾ ਜਵਾਬ ਸਪੱਸ਼ਟ ਹੈ ਕਿ ਸਾਨੂੰ ਆਪਣੇ ਵੱਧ ਤੋਂ ਵੱਧ ਕੰਮਾਂ-ਕਾਰਾਂ ਨੂੰ ਸੂਰਜ ਦੀ ਮੌਜੂਦਗੀ ਵਿਚ ਹੀ ਨਿਬੇੜ ਲੈਣਾ ਚਾਹੀਦਾ ਹੈ।

ਪ੍ਰਛਾਵਾਂ ਢਲਦਿਆਂ ਹੀ ਆਪਣੇ ਕੰਮਾਂ ਨੂੰ ਸੰਭਾਲ ਕੇ ਵੇਲੇ ਸਿਰ ਸੌਂ ਜਾਣਾ ਚੰਗਾ ਹੁੰਦਾ ਹੈ। ਸੁਬਾਹ ਸਵੇਰੇ, ਅੰਮ੍ਰਿਤ ਵੇਲੇ ਊਰਜਾਵਾਨ ਹੋ ਕੇ ਫਿਰ ਹੀ ਉਠਿਆ ਜਾਂਦਾ ਹੈ। ਰਾਤੀਂ ਮਾਰੀਆਂ ਟੱਕਰਾਂ ਸੁਬਾਹ-ਸਵੇਰੇ ਦੇ ਤਾਜ਼ੇ ਦਿਮਾਗ਼ ਦਾ ਮੁਕਾਬਲਾ ਨਹੀਂ ਕਰ ਸਕਦੀਆਂ। ਸੁਬਾਹ ਦੇ ਫੁੱਲ ਦੀ ਤਾਜ਼ਗੀ ਨੂੰ ਸ਼ਾਮ ਦੇ ਫੁੱਲ ਦੀ ਤਾਜ਼ਗੀ ਨਾਲ ਮਿਲਾਕੇ ਗੱਲ ਆਸਾਨੀ ਨਾਲ ਸਮਝ ਆ ਸਕਦੀ ਹੈ।



ਕਹਿਣਾ ਮੈਂ ਇਹ ਚਾਹੁੰਦਾ ਹਾਂ ਕਿ… ‘ਧਾਰਾ ਦੇ ਉਲਟ ਤੈਰਨਾ ਬਹਾਦਰੀ ਦੀ ਗੱਲ ਤਾਂ ਹੋ ਸਕਦੀ ਹੈ, ਪ੍ਰੰਤੂ ਸਮਝਦਾਰੀ ਦੀ ਨਹੀਂ।’ ਜੀਵਨ ਵਿਚ ਬਹਾਦਰੀ ਦੀ ਲੋੜ ਕਦੇ ਕਦਾਈਂ ਪੈਂਦੀ ਹੈ, ਜਦੋਂ ਕਿ ਸਮਝਦਾਰੀ ਅਤੇ ਅਕਲਮੰਦੀ ਦੀ ਹਰ ਸਮੇਂ। ਇਸ ਕਰਕੇ ਪ੍ਰਕਿਰਤੀ ਭਾਵ ਕੁਦਰਤ ਦੇ ਨਾਲ ਸਾਂਝਾ ਪਾਕੇ ਜਿਉਂਣਾ ਹੀ ਸਮਝਦਾਰੀ ਹੈ। ਸਵੇਰੇ ਜਲਦੀ ਉਠਣ ਨਾਲ ਜ਼ਿੰਦਗੀ ਖ਼ੂਬਸੂਰਤ, ਮਨਮੋਹਣੀ ਤੇ ਵੱਡੀ ਬਣ ਜਾਂਦੀ ਹੈ। ਸੂਰਜ ਦੀ ਮੌਜੂਦਗੀ ਵਿਚ ਕੀਤੇ ਕੰਮ ਜ਼ਿਆਦਾ ਨਿਬੜ ਹਨ।

## ਜੰਗਲੀ ਮਨੁੱਖ

ਹੈ ਭਾਵੇਂ ਤੂੰ ਆਦਮੀ
ਰੱਬ ਨੇ ਸਾਨੂੰ ਦੋਹਾਂ ਨੂੰ ਬਣਾਇਆ
ਪਰ ਮੈਂ ਬਨ ਮਾਨੁਸ਼
ਮੈ ਜੰਗਲ ਵਿਚ
ਤੂੰ ਸ਼ਹਿਰ ਵਿਚ ਵੱਸਦਾ
ਜੰਗਲ ਤੇ ਸ਼ਹਿਰ ਦਾ
ਕਿੰਨਾ ਕੁ ਫਾਸਲਾ
ਪਰ,
ਤੂੰ ਮਨੁੱਖ ਹੋ ਕੇ ਵੀ
ਮਨੁੱਖੀ ਭਾਵਨਾਵਾਂ ਨੂੰ ਸਮਝ ਨਾ ਸਕਿਆ
ਜੰਗਲੀ ਤੇ ਵਹਿਸ਼ੀ ਬਣ ਗਿਆ
ਅਤੇ ਮੈਂ।
ਜੰਗਲੀ ਮਾਨੁਸ਼
ਮਨੁੱਖੀ ਸੋਚ ਦਾ ਧਾਰਨੀ,
ਇਸ ਜ਼ਹਿਰੀਲੇ ਸੱਪਾਂ ਦੀ ਦਲ-ਦਲ ਵਿੱਚ
ਫੱਸ ਗਿਆ ਏਂ ਤੂੰ
ਆ ਤੈਨੂੰ ਮੈਂ ਕੱਢ ਦਿਆਂਗਾ
ਇਸ ਦਲ-ਦਲ ਤੋਂ ਬਾਹਰ
ਤੇ ਸ਼ਾਇਦ ਮੈਨੂੰ ਵੇਖ ਕੇ
ਤੇਰੇ ਅੰਦਰ ਦੀ ਮਨੁੱਖਤਾ ਜਾਗ ਪਵੇ,

**ਅਣਿਮੇਸ਼ਵਰ ਕੌਰ**

## ਕੁਦਰਤ ਦੀ ਸਿਫ਼ਤ



ਜਦੋਂ ਤੱਕ ਮੈਂ ਘਰ ਦੇ ਅੰਦਰ ਸੀ
ਸਭ ਕੁਝ ਹੁੰਦੇ ਹੋਏ ਵੀ ਮਨ ਬੇਚੈਨ ਸੀ
ਮੈਂ ਘਰੋਂ ਨਿਕਲਿਆ ਬਾਹਰ ਗਿਆ
ਕੁਦਰਤ ਨੂੰ ਆਪਣਾ ਸਮਝਿਆ
ਇੰਝ ਲੱਗਿਆ ਜਿਵੇਂ ਏ ਬੇਜ਼ੁਬਾਨ ਰੁੱਖ ਕੁਝ ਕਹਿ ਰਹੇ ਹੋਵਣ
ਮੇਰੇ ਨਾਲ ਮੇਰਾ ਦੁੱਖ ਸੁੱਖ ਕਰ ਰਹੇ ਹੋਵਣ
ਲੱਗਦਾ ਸੀ ਜਿਵੇ ਪਿੱਪਲ ਮੇਰਾ ਪਿਤਾ, ਬੋਹੜ ਮੇਰੀ ਮਾਤਾ
ਟਾਹਲੀਆਂ ਤੇ ਕਿੱਕਰ ਮੇਰੇ ਭੈਣ ਭਰਾ ਹੋਵਣ
ਕਦੇ ਬਹੁਤ ਪਿਆਰ ਕਰਨ ਵਾਲੇ
ਤੇ ਕਦੇ ਕਿੱਕਰ ਦੀ ਸੂਲ਼ ਵਾਂਗ ਚੁਭ ਕੇ ਥੋੜਾ ਦੁੱਖ ਦੇਣ ਵਾਲੇ
ਬਸ ਇੱਕ ਆਨੰਦ ਬਣ ਗਿਆ
ਹੁਣ ਆਦਤ ਪੈ ਗਈ ਹਰ ਰੋਜ ਇਨਾਂ ਨੂੰ ਮਿਲਕੇ ਆਉਣ ਦੀ
ਜੋ ਮੈਂ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦਾ
ਮੈਂ ਆਪਣੇ ਆਪ ਨੂੰ ਸਭ ਤੋਂ ਖੁਸ਼, ਤੰਦਰੁਸਤ ਅਤੇ ਅਮੀਰ ਪਾਇਆ
ਇੱਕ ਦਿਨ ਇਸ ਤਰਾਂ ਅਨੁਭਵ ਹੋਇਆ
ਜਿਵੇਂ ਪਿੱਪਲ਼ ਤੇ ਬੋਹੜ ਮੈਨੂੰ ਹਕੀਕਤ ਵਿੱਚ ਜਵਾਬ ਦੇ ਰਹੇ ਹੋਵਣ
ਮੇਰੀਆਂ ਅੱਖਾਂ ਵਿੱਚੋਂ ਨੀਰ ਵਹਿਣ ਲੱਗਿਆ
ਮੈਨੂੰ ਪਤਾ ਨਾ ਲੱਗੇ ਕਿ ਇਹ ਕੋਈ ਅਨਹਦ ਨਾਦ ਸੀ
ਬਸ ਇੱਕ ਵੱਖਰਾ ਹੀ ਅਹਿਸਾਸ ਸੀ
ਮੈਂ ਅੱਖਾਂ ਸਾਫ਼ ਕਰਕੇ ਭਰੇ ਹੋਏ ਗਲ਼ੇ ਨਾਲ਼ ਪੁੱਛਿਆ
ਤੈਨੂੰ ਆਪਣਾ ਮੀਤ ਲਿਖਾਂ ?
ਮੇਰੀ ਆਖਰੀ ਜਿੱਤ ਲਿਖਾਂ ?
ਮੁਕੱਦਰ ਨਾਲ ਮਿਲੀ ਤਕਦੀਰ ਲਿਖਾਂ ?
ਤੈਨੂੰ ਕੀ ਲਿਖਾਂ ਕਿ ਨਾ ਲਿਖਾਂ ?
ਇੱਕ ਤੂੰ ਹੀ ਤੂੰ, ਬਸ ਤੂੰ ਹੀ ਤੂੰ
ਵਾਹਿਗੁਰੂ ! ਵਾਹਿਗੁਰੂ !

**ਸਰਬਜੀਤ ਸਿੰਘ**

# ਮਲੀਨ ਵਾਤਾਵਰਣ ਕਾਰਨ ਵਧ ਰਹੀ ਏ ਗਲੋਬਲ ਵਾਰਮਿੰਗ

**ਡਾ. ਸੁਖਦੇਵ ਸਿੰਘ ਝੰਡ**

ਦੁਨੀਆਂ ਦੇ ਲਗਭਗ ਸਾਰੇ ਹੀ ਦੇਸ਼ਾਂ ਵਿੱਚ ਵਾਤਾਵਰਣ ਵਿਗੜ ਰਿਹਾ ਹੈ ਅਤੇ ਇਸਦੇ ਕਾਰਨ ਤਾਪਮਾਨ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਜਿਸ ਨੂੰ 'ਗਲੋਬਲ ਵਾਰਮਿੰਗ' ਦਾ ਨਾਂ ਦਿੱਤਾ ਗਿਆ ਹੈ। ਇਹ ਧਰਤੀ ਦੇ ਧਰਾਤਲ ਉੱਪਰ ਵਾਤਾਵਰਣ ਵਿੱਚ ਹੌਲੀ-ਹੌਲੀ ਹੋ ਰਿਹਾ ਔਸਤਨ ਵਾਧਾ ਹੈ ਜਿਸਦੇ ਦੂਰਗਾਮੀ ਬੁਰੇ ਪ੍ਰਭਾਵ ਬੜੀ ਦੇਰ ਨਾਲ ਸਾਹਮਣੇ ਆਉਂਦੇ ਹਨ। ਮੌਸਮ ਦੇ ਮਾਹਿਰ ਵਿਗਿਆਨੀਆਂ ਅਨੁਸਾਰ ਪਿਛਲੀ ਸਦੀ ਵਿੱਚ ਇਹ ਤਾਪਮਾਨ 1 ਤੋਂ 1.5 ਡਿਗਰੀ ਸੈਂਟੀਗਰੇਡ ਤਕ ਵਧਿਆ ਹੈ ਅਤੇ ਜੇਕਰ ਇਹ ਸਿਲਸਿਲਾ ਇੰਜ ਹੀ ਚੱਲਦਾ ਰਿਹਾ ਤਾਂ ਇਸ ਸਦੀ ਦੇ ਅਖ਼ੀਰ ਤਕ ਇਹ ਵਾਧਾ ੨ ਤੋਂ ਲੈ ਕੇ 6 ਡਿਗਰੀ ਸੈਂਟੀਗਰੇਡ ਤਕ ਹੋ ਸਕਦਾ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ 1905 ਤੋਂ 2005 ਦੇ ਵਿਚਕਾਰ ਇਹ ਵਾਧਾ ਕੇਵਲ 0.6 ਤੋਂ 0.9 ਡਿਗਰੀ ਸੈਂਟੀਗਰੇਡ, ਭਾਵ 1.1 ਤੋਂ 1.6 ਡਿਗਰੀ ਫ਼ਾਰਨਹੀਟ ਦੇ ਵਿਚਕਾਰ ਸੀ ਅਤੇ ਇਸ ਤੋਂ ਉੱਪਰਲਾ ਦੁੱਗਣਾ ਵਾਧਾ 2005 ਤੋਂ ਬਾਅਦ ਹੋਇਆ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ 'ਬਰਫ਼ ਦੇ ਯੁਗ' (ਆਈਸ ਏਜ) ਵਿੱਚ ਧਰਤੀ ਦਾ ਔਸਤ ਤਾਪਮਾਨ ਅੱਜ ਦੇ ਔਸਤ ਤਾਪਮਾਨ ਨਾਲੋਂ ੬ ਡਿਗਰੀ ਸੈਂਟੀਗਰੇਡ ਘੱਟ ਸੀ। ਇਸ ਤੋਂ ਅਗਲੇ 'ਡਾਇਨਾਸੋਰ ਯੁਗ' ਵਿੱਚ ਇਹ ਅੱਜ ਨਾਲੋਂ 4 ਡਿਗਰੀ ਸੈਂਟੀਗਰੇਡ ਵੱਧ ਹੋ ਗਿਆ ਜਿਸ ਕਰਕੇ ਲਗਭਗ ਸੱਤ ਕਰੋੜ ਸਾਲ ਪਹਿਲਾਂ ਧਰਤੀ 'ਤੇ ਬੜੀ ਉਥਲ-ਪੁਥਲ ਹੋਈ ਸੀ।

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਤਾਪਮਾਨ ਦੇ ਅਜੋਕੇ ਵਾਧੇ ਲਈ ਮਨੁੱਖ ਹੀ ਜ਼ਿੰਮੇਵਾਰ ਹੈ। ਉਸ ਦੁਆਰਾ ਕੀਤੀ ਗਈਆਂ ਨਵੀਆਂ ਨਵੀਆਂ ਖੋਜਾਂ ਅਤੇ ਕਾਢਾਂ ਹੀ ਤਾਪਮਾਨ ਦੇ ਇਸ ਵਾਧੇ ਨੂੰ ਜਨਮ ਦੇ ਰਹੀਆਂ ਹਨ। ਅਜੋਕੇ ਸਮੇਂ ਵਿੱਚ ਮਨੁੱਖ 'ਫੌਸਿਲ ਫਿਊਲ' ਦੀ ਵਰਤੋਂ ਧੜਾਧੜ ਕਰ ਰਿਹਾ ਹੈ ਜਿਸ ਵਿੱਚ ਕੋਇਲਾ, ਪੈਟਰੋਲ, ਡੀਜ਼ਲ, ਮਿੱਟੀ ਦਾ ਤੇਲ, ਕੁਦਰਤੀ ਗੈਸ ਆਦਿ ਸਭ ਆ ਜਾਂਦੇ ਹਨ ਅਤੇ ਇਹ ਸਾਰੇ ਹੀ ਬਲਨ ਸਮੇਂ ਵੱਡੀ ਮਾਤਰਾ ਵਿੱਚ ਗਰੀਨਹਾਊਸ ਗੈਸਾਂ ਨੂੰ ਜਨਮ ਦਿੰਦੇ ਹਨ। ਤਾਪ-ਬਿਜਲੀਘਰਾਂ ਵਿੱਚ ਬਿਜਲੀ ਬਣਾਉਣ ਲਈ ਕੋਇਲੇ ਦੀ ਭਾਰੀ ਵਰਤੋਂ ਹੋ ਰਹੀ ਹੈ। ਇਸ ਸਮੇਂ ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਅਮਰੀਕਾ ਕੁਲ ਗਰੀਨਹਾਊਸ ਗੈਸਾਂ ਦਾ 25 ਫ਼ੀਸਦੀ ਹਿੱਸਾ ਵਾਯੂਮੰਡਲ ਵਿੱਚ ਭੇਜ ਰਿਹਾ ਹੈ ਅਤੇ ਚੀਨ ਵੀ ਇਸ ਦੌੜ ਵਿੱਚ ਉਸ ਤੋਂ ਪਿੱਛੇ ਨਹੀਂ ਹੈ, ਸਗੋਂ ਚਾਰ ਕਦਮ ਅੱਗੇ ਹੀ ਹੈ। ਭਾਰਤ ਸਮੇਤ ਤੀਸਰੀ ਦੁਨੀਆਂ ਦੇ ਦੇਸ਼ਾਂ ਲਈ ਵਾਤਾਵਰਣ ਡੂੰਘੀ ਅਤੇ ਗੁੰਝਲਦਾਰ ਸਮੱਸਿਆ ਬਣਦੀ ਜਾ ਰਿਹਾ ਹੈ। ਕੁਦਰਤੀ ਪ੍ਰਕਿਰਿਆਵਾਂ ਵਿੱਚ ਵਿਗਾੜ ਪਾ ਕੇ ਮਨੁੱਖ ਆਪਣੇ ਲਈ ਕੁਦਰਤੀ ਕਰੋਪੀਆਂ ਸਹੇੜ ਰਿਹਾ ਹੈ ਅਤੇ ਆਪਣੇ ਜੀਵਨ ਨੂੰ ਖ਼ਤਰੇ ਵਿੱਚ ਪਾ ਰਿਹਾ ਹੈ।

ਸੰਸਾਰਕ ਪੱਧਰ 'ਤੇ ਵਧੇ ਹੋਏ ਤਾਪਮਾਨ ਨਾਲ ਵਾਤਾਵਰਣ ਵਿੱਚ ਬਹੁਤ ਵੱਡੀਆਂ ਤਬਦੀਲੀਆਂ ਹੋ ਰਹੀਆਂ ਹਨ। ਵੱਡੇ-ਵੱਡੇ ਗਲੇਸ਼ੀਅਰ ਹੌਲੀ-ਹੌਲੀ ਪਿਘਲ ਰਹੇ ਹਨ ਅਤੇ ਜਦੋਂ ਇਹ ਵੱਡੇ ਪੱਧਰ 'ਤੇ ਪਿਘਲਣਗੇ ਤਾਂ ਨਦੀਆਂ ਅਤੇ ਦਰਿਆਵਾਂ ਵਿੱਚ ਹੜ੍ਹ ਆ ਸਕਦੇ ਹਨ। ਹਿਮਾਲੀਆ ਪਰਬਤ ਦੀ ਲੰਮੀ ਲੜੀ ਵਿੱਚ ਲਗਭਗ ਦੋ ਲੱਖ ਵਰਗ ਕਿਲੋਮੀਟਰ ਦੇ ਖ਼ੇਤਰਫਲ ਵਿੱਚ ਗਲੇਸ਼ੀਅਰ ਹਨ ਅਤੇ ਇਨ੍ਹਾਂ ਦੇ ਪਿਘਲਣ ਨਾਲ ਭਾਰਤ ਦੇ ਦਰਿਆਵਾਂ ਨੂੰ ਵੀ ਖ਼ਤਰਾ ਪੈਦਾ ਹੋ ਸਕਦਾ ਹੈ। ਦਰਿਆਵਾਂ ਦੇ ਇਸ ਵਾਧੂ ਪਾਣੀ ਦੇ ਨਾਲ ਸਮੁੰਦਰ ਦੀ ਸਤਹ ਹੌਲੀ-ਹੌਲੀ ਉੱਚੀ ਹੁੰਦੀ ਜਾਏਗੀ ਅਤੇ ਨੇੜ-ਭਵਿੱਖ ਵਿੱਚ ਵੱਖ-ਵੱਖ ਸਮੁੰਦਰਾਂ ਦੇ ਕੰਢਿਆਂ 'ਤੇ ਵਸੇ ਸ਼ਹਿਰਾਂ ਤੇ ਹੋਰ ਇਲਾਕਿਆਂ ਦੇ ਸਮੁੰਦਰ ਵਿੱਚ ਡੁੱਬਣ ਦਾ ਖ਼ਤਰਾ ਪੈਦਾ ਹੋ ਸਕਦਾ ਹੈ। ਇਨ੍ਹਾਂ ਵਿੱਚ ਭਾਰਤ ਦੇ ਗਵਾਂਢੀ ਬੰਗਲਾ ਦੇਸ਼ ਤੇ ਕਈ ਹੋਰ ਦੇਸ਼ਾਂ ਦੇ ਡੁੱਬਣ ਦੀ ਵੀ ਗੱਲ ਕੀਤੀ ਜਾ ਰਹੀ ਹੈ। ਅਮਰੀਕਾ ਵਿੱਚ ਸੈਲਾਨੀਆਂ ਦੇ ਬੇਹੱਦ ਮਨਪਸੰਦ ਸ਼ਹਿਰ ਮਿਆਮੀ ਦੀ ਹੋਂਦ ਵੀ ਖ਼ਤਰੇ ਵਿੱਚ ਦੱਸੀ ਜਾ ਰਹੀ ਹੈ।

ਮੌਸਮ ਦੇ ਵਿਗਿਆਨੀਆਂ ਦੀ ਧਾਰਨਾ ਹੈ ਕਿ 1850 ਤੋਂ ਆਰੰਭ ਹੋਈ 'ਉਦਯੋਗਿਕ-ਕ੍ਰਾਂਤੀ' ਦੌਰਾਨ ਹੋਏ ਮਸ਼ੀਨੀਕਰਨ ਨਾਲ ਵਾਤਾਵਰਣ ਵਿੱਚ 'ਗਰੀਨਹਾਊਸ ਗੈਸਾਂ' ਦੀ ਮਿਕਦਾਰ ਵਧਣੀ ਸ਼ੁਰੂ ਹੋ ਗਈ, ਕਿਉਂਕਿ ਮਸ਼ੀਨਾਂ ਨੂੰ ਚਲਾਉਣ ਲਈ ਵਧੇਰੇ ਕਰਕੇ 'ਫੌਸਿਲ ਫਿਊਲ' ਦੀ ਹੀ ਵਰਤੋਂ ਕੀਤੀ ਗਈ। ਗਰੀਨਹਾਊਸ ਗੈਸਾਂ ਵਿੱਚ ਸ਼ਾਮਲ ਕਾਰਬਨ ਡਾਇਆਕਸਾਈਡ ਅਤੇ ਮੀਥੇਨ ਵਾਯੂਮੰਡਲ ਵਿੱਚ ਗਰਮੀ ਛੱਡਦੀਆਂ ਹਨ। ਇਨ੍ਹਾਂ ਵਿੱਚੋਂ ਕਾਰਬਨ ਡਾਇਆਕਸਾਈਡ ਦੀ ਮਾਤਰਾ 2009 ਤਕ 38 ਫ਼ੀਸਦੀ ਵਧੀ, ਜਦ ਕਿ ਮੀਥੇਨ ਦੀ ਮਾਤਰਾ ਵਿੱਚ 148 ਫ਼ੀਸਦੀ ਵਾਧਾ ਹੋਇਆ ਜੋ ਕਾਰਬਨ ਡਾਇਆਕਸਾਈਡ ਨਾਲੋਂ ਚਾਰ ਗੁਣਾ ਵੱਧ ਹੈ ਅਤੇ ਇਹ ਗਰਮੀ ਵੀ ਹਵਾ ਵਿੱਚ ਕਾਰਬਨ ਡਾਇਆਕਸਾਈਡ ਨਾਲੋਂ 300 ਗੁਣਾਂ ਵਧੇਰੇ ਛੱਡਦੀ ਹੈ। ਇਨ੍ਹਾਂ ਗਰੀਨਹਾਊਸ ਗੈਸਾਂ ਵਿੱਚ ਸ਼ਾਮਲ 'ਲਾਫਿੰਗ ਗੈਸ' (ਨਾਈਟਰੱਸ ਆਕਸਾਈਡ) ਵੀ ਇਸ ਗਰਮੀ ਵਿੱਚ ਆਪਣਾ ਪੂਰਾ ਯੋਗਦਾਨ ਪਾਉਂਦੀ ਹੈ। ਇਤਿਹਾਸਕ ਤੱਥ ਬਿਆਨ ਕਰ ਰਹੇ ਹਨ ਕਿ ਪਿਛਲੇ 5000 ਸਾਲਾਂ ਵਿੱਚ ਧਰਤੀ ਦੇ ਔਸਤ ਤਾਪਮਾਨ ਵਿੱਚ 5 ਡਿਗਰੀ ਸੈਂਟੀਗਰੇਡ ਵਾਧਾ ਹੋਇਆ ਹੈ ਅਤੇ ਅਗਲੀ ਸਦੀ ਵਿੱਚ ਤਾਪਮਾਨ ਦਾ ਇਹ ਵਾਧਾ 20 ਗੁਣਾਂ ਹੋਣ ਦੀ ਭਵਿੱਖਬਾਣੀ ਕੀਤੀ ਜਾ ਰਹੀ ਹੈ।

ਦੁਨੀਆਂ ਦੇ 195 ਦੇਸ਼ਾਂ ਦੀ ਸਮੂਹਿਕ ਜਥੇਬੰਦੀ 'ਸੰਯੁਕਤ ਰਾਸ਼ਟਰ ਸੰਘ' (ਯੂ.ਐੱਨ.ਓ.) ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਸੰਸਾਰ ਵਿੱਚ ਹਰ ਸਾਲ ਲਗਭਗ 9 ਲੱਖ ਮਿਲੀਅਨ ਹੈਕਟੇਅਰ ਰਕਬੇ ਵਿੱਚੋਂ ਹਰ ਸਾਲ ਜੰਗਲ ਅਲੋਪ ਹੋ ਰਹੇ ਹਨ। ਅਤੇ ਇਸ ਨਾਲ ਵਾਤਾਵਰਣ ਵਿੱਚ ਵੱਡੀ ਪੱਧਰ 'ਤੇ ਗੜਬੜ ਹੋ ਰਹੀ ਹੈ। ਆਸਟ੍ਰੇਲੀਆ, ਅਮਰੀਕਾ ਦੇ ਸੂਬੇ ਕੈਲੇਫ਼ੋਰਨੀਆ, ਕੈਨੇਡਾ ਦੇ ਸੂਬੇ ਅਲਬਰਟਾ ਅਤੇ ਕਈ ਹੋਰ ਥਾਂਵਾਂ 'ਤੇ ਜੰਗਲਾਂ ਨੂੰ ਅੱਗ ਲੱਗਣ ਕਾਰਨ ਲੱਖਾਂ ਏਕੜ ਰਕਬਾ ਜੰਗਲ ਤੋਂ ਵਿਹਲਾ ਹੋ ਗਿਆ ਹੈ। ਜੰਗਲਾਂ ਦੇ ਇਸ ਤਰਾਂ ਖ਼ਤਮ ਹੋਣ ਨਾਲ ਇਨ੍ਹਾਂ ਵਿੱਚ ਰਹਿਣ ਵਾਲੇ ਜੀਵ-ਜੰਤੂਆਂ ਅਤੇ ਜਾਨਵਰਾਂ ਦਾ ਵੀ ਖਾਤਮਾ ਹੋ ਰਿਹਾ ਹੈ। ਇਨ੍ਹਾਂ ਦੀਆਂ ਕਈ ਪ੍ਰਜਾਤੀਆਂ ਹੌਲੀ-ਹੌਲੀ ਅਲੋਪ ਹੁੰਦੀਆਂ ਜਾ ਰਹੀਆਂ ਹਨ। ਅਸੀਂ ਭਲੀ-ਭਾਂਤ ਜਾਣਦੇ ਹਾਂ ਕਿ ਵਾਤਾਵਰਣ ਵਿੱਚ ਸਮਤੋਲ ਰੱਖਣ ਲਈ ਰੁੱਖਾਂ ਦੀ ਅਹਿਮ ਭੂਮਿਕਾ ਹੈ। ਉਹ ਹਵਾ ਵਿੱਚੋਂ ਕਾਰਬਨ ਡਾਇਆਕਸਾਈਡ ਲੈ ਕੇ ਆਸਾਨੀ ਨਾਲ ਸਾਹ ਲੈਣ ਲਈ ਸਾਨੂੰ ਆਕਸੀਜਨ ਦਿੰਦੇ ਹਨ। ਪੌਦਾ-ਵਿਗਿਆਨੀਆਂ ਦਾ ਵਿਚਾਰ ਹੈ ਇੱਕ ਵੱਡੇ ਰੁੱਖ ਵਿੱਚ 22 ਤੋਂ 25 ਕਿਲੋਗ੍ਰਾਮ ਕਾਰਬਨ ਡਾਇਆਕਸਾਈਡ ਹਵਾ ਵਿੱਚੋਂ ਜਜ਼ਬ ਕਰਨ ਦੀ ਸਮਰੱਥਾ ਹੈ।

ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ 2007 ਵਿੱਚ 46 ਦੇਸ਼ਾਂ ਦੀ ਵਾਤਾਵਰਣ ਸਬੰਧੀ ਹੋਈ ਕਾਨਫਰੰਸ ਵਿੱਚ ਵਿਗਿਆਨੀਆਂ ਵੱਲੋਂ ਚਿਤਾਵਨੀ ਦਿੱਤੀ ਗਈ ਸੀ ਕਿ ਜੇਕਰ ਲੋਕਾਂ ਨੂੰ ਹੁਣ ਵੀ ਗਰੀਨਹਾਊਸ ਗੈਸਾਂ ਤੋਂ ਮੁਕਤ ਨਾ ਕਰਵਾਇਆ ਗਿਆ ਤਾਂ ਫਿਰ ਸਾਡੇ ਲਈ ਪਛਤਾਉਣ ਦਾ ਸਮਾਂ ਵੀ ਨਹੀਂ ਬਚੇਗਾ। ਵਿਗਿਆਨੀਆਂ ਦੀ ਇਸ ਚਿਤਾਵਨੀ ਨੂੰ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵੱਲੋਂ ਗੰਭੀਰਤਾ ਨਾਲ ਲਿਆ ਗਿਆ ਅਤੇ 2015 ਵਿੱਚ ਪੈਰਿਸ ਵਿੱਚ ਹੀ ਹੋਈ ਮੁੜ ਹੋਈ ਕਾਨਫਰੰਸ ਵਿੱਚ 200 ਦੇਸ਼ਾਂ ਦੇ ਪ੍ਰਤੀਨਿਧੀਆਂ ਵੱਲੋਂ ਇਸ ਉੱਪਰ ਦਸਤਖ਼ਤ ਕੀਤੇ ਗਏ ਜਿਸ ਨੂੰ 'ਪੈਰਿਸ ਵਾਤਾਵਰਣ ਸਮਝੌਤੇ' ਦਾ ਨਾਂ ਦਿੱਤਾ ਗਿਆ। ਇਹ ਸਮਝੌਤਾ ਅਗਲੇ ਸਾਲ 2016 ਨੂੰ ਲਾਗੂ ਕੀਤਾ ਗਿਆ। ਇਸ ਸਮਝੌਤੇ ਦਾ ਮੁੱਖ-ਉਦੇਸ਼ ਸੰਸਾਰਕ ਪੱਧਰ 'ਤੇ ਤਾਪਮਾਨ ਵਿੱਚ ਵਾਧੇ ਨੂੰ ਹਰ ਹਾਲਤ ਵਿੱਚ 2 ਡਿਗਰੀ ਸੈਂਟੀਗਰੇਡ ਤੋਂ ਹੇਠਾਂ ਰੱਖਣਾ ਹੈ ਅਤੇ ਬਿਹਤਰ ਹੈ ਜੇਕਰ ਇਹ 1.5 ਡਿਗਰੀ ਦੇ ਆਸ-ਪਾਸ ਹੀ ਰਹੇ। ਇਸ ਸਮਝੌਤੇ ਅਨੁਸਾਰ ਗਰੀਨਹਾਊਸ ਗੈਸਾਂ ਦੀ ਹਵਾ ਵਿੱਚ ਮਾਤਰਾ ਉਨੀ ਕੁ ਹੀ ਰਹਿਣੀ ਚਾਹੀਦੀ ਹੈ ਜਿੰਨੀ ਰੁੱਖ, ਧਰਤੀ ਅਤੇ ਸਮੁੰਦਰ ਆਪਣੇ ਵਿੱਚ ਆਸਾਨੀ ਨਾਲ ਸਮਾਅ ਸਕਣ। ਇਸਦੇ ਲਈ ਹਰੇਕ ਮੈਂਬਰ ਦੇਸ਼ ਇਨ੍ਹਾਂ ਗੈਸਾਂ ਨੂੰ ਘਟਾਉਣ ਦਾ ਆਪਣਾ 'ਨਿਸ਼ਾਨਾ' (ਟਾਰਗੈੱਟ) ਤੈਅ ਕਰਦਾ ਹੈ ਜਿਸ ਨੂੰ 'ਐੱਨ.ਡੀ.ਸੀ. '(ਨੈਸ਼ਨਲ ਡਿਟਰਮਿੰਡ ਕੰਟਰੀਬਿਊਸ਼ਨ) ਦਾ ਨਾਂ ਦਿੱਤਾ ਗਿਆ ਹੈ ਅਤੇ ਉਹ ਉਸ ਨੂੰ ਲਗਦੀ ਵਾਹ ਪੂਰਿਆਂ ਕਰਨ ਦੀ ਕੋਸ਼ਿਸ਼ ਕਰਦਾ ਹੈ। ਵਾਤਾਵਰਣ ਦੀ ਤਬਦੀਲੀ ਅਤੇ ਨਵਿਆਉਣਯੋਗ-ਊਰਜਾ ਵਰਗੇ ਪ੍ਰਾਜੈਕਟਾਂ ਨੂੰ ਅਪਣਾਉਣ ਲਈ ਅਮੀਰ ਦੇਸ਼ਾਂ ਵੱਲੋਂ ਗਰੀਬ ਦੇਸ਼ਾਂ ਦੀ ਮਾਇਕ-ਸਹਾਇਤਾ ਵੀ ਕੀਤੀ ਜਾਂਦੀ ਹੈ। ਇਸਦੇ ਵੱਲੋਂ ਮਿਥੇ ਗਏ ਨਿਸ਼ਾਨੇ ਅਨੁਸਾਰ ਦੁਨੀਆਂ ਦੇ ਸਾਰੇ ਦੇਸ 2050 ਤੱਕ ਵਾਤਾਵਰਣ ਪੱਖੋਂ 'ਨਿਊਟਰਲ' ਹੋ ਜਾਣਗੇ। ਇਸ ਤੋਂ ਭਾਵ ਹੈ ਕਿ ਵਾਤਾਵਰਣ ਗਰੀਨਗੈਸਾਂ ਦੇ ਵਾਧੂ ਰਿਸਾਅ ਤੋਂ ਮੁਕਤ ਹੋ ਜਾਏਗਾ ਅਤੇ ਹਵਾ ਵਿੱਚ ਇਹ ਗੈਸਾਂ ਉਨੀ ਹੀ ਮਾਤਰਾ ਵਿੱਚ ਹੋਣਗੀਆਂ ਜਿੰਨੀਆਂ ਰੁੱਖ, ਧਰਤੀ ਅਤੇ ਸਮੁੰਦਰਾਂ ਦੇ ਪਾਣੀਆਂ ਆਪਣੇ ਵਿੱਚ ਸਮਾਅ ਲੈਣਗੇ।

ਦੁਨੀਆਂ ਦੇ ਸਭ ਤੋਂ ਅਮੀਰ ਮਨੁੱਖ ਅਤੇ ਵਾਤਾਵਰਣ ਪ੍ਰਤੀ ਗੰਭੀਰ ਚਿੰਤਕ ਬਿੱਲਗੇਟਸ ਨੇ ਮਾਰਚ 2021 ਵਿੱਚ ਛਪੀ ਆਪਣੀ ਪੁਸਤਕ 'ਹਾਊ ਟੂ ਅਵਾਇਡ ਆ ਕਲਾਈਮੇਟ ਡਿਜ਼ਾਸਟਰ' ਵਿੱਚ ਸਾਰੀ ਦੁਨੀਆਂ ਨੂੰ ਵਾਤਾਵਰਣ ਦੇ ਗੰਭੀਰ ਖ਼ਤਰੇ ਤੋਂ ਬਚਣ ਲਈ ਗਰੀਨਹਾਊਸ ਗੈਸਾਂ ਵਿੱਚ ਸ਼ਾਮਲ ਕਾਰਬਨ ਡਾਇਆਕਸਾਈਡ ਅਤੇ ਹਾਨੀਕਾਰਕ ਗੈਸਾਂ ਦੀ ਹਵਾ ਵਿੱਚ ਮਾਤਰਾ ਨੂੰ 2030 ਤੱਕ ਅੱਧਾ ਕਰਨ, ਅਤੇ 2050 ਤੱਕ ਇਨ੍ਹਾਂ ਨੂੰ 'ਜ਼ੀਰੋ' ਪੱਧਰ ਤਕ ਲਿਜਾਣ ਦੀ ਗੱਲ ਕੀਤੀ ਹੈ। ਲੇਖਕ ਵੱਲੋਂ ਇਨ੍ਹਾਂ ਗੈਸਾਂ ਨੂੰ 'ਜ਼ੀਰੋ' ਤਕ ਲੈ ਜਾਣਾ ਭਾਵੇਂ 'ਆਦਰਸ਼ਕ' ਹੀ ਜਾਪਦਾ ਹੈ ਪਰ ਇਸ ਤੋਂ ਉਸ ਦਾ ਭਾਵ ਇਨ੍ਹਾਂ ਦੇ ਹਵਾ ਵਿੱਚ ਰਿਸਾਅ ਨੂੰ ਘੱਟ ਤੋਂ ਘੱਟ ਕਰਨਾ ਹੈ। ਇਸਦੇ ਲਈ ਸਾਰਿਆਂ ਨੂੰ 'ਫੌਸਿਲ ਫਿਊਲ' ਦੀ ਵਰਤੋਂ ਘੱਟ ਕਰਨ ਅਤੇ ਬਿਜਲੀ ਦੇ ਉਤਪਾਦਨ ਲਈ ਤੇਜ਼ ਹਵਾਵਾਂ, ਸੂਰਜੀ ਊਰਜਾ, ਐਟਮੀ ਊਰਜਾ, ਆਦਿ ਸਾਧਨਾਂ ਉੱਪਰ ਵਧੇਰੇ ਨਿਰਭਰ ਹੋਣ ਲਈ ਕਿਹਾ ਗਿਆ ਹੈ। ਅਤੇ ਇਸ ਦੇ ਨਾਲ ਹੀ ਇਸਦੇ ਲਈ ਕਈ ਢੰਗ-ਤਰੀਕੇ ਵੀ



ਸੁਝਾਏ ਗਏ ਹਨ। ਗੱਡੀਆਂ, ਮੋਟਰਾਂ, ਕਾਰਾਂ ਤੇ ਆਵਾਜਾਈ ਦੇ ਹੋਰ ਸਾਧਨਾਂ ਨੂੰ ਬਿਜਲੀ ਨਾਲ ਚੱਲਣ ਵਾਲੇ ਬਣਾਉਣ ਦੀ ਜ਼ਰੂਰਤ ਹੈ। ਉਂਜ ਵੇਖਣ-ਸੁਣਨ ਨੂੰ ਇਹ ਸਭ ਬਹੁਤ ਸੋਹਣਾ, ਸੁਚਾਰੂ ਅਤੇ ਆਦਰਸ਼ਕ ਲੱਗਦਾ ਹੈ ਪਰ ਅਮਲੀ ਤੌਰ 'ਤੇ ਕੀ ਇਹ ਸਭ ਸੰਭਵ ਹੋ ਸਕੇਗਾ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

'ਪੈਰਿਸ ਸਮਝੌਤੇ' ਦੇ ਮੁੱਖ ਹਸਤਾਖ਼ਰੀ ਅਮਰੀਕਾ ਵੱਲੋਂ 2017 ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਰਾਜ ਸਮੇਂ ਉਨ੍ਹਾਂ ਵੱਲੋਂ ਇਸ ਸਮਝੌਤੇ ਤੋਂ ਵੱਖ ਹੋਣ ਦੀ ਗੱਲ ਕਰਦਿਆਂ ਕਿਹਾ ਗਿਆ ਸੀ ਕਿ ਭਾਰਤ ਤੇ ਚੀਨ ਵਰਗੇ ਵੱਡੇ ਦੇਸ਼ ਫੌਸਿਲ ਫਿਊਲ ਦੀ ਧੜਾਧੜ ਵਰਤੋਂ ਕਰ ਰਹੇ ਹਨ ਅਤੇ ਉਨ੍ਹਾਂ ਉੱਪਰ ਇਸਦੇ ਬਾਰੇ ਕੋਈ ਜ਼ੋਰ ਨਹੀਂ ਪਾਇਆ ਜਾ ਰਿਹਾ। ਪਾਠਕਾਂ ਨੂੰ ਯਾਦ ਹੋਵੇਗਾ ਕਿ ਅਮਰੀਕਾ ਨੇ ਨਵੰਬਰ 2020 ਵਿੱਚ ਪੈਰਿਸ ਸਮਝੌਤੇ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ ਸੀ ਅਤੇ ਇਸਦੀ ਉਦੋਂ ਦੂਸਰੇ ਦੇਸ਼ਾਂ ਵੱਲੋਂ ਕਾਫ਼ੀ ਨੁਕਤਾਚੀਨੀ ਵੀ ਹੋਈ ਸੀ। ਇਸੇ ਮਹੀਨੇ ਹੋਈ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਵਿੱਚ ਹੋਰ ਕਈ ਮੁੱਦਿਆਂ ਸਮੇਤ ਇਸ ਅਹਿਮ ਮਸਲੇ ਦੇ ਕਾਰਨ ਵੀ ਟਰੰਪ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਸੀ। ਇਹ ਵੱਖਰੀ ਗੱਲ ਹੈ ਕਿ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਇਸ ਸਮਝੌਤੇ ਵਿੱਚ ਮੁੜ ਸ਼ਾਮਲ ਹੋ ਕੇ ਅਮਰੀਕਾ ਦੀ ਇਸ ਗ਼ਲਤੀ ਨੂੰ ਸੁਧਾਰ ਲਿਆ ਗਿਆ ਹੈ। ਦੁਨੀਆਂ ਦਾ ਮੋਹਰੀ ਕਹਾਉਣ ਵਾਲਾ ਦੇਸ਼ ਹੀ ਜੇਕਰ ਮਨੁੱਖਤਾ ਨਾਲ ਜੁੜੇ ਇਸ ਤਰਾਂ ਦੇ ਅਗਾਂਹ-ਵਧੂ ਸਮਝੌਤਿਆਂ ਤੋਂ ਆਪਣਾ ਹੱਥ ਪਿੱਛੇ ਖਿੱਚੇਗਾ ਤਾਂ ਫਿਰ ਤੀਸਰੀ ਦੁਨੀਆਂ ਦੇ ਗ਼ਰੀਬ ਦੇਸ਼ਾਂ ਦਾ ਕੀ ਬਣੇਗਾ।

ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਔਸਤ ਤਾਪਮਾਨ ਹੁਣ ਤੀਕ ਪਹਿਲਾਂ ਹੀ 1 ਡਿਗਰੀ ਸੈਂਟੀਗਰੇਡ ਵੱਧ ਚੁੱਕਾ ਹੈ ਅਤੇ ਇਹ ਕਿਸੇ ਵੀ ਹਾਲਤ ਵਿੱਚ 1.5 ਡਿਗਰੀ ਤੋਂ ਅੱਗੇ ਨਹੀਂ ਵਧਣਾ ਚਾਹੀਦਾ। ਅਜਿਹਾ ਨਾ ਹੋਣ ਦੀ ਹਾਲਤ ਵਿੱਚ ਵਾਤਾਵਰਣ ਵਿੱਚ ਭਾਰੀ ਵਿਗਾੜ ਪੈਦਾ ਹੋ ਸਕਦੇ ਹਨ ਜਿਨ੍ਹਾਂ ਵਿੱਚ ਨਿੱਕੇ-ਵੱਡੇ ਟਾਪੂਆਂ ਦਾ ਸਮੁੰਦਰੀ ਲਹਿਰਾਂ ਦੇ ਹੇਠ ਦੱਬੇ ਜਾਣਾ, ਬਰਫ਼-ਰਹਿਤ ਆਰਕਟਿਕ ਗਰਮੀਆਂ ਦੇ ਸੀਜ਼ਨ ਅਤੇ ਮੌਸਮ ਵਿੱਚ ਭਾਰੀ ਉਤਰਾਅ-ਚੜ੍ਹਾ ਸ਼ਾਮਲ ਹੋ ਸਕਦੇ ਹਨ। ਬੀਤੇ ਦਿਨੀਂ ਉੱਤਰੀ-ਅਮਰੀਕਨ ਖਿੱਤੇ ਦੇ ਕਈ ਸ਼ਹਿਰਾਂ ਵਿੱਚ ਤਾਪਮਾਨ 49-50 ਡਿਗਰੀ ਸੈਂਟੀਗਰੇਡ ਦੇ ਨੇੜੇ ਹੋ ਚੁੱਕਾ ਹੈ। ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਜਿੱਥੇ ਗਰਮੀਆਂ ਵਿੱਚ ਇਹ ਤਾਪਮਾਨ ਆਮ ਤੌਰ 'ਤੇ 25-30 ਡਿਗਰੀ ਤਕ ਹੀ ਰਹਿੰਦਾ ਸੀ, ਵਿੱਚ ਪਿਛਲੇ ਦਿਨੀਂ ਇਹ 49.5 ਡਿਗਰੀ ਹੋ ਗਿਆ ਸੀ ਅਤੇ ਗਰਮੀ ਨਾਲ ਉੱਥੇ 134 ਮੌਤਾਂ ਹੋ ਚੁੱਕੀਆਂ ਹਨ। ਅਮਰੀਕਾ ਦੀਆਂ ਦੱਖਣ-ਪੱਛਮੀ ਸਟੇਟਾਂ ਵਿੱਚ ਭਾਰੀ ਗਰਮੀ ਵੇਖਣ ਨੂੰ ਮਿਲ ਰਹੀ ਹੈ। ਕਈਆਂ ਵਿੱਚ ਤਾਂ ਗਰਮੀ ਨਾਲ ਸੋਕੇ ਵਾਲੀ ਸਥਿਤੀ ਵੀ ਪੈਦਾ ਹੋ ਰਹੀ ਹੈ। ਭਾਰਤ ਦੇ ਕਈ ਹਿੱਸਿਆਂ ਵਿੱਚ ਇਹ ਤਾਪਮਾਨ 50 ਡਿਗਰੀ ਤੋਂ ਵੀ ਉੱਪਰ ਹੋ ਗਿਆ ਹੈ। ਦੂਸਰੇ ਪਾਸੇ ਨਿਊਜ਼ੀਲੈਂਡ ਵਿੱਚ ਤਾਪਮਾਨ ਮਨਫ਼ੀ ਚਾਰ ਡਿਗਰੀ ਸੈਂਟੀਗਰੇਡ ਵੀ ਹੋ ਗਿਆ ਹੈ ਅਤੇ ਉੱਥੇ ਬਰਫ਼ ਪੈਣੀ ਆਰੰਭ ਹੋ ਚੁੱਕੀ ਹੈ।

ਦੁਨੀਆਂ ਦੇ ਲਗਭਗ ਸਾਰੇ ਹੀ ਦੇਸ਼ਾਂ ਵਿੱਚ ਹੀ ਆਬਾਦੀ ਵਿੱਚ ਧੜਾਧੜ ਵਾਧਾ ਹੋ ਰਿਹਾ ਹੈ ਅਤੇ ਇਸ ਸਦੀ ਦੇ ਅਖ਼ੀਰ ਵਿੱਚ ਇਸਦੇ 10 ਬਿਲੀਅਨ ਤਕ ਪਹੁੰਚਣ ਦਾ ਅਨੁਮਾਨ ਹੈ। ਭਾਰਤ, ਚੀਨ, ਨਾਈਜੀਰੀਆ ਆਦਿ ਦੇਸ਼ਾਂ ਵਿੱਚ ਤਾਂ ਇਸਦੇ ਵਾਧੇ ਦੀ ਦਰ ਹੋਰ ਵੀ ਵਧੇਰੇ ਹੋਵੇਗੀ ਅਤੇ ਇਹ ਬਹੁਤਾ ਕਰਕੇ ਸ਼ਹਿਰੀ ਅਬਾਦੀ ਦੀ ਹੋਵੇਗੀ। ਇਹ ਖ਼ਿਆਲ ਕੀਤਾ ਜਾ ਰਿਹਾ ਹੈ ਕਿ 2060 ਤੱਕ ਸ਼ਹਿਰਾਂ ਵਿੱਚ ਘਰਾਂ ਅਤੇ ਹੋਰ ਲੋੜੀਂਦੀਆਂ ਏਅਰ-ਕੰਡੀਸ਼ਨਿੰਗ ਤੇ ਹੀਟਿੰਗ ਵਰਗੀਆਂ ਸੁਖ-ਸਹੂਲਤਾਂ ਦੀ ਮੰਗ ਲਗਭਗ ਦੁੱਗਣੀ ਹੋ ਜਾਏਗੀ। ਇਨ੍ਹਾਂ ਵਿੱਚੋਂ ਬਿਜਲੀ ਦੀ ਮੰਗ 2050 ਤਕ 50 ਫ਼ੀਸਦੀ ਵਧ ਜਾਏਗੀ ਅਤੇ ਇਸ ਨੂੰ ਪੈਦਾ ਕਰਨ ਲਈ ਇਸ ਸਮੇਂ ਮੌਜੂਦਾ ਢੰਗਾਂ-ਤਰੀਕਿਆਂ ਤੋਂ ਇਲਾਵਾ ਜੇਕਰ ਹੋਰ ਸੁਚਾਰੂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਹਵਾ ਵਿੱਚ ਕਾਰਬਨ ਡਾਇਆਕਸਾਈਡ ਅਤੇ ਹੋਰ ਗਰੀਨਹਾਊਸ ਗੈਸਾਂ ਦੀ ਮਾਤਰਾ ਵੀ 50 ਫ਼ੀਸਦੀ ਵਧ ਜਾਣ ਦੀ ਸੰਭਾਵਨਾ ਹੈ ਜਿਸ ਨੂੰ ਹਰ ਹਾਲਤ ਵਿੱਚ ਘੱਟ ਕਰਨ ਦੀ ਸਖ਼ਤ ਜ਼ਰੂਰਤ ਹੈ। ਜ਼ਿਕਰਯੋਗ ਹੈ ਕਿ ਉਤਪਾਦਨ ਸੈਕਟਰ ਵਿੱਚ ਸਭ ਤੋਂ ਵੱਧ ਪ੍ਰਦੂਸ਼ਣ ਪੈਦਾ ਹੁੰਦਾ ਹੈ। ਕੇਵਲ ਸਟੀਲ ਅਤੇ ਸੀਮੇਂਟ ਬਣਾਉਣ ਵਿੱਚ ਹੀ ਹਵਾ-ਪ੍ਰਦੂਸ਼ਣ ਵਿੱਚ 10 ਫ਼ੀਸਦੀ ਵਾਧਾ ਹੋ ਰਿਹਾ ਹੈ ਅਤੇ ਪਲਾਸਟਿਕ ਤੇ ਹੋਰ ਕਈ ਕਿਸਮ ਦੀ ਇੰਡਸਟਰੀ ਇਸ ਪ੍ਰਦੂਸ਼ਣ ਵਿੱਚ ਹੋਰ ਵੀ ਵਾਧਾ ਕਰਦੀ ਹੈ। ਇਨ੍ਹਾਂ ਨੂੰ ਬਿਜਲੀ ਦੀ ਜ਼ਰੂਰਤ ਹੈ ਜਿਸ ਨੂੰ ਬਣਾਉਣ ਲਈ ਕੋਇਲੇ, ਤੇਲ, ਕੁਦਰਤੀ ਗੈਸ, ਹਾਈਡਰੋ ਪਾਵਰ, ਐਟਮੀ ਊਰਜਾ, ਆਦਿ ਦੀ ਲੋੜ ਹੈ। ਮਾਹਿਰਾਂ ਦੁਆਰਾ ਇਹ ਮੰਨਿਆ ਗਿਆ ਹੈ ਕਿ ਇੱਕ ਟਨ ਸਟੀਲ ਬਣਾਉਣ ਵਿੱਚ 1.8 ਟਨ ਕਾਰਬਨ ਡਾਇਆਕਸਾਈਡ ਹਵਾਈ ਪ੍ਰਦੂਸ਼ਣ ਪੈਦਾ ਹੁੰਦਾ ਹੈ। ਵੱਖ-ਵੱਖ ਕਿਸਮ ਦੀਆਂ ਖ਼ਾਦਾਂ ਬਣਾਉਣ ਲਈ 2010 ਤੱਕ 1.3 ਮਿਲੀਅਨ ਟਨ ਗਰੀਨਹਾਊਸ ਗੈਸਾਂ ਹਵਾ ਵਿੱਚ ਦਾਖ਼ਲ ਹੋਈਆਂ ਹਨ ਅਤੇ ਇਸ ਸਦੀ ਦੇ ਅੱਧ ਤਕ, ਭਾਵ 2050 ਤੱਕ ਇਹ ਪ੍ਰਦੂਸ਼ਣ 1.7 ਬਿਲੀਅਨ ਟਨ ਤਕ ਪਹੁੰਚ ਸਕਦਾ ਹੈ।

ਵਾਤਾਵਰਣ ਦੇ ਵਿਗਾੜ ਦੀ ਗੱਲ ਕਰਦਿਆਂ ਜੇਕਰ ਪਾਣੀ ਦੇ ਪ੍ਰਦੂਸ਼ਣ ਦੀ ਵੀ ਥੋੜ੍ਹੀ ਜਿਹੀ ਗੱਲ ਕਰ ਲਈ ਜਾਏ ਤਾਂ ਇਹ ਕੁਥਾਂ ਨਹੀਂ ਹੋਵੇਗੀ। ਅਮਰੀਕਾ, ਕੈਨੇਡਾ ਤੇ ਹੋਰ ਵਿਕਸਿਤ ਦੇਸ਼ਾਂ ਨੂੰ ਛੱਡ ਕੇ ਜੇ ਅਸੀਂ ਤੀਸਰੀ ਦੁਨੀਆਂ ਦੇ ਦੇਸ਼ਾਂ ਦੀ ਗੱਲ ਕਰੀਏ ਤਾਂ ਉੱਥੇ ਬਹੁਤ ਸਾਰੇ ਥਾਂਵਾਂ 'ਤੇ ਇਸ ਸਮੇਂ ਪੀਣ ਦੇ ਪਾਣੀ ਦੀ ਵੀ ਬੜੀ ਸਮੱਸਿਆ ਹੈ। ਭਾਰਤ ਦੇ ਕਈ ਸੂਬਿਆਂ ਵਿੱਚ ਵਿਚ ਕਈ ਅਜਿਹੇ ਪਿੰਡ ਹਨ ਜਿੱਥੇ ਪੀਣ ਦੇ ਪਾਣੀ ਲਈ ਲੋਕਾਂ ਨੂੰ ਕਈ ਕਈ ਮੀਲ ਦੂਰ ਜਾਣਾ ਪੈਂਦਾ ਹੈ। ਇਸਦੇ ਨਾਲ ਹੀ ਜੇਕਰ ਪੰਜਾਬ ਦੀ ਗੱਲ ਨਾ ਕੀਤੀ ਜਾਏ ਤਾਂ ਇਹ ਵਿਚਾਰ-ਚਰਚਾ ਅਧੂਰੀ ਹੋਵੇਗੀ। ਪੰਜਾਂ ਦਰਿਆਵਾਂ ਦੀ ਧਰਤੀ 'ਪੰਜਾਬ' (ਹੁਣ ਇਸ ਸਮੇਂ 'ਢਾਈ ਦਰਿਆਵਾਂ' ਦੀ) ਦੇ ਬਹੁਤ ਸਾਰੇ ਜ਼ਿਲਿਆਂ ਵਿੱਚ ਪਾਣੀ ਦੀ ਥੁੜ ਪੈਦਾ ਹੋ ਗਈ ਹੈ। ਮਾਲਵੇ ਦੇ ਇਲਾਕੇ ਵਿੱਚ ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ ਰਿਹਾ ਅਤੇ ਇਹ ਕੈਂਸਰ ਦਾ ਮੁੱਖ ਕਾਰਨ ਬਣਿਆ ਹੋਇਆ ਹੈ। ਹੁਣ ਤਾਂ ਮਾਝੇ ਅਤੇ ਦੁਆਬੇ ਵਿੱਚ ਵੀ ਪਾਣੀ ਤਿੰਨ-ਚਾਰ ਸੌ ਫੁੱਟ ਤਕ ਡੂੰਘਾ ਚਲਾ ਗਿਆ ਹੈ। ਪੰਜਾਬ ਵਿੱਚ ਝੋਨੇ ਦੀ ਲਗਾਤਾਰ ਬਿਜਾਈ ਨੇ ਪਾਣੀ ਡੂੰਘੇ ਕਰ ਦਿੱਤੇ ਹਨ ਅਤੇ ਖ਼ਾਦਾਂ ਤੇ ਕੀੜੇ-ਮਾਰ ਦਵਾਈਆਂ ਦੀ ਅੰਧਾਧੁੰਦ ਵਰਤੋਂ ਨੇ ਪਾਣੀ ਦੇ ਧਰਾਤਲ ਨੂੰ ਜ਼ਹਿਰੀਲਾ ਕਰ ਛੱਡਿਆ ਹੈ। ਪੀਣ ਵਾਲਾ ਪਾਣੀ 300-400 ਫੁੱਟ ਡੂੰਘਾਈ 'ਤੇ ਜਾ ਕੇ ਮਸਾਂ ਹੀ ਥਿਆਉਂਦਾ ਹੈ। ਫੈਕਟਰੀਆਂ ਵਾਲਿਆਂ ਨੇ ਆਪਣੇ ਜ਼ਹਿਰੀਲੀ 'ਇੰਡਸਟ੍ਰੀਅਲ ਰਹਿੰਦ੍ਖੂੰਦ' (ਵੇਸਟ) ਨੂੰ ਬਿਨਾਂ ਸੋਧਿਆਂ 200-300 ਡੂੰਘੇ ਬੋਰ ਕਰਕੇ ਧਰਤੀ ਹੇਠਲੇ ਪਾਣੀ ਵਿੱਚ ਮਿਲਾ ਛੱਡਿਆ ਹੈ ਅਤੇ ਉਹ ਪੀਣ ਵਾਲੇ ਪਾਣੀ ਤੋਂ ਇਲਾਵਾ ਫ਼ਸਲਾਂ ਲਈ ਵੀ ਹਾਨੀਕਾਰਕ ਸਾਬਤ ਹੋ ਰਹੇ ਹਨ। ਪਿਛਲੇ ਦਿਨੀਂ ਭਵਾਨੀਗੜ੍ਹ ਦੇ ਨੇੜੇ ਇੱਕ ਪਿੰਡ ਦੇ ਟਿਊਬਵੈੱਲ ਵਿੱਚੋਂ ਨਿਕਲਿਆ ਲਾਲ ਰੰਗ ਦਾ ਪਾਣੀ ਇਸਦੀ ਤਾਜ਼ਾ ਮਿਸਾਲ ਹੈ ਅਤੇ ਲੁਧਿਆਣੇ ਦਾ 'ਬੁੱਢਾ ਨਾਲ਼ਾ' ਕਿਸੇ ਵੀ ਪੰਜਾਬੀ ਨੂੰ ਭੁੱਲਿਆ ਨਹੀਂ।

ਗੁਰੂ ਨਾਨਕ ਦੇਵ ਜੀ ਦੀ ਚਰਨ-ਛੋਹ ਪ੍ਰਾਪਤ 'ਕਾਲੀ ਵੇਈਂ' ਦੀ ਸਫ਼ਾਈ ਬਾਬਾ ਬਲਬੀਰ ਸਿੰਘ ਸੀਚੇਵਾਲ ਕਰਵਾ-ਕਰਵਾ ਕੇ ਥੱਕ ਗਿਆ ਹੈ ਪਰ ਫੈਕਟਰੀਆਂ ਵਾਲੇ ਫਿਰ ਵੀ ਇਸ ਵਿੱਚ ਆਪਣੀ 'ਇੰਡਸਟਰੀਅਲ ਵੇਸਟ' ਪਾਉਣੋਂ ਨਹੀਂ ਟਲ਼ਦੇ। ਇੱਕ ਹੋਰ ਬਾਬਾ ਸੇਵਾ ਸਿੰਘ 'ਖਡੂਰ ਸਾਹਿਬ ਵਾਲਾ' ਹੈ ਜੋ ਸੜਕਾਂ ਦੇ ਕਿਨਾਰਿਆਂ ਅਤੇ ਹੋਰ ਸਾਂਝੀਆਂ ਥਾਂਵਾਂ 'ਤੇ ਰੁੱਖ ਲਗਾਉਣ ਦੀ ਵਧੀਆ ਮੁਹਿੰਮ ਛੇੜੀ ਬੈਠਾ ਹੈ ਪਰ ਉਸ ਦੇ ਸੇਵਾਦਾਰਾਂ ਵੱਲੋਂ ਲਾਏ ਗਏ ਰੁੱਖ ਵੀ ਕਈ ਥਾਂਈਂ ਪੰਜਾਬੀ ਕਿਸਾਨਾਂ ਦੇ ਟ੍ਰੈਕਟਰਾਂ ਦੀ ਭੇਂਟ ਚੜ੍ਹ ਗਏ ਹਨ। ਇਨ੍ਹਾਂ 'ਦੋ ਬਾਬਿਆਂ' ਬਾਰੇ ਮੇਰੇ ਇੱਕ ਦੋਸਤ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਕੇਵਲ ਇਹ ਹੀ 'ਅਸਲੀ ਬਾਬੇ' ਹਨ, 'ਸੀਚੇਵਾਲ ਵਾਲਾ ਤੇ 'ਖਡੂਰ ਸਾਹਿਬ ਵਾਲਾ', ਬਾਕੀ 'ਕਾਰ-ਸੇਵਾ ਵਾਲੇ' ਤਾਂ ਗੁਰਦੁਆਰਿਆਂ ਵਿੱਚ ਸੰਗਮਰਮਰ ਜੜਨ, ਛਕਣ-ਛਕਾਉਣ ਅਤੇ ਲੋਕਾਂ ਨੂੰ ਲੁੱਟਣ ਵਾਲੇ ਹੀ ਹਨ ਤੇ ਮੈਨੂੰ ਉਸ ਦਾ ਇਹ ਕਥਨ ਕਾਫ਼ੀ ਹੱਦ ਤੀਕ ਸਹੀ ਲੱਗਦਾ ਹੈ।

ਅੰਤ ਵਿੱਚ ਇਹ ਹੀ ਕਿਹਾ ਜਾ ਸਕਦਾ ਹੈ ਕਿ ਹਵਾਈ ਪ੍ਰਦੂਸ਼ਣ ਅਤੇ ਪਾਣੀ ਦਾ ਪ੍ਰਦੂਸ਼ਣ ਇਸ ਸਮੇਂ ਲਗਭਗ ਸਾਰੀ ਦੁਨੀਆਂ ਲਈ ਹੀ ਚੁਣੌਤੀ ਬਣੇ ਹੋਏ ਹਨ ਅਤੇ ਇਨ੍ਹਾਂ ਦੇ ਯੋਗ ਹੱਲ ਤਲਾਸ਼ ਕਰਨੇ ਸਮੇਂ ਦੀ ਮੁੱਖ ਲੋੜ ਹੈ। ਜੇਕਰ ਇੰਜ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਇਹ ਮਨੁੱਖਤਾ ਦੇ ਵਿਨਾਸ਼ ਦਾ ਮੁੱਖ ਕਾਰਨ ਬਣ ਜਾਣਗੇ। ਇਸਦੇ ਲਈ ਸੰਸਾਰਕ ਪੱਧਰ 'ਤੇ ਸਾਰਿਆਂ ਨੂੰ ਸੁਚੇਤ ਹੋਣ ਦੀ ਜ਼ਰੂਰਤ ਹੈ।

# ਸ਼੍ਰੋਮਣੀ ਕਮੇਟੀ ਵਾਤਾਵਰਨ ਲਈ ਜ਼ਿੰਮੇਵਾਰੀ ਨਿਭਾਵੇ

**ਤਲਵਿੰਦਰ ਸਿੰਘ ਬੁਟਰ**

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਗੁਰਵਾਕ 'ਬਲਿਹਾਰੀ ਕੁਦਰਤਿ ਵਸਿਆ' ਸੱਚੇ ਧਰਮ ਦੇ ਨਿਭਾਅ ਵਿਚ ਵਾਤਾਵਰਨ ਅਤੇ ਕੁਦਰਤ ਦੀ ਅਹਿਮੀਅਤ ਨੂੰ ਪ੍ਰਗਟਾਉਂਦਾ ਹੈ। ਬਾਕੀ ਧਰਮਾਂ ਨਾਲੋਂ ਸਿੱਖ ਧਰਮ ਦਾ ਇਕ ਨਿਆਰਾਪਨ ਇਹ ਵੀ ਹੈ ਕਿ ਸਿੱਖ ਫ਼ਲਸਫ਼ੇ ਵਿਚ 'ਖਾਲਕ ਤੇ ਖਲਕ' (ਪ੍ਰਮਾਤਮਾ ਅਤੇ ਸ੍ਰਿਸ਼ਟੀ) ਨੂੰ ਇਕ-ਦੂਜੇ ਦੇ ਪੂਰਕ ਮੰਨਿਆ ਗਿਆ ਹੈ। 'ਫਰੀਦਾ ਖਾਲਕੁ ਖਲਕ ਮਹਿ, ਖਲਕ ਵਸੈ ਰਬ ਮਾਹਿ' ਜੇਕਰ ਪ੍ਰਮਾਤਮਾ ਦੀ ਸਾਜੀ ਸ੍ਰਿਸ਼ਟੀ, ਬਨਸਪਤੀ, ਪਹਾੜ, ਰੁੱਖ, ਹਵਾ ਅਤੇ ਧਰਤੀ, ਜਲ ਤੇ ਆਕਾਸ਼ ਵਿਚ ਰਹਿਣ ਵਾਲੇ ਪ੍ਰਾਣੀ ਸਲਾਮਤ ਨਹੀਂ ਰਹਿਣਗੇ ਤਾਂ ਫਿਰ ਮਨੁੱਖ ਵਲੋਂ ਪ੍ਰਮਾਤਮਾ ਦੀ ਕੀਤੀ ਭਜਨ-ਬੰਦਗੀ ਕਿਸ ਲੇਖੇ ? ਵਿਸ਼ਵ ਪੱਧਰ 'ਤੇ ਵਾਤਾਵਰਨ ਪ੍ਰਤੀ ਸਮੱਸਿਆ ਦੇ ਮੱਦੇਨਜ਼ਰ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰਕਿਰਤੀ ਪ੍ਰੇਮ ਨੂੰ ਸਮਰਪਿਤ ਜੀਵਨ ਵਿਸ਼ੇਸ਼ ਤੌਰ 'ਤੇ ਚਾਨਣ-ਮੁਨਾਰਾ ਹੈ। ਦਸ ਗੁਰੂ ਸਾਹਿਬਾਨ ਨੇ ਜਿਹੜੇ-ਜਿਹੜੇ ਵੀ ਨਗਰ ਵਸਾਏ, ਜਾਂ ਜਿੱਥੇ-ਜਿੱਥੇ ਵੀ ਟਿਕਾਣਾ ਕੀਤਾ, ਉਥੇ ਵਾਤਾਵਰਨ ਦੀ ਸ਼ੁੱਧਤਾ ਵੱਲ ਵਿਸ਼ੇਸ਼ ਧਿਆਨ ਦਿੱਤਾ। ਜਲ ਦੇ ਸੋਮਿਆਂ ਦੇ ਕੰਢੇ ਨਗਰ ਵਸਾਉਣੇ ਅਤੇ ਇਤਿਹਾਸਕ ਗੁਰਦੁਆਰਿਆਂ ਵਿਚ ਅੱਜ ਵੀ ਪੁਰਾਤਨ ਰੁੱਖਾਂ ਦੀ ਮੌਜੂਦਗੀ ਇਸ ਅਹਿਮੀਅਤ ਨੂੰ ਦਰਸਾਉਂਦੇ ਹਨ।

**ਪੰਜਾਬ ਦਾ ਵਾਤਾਵਰਨ ਸੰਕਟ** : ਗੁਰੂ ਸਾਹਿਬਾਨ ਵਲੋਂ ਵਾਤਾਵਰਨ ਪ੍ਰੇਮ ਅਤੇ ਕੁਦਰਤ-ਪੱਖੀ ਜੀਵਨ-ਜਾਚ 'ਤੇ ਏਨਾ ਜ਼ੋਰ ਦੇਣ ਦੇ ਬਾਵਜੂਦ ਵਾਤਾਵਰਨ ਅਤੇ ਪ੍ਰਕਿਰਤੀ ਦੀ ਅਹਿਮੀਅਤ ਪੱਖੋਂ ਪੰਜਾਬ ਅੱਜ ਏਨਾ ਸੰਵੇਦਨਹੀਣ ਹੋ ਚੁੱਕਾ ਹੈ ਕਿ ਪਦਾਰਥਕ ਵਿਕਾਸ ਦੀ ਹੋੜ 'ਚ ਕੁਦਰਤ ਦਾ ਸ਼ਿੰਗਾਰ ਹਰੇ-ਭਰੇ ਰੁੱਖਾਂ-ਬੂਟਿਆਂ 'ਤੇ ਕੁਹਾੜਾ ਚਲਾਉਣ ਵਿਚ ਪੰਜਾਬ ਦੇਸ਼ ਵਿਚ ਤੀਜੇ ਨੰਬਰ 'ਤੇ ਹੈ। ਪਿਛਲੇ ਪੌਣੇ ਚਾਰ ਕੁ ਦਹਾਕਿਆਂ ਅੰਦਰ ਹੀ ਪੰਜਾਬ ਵਿਚ ਇਕੱਲੇ ਸਰਕਾਰੀ ਅਤੇ ਗ਼ੈਰ-ਸਰਕਾਰੀ ਵਿਕਾਸ ਕਾਰਜਾਂ ਖ਼ਾਤਰ 5 ਕਰੋੜ ਦਰੱਖ਼ਤ ਖ਼ਤਮ ਕਰ ਦਿੱਤੇ ਗਏ। ਪੰਜਾਬ ਵਿਚ ਇਸ ਵੇਲੇ ਜੰਗਲਾਤ ਹੇਠਲਾ ਰਕਬਾ ਮਹਿਜ਼ 4-5 ਫ਼ੀਸਦੀ ਹੀ ਰਹਿ ਗਿਆ ਹੈ ਜੋ ਕਿ 33 ਫ਼ੀਸਦੀ ਹੋਣਾ ਚਾਹੀਦਾ ਸੀ। ਜੇਕਰ ਮਨੁੱਖ ਨੂੰ 'ਸਾਹ ਦਾਨ' (ਆਕਸੀਜਨ) ਦੇਣ ਵਾਲੇ ਰੁੱਖ ਹੀ ਨਾ ਬਚੇ ਤਾਂ ਮਨੁੱਖੀ ਜੀਵਨ ਦੀ ਹੋਂਦ ਕਿਵੇਂ ਕਿਆਸੀ ਜਾ ਸਕਦੀ ਹੈ ? ਪਿਛਲੇ ਕੋਰੋਨਾ ਕਾਲ ਦੌਰਾਨ 'ਆਕਸੀਜਨ' ਦੀ ਕਮੀ ਕਾਰਨ ਵੱਡੀ ਗਿਣਤੀ ਵਿਚ ਹੋਈਆਂ ਮੌਤਾਂ ਭਵਿੱਖੀ ਖ਼ਤਰੇ ਦੀ ਆਹਟ ਸਨ। ਪੰਜ ਦਰਿਆਵਾਂ ਦੇ ਅੰਮ੍ਰਿਤ ਵਰਗੇ ਪਾਣੀ ਵਿਚ ਹੁਣ ਜ਼ਹਿਰ ਘੁਲ ਚੁੱਕਾ ਹੈ ਇਹੀ ਹਾਲਤ ਰਹੀ ਤਾਂ 30-40 ਸਾਲਾਂ ਬਾਅਦ ਪੰਜਾਬ ਦੇ ਢਾਈ ਕਰੋੜ ਲੋਕਾਂ ਕੋਲ ਇਹ ਇਲਾਕਾ ਛੱਡਣ ਤੋਂ ਬਗ਼ੈਰ ਕੋਈ ਚਾਰਾ ਨਹੀਂ ਬਚੇਗਾ, ਕਿਉਂਕਿ ਪੰਜਾਬ ਜ਼ਹਿਰੀਲਾ ਰੇਗਿਸਤਾਨ ਕਹਾਵੇਗਾ।

**ਧਾਰਮਿਕ ਚੇਤਨਾ ਵਧੇਰੇ ਅਸਰਦਾਰ** : ਬੇਸ਼ੱਕ ਵਿਸ਼ਵ ਭਰ ਵਿਚ ਵਾਤਾਵਰਨ ਪ੍ਰੇਮੀ ਅਤੇ ਸੰਸਥਾਵਾਂ ਅੱਜ ਵਾਤਾਵਰਨ ਨੂੰ ਬਚਾਉਣ ਲਈ ਆਪੋ-ਆਪਣੇ ਪੱਧਰ 'ਤੇ ਚੇਤਨਾ ਪੈਦਾ ਕਰ ਰਹੀਆਂ ਹਨ ਪਰ ਹੁਣ ਧਾਰਮਿਕ ਪੱਧਰ 'ਤੇ ਇਹ ਜਾਗਰੂਕਤਾ ਫ਼ੈਲਾਉਣੀ ਵੀ ਬੇਹੱਦ ਜ਼ਰੂਰੀ ਹੈ ਕਿ ਸਾਫ਼ ਹਵਾ, ਸ਼ੁੱਧ ਪਾਣੀ, ਜੈਵਿਕ ਖੇਤੀ, ਵਣ-ਜੀਵਨ ਆਦਿ ਦੀ ਸੁਰੱਖਿਆ ਨਾ-ਕੇਵਲ ਸਿੱਖਾਂ ਨੂੰ ਸਗੋਂ ਸਮੁੱਚੇ ਪੰਜਾਬ ਅਤੇ ਪੰਜਾਬੀਆਂ ਦੀ ਹੋਂਦ ਅਤੇ ਗੁਰੂ ਸਾਹਿਬਾਨ ਦੀ ਇਸ ਧਰਤੀ ਦੇ ਖੁਸ਼ਹਾਲ ਇਤਿਹਾਸ ਨੂੰ ਸਿਰਜਣ ਲਈ ਬੇਹੱਦ ਜ਼ਰੂਰੀ ਹੈ। ਭਾਵੇਂ ਕਿ ਅੱਜ ਵਿਸ਼ਵ ਵਿਚ ਵਾਤਾਵਰਨ ਚੇਤਨਾ ਦੀ ਹਰ ਪੱਧਰ 'ਤੇ ਬੇਹੱਦ ਲੋੜ ਹੈ ਪਰ ਜੇਕਰ ਇਹ ਚੇਤਨਾ ਧਾਰਮਿਕ ਅਸਥਾਨਾਂ ਤੋਂ ਸ਼ੁਰੂ ਹੋਵੇ ਤਾਂ ਇਸ ਦੇ ਚੰਗੇ ਨਤੀਜੇ ਕਈ ਗੁਣਾ ਵਧ ਜਾਣਗੇ। ਕਿਉਂਕਿ ਧਰਮ ਮਨੁੱਖੀ ਜੀਵਨ ਦਾ ਇਕ ਅਹਿਮ ਹਿੱਸਾ ਹੈ ਅਤੇ ਮਨੁੱਖ ਜੀਵਨ-ਜਾਚ ਅਪਣਾਉਣ ਲਈ ਸਭ ਤੋਂ ਜ਼ਿਆਦਾ ਧਰਮ ਤੋਂ ਪ੍ਰਭਾਵਿਤ ਹੁੰਦਾ ਹੈ।

**ਵਾਤਾਵਰਨ ਦੀ ਸੰਭਾਲ ਲਈ ਧਾਰਮਿਕ ਯਤਨ** : ਕੁਝ ਸਮਾਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਐਲਾਨ ਕੀਤਾ ਸੀ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ 4 ਲੱਖ ਰੁੱਖ-ਬੂਟੇ ਲਗਾਏ ਜਾਣਗੇ, ਤਾਂ ਜੋ ਵਾਤਾਵਰਨ ਦੇ ਗੰਭੀਰ ਵਿਗਾੜਾਂ ਦਾ ਸਾਹਮਣਾ ਕਰ ਰਹੇ ਵਿਸ਼ਵ ਭਾਈਚਾਰੇ ਤੱਕ ਗੁਰਮਤਿ ਫ਼ਲਸਫ਼ੇ ਦਾ ਵਾਤਾਵਰਨ ਦੀ ਸ਼ੁੱਧਤਾ ਅਤੇ ਕੁਦਰਤ ਪ੍ਰੇਮ ਦਾ ਨਾਯਾਬ ਸੁਨੇਹਾ ਪਹੁੰਚਾਇਆ ਜਾ ਸਕੇ। ਉਨਾਂ ਸ਼੍ਰੋਮਣੀ ਕਮੇਟੀ ਦੀਆਂ ਧਾਰਮਿਕ, ਵਿੱਦਿਅਕ ਅਤੇ ਸਿਹਤ ਸੰਸਥਾਵਾਂ ਨੂੰ ਵਧੇਰੇ ਕੁਦਰਤ-ਪੱਖੀ ਬਣਾਉਣ ਲਈ 'ਸੂਰਜੀ ਊਰਜਾ' ਦੇ ਪ੍ਰਾਜੈਕਟ ਲਾਉਣ ਦਾ ਵੀ ਐਲਾਨ ਕੀਤਾ ਸੀ। ਇਸ ਤਹਿਤ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਸਮੁੱਚੀ ਬਿਜਲੀ ਸਪਲਾਈ ਨੂੰ 'ਸੂਰਜੀ ਊਰਜਾ' ਉੱਤੇ ਨਿਰਭਰ ਕਰਨ ਅਤੇ ਸ੍ਰੀ ਗੁਰੂ ਰਾਮਦਾਸ ਲੰਗਰ ਹਾਲ ਸਮੇਤ ਹੋਰ ਇਤਿਹਾਸਕ ਗੁਰੂ-ਘਰਾਂ ਵਿਚ ਵੀ 'ਸੋਲਰ ਸਿਸਟਮ' ਲਗਾਉਣ ਦੀ ਯੋਜਨਾ 'ਤੇ ਕੰਮ ਚੱਲ ਰਿਹਾ ਹੈ। ਨਿਰਸੰਦੇਹ ਅੱਜ ਦੇ ਵਾਤਾਵਰਨ ਦੇ



ਭਾਰੀ ਖ਼ਤਰਿਆਂ-ਸੰਕਟਾਂ ਦਾ ਸਾਹਮਣਾ ਕਰ ਰਹੇ ਯੁੱਗ ਵਿਚ ਸ਼੍ਰੋਮਣੀ ਕਮੇਟੀ ਵਲੋਂ ਵਾਤਾਵਰਨ ਦੀ ਸੰਭਾਲ ਲਈ ਕੀਤੇ ਜਾਣ ਵਾਲੇ ਇਹ ਯਤਨ, ਵੱਡਾ ਸਾਰਥਕ ਉਪਰਾਲਾ ਸਾਬਤ ਹੋ ਸਕਦੇ ਹਨ, ਬਸ਼ਰਤੇ ਜੇਕਰ ਇਨਾਂ ਨੂੰ ਅਮਲੀ ਰੂਪ ਵਿਚ ਲਾਗੂ ਕੀਤਾ ਜਾ ਸਕੇ।

ਪਿਛਲੇ ਅਰਸੇ ਦੌਰਾਨ ਇਤਿਹਾਸਕ ਗੁਰਦੁਆਰਿਆਂ ਵਿਚ ਕਾਰ-ਸੇਵਾ ਦੇ ਨਾਂ 'ਤੇ ਸੰਗਮਰਮਰ ਲਗਾਉਣ ਅਤੇ ਇਮਾਰਤੀ ਸੁੰਦਰੀਕਰਨ ਕਰਦਿਆਂ ਗੁਰਦੁਆਰਿਆਂ ਦੇ ਚੌਗਿਰਦੇ ਵਿਚੋਂ ਹਰਿਆਲੀ, ਰੁੱਖਾਂ-ਬੂਟਿਆਂ ਅਤੇ ਪੁਰਾਤਨ ਬਾਗ਼ਾਂ ਦਾ ਵੱਡੀ ਪੱਧਰ 'ਤੇ ਉਜਾੜਾ ਕੀਤਾ ਗਿਆ ਹੈ। ਵਾਤਾਵਰਨ ਮਾਹਰਾਂ ਦੀਆਂ ਚਿਤਾਵਨੀਆਂ ਤੋਂ ਬਾਅਦ ਹੀ ਸ੍ਰੀ ਦਰਬਾਰ ਸਾਹਿਬ ਸਮੂਹ ਅੰਮ੍ਰਿਤਸਰ ਦੇ ਆਲੇ-ਦੁਆਲੇ ਪ੍ਰਦੂਸ਼ਣ ਘਟਾਉਣ ਵੱਲ ਵਿਸ਼ੇਸ਼ ਤਵੱਜੋ ਦਿੱਤੀ ਜਾਣ ਲੱਗੀ। ਚਾਰ ਸਾਲ ਪਹਿਲਾਂ ਹਰਿਮੰਦਰ ਸਾਹਿਬ ਵਿਖੇ ਕੜਾਹ ਪ੍ਰਸ਼ਾਦਿ ਲਈ ਵਰਤੇ ਜਾਂਦੇ ਪਲਾਸਟਿਕ ਦੇ ਲਿਫ਼ਾਫ਼ਿਆਂ 'ਤੇ ਪਾਬੰਦੀ ਲਗਾ ਕੇ ਆਲੂ ਅਤੇ ਮੱਕੀ ਦੀ ਰਹਿੰਦ-ਖੂੰਹਦ ਤੋਂ ਬਣੇ ਗਲਣਸ਼ੀਲ ਤੇ ਕੁਦਰਤ-ਪੱਖੀ ਲਿਫ਼ਾਫ਼ਿਆਂ ਦੀ ਵਰਤੋਂ ਕਰਨ ਵਾਲਾ ਵਿਸ਼ਵ ਦਾ ਪਹਿਲਾ ਧਾਰਮਿਕ ਅਸਥਾਨ ਬਣਨ ਦੀ ਪਹਿਲਕਦਮੀ ਬਦਲੇ ਕੌਮਾਂਤਰੀ ਸੰਸਥਾਵਾਂ 'ਆਈ. ਐਚ. ਏ. ਫਾਊਂਡੇਸ਼ਨ' ਅਤੇ 'ਅਰਥ ਡੇਅ ਨੈੱਟਵਰਕ' ਅਮਰੀਕਾ ਵਲੋਂ ਸ਼੍ਰੋਮਣੀ ਕਮੇਟੀ ਨੂੰ ਪ੍ਰਮਾਣ ਪੱਤਰ ਦਿੱਤਾ ਗਿਆ। ਸ੍ਰੀ ਦਰਬਾਰ ਸਾਹਿਬ ਦੇ ਚੌਗਿਰਦੇ ਨੂੰ ਪ੍ਰਦੂਸ਼ਣ ਮੁਕਤ ਅਤੇ ਹਰਿਆ-ਭਰਿਆ ਬਣਾਉਣ ਲਈ ਗ਼ੈਰ-ਰਵਾਇਤੀ ਕਿਸਮ ਦਾ ਤਿਆਰ ਕੀਤਾ ਗਿਆ 'ਵਰਟੀਕਲ ਗਾਰਡਨ' ਖਿੱਚ ਦਾ ਕੇਂਦਰ ਬਣ ਰਿਹਾ ਹੈ, ਜਿਸ ਵਿਚ ਸ੍ਰੀ ਦਰਬਾਰ ਸਾਹਿਬ ਸਮੂਹ ਦੇ ਨਾਲ ਸਰਾਵਾਂ ਅਤੇ ਇਮਾਰਤਾਂ ਦੀਆਂ ਕੰਧਾਂ 'ਤੇ ਪਲਾਸਟਿਕ ਦੀਆਂ ਬੋਤਲਾਂ ਵਿਚ ਲਗਭਗ 35 ਹਜ਼ਾਰ ਪ੍ਰਕਾਰ ਦੇ ਫੁੱਲਦਾਰ ਬੂਟੇ ਲਾਏ ਗਏ ਹਨ। ਸ੍ਰੀ ਗੁਰੂ ਰਾਮਦਾਸ ਲੰਗਰ ਅਤੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਦੇ ਵਿਚਕਾਰ ਇਕ ਖੂਬਸੂਰਤ 'ਗੁਰੂ ਕਾ ਬਾਗ' ਵੀ ਤਿਆਰ ਕੀਤਾ ਗਿਆ ਹੈ।

ਹਾਲਾਂਕਿ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਲੰਗਰ ਵਿਚ ਵਰਤੀ ਜਾਣ ਵਾਲੀ ਕਣਕ ਅਤੇ ਸਬਜ਼ੀਆਂ ਲਈ 'ਸਤਲਾਣੀ ਸਾਹਿਬ' ਵਿਖੇ ਸ਼੍ਰੋਮਣੀ ਕਮੇਟੀ ਦੇ ਫਾਰਮ ਹਾਊਸ ਵਿਚ ਜੈਵਿਕ ਖੇਤੀ ਕੀਤੀ ਜਾ ਰਹੀ ਹੈ। ਵਾਤਾਵਰਨ ਦੇ ਸਿੱਖ ਸਰੋਕਾਰਾਂ ਦੀ ਨਿੱਠ ਕੇ ਪੈਰਵੀ ਲਈ ਕੁਝ ਸਾਲ ਪਹਿਲਾਂ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਸ਼੍ਰੋਮਣੀ ਕਮੇਟੀ ਦਾ ਇਕ ਵੱਖਰਾ ਵਾਤਾਵਰਨ ਵਿਭਾਗ ਗਠਿਤ ਕਰਕੇ ਸਿੱਖ ਚੇਤਨਾ ਦੇ ਪ੍ਰਸੰਗ ਵਿਚ ਵਾਤਾਵਰਨ ਦੀ ਸੰਭਾਲ ਦੀ ਲੋੜ ਨੂੰ ਉਭਾਰਨ ਦਾ ਬੀੜਾ ਚੁੱਕਿਆ ਸੀ ਪਰ ਹੁਣ ਜਦੋਂ ਪੰਜਾਬ 'ਚ ਵੱਡਾ ਵਾਤਾਵਰਨ ਸੰਕਟ ਪੈਦਾ ਹੁੰਦਾ ਦਿਖਾਈ ਦੇ ਰਿਹਾ ਹੈ ਤਾਂ ਅਜੋਕੇ ਵਿਸ਼ਵ ਪ੍ਰਸੰਗ ਵਿਚ ਵਾਤਾਵਰਨ ਚੁਣੌਤੀਆਂ ਦੇ ਹੱਲ ਲਈ ਵਾਤਾਵਰਨ ਦੀ ਸੰਭਾਲ ਅਤੇ ਕੁਦਰਤ ਪ੍ਰੇਮ ਦੇ ਸਿੱਖ ਸੰਕਲਪਾਂ ਨੂੰ ਸਾਹਮਣੇ ਲਿਆਉਣ ਦੀ ਅਹਿਮੀਅਤ ਵਧ ਜਾਂਦੀ ਹੈ। ਇਸ ਕਰਕੇ ਸ਼੍ਰੋਮਣੀ ਕਮੇਟੀ ਇਸ ਕਰਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਵਲੋਂ ਵਾਤਾਵਰਨ ਦੀ ਸ਼ੁੱਧਤਾ ਅਤੇ ਗੁਰਦੁਆਰਿਆਂ ਦੇ ਆਲੇ-ਦੁਆਲੇ ਕੁਦਰਤ-ਪੱਖੀ ਵਾਤਾਵਰਨ ਦੀ ਸਿਰਜਣਾ ਲਈ ਜੋ ਫ਼ੈਸਲੇ ਲਏ ਜਾ ਰਹੇ ਹਨ, ਉਨਾਂ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਦੀ ਜ਼ਿੰਮੇਵਾਰੀ ਵੀ ਓਨੀ ਹੀ ਜ਼ਿਆਦਾ ਬਣਦੀ ਹੈ।

# ਦਿਨੋਂ ਦਿਨ ਮਨਫ਼ੀ ਹੋ ਰਿਹਾ ਕਿਰਤ ਸੱਭਿਆਚਾਰ



**ਹਰਕੀਰਤ ਕੌਰ**
**9779118066**

ਕਿਸੇ ਦਾਰਸ਼ਨਿਕ ਨੇ ਕਿਹਾ ਹੈ,'ਮਨੁੱਖ ਕੋਲ ਜਿਊਣ ਲਈ ਇੱਕ ਜਿੰਦਗੀ ਹੈ।' ਉਸਨੇ ਇਹ ਦੇਖਣਾ ਹੈ ਕਿ ਉਸਨੂੰ ਕਿਵੇਂ ਜਿਊਣਾ ਹੈ ? ਇਸਦੇ ਨਾਲ ਇੱਕ ਸਵਾਲ ਹੋਰ ਪੈਦਾ ਹੁੰਦਾ ਹੈ ਕਿ ਮਨੁੱਖ ਨੇ ਇਸ ਜੀਵਨ ਵਿੱਚ ਹਾਸਿਲ ਕੀ ਕੀਤਾ ? ਮੇਰੇ ਅਨੁਸਾਰ ਮਨੁੱਖੀ ਜਿੰਦਗੀ ਦਾ ਹਾਸਿਲ ਇਹ ਹੈ ਕਿ ਮਨੁੱਖ ਨੇ ਜਿੰਦਗੀ ਨੂੰ ਕਿਵੇਂ ਜੀਵਿਆ। ਸਾਡਾ ਧਰਤੀ ਤੇ ਆਉਣਾ ਤਾਂ ਹੀ ਸਾਰਥਿਕ ਹੈ ਜੇਕਰ ਅਸੀ ਉਸ ਸਮੇਂ ਦੌਰਾਨ ਵੱਧ ਤੋਂ ਵੱਧ ਉਹ ਕਾਰ ਵਿਹਾਰ ਕਰੀਏ ਜਿੰਨਾਂ ਨਾਲ ਸਾਡੀ ਸ਼ਖਸੀਅਤ ਵਿੱਚ ਵੀ ਨਿਖਾਰ ਆਵੇ ਅਤੇ ਸਮਾਜ ਦਾ ਵੀ ਭਲਾ ਹੋਵੇ। ਪੁਰਾਣੇ ਸਮਿਆਂ ਵਿੱਚ ਇੱਕ ਅਖਾਣ ਵਰਤਿਆ ਜਾਂਦਾ ਸੀ ਕਿ 'ਕਿਰਤ ਵਿੱਚ ਸਦਾ ਬਰਕਤਾਂ ਨੇ। 'ਭਾਵ ਕਿਰਤ ਮਨੁੱਖ ਨੂੰ ਆਰਥਿਕ ਪੱਖੋਂ ਹੀ ਨਹੀਂ, ਸ਼ਰੀਰਕ ਅਤੇ ਮਾਨਸਿਕ ਪੱਖੋਂ ਵੀ ਸਿਹਤਮੰਦ ਬਣਾਉਂਦੀ ਹੈ। ਕਿਰਤ ਬਾਰੇ ਕਾਰਲ ਮਾਰਕਸ ਨੇ ਲਿਖਿਆ ਹੈ ਕਿ 'ਕਿਰਤ ਉਹ ਪ੍ਰਕਿਰਿਆ ਹੈ ਜਿਸ ਵਿੱਚ ਮਨੁੱਖ ਅਤੇ ਪ੍ਰਕਿਰਤੀ ਦੋਵੇਂ ਸ਼ਾਮਿਲ ਹੁੰਦੇ ਹਨ।

ਅਸੀਂ ਪੰਜਾਬ ਦੇ ਲੋਕ ਜੇ ਕਿਸੇ ਮਹਾਨ ਸ਼ਖਸੀਅਤ ਨੂੰ ਸਭ ਤੋਂ ਵੱਧ ਮਾਣ ਦਿੰਦੇ ਹਾਂ ਤਾਂ ਉਹ ਹਨ ਗੁਰੂ ਨਾਨਕ ਦੇਵ ਜੀ। ਉਨਾਂ ਦਾ ਪਹਿਲਾ ਉਪਦੇਸ਼ ਹੀ ਕਿਰਤ ਕਰੋ ਦਾ ਹੈ। ਉਨਾਂ ਗੁਰਬਾਣੀ ਦੀਆਂ ਕਈ ਪੰਗਤੀਆਂ ਵਿੱਚ ਕਿਰਤ ਕਰਨ ਦੀ ਮਹਾਨਤਾ ਦਾ ਜ਼ਿਕਰ ਕੀਤਾ ਹੈ

ਜਿਹੜੇ ਸਮਾਜਾਂ ਵਿੱਚ ਬਹੁਗਿਣਤੀ ਲੋਕ ਕਿਰਤ ਨਾਲ ਜੁੜੇ ਹੁੰਦੇ ਹਨ, ਉੱਥੇ ਲੋਕਾਂ ਵਿੱਚ ਚੰਗੀਆਂ ਨੈਤਿਕ ਕਦਰਾਂ ਕੀਮਤਾਂ ਦਾ ਸੰਚਾਰ ਹੁੰਦਾ ਹੈ। ਇਸਦਾ ਪ੍ਰਭਾਵ ਅਗਲੀਆਂ ਪੀੜੀਆਂ ਤਕ ਵੀ ਰਹਿੰਦਾ ਹੈ। ਅੱਜ ਲੋਕ ਵੱਡੀ ਗਿਣਤੀ ਵਿੱਚ ਮਾਨਸਿਕ ਤਨਾਵਾਂ ਦਾ ਸ਼ਿਕਾਰ ਹਨ। ਕੋਈ ਸਮਾਂ ਸੀ ਜਦੋਂ ਸਮਾਜ ਵਿੱਚ ਮਰਦ ਮਿਲ ਕੇ ਖੇਤੀ ਕਰਦੇ ਸਨ ਅਤੇ ਔਰਤਾਂ ਕਈ ਤਰਾਂ ਦੇ ਕੰਮ ਕਰਦੀਆਂ ਸਨ। ਪਰ ਅੱਜ ਕਿਰਤ ਨਾਲ ਜੁੜੀਆਂ ਸਾਂਝਾਂ ਲਗਭਗ ਖਤਮ ਹੋ ਗਈਆਂ ਹਨ। ਚੀਨੀ ਦਾਰਸ਼ਨਿਕ ਕਨਫਿਊਸ਼ੀਅਸ਼ ਦਾ ਕਹਿਣਾ ਹੈ ਕਿ ਧਰਮ ਅਤੇ ਸਿੱਖਿਆ ਗ੍ਰਹਿਣ ਕਰਨ ਨਾਲ ਕੋਈ ਪੂਰਨ ਮਨੁੱਖ ਨਹੀਂ ਬਣ ਜਾਂਦਾ, ਇਸ ਲਈ ਉਸਦਾ ਕਿਰਤ ਨਾਲ ਜੁੜਨਾ ਬਹੁਤ ਜਰੂਰੀ ਹੈ। ਭਾਵ ਕਿਰਤ ਮਨੁੱਖ ਨੂੰ ਪੂਰਨ ਮਨੁੱਖ ਬਣਾਉਣ ਵਿੱਚ ਵੱਡਾ ਰੋਲ ਅਦਾ ਕਰਦੀ ਹੈ । ਅੱਜ ਸਾਡੇ ਦੇਸ਼ ਦੇ ਨੌਜਵਾਨ ਵੱਡੀਆਂ ਰਕਮਾਂ ਖਰਚ ਕੇ ਵਿਕਸਿਤ ਦੇਸ਼ਾਂ ਵਿੱਚ ਜਾਣ ਨੂੰ ਬੇਤਾਬ ਹਨ। ਉੱਥੇ ਸਾਡੇ ਨਾਲੋਂ ਕੀ ਵੱਖਰਾ ਹੈ ? ਇਸਦਾ ਉੱਤਰ ਇਹ ਹੈ ਕਿ ਉੱਥੇ ਕਿਰਤ ਨੂੰ ਸਨਮਾਨ ਮਿਲਦਾ ਹੈ। ਔਖੇ ਭਾਰੇ ਕੰਮ ਕਰਨ ਵਾਲਿਆਂ ਨੂੰ ਵੱਧ ਮਾਣ ਅਤੇ ਮੁਆਵਜ਼ਾ ਮਿਲਦਾ ਹੈ। ਇੱਕ ਪ੍ਰੋਫੈਸਰ ਨਾਲੋਂ ਟਰੱਕ ਡਰਾਈਵਰ ਨੂੰ ਵੱਧ ਇਵਜ਼ਾਨਾ ਮਿਲਦਾ ਹੈ। ਪਰ ਸਾਡੇ ਦੇਸ਼ ਵਿੱਚ ਔਖੇ ਭਾਰੇ ਕੰਮ ਵਾਲਿਆਂ ਨੂੰ ਵੱਧ ਮਾਣ ਅਤੇ ਮੁਆਵਜ਼ਾ ਤਾਂ ਕੀ ਮਿਲਣਾ, ਉਲਟਾ ਉਸਨੂੰ ਨੀਵਾਂ ਸਮਝਿਆ ਜਾਂਦਾ ਹੈ ।

ਹਰ ਦੇਸ਼ ਦੀ ਪ੍ਰਸ਼ਾਸਨਿਕ ਵਿਵਸਥਾ ਚੰਗੇ ਮਾੜੇ ਸਮਾਜਾਂ ਦੀ ਸਿਰਜਣਾ ਕਰਦੀ ਹੈ। ਅੱਜ ਜੇਕਰ ਸਾਡੇ ਸਮਾਜ ਦੀ ਬਹੁਗਿਣਤੀ ਕਿਰਤ ਵਿਹੂਣੀ ਹੋ ਗਈ ਹੈ ਤਾਂ ਉਸਦਾ ਕਾਰਨ ਇਹ ਕਿ ਜਿਸ ਤਰਾਂ ਲੋਕਾਂ ਲਈ ਕਿਰਤ ਦੇ ਵਸੀਲੇ ਪੈਦਾ ਕੀਤੇ ਜਾਣੇ ਸਨ ਨਹੀਂ ਕੀਤੇ ਗਏ। ਅੱਜ ਕੱਲ ਇਲੈਕਟ੍ਰਿਕ ਅਤੇ ਸੋਸ਼ਲ ਮੀਡੀਆ ਤੇ ਇੱਕ ਪ੍ਰਚਾਰ ਬੜੇ ਜ਼ੋਰ ਸ਼ੋਰ ਨਾਲ ਹੁੰਦਾ ਹੈ ਕਿ ਚੀਨੀ ਸਮਾਨ ਦਾ ਬਾਈਕਾਟ ਕੀਤਾ ਜਾਵੇ। ਪਰ ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇਕਰ ਚੀਨ ਵਰਗਾ ਮੁਲਕ ਆਪਣੇ ਦੇਸ਼ ਦੀ ਵੱਡੀ ਆਬਾਦੀ ਨੂੰ ਵੱਖ ਵੱਖ ਕੰਮਾਂ ਨਾਲ ਜੋੜ ਕੇ ਆਲਮੀ ਬਾਜ਼ਾਰ 'ਤੇ ਕਾਬਜ਼ ਹੋ ਸਕਦਾ ਹੈ ਤਾਂ ਅਸੀਂ ਭਾਰਤ ਕਿਉਂ ਨਹੀਂ ? ਪਰ ਸਾਡੇ ਮੁਲਕ ਵਿੱਚ ਲੋਕਾਂ ਨੂੰ ਧਰਮ ਕਰਮ, ਜਾਤਾਂ ਪਾਤਾਂ ਅਤੇ ਰਾਜਨੀਤੀ ਦੀਆਂ ਕੋਝੀਆਂ ਚਾਲਾਂ ਵਿੱਚ ਉਲਝਾਇਆ ਜਾ ਰਿਹਾ ਹੈ। ਸਾਡੇ ਲੋਕਾਂ ਨੂੰ ਕਿਰਤ ਲਈ ਤਿਆਰ ਹੀ ਨਹੀਂ ਕੀਤਾ ਜਾ ਰਿਹਾ।

ਸਰਕਾਰਾਂ ਦਾ ਫਰਜ਼ ਬਣਦਾ ਹੈ ਕਿ ਵੱਖ ਵੱਖ ਅਦਾਰਿਆਂ ਵਿੱਚ ਹੁੰਦੀ ਕਿਰਤ ਦੀ ਲੁੱਟ ਨੂੰ ਰੋਕਣ ਵਿੱਚ ਸਕਾਰਾਤਮਕ ਭੂਮਿਕਾ ਨਿਭਾਵੇ। ਪਰ, ਇੱਥੇ ਸਾਡੇ ਮੁਲਕ ਵਿੱਚ ਇਸ ਤੋਂ ਉਲਟ ਹੋ ਰਿਹਾ ਹੈ, ਪੜੇ ਲਿਖੇ ਨੌਜਵਾਨਾਂ ਨੂੰ ਪਹਿਲਾਂ ਤਾਂ ਸਰਕਾਰੀ ਨੌਕਰੀ ਮਿਲਦੀ ਨਹੀਂ, ਜੇਕਰ ਮਿਲਦੀ ਵੀ ਹੈ ਤਾਂ ਕਈ ਸਾਲ ਨਿੱਜੀ ਅਦਾਰਿਆਂ ਦੀ ਤਰਾਂ 10,000, 15,000 ਤਨਖਾਹ ਮੁਹੱਈਆ ਕਰਵਾਈ ਜਾਂਦੀ ਹੈ। ਸਰਕਾਰਾਂ ਨੂੰ ਇਸ ਗੱਲ ਵੱਲ ਖਾਸ ਧਿਆਨ ਦੇਣ ਦੀ ਜਰੂਰਤ ਹੈ ਕਿ ਜੇਕਰ ਬੇਰੁਜ਼ਗਾਰੀ ਤੋ ਸਤਾਏ ਨੌਜਵਾਨ ਨਸ਼ਿਆ ਦੀ ਦਲਦਲ ਵਿੱਚ ਜਾਂ ਗਲਤ ਸੰਗਤ ਦੇ ਆਦੀ ਹੁੰਦੇ ਹਨ ਤਾਂ ਇਸਦੀ ਜਿੰਮੇਵਾਰੀ ਸਰਕਾਰ ਦੀ ਹੋਵੇਗੀ।

ਕਿਰਤ ਜਿੰਦਗੀ ਦਾ ਸਭ ਤੋਂ ਮਹੱਤਵਪੂਰਣ ਹਿੱਸਾ ਹੈ, ਜਿੰਨੀ ਦੇਰ ਕਿਰਤ ਸਾਡਾ ਵਿਹਾਰ ਨਹੀਂ ਬਣਦੀ ਅਸੀਂ ਠੀਕ ਅਰਥਾਂ ਵਿੱਚ ਤਰੱਕੀ ਨਹੀਂ ਕਰ ਸਕਦੇ। ਕਿਰਤ ਕਰਨ ਤੋਂ ਬਿਨਾਂ ਕੋਈ ਵੀ ਮਨੁੱਖ ਜਿੰਦਗੀ ਦੇ ਅਰਥ ਨਹੀਂ ਜਾਣ ਸਕਦਾ ਅਤੇ ਨਾ ਹੀ ਜਿੰਦਗੀ ਨਾਲ ਮੁਹੱਬਤ ਕਰ ਸਕਦਾ ਹੈ। ਆਪਣੇ ਮਨਫ਼ੀ ਹੋ ਰਹੇ ਕਿਰਤੀ ਸੱਭਿਆਚਾਰ ਨੂੰ ਬਚਾਉਣਾ ਜਿੱਥੇ ਸਾਡੀ ਜਰੂਰਤ ਹੈ ਉਥੇ ਸਾਡੀ ਜਿੰਮੇਵਾਰੀ ਵੀ ਹੈ ਕਿਉਂਕਿ ਅਸੀਂ ਮਿਹਨਤੀ ਅਤੇ ਉੱਦਮੀ ਲੋਕਾਂ ਦੇ ਵਾਰਿਸ ਹਾਂ ਨਾ ਕਿ ਜਾਹਿਲ ਅਤੇ ਆਲਸੀ ਲੋਕਾਂ ਦੇ।

# ਗੁਰਸਿੱਖੀ ਦੀ ਨਿਸ਼ਾਨੀ ਕੀ ਹੈ ?

**ਜਸਬੀਰ ਸਿੰਘ ਵੈਨਕੂਵਰ**

ਗੁਰਮਤਿ ਦੀ ਜੀਵਨ-ਜੁਗਤ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਸਚਿਆਰ ਬਣਨ ਦਾ ਢੰਗ ਇਕੋ ਸੀ, ਇਕੋ ਹੈ ਅਤੇ ਇਕੋ ਰਹੇਗਾ। ਇਸ ਜੀਵਨ-ਜਾਚ ਵਿੱਚ ਸਮੇਂ ਨਾਲ ਕਿਸੇ ਤਰਾਂ ਦਾ ਵੀ ਪਰਿਵਰਤਨ ਨਹੀਂ ਆਉਂਦਾ। ਤਾਂਹੀਓ, ਗੁਰਬਾਣੀ ਵਿੱਚ ਪੁਰਾਣ ਸਾਹਿਤ ਦੀ ਇਸ ਧਾਰਨਾ ਨੂੰ ਸਵੀਕਾਰ ਨਹੀਂ ਕੀਤਾ ਗਿਆ ਕਿ (ਕਥਿਤ) ਸਤਜੁਗ, ਤ੍ਰੇਤੇ, ਦੁਆਪਰ ਅਤੇ ਕਲਜੁਗ ਵਿੱਚ ਰੱਬ ਨਾਲ ਜੁੜਨ ਦੇ ਭਿੰਨ ਭਿੰਨ ਢੰਗ ਹਨ। ਜਪੁਜੀ ਦੀ ਪਹਿਲੀ ਪਉੜੀ ਵਿੱਚ ਹੀ ਗੁਰੂ ਨਾਨਕ ਸਾਹਿਬ ਨੇ ਸਚਿਆਰ ਬਣਨ ਦੀਆਂ ਪ੍ਰਚਲਤ ਧਾਰਨਾ ਨੂੰ ਨਕਾਰਦਿਆਂ ਹੋਇਆਂ ਫਿਰ ਇਹ ਸਵਾਲ ਉਠਾਇਆ ਹੈ ਕਿ 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ'। ਅਗਲੀ ਹੀ ਪੰਗਤੀ ਵਿੱਚ ਇਸ ਦਾ ਉੱਤਰ ਦੇਂਦਿਆਂ ਕਿਹਾ ਕਿ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ'। ਭਾਵ ਹੁਕਮੀ ਦੀ ਰਜ਼ਾ ਵਿੱਚ ਰਹਿਣ ਨਾਲ ਹੀ ਸਚਿਆਰ ਬਣਿਆ ਜਾ ਸਕਦਾ ਹੈ । ਗੁਰਮਤਿ ਦੀ ਇਸ ਜੀਵਨ-ਜੁਗਤ ਅਨੁਸਾਰ ਸਿੱਖ ਦੀ ਪ੍ਰੀਭਾਸ਼ਾ ਵਿੱਚ ਸਮੇਂ ਨਾਲ ਕੋਈ ਪਰਿਵਰਤਨ ਨਹੀਂ ਆਇਆ। ਸਿੱਖ ਦੀ ਪ੍ਰੀਭਾਸ਼ਾ ਹਮੇਸ਼ਾਂ ਹੀ ਗੁਰਬਾਣੀ ਦੇ ਇਸ ਫ਼ੁਰਮਾਨ ਵਾਲੀ ਹੀ ਰਹੇਗੀ: 'ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥' (ਪੰਨਾ ੬੦੧) ਅਰਥ:-ਹੇ ਭਾਈ ! ਉਹੀ ਮਨੁੱਖ ਗੁਰੂ ਦਾ ਸਿੱਖ ਹੈ, ਗੁਰੂ ਦਾ ਮਿੱਤਰ ਹੈ, ਗੁਰੂ ਦਾ ਰਿਸ਼ਤੇਦਾਰ ਹੈ, ਜਿਹੜਾ ਗੁਰੂ ਦੀ ਰਜ਼ਾ ਵਿੱਚ ਤੁਰਦਾ ਹੈ।

ਗੁਰਬਾਣੀ ਦੀ ਰੋਸ਼ਨੀ ਵਿੱਚ ਹੀ ਭਾਈ ਗੁਰਦਾਸ ਜੀ ਨੇ ਸਿੱਖੀ ਦੇ ਉਘੜਵੇਂ ਲੱਛਣਾਂ ਦੀ ਚਰਚਾ ਕਰਦਿਆਂ ਲਿਖਿਆ ਹੈ:-

(ੳ) ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ। ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੈ ਨੇੜਿ ਨ ਜਾਵੈ। ਹਉ ਤਿਸੁ ਘੋਲਿ ਘੁਮਾਇਆ ਪਰ ਦਰਬੈ ਨੋ ਹਥੁ ਨ ਲਾਵੈ। ਹਉ ਤਿਸੁ ਘੋਲਿ ਘੁਮਾਇਆ ਪਰਨਿੰਦਾ ਸੁਣਿ ਆਪੁ ਹਟਾਵੈ। ਹਉ ਤਿਸੁ ਘੋਲਿ ਘੁਮਾਇਆ ਸਤਿਗੁਰ ਦਾ ਉਪਦੇਸੁ ਕਮਾਵੈ। ਹਉ ਤਿਸੁ ਘੋਲਿ ਘੁਮਾਇਆ ਥੋੜਾ ਸਵੈ ਥੋੜੈ ਹੀ ਖਾਵੈ। ਗੁਰਮਖਿ ਸੋਈ ਸਹਜਿ ਸਮਾਵੈ। (ਵਾਰ ੧੨, ਪਉੜੀ ੪)

(ਅ) ਪਿਛਲ ਰਾਤੀ ਜਾਗਣਾ ਨਾਮੁ ਦਾਨੁ ਇਸਨਾਨੁ ਦ੍ਰਿੜਾਏ। ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੇ ਭਲਾ ਮਨਾਏ। ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ। ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ। ਸਾਧ ਸੰਗਤਿ ਮਿਲਿ ਗਾਂਵਦੇ ਰਾਤਿ ਦਿਹੈ ਨਿਤ ਚਲਿ ਚਲਿ ਜਾਏ। ਸਬਦੁ ਸੁਰਤਿ ਪਰਚਾ ਕਰੈ ਸਤਿਗੁਰੁ ਪਰਚੈ ਮਨ ਪਰਚਾਏ। ਆਸਾ ਵਿਚਿ ਨਿਰਾਸੁ ਵਲਾਏ। (ਵਾਰ ੨੮, ਪਉੜੀ ੧੫)

ਪਹਿਰ ਰਾਤ ਰਹਿੰਦੀ ਜਾਗਣਾ ਕਰੇ, ਨਾਮ, ਦਾਨ, ਇਸ਼ਨਾਨ ਦਾ ਅਭਿਆਸ ਕਰੇ। ਕੋਮਲ ਵਾਕ ਬੋਲੇ, ਨਿੰਮ੍ਰੀ ਭੂਤ ਹੋ ਕੇ ਭਲਾ ਮਨਾਵੇ, ਭਾਵ, ਅਹਿਸਾਨ ਨ ਕਰੇ, ਲੈਣ ਵਾਲੇ ਦਾ ਅਹਿਸਾਨ ਜਾਵੇ। ਸਵਣਾ, ਖਾਣਾ, ਬੋਲਣਾ ਥੋੜਾ ਥੋੜਾ ਕਰੇ ਅਰ ਗੁਰੂ ਦੀ ਸਿਖਿਆ ਕਰੇ। ਕਮਾਈ ਦਸਾਂ ਨੌਹਾਂ ਦੀ ਕਰਕੇ



ਖਾਵੇ, ਭਲੇ ਕੰਮ ਕਰੇ, ਦਸਵੰਧ ਆਦਿਕ ਦਾਨ ਕਰੇ ਪਰ ਵੱਡਾ ਦਾਨੀ ਬਣਕੇ ਆਪਣਾ ਆਪ ਨਾ ਗਿਣਾਵੇ। ਜਿੱਥੇ ਸਾਧ ਸੰਗਤਿ ਮਿਲਕੇ ਕਥਾ ਕੀਰਤਨ ਕਰਨ ਰਾਤ ਦਿਨ ਨਿਤ ਤੁਰ ਜਾਵੇ ਭਾਵ ਰਾਤ ਹੋਵੇ ਤਾਂ ਆਲਸ ਕਰਕੇ ਘੁਰਾੜੇ ਨਾ ਮਾਰੇ, ਉੱਥੇ ਜਾ ਕੇ ਕੀ ਕਰੇ ? ਸ਼ਬਦ ਦੀ ਸੁਰਤ ਵਿਖੇ ਪ੍ਰੇਮ ਕਰੇ ਅਰ ਸਤਿਗੁਰੂ ਦੇ ਪ੍ਰੇਮ ਵਿਖੇ ਮਨ ਨੂੰ ਪ੍ਰੇਰੇ। ਆਸਾ ਵਿੱਚ ਨਿਰਾਸ ਹੋ ਕੇ ਰਹੇ, ਭਾਵ, ਸਾਧ ਸੰਗਤਿ ਵਿਖੇ ਦੁੱਧ, ਪੁੱਤ, ਧਨ ਦੀ ਆਸਾ ਨਾ ਕਰੇ, ਕੇਵਲ ਗੁਰੂ ਦੇ ਪ੍ਰੇਮ ਕਰਕੇ ਨਿਸ਼ਕਾਮ ਭਗਤੀ ਕਰੇ)।

**ਸਿੱਖ ਫਲਸਫਾ**

ਗੁਰਸਿੱਖ ਦੀ ਰਹਿਣੀ ਦਾ ਆਧਾਰ ਤਾਂ ਗੁਰਬਾਣੀ ਵਿਚਲੀ ਜੀਵਨ-ਜਾਚ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਰੇਕ ਤਰਾਂ ਦੇ ਭੇਖ ਦੀ ਨਿਖੇਧੀ ਕੀਤੀ ਹੋਈ ਹੈ। ਕੇਵਲ ਕਕਾਰਾਂ ਦੇ ਧਾਰਨੀ ਹੋਣ ਨਾਲ ਹੀ ਗੁਰੂ ਵਾਲਾ ਨਹੀਂ ਬਣ ਜਾਈਦਾ, ਗੁਰੂ ਵਾਲਾ ਗੁਰਬਾਣੀ ਦੀ ਜੀਵਨ-ਜੁਗਤ ਨੂੰ ਅਪਣਾਉਣ ਨਾਲ ਹੀ ਬਣ ਸਕੀਦਾ ਹੈ। ਰਹਿਤਨਾਮਿਆਂ ਵਿੱਚ ਕੇਵਲ ਖੰਡੇ ਦੀ ਪਾਹੁਲ ਜਾਂ ਕਕਾਰਾਂ ਦੀ ਗੱਲ ਹੀ ਨਹੀਂ ਮਿਲਦੀ, ਗੁਰਮਤਿ ਦੀ ਜੀਵਨ-ਜੁਗਤ ਨਾਲ ਜੁੜੇ ਹੋਰ ਪਹਿਲੂਆਂ ਦਾ ਵਰਣਨ ਵੀ ਮਿਲਦਾ ਹੈ। ਰਹਿਤਨਾਮਿਆਂ ਵਿਚੋਂ ਹੀ ਸੰਖੇਪ ਵਿੱਚ ਰਹਿਤ ਦੇ ਕੁੱਝ ਹੋਰ ਪਹਿਲੂਆਂ ਵਲ ਪਾਠਕਾਂ ਦਾ ਧਿਆਨ ਦਵਾਇਆ ਜਾ ਰਿਹਾ ਹੈ: 'ਅਰੁ ਸਭ ਤੇ ਵਡੀ ਰਹਿਤ ਏਹ ਹੈ ਜੋ ਮਿਥਿਆ ਨਾ ਬੋਲੇ। ਪਰਾਏ ਦਰਬੁ ਕਉ ਅੰਗੀਕਾਰੁ ਨਾ ਕਰੈ, ਧਰਮ ਕੀ ਕਿਰਤ ਕਰਿ ਖਾਇ॥ ਅਰੁ ਜੋ ਕੋਈ ਭੁੱਖਾ ਨੰਗਾ ਅਰਥੀ ਪ੍ਰਾਪਤਿ ਹੋਇ, ਤਾਂ ਉਸ ਨਾਲਿ ਆਪਣੀ ਵੰਡ ਵਿਚੋਂ, ਜੋ ਕਿਛੁ ਸਾਹਿਬ ਦਿਤਾ ਹੋਇ ਸੋ ਵੰਡਿ ਖਾਇ, ਵੰਡਿ ਪਹਰੇ। ਅਰ ਕੰਮ ਕਿਸੇ ਕਾ ਜਾਨੇ ਜੋ ਮੁਝ ਤੇ ਹੋਤਾ ਹੈ ਤਾਂ ਜਾਣੈ ਜੋ ਗੁਰੂ ਕ੍ਰਿਪਾਲ ਹੋਇਆ ਹੈ, ਤਾਂ ਢਿੱਲ ਨ ਕਰੈ। ਅਪਣਾ ਕੰਮੁ ਛੋਡਿ ਕਰਿ ਉਸ ਪ੍ਰਾਨੀ ਕੇ ਕੰਮਿ ਕਉ ਉਠਿ ਖੜਾ ਹੋਇ, ਜਾਣਿ ਨ ਦੇਇ। ਗੁਰੂ ਕਾ ਰੀਝਾਵਣਾ ਇਸੀ ਬਾਤ ਮੇਂ ਹੈ।' (ਪਰੇਮ ਸੁਮਾਰਗ)

ਹਮਾਰੇ ਕੋ ਭੇਖ ਬਰਣ ਪਿਆਰਾ ਨਹੀਂ, ਰਹਣੀ ਪਿਆਰੀ ਹੈ। (ਭਾਈ ਦਯਾ ਸਿੰਘ)

ਖਾਲਸਾ ਸੋਈ ਜੋ ਨਿੰਦਾ ਤਿਆਗੈ। ਖਾਲਸਾ ਸੋਈ ਜੋ ਪੰਚ ਕਉ ਮਾਰੈ। ਖਾਲਸਾ ਸੋਈ ਭਰਮ ਕੋ ਸਾੜੈ। ਖਾਲਸਾ ਸੋਈ ਮਾਨ ਜੋ ਤਿਆਗੈ। ਖਾਲਸਾ ਸੋਈ ਪਰਤ੍ਰਿਆ ਤੇ ਭਾਗੈ। ਖਾਲਸਾ ਸੋਈ ਪਰਦ੍ਰਿਸਟਿ ਕਉ ਤਿਆਗੈ। (ਭਾਈ ਨੰਦ ਲਾਲ ਜੀ)

ਗੁਰਮਤਿ ਦੀ ਰਹਿਣੀ ਦੇ ਇਨਾਂ ਪੱਖਾਂ ਨੂੰ ਨਜ਼ਰ ਅੰਦਾਜ਼ ਕਰਕੇ ਕੇਵਲ ਕਕਾਰਾਂ ਨੂੰ ਹੀ ਖ਼ਾਲਸੇ ਦੀ ਪੂਰਨ ਰਹਿਤ ਮੰਨਣ ਨਾਲ ਸਿੱਖੀ ਦੇ ਅਕਸ ਨੂੰ ਬਹੁਤ ਹੀ ਨੁਕਸਾਨ ਪਹੁੰਚਿਆ ਹੈ। ਜੇਕਰ ਅਸੀਂ ਸਿੱਖੀ ਦੇ ਪੁਰਾਤਨ ਗੌਰਵਮਈ ਸ਼ਾਨਾਂ ਮੱਤੇ ਇਤਿਹਾਸ ਨੂੰ ਬਰਕਰਾਰ ਰੱਖਣਾ ਹੈ ਤਾਂ ਸਿੱਖੀ ਦੀ ਨਿਸ਼ਾਨੀ ਦੇ ਸਮੁੱਚੇ ਰੂਪ ਨੂੰ ਉਭਾਰਨ ਦੀ ਲੋੜ ਹੈ, ਨਾ ਕਿ ਕੇਵਲ ਪੰਜ ਕਕਾਰਾਂ ਦੀ ਰਹਿਤ ਨੂੰ ਹੀ। ਇਸ ਵਿੱਚ ਕਿਸੇ ਤਰਾਂ ਦਾ ਸੰਦੇਹ ਨਹੀਂ ਹੈ ਕਿ ਕਕਾਰ ਖ਼ਾਲਸੇ ਦੀ ਰਹਿਤ ਦਾ ਇੱਕ ਅਨਿਖੜਵਾਂ ਅੰਗ ਹਨ, ਇਨਾਂ ਤੋਂ ਬਿਨਾਂ ਖ਼ਾਲਸੇ ਦੀ ਕਲਪਣਾ ਨਹੀਂ ਕੀਤੀ ਜਾ ਸਕਦੀ। ਪਰੰਤੂ ਇਸ ਦਾ ਇਹ ਹਰਗ਼ਿਜ਼ ਭਾਵ ਨਹੀਂ ਹੈ ਕਿ ਕੇਵਲ ਕਕਾਰਾਂ ਦੀ ਰਹਿਤ ਹੀ ਸੰਪੂਰਨ ਰੂਪ ਵਿੱਚ ਖ਼ਾਲਸੇ ਦੀ ਰਹਿਤ ਜਾਂ ਇਸ ਦੀ ਨਿਸ਼ਾਨੀ ਹੈ। ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਿਮਨ ਲਿਖਤ ਫ਼ੁਰਮਾਨ ਹਮੇਸ਼ਾਂ ਹੀ ਧਿਆਨ ਵਿੱਚ ਰੱਖਣ ਦੀ ਲੋੜ ਹੈ : ਰਹਤ ਅਵਰ ਕਛੁ ਅਵਰ ਕਮਾਵਤ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥ ਜਾਨਨਹਾਰ ਪ੍ਰਭੂ ਪਰਬੀਨ॥ ਬਾਹਰਿ ਭੇਖ ਨ ਕਾਹੂ ਭੀਨ॥ (ਪੰਨਾ ੨੬੯) ਅਰਥ: ਧਰਮ ਦੇ ਬਾਹਰਲੇ ਧਾਰੇ ਹੋਏ ਚਿੰਨ ਹੋਰ ਹਨ ਤੇ ਅਮਲੀ ਜ਼ਿੰਦਗੀ ਕੁੱਝ ਹੋਰ ਹੈ : ਮਨ ਵਿੱਚ (ਤਾਂ) ਪ੍ਰਭੂ ਨਾਲ ਪਿਆਰ ਨਹੀਂ, ਮੂੰਹ ਦੀਆਂ ਗੱਲਾਂ ਨਾਲ ਘਰ ਪੂਰਾ ਕਰਦਾ ਹੈ। (ਪਰ ਦਿਲ ਦੀਆਂ) ਜਾਣਨ ਵਾਲਾ ਪ੍ਰਭੂ ਸਿਆਣਾ ਹੈ, (ਉਹ ਕਦੇ) ਕਿਸੇ ਦੇ ਬਾਹਰਲੇ ਭੇਖ ਨਾਲ ਪ੍ਰਸੰਨ ਨਹੀਂ ਹੋਇਆ।

ਇਸ ਗੱਲ ਦਾ ਵਰਣਨ ਵੀ ਅਢੁੱਕਵਾਂ ਨਹੀਂ ਹੋਵੇਗਾ ਕਿ ਜੇਕਰ ਕੋਈ ਪ੍ਰਾਣੀ ਗੁਰਮਤਿ ਦੀ ਇਸ ਜੀਵਨ-ਜੁਗਤ ਦਾ ਧਾਰਨੀ ਹੈ ਤਾਂ ਉਸ ਨੂੰ ਤਨ ਦੀ ਰਹਿਤ ਰੱਖਣ ਵਿੱਚ ਕਿਸੇ ਤਰਾਂ ਦੀ ਹਿਚਕਚਾਹਟ ਨਹੀਂ ਹੋਵੇਗੀ। ਜੇ ਸੱਚ-ਮੁੱਚ ਕਿਸੇ ਦੇ ਅੰਦਰ ਸਿੱਖੀ ਹੈ ਤਾਂ ਬਾਹਰ ਵੀ ਜ਼ਰੂਰ ਪ੍ਰਗਟ ਹੋਵੇਗੀ ਹੀ। 'ਧਾਰਮਿਕ ਵਲਵਲੇ ਜਦੋਂ ਜ਼ਾਹਿਰਾ ਰੂਪ ਧਾਰਦੇ ਹਨ ਤਾਂ ਉਹ ਧਰਮ ਦੇ ਚਿੰਨ, ਰਸਮਾਂ ਤੇ ਰਿਵਾਜ ਬਣ ਜਾਂਦੇ ਹਨ। ਜਿਕੁਰ ਬੀਜ ਬੀਜ ਦੇਵੀਏ ਤਾਂ ਪਤ੍ਰ, ਫੁਲ ਟਾਹਣ ਆਪੇ ਹੀ ਨਿਕਲ ਆਂਵਦੇ ਹਨ, ਇਕੁਰ ਹੀ ਧਾਰਮਿਕ ਜੀਵਨ ਦੇ ਵਲਵਲੇ ਆਪਣੇ ਆਪ ਚਿੰਨ ਤੇ ਰਸਮਾਂ ਦਾ ਰੂਪ ਧਾਰ ਲੈਂਦੇ ਹਨ।' (ਭਾਈ ਜੋਧ ਸਿੰਘ- ਗੁਰਮਤਿ ਨਿਰਣਯ) ਸੋ ਗੱਲ ਕੀ, ਕਕਾਰ ਸਿੱਖੀ ਦੀ ਰਹਿਤ ਦਾ ਇੱਕ ਅੰਗ ਹਨ ਨਾ ਕਿ ਪੂਰੀ ਰਹਿਤ। ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਗੁਰਮਤਿ ਦੀ ਰਹਿਣੀ ਵਿੱਚ ਦੈਵੀ ਗੁਣਾਂ ਨੂੰ ਹੀ ਅਨਿਖੜਵਾਂ ਅੰਗ ਮੰਨਿਆ ਗਿਆ ਹੈ। ਖ਼ਾਲਸੇ ਦੇ ਜਿਹੜੇ ਗੁਣ ਦਰਸਾਏ ਹਨ, ਇਹ ਉਹੀ ਹਨ ਜੋ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸਿੱਖ ਦੇ ਦਰਸਾਏ ਗਏ ਹਨ। ਗੁਣਾਂ ਨਾਲ ਹੀ ਮਨੁੱਖੀ ਕਿਰਦਾਰ ਪਰਿਭਾਸ਼ਤ ਹੁੰਦਾ ਹੈ ਤੇ ਗੁਣਾਂ ਨਾਲ ਹੀ ਉਸ ਦੀ ਪਛਾਣ ਬਣਦੀ ਹੈ। ਸਿੱਖ ਦੀ ਪਛਾਣ ਵੀ ਗੁਣਾਂ ਨਾਲ ਹੀ ਹੋਈ ਹੈ। ਇਤਿਹਾਸ ਵਿੱਚ ਉਹ ਖ਼ਾਲਸ ਹੋ ਕੇ ਵਿਚਰਿਆ ਹੈ ਤਾਂ ਹੀ ਖ਼ਾਲਸਾ ਅਖਵਾਇਆ ਹੈ।'



# ਪੂਰਬੀ-ਪੱਛਮੀ ਮਨੋਵਿਗਿਆਨ ਤੇ ਗੁਰਮਤਿ



**ਗੁਰਬਚਨ ਸਿੰਘ ਦੇਸ ਪੰਜਾਬ**

**9815698451**

ਪੱਛਮੀ ਤਰਜ ਦੇ ਅਧੂਰੇ ਗਿਆਨ ਨੇ ਕਿਵੇਂ ਮਨੁੱਖ ਜਾਤੀ ਨੂੰ ਤਬਾਹੀ ਦੇ ਕੰਢੇ ਲਿਆ ਖੜਾ ਕੀਤਾ ਹੈ, ਇਸ ਦੀ ਇਕ ਸਭ ਤੋਂ ਉਭਰਵੀਂ ਮਿਸਾਲ ਪੱਛਮੀ ਮਨੋਵਿਗਿਆਨ ਹੈ। ਪੱਛਮੀ ਮਨੋਵਿਗਿਆਨ ਦਾ ਮੋਢੀ ਫਰਾਇਡ ਮੰਨਿਆ ਜਾਂਦਾ ਹੈ। ਬਿਨਾ ਸ਼ੱਕ ਫਰਾਇਡ ਮਨ ਦੇ ਤੱਤ ਤੋਂ ਅਸਲੋਂ ਅਣਜਾਣ ਹੈ। ਉਹ ਮਨ ਦੇ ਕੁਝ ਲੱਛਣਾਂ ਦੀ ਵਿਆਖਿਆ ਕਰਦਾ ਹੈ, ਮਨ ਦੀਆਂ ਵੱਖ ਵੱਖ ਅਵਸਥਾਵਾਂ ਦਾ ਜਿਕਰ ਕਰਦਾ ਹੈ, ਪਰ ਉਹ ਜਿਹੜੇ ਮਨ ਦੇ ਲੱਛਣਾਂ ਜਾਂ ਮਨ ਦੀਆਂ ਵੱਖ ਵੱਖ ਅਵਸਥਾਵਾਂ ਦਾ ਜਿਕਰ ਕਰਦਾ ਹੈ, ਉਹ ਮਨ ਆਪਣੀ ਅਸਲੀ ਕੁਦਰਤੀ ਹੋਂਦ ਤੋਂ ਅਣਜਾਣ ਹੈ। ਉਹ ਆਪਣੀ ਕੁਦਰਤੀ ਹੋਂਦ ਤੋਂ ਟੁਟਿਆ ਹੋਇਆ ਮਨ ਹੈ। ਇਸ ਅਧੂਰੇ ਮਨੋਵਿਗਿਆਨ ਨੇ ਕਿਵੇਂ ਮਨੁੱਖ ਜਾਤੀ ਦਾ ਬੇੜਾ ਗਰਕ ਕੀਤਾ ਹੈ, ਇਸ ਦਾ ਪਤਾ ਕਰੋਨਾ ਵਾਇਰਸ ਦੀ ਫੈਲੀ ਮਹਾਮਾਰੀ ਦੌਰਾਨ ਉਦੋਂ ਲਗਦਾ ਹੈ, ਜਦੋਂ ਕੁਝ ਸਿਆਣੇ ਡਾਕਟਰ ਇਸ ਰੋਗ ਦੇ ਮਰੀਜਾਂ ਨੂੰ ਆਪਣਾ ਮਨੋਬਲ ਕਾਇਮ ਰੱਖਣ ਦਾ ਸੁਝਾਅ ਦਿੰਦੇ ਹਨ, ਪਰ ਇਹ ਮਨੋਬਲ ਤਾਂ ਹੀ ਕਾਇਮ ਰਹੇਗਾ, ਜੇ ਬੰਦੇ ਨੂੰ ਆਪਣੇ ਮਨ ਦੀ ਕੁਦਰਤੀ ਹੋਂਦ ਅਤੇ ਇਸ ਦੀ ਅਸੀਮ ਤਾਕਤ ਦਾ ਪਤਾ ਹੋਵੇ।

ਫਰਾਇਡ ਦੇ ਇਸ ਅਧੂਰੇ ਮਨੋਵਿਗਿਆਨ ਦੀ ਚਰਚਾ ਡਾ. ਗੁਰਭਗਤ ਸਿੰਘ ਨੇ ਆਪਣੀ ਲਿਖਤ 'ਵਿਸਮਾਦੀ ਪੂੰਜੀ' ਵਿਚ ਕੀਤੀ ਹੈ। ਉਨਾਂ ਦੇ ਕਥਨ ਅਨੁਸਾਰ, 'ਫਰਾਇਡ ਨੇ ਤਾਂ ਇਥੋਂ ਤਕ ਕਹਿ ਦਿੱਤਾ ਕਿ ਸਾਰੀ ਪੱਛਮੀ ਸਭਿਅਤਾ ਪ੍ਰੇਮਾਤਮਕ ਊਰਜਾ ਨਾਲੋਂ ਟੁੱਟੀ ਹੋਈ ਹੈ ਅਤੇ 'ਬੀਮਾਰ' ਹੈ। ਇਸ ਸਭਿਅਤਾ ਦੇ ਸੁਪਨੇ ਵੀ ਇਸ ਉਦਾਸੀਨਤਾ ਜਾਂ ਬਿਮਾਰੀ ਤੋਂ ਪ੍ਰਭਾਵਿਤ ਹਨ। ਨਤੀਜੇ ਵਜੋਂ ਪੱਛਮੀ ਸਭਿਅਤਾ ਦਾ ਅਵਚੇਤਨ, ਬੀਮਾਰ ਅਵਚੇਤਨ ਹੈ। ਕੀ ਇਹ ਸਿਰਫ ਪੱਛਮੀ ਸਭਿਅਤਾ ਦੀ ਸਮੱਸਿਆ ਹੈ ਜਾਂ ਸਾਰੀਆਂ ਸੱਭਿਅਤਾਵਾਂ ਦੀ? ਇਸ ਵੇਲੇ ਇਹ ਇਕ ਵੱਡਾ ਸਵਾਲ ਹੈ। ਇਕ ਮਨੋਵਿਗਿਆਨੀ ਮੈਲਨੀ ਕਲਾਈਨ ਪ੍ਰੇਮਾਤਮਕ ਊਰਜਾ ਬਾਰੇ ਸੰਕਟ ਵਿਚ ਪਏ ਹੋਣ ਨੂੰ ਸਾਰੀ ਮਨੁੱਖ ਜਾਤੀ ਸਬੰਧੀ ਸੱਚ ਮੰਨਦੀ ਹੈ।'

ਹੁਣ ਇਸ ਗੱਲ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਪੱਛਮੀ ਤਰਜ ਦੇ ਅਧੂਰੇ ਮਨੋਵਿਗਿਆਨ ਨੇ ਸਮੁੱਚੀ ਮਾਨਵਤਾ ਨੂੰ ਕਿੰਨੇ ਵੱਡੇ ਮਾਨਸਿਕ ਸੰਕਟ ਵਿਚ ਲਿਆ ਫਸਾਇਆ ਹੈ। ਉਂਜ ਪੱਛਮ ਵਿਚ ਸਭ ਤੋਂ ਪਹਿਲਾਂ ਮਨ ਦੀ ਅਸਲੀ ਤਾਕਤ ਦਾ ਗਿਆਨ ਪਲੈਟੋ ਨੂੰ ਹੋਇਆ, ਜਿਸ ਨੇ ਕਿਹਾ ਸੀ ਕਿ ਸਮਾਂ ਆਵੇਗਾ, ਜਦੋਂ ਮਨੁੱਖ ਆਪਣੇ ਮਨ ਨੂੰ ਏਨਾ ਵਿਕਸਿਤ ਕਰ ਲਏਗਾ ਕਿ ਉਹ ਆਪਣੇ ਸਰੀਰ ਦੀਆਂ ਸਾਰੀਆਂ ਬੀਮਾਰੀਆਂ ਦਾ ਇਲਾਜ ਖੁਦ ਕਰ ਸਕੇਗਾ। ਨਵੇਂ ਯੁਗ ਵਿਚ ਮਨ ਦੀ ਸਭ ਤੋਂ ਭਰਵੀਂ ਵਿਆਖਿਆ ਜਰਮਨ ਫਿਲਾਸਫਰ ਹੇਗਲ ਨੇ ਆਪਣੀ ਕਿਰਤ 'ਮਨ ਦੇ ਵਰਤਾਰੇ ਦੀ ਸਾਇੰਸ' ਵਿਚ ਕੀਤੀ ਹੈ। ਹੇਗਲ ਦੀ ਫਿਲਾਸਫੀ ਵਿਚ ਮਨ ਤੇ ਕੁਦਰਤ ਦੇ ਅਟੁੱਟ ਰਿਸ਼ਤੇ ਬਾਰੇ ਰਹੀਆਂ ਤਰੁਟੀਆਂ ਨੂੰ ਮਾਰਕਸ ਨੇ ਦੂਰ ਕੀਤਾ ਹੈ, ਪਰ ਮਨੁੱਖ ਜਾਤੀ ਦੀ ਬਦਕਿਸਮਤੀ ਇਹ ਹੈ ਕਿ ਪੱਛਮ ਵਿਚ ਮਾਰਕਸ ਨੂੰ ਮੋਢੀ ਮੰਨ ਕੇ ਮਨੋਵਿਗਿਆਨ ਵਿਕਸਿਤ ਕਰਨ ਦੀ ਥਾਂ ਬੀਮਾਰ ਮਨ ਦੇ ਵਿਆਖਿਆਕਾਰ ਫਰਾਇਡ ਨੂੰ ਮਨੋਵਿਗਿਆਨ ਦਾ ਮੋਢੀ ਮੰਨ ਲਿਆ ਗਿਆ।

ਅਸਲ ਵਿਚ ਮਨ ਦੀ ਸਭ ਤੋਂ ਵਧੇਰੇ ਖੋਜ ਪੂਰਬ ਵਿਚ ਹੋਈ ਹੈ। ਉਪਨਿਸ਼ਦਾਂ ਵਿਚ ਮਨ ਦੀ ਵਿਆਖਿਆ ਕਰਨ ਦੇ ਯਤਨ ਕੀਤੇ ਗਏ ਹਨ, ਪਰ ਮਨ ਦੀ ਸਭ ਨਾਲੋਂ ਸਪੱਸ਼ਟ ਅਤੇ ਭਰਵੀਂ ਵਿਆਖਿਆ ਗੁਰੂ ਗ੍ਰੰਥ ਸਾਹਿਬ ਵਿਚ ਹੋਈ ਹੈ। ਮਨ ਦੀ ਅਸੀਮ ਤਾਕਤ ਨੂੰ ਮੰਨ ਕੇ ਇਸ ਨੂੰ ਕਿਵੇਂ ਵਿਕਸਿਤ ਕਰਨਾ ਹੈ, ਇਸ ਦੀ ਜੁਗਤ ਗੁਰੂ ਗ੍ਰੰਥ ਸਾਹਿਬ ਵਿਚ ਦੱਸੀ ਗਈ ਹੈ।

ਉਪਨਿਸ਼ਦਾਂ ਵਿਚ ਦਰਜ ਹੈ, 'ਇਹ ਜਿਹੜਾ ਹਿਰਦਾ ਜਾਂ ਬੁੱਧੀ ਹੈ, ਇਹੀ ਮਨ ਹੈ। ਇਸ ਦੀਆਂ ਕਈ ਬਿਰਤੀਆਂ ਹਨ, ਜਿਨਾਂ ਨੂੰ ਸੰਗਿਆਨ ਯਥਾ ਪਦਾਰਥ ਦਾ ਠੀਕ ਗਿਆਨ, ਅਗਿਆਨ ਜਾਂ ਈਸ਼ਵਰ ਦਾ ਗਿਆਨ, ਵਿਗਿਆਨ ਜਾਂ ਪਦਾਰਥਾਂ ਦਾ ਵਿਸ਼ੇਸ਼ ਗਿਆਨ, ਪ੍ਰਗਿਆਨ ਜਾਂ ਪ੍ਰਮੁਖ ਚੇਤਨਾ, ਧਾਰਨਾ ਸ਼ਕਤੀ, ਦਰਸ਼ਨ ਸ਼ਕਤੀ, ਧੀਰਜ, ਮਨਨ ਸ਼ਕਤੀ, ਚਿੰਤਨ ਸ਼ਕਤੀ, ਦੁਖਾਕਾਰ ਵ੍ਰਿਤੀ, ਸਮ੍ਰਿਤੀ, ਸੰਕਲਪ, ਨਿਸ਼ਚਾ, ਪ੍ਰਾਣਸ਼ਕਤੀ, ਇੱਛਾ ਸ਼ਕਤੀ ਅਤੇ ਕਾਮਵਾਸਨਾ ਕਿਹਾ ਜਾਂਦਾ ਹੈ। ਇਹ ਸਭ ਕੁਝ ਪ੍ਰਗਿਆਨ ਦੇ ਹੀ ਨਾਮ ਕਹੇ ਜਾਂਦੇ ਹਨ।'ਇੰਦ੍ਰੀਆਂ ਦੇ ਉਪਰਾਮ ਦੀ ਅਵਸਥਾ ਵਿਚ ਇਹ ਮਨ ਰੂਪੀ ਦੇਵ ਸੁਪਨੇ ਵਿਚ ਆਪਣੀ ਮਹਿਮਾ ਨੂੰ ਵੇਖਦਾ ਹੈ। ਜੋ ਕੁਝ ਉਸ ਨੇ ਵੇਖਿਆ ਹੈ, ਉਸ ਦੇ ਪ੍ਰਤੀਬਿੰਬ ਨੂੰ ਫਿਰ ਵੇਖਦਾ ਹੈ। ਜੋ ਸੁਣਿਆ ਹੈ, ਉਸ ਨੂੰ ਫਿਰ ਸੁਣਦਾ ਹੈ। ਵੱਖ ਵੱਖ ਦੇਸ ਅਤੇ ਦਿਸ਼ਾਵਾਂ ਵਿਚ ਉਸ ਨੇ ਜੋ ਕੁਝ ਅਨੁਭਵ ਕੀਤਾ ਹੈ, ਉਸ ਨੂੰ ਫਿਰ ਵਾਰ-ਵਾਰ ਅਨੁਭਵ ਕਰਦਾ ਹੈ। ਵੇਖੇ ਹੋਏ ਤੇ ਨਾ ਵੇਖੇ ਹੋਏ, ਸੁਣੇ ਹੋਏ ਤੇ ਨਾ ਸੁਣੇ ਹੋਏ, ਅਨੁਭਵ ਕੀਤੇ ਹੋਏ ਤੇ ਅਨੁਭਵ ਨਾ ਕੀਤੇ ਹੋਏ ਅਤੇ ਜੋ ਕੁਝ ਵੀ ਸਤ ਅਤੇ ਅਸਤ ਹੈ, ਉਸ ਸਭ ਕੁਝ ਨੂੰ ਵੇਖਦਾ ਹੈ ਅਤੇ ਉਹ ਆਪ ਹੀ ਸਭ ਕੁਝ ਹੋ ਕੇ ਸਭ ਕੁਝ ਵੇਖਦਾ ਹੈ।' (ਪ੍ਰਸ਼ਨ ਉਪਨਿਸ਼ਦ, ਸਫਾ 95)

'ਜਿਹੜਾ ਮਨੁੱਖ ਬੁਧੀ ਸਹਿਤ ਹੈ ਭਾਵ ਜਿਸ ਕੋਲ ਆਪਣੀ ਬੁਧਿ ਹੈ ਅਤੇ ਜਿਸ ਦਾ ਆਪਣੇ ਮਨ ਉਤੇ ਸਹੀ ਕਾਬੂ ਹੈ ਭਾਵ ਜਿਸ ਦੇ ਮਨ ਦੀ ਲਗਾਮ ਉਸ ਦੀ ਬੁਧੀ ਦੇ ਹਥ ਵਿਚ ਹੈ ਭਾਵ ਜਿਸ ਦਾ ਮਨ ਉਸ ਦੇ ਆਪਣੇ ਵਸ ਵਿਚ ਹੈ, ਤਾਂ ਫਿਰ ਜਿਵੇਂ ਘੋੜੇ ਰਥ ਨੂੰ ਚਲਾਉਣ ਵਾਲੇ ਰਥਵਾਨ ਦੇ ਵਸ ਵਿਚ ਹੁੰਦੇ ਹਨ, ਉਵੇਂ ਹੀ ਮਨੁੱਖ ਦੀਆਂ ਇੰਦਰੀਆਂ ਉਸ ਦੇ ਆਪਣੇ ਮਨ ਦੇ ਵਸ ਵਿਚ ਹੁੰਦੀਆਂ ਹਨ, ਪਰ ਜਿਹੜਾ ਮਨੁੱਖ ਬੁਧੀ ਰਹਿਤ ਹੈ, ਜਿਸ ਮਨੁੱਖ ਦਾ ਆਪਣੇ ਮਨ ਉਤੇ ਕੋਈ ਜ਼ੋਰ ਨਹੀਂ ਚਲਦਾ ਭਾਵ ਜਿਸ ਮਨੁੱਖ ਦਾ ਮਨ ਉਸ ਦੀ ਆਪਣੇ ਵਸ ਵਿਚ ਨਹੀਂ ਹੈ, ਤਾਂ ਫਿਰ ਜਿਵੇਂ ਸਾਰਥੀ ਦੇ ਵਸ ਵਿਚ ਘੋੜੇ ਨਾ ਹੋਣ, ਉਵੇਂ ਹੀ ਉਸ ਮਨੁੱਖ ਦੀਆਂ ਇੰਦਰੀਆਂ ਉਸ ਦੇ ਆਪਣੇ ਮਨ ਦੇ ਵਸ ਵਿਚ ਨਹੀਂ ਹੁੰਦੀਆਂ। ਭਾਵ ਜਿਸ ਮਨੁੱਖ ਦੀ ਬੁਧੀ ਨਹੀਂ ਹੈ, ਮਨ ਅਚੇਤ ਹੈ ਤਾਂ ਉਹ ਮਨੁੱਖ ਆਪਣੇ ਬੇਮੁਹਾਰੇ ਇੰਦ੍ਰਿਆਵੀ ਜਜ਼ਬਿਆਂ ਦਾ ਗੁਲਾਮ ਬਣ ਜਾਂਦਾ ਹੈ, ਜਿਹੜੇ ਅੰਨੇ ਅਤੇ ਨਿਰੋਲ ਵਿਕਾਰਾਂ ਦੇ ਜਨਕ ਹਨ, ਪਰ ਜਿਸ ਮਨੁੱਖ ਦੀ ਬੁਧਿ ਸਾਰਥੀ ਹੈ, ਮਨ ਉਸ ਦੀ ਲਗਾਮ ਹੈ ਭਾਵ ਇੰਦਰੀਆਂ ਉਤੇ ਜਿਸ ਦਾ ਸਵੈ ਕਾਬੂ ਹੈ, ਉਹ ਮਨੁੱਖ ਹਮੇਸ਼ਾ ਆਪਣਾ ਠੀਕ ਰਾਹ ਲਭ ਲੈਂਦਾ ਹੈ। (ਕਠ ਉਪਨਿਸ਼ਦ, ਸਫਾ 61)

ਤਥਾਗਤ ਬੁਧ ਦਾ ਸਾਰਾ ਗਿਆਨ ਮਨ ਉਤੇ ਕਾਬੂ ਪਾਉਣ ਲਈ ਕਹਿੰਦਾ ਹੈ। ਧਮਪਦ ਦੇ ਪਹਿਲੇ ਦੋ ਸੂਤਰ ਮਨ ਦੀ ਤਾਕਤ ਬਾਰੇ ਦੱਸਦੇ ਹਨ, 'ਜੀਵਨ ਦੇ ਭਾਵਾਂ ਦਾ ਮੁਢ ਮਨ ਤੋਂ ਹੁੰਦਾ ਹੈ। ਮਨ ਹੀ ਸਾਰੀਆਂ ਕਿਰਿਆਵਾਂ ਦਾ ਮੂਲ ਹੈ। ਮਨ ਹੀ ਸ੍ਰੇਸ਼ਠ ਹੈ। ਮਨ ਦੀ ਹੀ ਸਾਰੀ ਮਾਇਆ ਹੈ। ਜਿਹੜਾ ਮਨੁੱਖ ਬੁਰੇ ਮਨ ਨਾਲ ਬੋਲਦਾ ਜਾਂ ਕੰਮ ਕਰਦਾ ਹੈ, ਉਸ ਦੇ ਪਿਛੇ ਦੁਖ ਉਸੇ ਤਰਾਂ ਪੈਂਦਾ ਹੈ, ਜਿਵੇਂ ਰਥ ਦਾ ਪਹੀਆ ਰਥ ਖਿਚਣ ਵਾਲੇ ਬਲਦ ਦੇ। ਮਨ ਹੀ ਸਾਰੀਆਂ ਕਿਰਿਆਵਾਂ ਦਾ ਮੂਲ ਹੈ। ਮਨ ਹੀ ਸ੍ਰੇਸ਼ਠ ਹੈ। ਮਨ ਦੀ ਹੀ ਸਾਰੀ ਮਾਇਆ ਹੈ, ਜਿਹੜਾ ਮਨੁੱਖ ਨਿਰਮਲ ਮਨ ਤੋਂ ਬੋਲਦਾ ਜਾਂ ਕੰਮ ਕਰਦਾ ਹੈ, ਪਿਛੇ ਚਲਣ ਵਾਲੇ ਪਰਛਾਵੇਂ ਵਾਂਗ ਸੁਖ ਸਦਾ ਉਸ ਦਾ ਪਿਛਾ ਕਰਦੇ ਹਨ।'

ਗੁਰਮਤਿ ਮਨ ਬਾਰੇ ਇਹ ਗਿਆਨ ਦਿੰਦੀ ਹੈ,

**ਮਨੁ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਾਵਾਰੁ॥**
**ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ॥**
(ਪੰਨਾ 1330)

ਮਨ ਹੀ ਕਿਸੇ ਮਨੁੱਖ ਨੂੰ ਜੋਗੀ ਜਾਂ ਭੋਗੀ ਹੋਣ ਦਾ ਅਹਿਸਾਸ ਕਰਵਾਉਂਦਾ ਹੈ। ਮਨ ਹੀ ਕਿਸੇ ਮਨੁੱਖ ਕੋਲੋਂ ਮੂਰਖਾਂ ਅਤੇ ਮਹਾਂਮੂਰਖਾਂ ਵਾਲੀਆਂ ਹਰਕਤਾਂ ਕਰਵਾਉਂਦਾ ਹੈ। ਮਨ ਹੀ ਉਹ ਸ਼ਕਤੀ ਹੈ, ਜਿਹੜੀ ਕਿਸੇ ਮਨੁੱਖ ਨੂੰ ਦਾਤਾ ਭਾਵ ਕੋਲੋਂ ਕੁਝ ਦੇਣ ਵਾਲਾ ਭਾਵ ਸੰਤੋਖੀ ਅਤੇ ਕਿਸੇ ਨੂੰ ਮੰਗਤਾ ਭਾਵ ਹਰ ਵੇਲੇ ਮੰਗਣ ਵਾਲਾ ਤਥਾ ਲੋਭੀ ਤੇ ਕਮੀਨਾ ਬਣਾਉਂਦੀ ਹੈ। ਮਨੁੱਖ ਦਾ ਆਪਣਾ ਸਰੀਰੀ ਮਨ ਹੀ ਸ਼੍ਰੋਮਣੀ ਗੁਰੂ ਅਤੇ ਕਰਤਾਰੀ ਸ਼ਕਤੀ ਹੈ।

**ਇਹੁ ਮਨੁ ਸਕਤੀ ਇਹੁ ਮਨੁ ਸੀਉ॥**
**ਇਹੁ ਮਨੁ ਪੰਚ ਤਤ ਕੋ ਜੀਉ॥**
**ਇਹੁ ਮਨ ਲੇ ਜਉ ਉਨਮਨਿ ਰਹੈ॥**
**ਤਉ ਤੀਨਿ ਲੋਕ ਕੀ ਬਾਤੈ ਕਹੈ॥**
(ਪੰਨਾ 342)

ਇਹ ਮਨ ਹੀ ਮਨੁੱਖ ਦੀ ਸ਼ਕਤੀ ਹੈ ਅਤੇ ਇਹ ਮਨ ਹੀ ਮਨੁੱਖ ਦੀ ਸੀਮਾ ਹੈ। ਕਿਸੇ ਵੀ ਮਨੁੱਖ ਦਾ ਵਿਹਾਰ ਉਸ ਦੇ ਆਪਣੇ ਹੀ ਸਰੀਰੀ ਮਨ ਦਾ ਪ੍ਰਗਟ ਰੂਪ ਹੁੰਦਾ ਹੈ। ਜਿਨਾਂ ਪੰਜਾਂ ਤੱਤਾਂ ਦਾ ਸਰੀਰ ਬਣਿਆ ਹੈ, ਉਨਾਂ ਹੀ ਪੰਜਾਂ ਤੱਤਾਂ ਦਾ ਇਕ ਜੀਅ ਇਹ ਮਨ ਹੈ। ਭਾਵ ਮਨ ਦੀ ਹੋਂਦ ਸਰੀਰ ਦੇ ਨਾਲ ਹੀ ਖਤਮ ਹੋ ਜਾਂਦੀ ਹੈ। ਇਹ ਮਨ ਜਦੋਂ ਪੂਰਨ ਵਿਕਸਿਤ ਰੂਪ ਵਿਚ ਉਚਾ ਉਠ ਜਾਏ ਭਾਵ ਵਿਕਸਿਤ ਹੋ ਜਾਏ ਤਾਂ ਇਸ ਮਨ ਦੇ ਅਨੁਭਵੀ ਕਲਾਵੇ ਵਿਚ ਤਿੰਨੇ ਲੋਕ ਭਾਵ ਸਾਰਾ ਬ੍ਰਹਿਮੰਡੀ ਗਿਆਨ ਆ ਜਾਂਦਾ ਹੈ।

**ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ॥**
**ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ॥**
**ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ॥**
(ਪੰਨਾ 61)

ਭੇਖੀ ਮਨੁੱਖ ਅੱਖਰਾਂ ਦੀ ਪੜਾਈ ਕਰ ਕੇ ਹੀ ਉਸ ਦਾ ਘੁਮੰਡ ਕਰਨ ਲੱਗ ਪੈਂਦਾ ਹੈ। ਜੇ ਮਨ ਵਿਚ ਘੁਮੰਡ ਦੀ ਮੈਲ ਹੈ ਤਾਂ ਤੀਰਥਾਂ ਦੇ ਇਸ਼ਨਾਨ ਦਾ ਉਕਾ ਕੋਈ ਲਾਭ ਨਹੀਂ। ਗੁਰੂ ਬਿਨਾ ਇਹ ਗਿਆਨ ਕਿਤੇ ਨਹੀਂ ਮਿਲਦਾ ਕਿ ਮਨੁੱਖ ਦਾ ਆਪਣਾ ਸਰੀਰੀ ਮਨ ਹੀ ਰਾਜਾ ਅਤੇ ਸੁਲਤਾਨ ਹੈ। ਭਾਵ ਮਨੁੱਖ ਦੇ ਸਰੀਰ ਉਤੇ ਉਸ ਦੇ ਆਪਣੇ ਹੀ ਮਨ ਦਾ ਹੁਕਮ ਚਲਦਾ ਹੈ। ਮਨ ਸਰੀਰ ਨੂੰ ਆਪਣੀ ਮਰਜੀ ਨਾਲ ਚਲਾਉਂਦਾ ਹੈ। ਮਨ ਪੰਜਾਂ ਗਿਆਨ ਇੰਦ੍ਰੀਆਂ ਤੋਂ ਗਿਆਨ ਹਾਸਲ ਕਰ ਕੇ ਅੱਗੋਂ ਕਰਮ ਇੰਦ੍ਰੀਆਂ ਨੂੰ ਹਰਕਤ ਵਿਚ ਲਿਆਉਂਦਾ ਹੈ। ਮਨ ਗਿਆਨ ਇੰਦ੍ਰੀਆਂ ਤੇ ਕਰਮ ਇੰਦ੍ਰੀਆਂ ਵਿਚਕਾਰ ਇਕ ਸਾਂਝੇ ਕੇਂਦਰ ਵਜੋਂ ਕੰਮ ਕਰਦਾ ਹੈ। ਜੇ ਮਨ ਸਰੀਰ ਦੀਆਂ ਦਸਾਂ ਇੰਦ੍ਰੀਆਂ ਭਾਵ ਪੰਜ ਗਿਆਨ ਇੰਦ੍ਰੀਆਂ ਅਤੇ ਪੰਜ ਕਰਮ ਇੰਦ੍ਰੀਆਂ ਨੂੰ ਕਾਬੂ ਵਿਚ ਰੱਖ ਕੇ ਇਨਾਂ ਦੀ ਸੁਚੱਜੀ ਵਰਤੋਂ ਕਰਦਾ ਹੈ ਤਾਂ ਉਸ ਮਨੁੱਖ ਦਾ ਆਤਮ ਅਨੁਭਵੀ ਗਿਆਨ ਨਾਲ ਰੌਸ਼ਨ ਹੋ ਜਾਂਦਾ ਹੈ।

**ਦਸ ਇੰਦ੍ਰੀ ਕਰਿ ਰਾਖੈ ਵਾਸ॥**
**ਤਾਕੈ ਆਤਮੈ ਹੋਇ ਪ੍ਰਗਾਸੁ॥**
(ਪੰਨਾ 236)

# 'ਇਸੁ ਮਨ ਕਉ ਕੋਈ ਖੋਜਹੁ ਭਾਈ'

## ਮੂਲ ਰਚਨਾ : ਪੰਥ ਰਤਨ, ਗੁਰਮਤਿ ਮਾਰਤੰਡ, ਗਿਆਨੀ ਸੰਤ ਮਸਕੀਨ ਜੀ

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਭਾਗ 3**

**ਸੰਪਾਦਤ**

**ਸਰਬਜੀਤ ਕੌਰ**

ਇਸਲਾਮੀ ਜਗਤ ਵਿਚ ਰਾਬੀਆ ਨਾਂ ਦੀ ਇਕ ਬੜੀ ਮਸ਼ਹੂਰ ਸੂਫ਼ੀ ਫ਼ਕੀਰ ਹੋਈ ਏ। ਇਹ ਸਵੇਰੇ ਸ਼ਾਮ ਕੁਰਾਨ ਦੀ ਤਲਾਵਤ ਕਰਦੀ ਸੀ, ਬੜੇ ਸੁਰ ਦੇ ਵਿਚ, ਬੜੇ ਵਜਦ ਦੇ ਵਿਚ ਤੇ ਬੜਾ ਰਸ ਪੂਰਕ, ਇਹਦੀ ਆਵਾਜ਼ ਸੁਣ ਕੇ ਕਦੀ-2 ਕਈ ਸਰੋਤੇ ਵੀ ਆਣ ਬੈਠਦੇ ਸਨ। ਇਨਾਂ ਸਰੋਤਿਆਂ ਦੇ ਵਿਚ ਇਕ ਹਸਨ ਨਾਮ ਦਾ ਫ਼ਕੀਰ ਵੀ ਸੀ, ਜਿਸ ਨਾਲ ਰੋਜ਼ ਵਿਚਾਰ ਵਟਾਂਦਰਾ ਵੀ ਹੁੰਦਾ ਸੀ। ਹਸਨ ਕਦੀ ਹੱਜ ਤੇ ਜਾਂਦੈ, ਕਦੀ ਕਿਸੇ ਦਰਗਾਹ ਤੇ ਜਾਂਦੈ, ਕਦੀ ਕਿਸੇ ਮਜ਼ਾਰ ਤੇ ਜਾਂਦੈ।

ਇਹ ਰਾਬੀਆ ਨੂੰ ਦੱਸਦੈ ਤੇ ਰਾਬੀਆ ਨੂੰ ਕਹਿੰਦੈ,'ਤੁਸੀਂ ਨਈਂ ਜਾਣਾ ਦਰਗਾਹ 'ਚ, ਹੱਜ ਕਰਨ ਨਈਂ ਜਾਣਾ?'

ਤੇ ਰਾਬੀਆ ਕਹਿ ਦੇਂਦੀ ਸੀ,'ਅਸੀਂ ਦਰਗਾਹ 'ਚ ਹੀ ਬੈਠੇ ਆਂ, ਹੱਜ ਰੋਜ ਈ ਕਰਦੇ ਆਂ।'

ਹਸਨ ਸੁਣ ਲੈਂਦਾ ਸੀ। ਰਾਬੀਆ ਸੋਚਦੀ ਏ, ਹਸਨ ਸਮਝਦਾ ਨਈਂ ਮੇਰੀ ਗੱਲ। ਮਕਾਨ ਚੌਂਕ ਤੇ ਸੀ ਰਾਬੀਆ ਦਾ ਤੇ ਬਾਹਰ ਮਸ਼ਾਲ ਜਲਦੀ ਸੀ ਸਾਰੀ ਰਾਤ। ਸੰਧਿਆ ਹੋਈ ਤੇ ਜਿਉਂ ਮਸ਼ਾਲਚੀ ਨੇ ਮਸ਼ਾਲ ਜਲਾਈ, ਰਾਬੀਆ ਬਾਹਰ ਆ ਗਈ। ਮਸ਼ਾਲ ਦੀ ਰੌਸ਼ਨੀ 'ਚ ਕੁਝ ਲੱਭਦੀ ਏ।ਹਸਨ ਆ ਗਿਆ, ਬਈ ਹੈਂ, ਇਹ ਤੇ ਪਾਠ ਕਰਨ ਦਾ ਵਕਤ ਸੀ, ਕੁਰਾਨ ਦੀ ਤਲਾਵਤ ਕਰਦੀ ਹੁੰਦੀ ਸੀ, ਲੱਭਦੀ ਪਈ ਏ ਕੁਝ।

ਕੋਲ ਆ ਕੇ ਕਹਿੰਦੈ,'ਰਾਬੀਆ, ਕੀ ਲੱਭ ਰਹੀ ਏਂ, ਮੈਂ ਮਦਦ ਕਰਾਂ?'

ਰਾਬੀਆ ਕਹਿੰਦੀ ਏ, 'ਸੂਈ ਖੋਹ ਗਈ ਏ।'

'ਰਾਬੀਆ ਦੱਸੇਂਗੀ, ਤੈਨੂੰ ਅੰਦਾਜ਼ਾ ਹੈ ਕਿਥੇ ਖੋਈ ਏ?'

'ਘਰ ਦੇ 'ਚ ਖੋਈ ਏ।'

ਹਸਨ ਹੱਸ ਪਿਆ ਕਹਿੰਦੈ,'ਸ਼ੱਕ ਤੇ ਮੈਨੂੰ ਕਈ ਦਿਨਾਂ ਤੋਂ ਸੀ, ਤੇਰਾ ਦਿਮਾਗ ਫਿਰਿਆ ਹੋਇਐ, ਅੱਜ ਗੱਲ ਪੱਕੀ ਹੋ ਗਈ। ਜੇ ਸੂਈ ਘਰ ਦੇ 'ਚ ਖੋਈ ਏ ਤੇ ਘਰ ਦੇ ਵਿਚ ਲੱਭ।'

ਤੇ ਪਤੈ ਰਾਬੀਆ ਨੇ ਕੀ ਆਖਿਐ?' ਘਰ ਦੇ ਵਿਚ ਅੰਧੇਰੈ।'

ਬਾਹਰ ਮਸ਼ਾਲ ਪਈ ਜਲਦੀ ਏ, ਘਰ ਦੇ ਵਿਚ ਅੰਧੇਰੈ।

ਤੇ ਹਸਨ ਕਹਿੰਦੈ, 'ਪਗਲੀ ਇਕ ਕੰਮ ਕਰ, ਮਸ਼ਾਲ ਘਰ ਦੇ ਵਿਚ ਜਲਾ ਲੈ।'

ਤੇ ਰਾਬੀਆ ਕਹਿੰਦੀ ਏ, 'ਪਗਲੇ, ਮੈਂ ਤੈਨੂੰ ਮੁੱਦਤ ਦੀ ਕਹਿ ਰਹੀ ਆਂ, ਘਰ ਦੇ ਵਿਚ ਦੀਵਾ ਜਲਾ ਲੈ...ਘਰ ਦੇ 'ਚ ਦੀਵਾ ਜਲਾ ਲੈ। ਘਰ ਦੇ 'ਚ ਹੀ ਹੱਜ ਹੋ ਜਾਏਗਾ, ਘਰ ਦੇ 'ਚ ਹੀ ਦਰਗਾਹ ਦੇ ਵਿਚ ਪਹੁੰਚ ਜਾਏਂਗਾ। ਘਰ ਦੇ ਵਿਚ ਹੀ ਖ਼ੁਦਾ ਤੈਨੂੰ ਮਿਲ ਜਾਏਗਾ, ਹੋਰ ਕਿਧਰੇ ਵੀ ਨਈਂ ਮਿਲੇਗਾ। ਪਰ ਕੀਤਾ ਕੀ ਜਾਏ, ਤੇਰੇ ਘਰ ਦੇ ਵਿਚ ਅੰਧੇਰੈ। ਤੂੰ ਮੈਨੂੰ ਕਹਿਨੈ ਘਰ ਦੇ ਵਿਚ ਮਸ਼ਾਲ ਜਲਾ, ਮੈਂ ਤੈਨੂੰ ਕਹਿ ਰਹੀ ਆਂ, ਘਰ ਦੇ ਵਿਚ ਮਸ਼ਾਲ ਜਲਾ।'

ਸਿਆਣਾ ਫ਼ਕੀਰ ਸੀ, ਗੱਲ ਸਮਝ ਦੇ ਵਿਚ ਆ ਗਈ, ਪੈਰੀਂ ਪੈ ਗਿਆ, 'ਤੂੰ ਠੀਕ ਕਹਿਨੀ ਏਂ।'

ਉਸ ਪਰਮ ਜੋਤ ਦੀ ਖੋਜ ਅਪਣੇ ਮਨ ਦੇ ਵਿਚੋ ਕਰਨੀ ਪਏਗੀ। ਮਨ ਹੀ ਮੰਦਿਰ ਹੈ, ਇਸੇ ਮੰਦਿਰ ਵਿਚੋਂ ਪ੍ਰਭੂ ਮਿਲੇਗਾ।ਵਿਸ਼ਵਾਸ਼ ਨਈਂ ਬੱਝਦਾ, ਪਤੈ ਕਿਉਂ? ਅੱਜ ਤੱਕ ਜੋ ਵੀ ਮਿਲਿਐ, ਬਾਹਰੋਂ ਮਿਲਿਐ। ਬੰਦਾ ਸੋਚਦੈ ਸ਼ਾਇਦ ਰੱਬ ਵੀ ਕਿਤੇ ਬਾਹਰੋਂ ਲੱਭ ਜਾਏ, ਨਈਂ :-



**'ਇਸੁ ਮਨ ਕਉ ਕੋਈ ਖੋਜਹੁ ਭਾਈ॥**
**ਮਨੁ ਖੋਜਤ ਨਾਮੁ ਨਉ ਨਿਧਿ ਪਾਈ॥੧॥ਰਹਾਉ॥'**
**ਭੈਰਉ ਮਹਲਾ ੩,ਅੰਗ ੧੧੨੮**

ਖ਼ੁਦਾ ਮਿਲਦਾ ਤੇ ਘਰ ਦੇ ਵਿਚੋਂ ਐ, ਪਰ ਮੈਂ ਘਰ ਦੇ ਵਿਚ ਝਾਤ ਮਾਰਦਾਂ ਤੇ ਕੁਝ ਵੀ ਨਈਂ। ਥੋੜਾ ਜਿਹਾ ਅੰਤਰ-ਮੁਖੀ ਹੁੰਨਾ ਤੇ ਵਿਚਾਰਾਂ ਦੀ ਭੀੜ ਤੇ ਵਿਚਾਰਾਂ ਦੀ ਭੀੜ ਵਿਚ ਅਨਰਥ ਹੀ ਅਨਰਥ ਪਿਐ।ਪਰ ਇਹ ਸਭ ਉੱਪਰ-ਉੱਪਰ ਪਿਐ, ਇਹ ਕਾਈ, ਇਹ ਲਹਿਰਾਂ ਉੱਪਰ-ਉੱਪਰ ਨੇ, ਗਹਿਰਾਈ ਦੇ ਵਿਚ ਸੁੱਚੇ ਮੋਤੀ ਨੇ। ਗੁਰਬਾਣੀ ਕਹਿੰਦੀ ਏ, ਜ਼ਰਾ ਗਹਿਰਾਈ ਵਿਚ ਜਾ, ਇਹ ਸਭ ਕੁਝ ਤੂੰ ਪ੍ਰਾਪਤ ਕਰ ਲਏਂਗਾ।ਇਤਨਾ ਵੱਡਾ ਖ਼ਜ਼ਾਨਾ ਹਰ ਮਨੁੱਖ ਲਈ ਫਿਰਦੈ, ਰਾਜੇ, ਲੇਕਿਨ ਬਦਕਿਸਮਤੀ, ਭਿਖਾਰੀ ਦੀ ਤਰਾਂ ਜੰਮਦੈ, ਭਿਖਾਰੀ ਦੀ ਤਰਾਂ ਜੀਂਵਦੈ, ਭਿਖਾਰੀ ਦੀ ਤਰਾਂ ਮਰ ਜਾਂਦਾ ਹੈ।

ਇਸ ਪਰਮ ਖ਼ਜਾਨੇ ਦੀ ਖ਼ੋਜ ਸਿਰਫ਼ ਅੰਤਰਮੁਖੀ ਹੋਣੈ ਤੇ ਅੰਤਰਮੁਖੀ ਹੋਣ ਦਾ ਢੰਗ ਹੈ, ਵਾਹਿਗੁਰੂ, ਵਾਹਿਗੁਰੂ ਜਪਣਾ ਤੇ ਮਨ ਇਸ ਨੂੰ ਸੁਣੇ।ਜੈਸੇ ਮਨ ਸੁਣਦਾ ਜਾਏਗਾ, ਜਾਗਦਾ ਜਾਏਗਾ। ਪੂਰਾ ਜਾਗੇਗਾ ਤੇ ਖ਼ਜਾਨਾ ਕੋਲ ਪਿਐ। ਹੈਰਾਨ ਹੋ ਜਾਏਗਾ, ਇਹ ਸਭ ਕੁਝ ਕੋਲ ਸੀ?

**'ਮੇਰੀ ਮਤਿ ਬਉਰੀ ਮੈ ਰਾਮੁ ਬਿਸਾਰਿਓ**
**ਕਿਨ ਬਿਧਿ ਰਹਿਨਿ ਰਹਉ ਰੇ॥'**
**ਸੇਜੈ ਰਮਤੁ ਨੈਨ ਨਹੀ ਪੇਖਉ**
**ਇਹੁ ਦੁਖੁ ਕਾ ਸਉ ਕਹਉ ਰੇ॥੧॥ਰਹਾਉ॥'**
**ਆਸਾ ਸ੍ਰੀ ਕਬੀਰ ਜੀਉ,ਅੰਗ ੪੮੨**

ਹੈ ਤੇ ਕੋਲ, ਦਿਖਾਈ ਨਈਂ ਦਿੰਦਾ, ਪਰਮ ਅਨੰਦ ਤੇ ਨੇੜੇ ਤੋਂ ਨੇੜੇ ਐ, ਲੇਕਿਨ ਜਾਪਦੈ ਬਹੁਤ ਦੂਰ ਹੈ।

**ਬਾਕੀ ਸਫ਼ਾ 28 'ਤੇ**

# ਪਹਿਲੀ ਸਿੱਖ ਜੰਗ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਗੁਰੂ ਹਰਗੋਬਿੰਦ ਸਾਹਿਬ ਜੀ ਦੇ ਮੁਗਲ ਬਾਦਸ਼ਾਹ ਜਹਾਂਗੀਰ ਨਾਲ ਸਬੰਧ ਬੜੀ ਪਰਖ ਪ੍ਰਣਾਲੀ ਵਿਚੋਂ ਲੰਘੇ। ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਜਦੋਂ ਮੁਗਲ ਬਾਦਸ਼ਾਹ ਜਹਾਂਗੀਰ ਨੇ ਤਲਬ ਕੀਤਾ ਤਾਂ ਗੁਰੂ ਨੇ ਜਾਣ ਲਿਆ ਸੀ ਕਿ ਸਿੰਘਾਂ ਨੂੰ ਆਉਣ ਵਾਲੇ ਸਮੇਂ ਵਿਚ ਜ਼ੁਲਮ ਦੇ ਟਾਕਰੇ ਲਈ ਹਥਿਆਰ ਚੁੱਕਣੇ ਪੈਣਗੇ। ਉਨਾਂ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਸੌਂਪਦਿਆਂ ਹਦਾਇਤ ਕੀਤੀ ਕਿ ਗੁਰਗੱਦੀ ਤੇ ਹਥਿਆਰਬੰਦ ਹੋ ਕੇ ਰਹਿਣਾ ਹੈ ਅਤੇ ਫੌਜ ਵੀ ਰੱਖਣੀ।

ਗੁਰੂ ਹਰਗੋਬਿੰਦ ਜੀ ਨੇ ਗੁਰਗੱਦੀ ਤੇ ਬੈਠਦਿਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਕ ਮੀਰੀ ਅਤੇ ਇਕ ਪੀਰੀ ਦੀ। ਇਕ ਆਤਮਿਕ ਅਗਵਾਈ ਵਾਸਤੇ, ਦੂਸਰੀ ਸੰਸਾਰਕ ਅਗਵਾਈ ਵਾਸਤੇ। ਗੁਰੂ ਜੀ ਨੇ ਭੇਟਾ ਵਿਚ ਚੰਗੀ ਨਸਲ ਦੇ ਘੋੜੇ, ਚੰਗੇ ਸ਼ਸਤਰ ਅਤੇ ਸੁਡੌਲ ਜਵਾਨੀਆਂ ਦੀ ਮੰਗ ਰੱਖੀ। ਗੁਰਮੁਖਾਂ ਨੂੰ ਸਰੀਰਕ ਤੌਰ 'ਤੇ ਤੰਦਰੁਸਤ ਹੋ ਕੇ ਘੋੜਸਵਾਰੀ ਅਤੇ ਸ਼ਸਤਰ ਵਿਦਿਆ ਵਿਚ ਨਿਪੁੰਨ ਹੋਣ ਦਾ ਉਪਦੇਸ਼ ਦਿੱਤਾ। ਕੌਮ ਉਸਾਰੀ ਦੇ ਕਾਰਜਾਂ ਵਿਚ ਅੰਮ੍ਰਿਤਸਰ ਨਗਰ ਨੂੰ ਆਤਮ ਨਿਰਭਰ ਅਤੇ ਸਵੈ ਰੱਖਿਅਕ ਬਣਾਉਣ ਲਈ ਲੋਹਗੜ ਕਿਲੇ ਦਾ ਨਿਰਮਾਣ ਕੀਤਾ। ਸੂਰਬੀਰਤਾ ਦਾ ਪ੍ਰਤੀਕ ਅਕਾਲ ਤਖ਼ਤ ਸਾਹਿਬ ਸਥਾਪਤ ਕੀਤਾ। ਧਾਰਮਿਕ ਗੁਰਮਤਿ ਉਦੇਸ਼ ਨਾਲ ਕੌਮ ਵਿਚ ਬੀਰ ਰਸ ਭਰਿਆ। ਗੁਰੂ ਜੀ ਨੇ ਸਾਂਝੀਵਾਲਤਾ ਨੂੰ ਇਕ ਸ਼ਕਤੀ ਮੰਨਿਆ। ਮਿਲ-ਜੁਲ ਕੇ ਰਹਿਣ ਦਾ ਉਪਦੇਸ਼ ਦਿੱਤਾ। ਮਤਭੇਦ ਹੋ ਜਾਣ ਤੇ ਸੰਗਤਾਂ ਦੇ ਫੈਸਲੇ ਗੁਰੂ ਜੀ ਖੁਦ ਕਰਦੇ। ਗੁਰੂ ਜੀ ਨੇ 52 ਯੋਧਿਆਂ ਦੀ ਨਿੱਜੀ ਫੌਜ ਭਰਤੀ ਕਰ ਲਈ। ਬਕਾਇਆ ਤੌਰ 'ਤੇ ਫੌਜੀ ਖ਼ਾਲਸਾ ਹੋਣ ਦਾ ਐਲਾਨ ਕਰ ਦਿੱਤਾ। ਯੋਧੇ ਗੁਰੂ ਜੀ ਲਈ ਮਰ ਮਿਟਣ ਲਈ ਹਮੇਸ਼ਾ ਤਿਆਰ ਰਹਿਣ ਲੱਗੇ। ਫੌਜੀ ਸਿਖਲਾਈ ਨੇ ਕੌਮ ਵਿਚ ਸੂਰਬੀਰਤਾ ਦੀ ਨਵੀਂ ਜਾਨ ਭਰੀ।

ਮੁਗਲ ਬਾਦਸ਼ਾਹ ਜਹਾਂਗੀਰ ਦੇ ਈਰਖਾਲੂ ਅਹਿਲਕਾਰਾਂ ਨੇ ਬਾਦਸ਼ਾਹ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਜੀ ਨੇ ਫੌਜ ਰੱਖ ਲਈ ਹੈ। ਨਗਾਰੇ ਵੱਜਦੇ, ਨਿਸ਼ਾਨ ਸਾਹਿਬ ਝੂਲਦੇ, ਗੁਰੂ ਜੀ ਤਖ਼ਤ ਤੇ ਬੈਠਦੇ, ਸ਼ਿਕਾਰ ਖੇਡਦੇ, ਸੰਗਤਾਂ ਦੇ ਫੈਸਲੇ ਆਪ ਕਰਦੇ, ਫੌਜੀ ਦਸਤੇ ਮਸ਼ਾਲਾਂ ਬਾਲ ਕੇ ਰਾਤਾਂ ਨੂੰ ਸ਼ਹਿਰ ਵਿਚ ਗਸ਼ਤ ਕਰਦੇ, ਬਾਦਸ਼ਾਹਾਂ ਵਾਲੀ ਠਾਠ-ਬਾਠ ਬਣਾ ਲਈ ਹੈ। ਉਹ ਰਾਜਸੀ ਤੌਰ 'ਤੇ ਮਜ਼ਬੂਤ ਹੋ ਰਹੇ ਹਨ। ਉਹ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਦਾ ਬਦਲਾ ਲੈਣਗੇ। ਇਸ ਬਾਗੀ ਤਾਕਤ ਨੂੰ ਹੁਣੇ ਦਬਾ ਦੇਣਾ ਚਾਹੀਦਾ ਹੈ।

ਬਾਦਸ਼ਾਹ ਨੇ ਸਿੱਖਾਂ ਦੀ ਤਾਕਤ ਦਾ ਭੇਦ ਜਾਨਣ ਲਈ ਗੁਰੂ ਜੀ ਵੱਲ ਦੋਸਤੀ ਦਾ ਹੱਥ ਵਧਾਇਆ। ਗੁਰੂ ਜੀ ਨਾਲ ਨੇੜਤਾ ਹੋ ਜਾਣ ਤੇ ਉਸ ਨੇ ਜਾਣ ਲਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਭੈਭੀਤ ਨਹੀਂ ਕੀਤਾ। ਉਹ ਤਾਂ ਹੋਰ ਵੀ ਮਜ਼ਬੂਤ ਇਰਾਦੇ ਵਾਲੇ ਹੋ ਰਹੇ ਹਨ। ਬਾਦਸ਼ਾਹ ਨੇ ਗੁਰੂ ਜੀ ਦੀ ਵਧਦੀ ਤਾਕਤ ਵੇਖ ਕੇ ਦਬਾਉਣ ਲਈ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਦਿੱਤਾ। ਉਥੇ ਪਹਿਲਾਂ ਵੀ 52 ਰਾਜੇ ਰਾਜਸੀ ਕੈਦੀ ਸਨ। ਉਹ ਬੜੀ ਮਾੜੀ ਹਾਲਤ ਵਿਚ ਜੀਵਨ ਬਿਤਾ ਰਹੇ ਸਨ। ਗੁਰੂ ਜੀ ਨੇ ਸ਼ਾਹੀ ਕੈਦੀ ਹੁੰਦਿਆਂ ਉਨਾਂ ਦੀ ਚੰਗੀ ਖੁਰਾਕ ਅਤੇ ਪੁਸ਼ਾਕ ਦਾ ਪ੍ਰਬੰਧ ਕਰਵਾ ਲਿਆ। ਉਹ ਗੁਰੂ ਜੀ ਦੇ ਸਤਿਸੰਗ ਬਣ ਗਏ। ਗੁਰੂ ਜੀ ਦੀ ਕੈਦ ਲੰਮੇਰੀ ਹੁੰਦੀ ਵੇਖ ਕੇ ਸਿੱਖ ਰੋਹ ਵਿਚ ਆ ਗਏ। ਬਾਦਸ਼ਾਹ ਨੇ ਵਿਦਰੋਹ ਦੇ ਹਾਲਾਤ ਵੇਖ ਕੇ ਗੁਰੂ ਜੀ ਤੁਰੰਤ ਰਿਹਾਅ ਕਰ ਦਿੱਤਾ। ਰਿਹਾਈ ਤੋਂ ਬਾਅਦ ਗੁਰੂ ਜੀ ਅੰਮ੍ਰਿਤਸਰ ਪੁੱਜੇ ਤਾਂ ਸ਼ਹਿਰ ਨਿਵਾਸੀਆਂ ਨੇ ਦੀਪਮਾਲਾ ਕਰਕੇ ਗੁਰੂ ਜੀ ਦਾ ਸਵਾਗਤ ਕੀਤਾ। ਬੰਦੀਛੋੜ ਦਾਤਾ ਕਹਿ ਕੇ ਸਨਮਾਨ ਕੀਤਾ।

ਬਾਦਸ਼ਾਹ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਬਾਦਸ਼ਾਹ ਨੂੰ ਨਿਸ਼ਚਾ ਹੋ ਗਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਲਈ ਉਸ ਨੂੰ ਗੁੰਮਰਾਹ ਕੀਤਾ ਗਿਆ। ਉਸ ਨੇ ਦੋਸ਼ੀਆਂ ਨੂੰ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਸੰਗਤਾਂ ਨੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ। ਗੁਰੂ ਜੀ ਦੇ ਸਬੰਧ ਭੇਦਭਾਵ ਤੋਂ ਬਾਅਦ ਸੁਖਾਵੇਂ ਹੋ ਗਏ। ਗੁਰੂ ਜੀ ਨੇ ਮੌਕਾ ਵੇਖ ਕੇ ਗੁਰਮਤਿ ਪ੍ਰਚਾਰ ਜ਼ੋਰਾਂ ਨਾਲ ਕੀਤਾ। ਦੂਸਰੇ ਧਰਮਾਂ ਦੇ ਲੋਕ ਵੀ ਗੁਰੂ ਜੀ ਦੇ ਨਾਲ ਆਣ ਪੁੱਜੇ। ਗੁਰੂ ਜੀ ਨੇ ਕਈ ਨਗਰ ਵਸਾਏ। ਸਿੱਖ ਧਰਮ ਫੈਲਾਉਣ ਦੇ ਉਸਾਰੂ ਯਤਨ ਕੀਤੇ। ਨਵੰਬਰ 8, 1627 ਵਿਚ ਬਾਦਸ਼ਾਹ ਜਹਾਂਗੀਰ ਦੀ ਮੌਤ ਹੋ ਗਈ। ਉਸ ਦਾ ਪੁੱਤਰ ਸ਼ਾਹਜਹਾਨ 6 ਫਰਵਰੀ 1628 ਨੂੰ ਤਖ਼ਤ ਤੇ ਬੈਠਾ। ਉਸ ਨੇ ਬੜੀ ਸਖਤ ਧਾਰਮਿਕ ਨੀਤੀ ਅਪਣਾਈ। ਉਸ ਨੇ ਦੂਸਰੇ ਧਰਮਾਂ ਦੇ ਪ੍ਰਚਾਰ ਤੇ ਪਾਬੰਦੀ ਲਗਾ ਦਿੱਤੀ। ਉਸ ਨੂੰ ਇਸ ਗੱਲ ਦੀ ਈਰਖਾ ਸੀ ਕਿ ਮੁਸਲਮਾਨ ਵੀ ਸਿੱਖ ਧਰਮ ਵਿਚ ਜਾ ਰਹੇ ਹਨ। ਉਸ ਨੇ ਹਿੰਦੂਆਂ ਦੇ ਮੰਦਰ ਢਾਹ ਕੇ ਮਸਜਿਦਾਂ ਬਣਾ ਲਈਆਂ। ਦੂਸਰੇ ਧਰਮਾਂ ਦੇ ਨਵੇਂ ਅਸਥਾਨ ਬਣਾਉਣ ਦੀ ਮਨਾਹੀ ਕਰ ਦਿੱਤੀ। ਸਿੱਖ ਧਰਮ ਦੀ ਡੱਬੀ ਬਾਜ਼ਾਰ ਲਾਹੌਰ ਵਿਚ ਬਣੀ ਬਾਉਲੀ ਨੂੰ ਪੂਰ ਦਿੱਤਾ। ਲੰਗਰ ਦੀ ਥਾਂ ਮਸੀਤ ਬਣਾ ਲਈ। ਸਿੱਖਾਂ ਦਾ ਰੋਹ ਜਾਗਦਾ ਕੁਦਰਤੀ ਸੀ। ਮੁਗਲ ਹਕੂਮਤ ਵੀ ਸਿੱਖਾਂ ਨਾਲ ਜੰਗ ਦਾ ਬਹਾਨਾ ਲੱਭ ਰਹੀ ਸੀ।

ਜੰਗ ਉਦੋਂ ਸ਼ੁਰੂ ਹੋਈ ਕਿ ਸਿੱਖਾਂ ਦਾ ਜਥਾ ਸ਼ਿਕਾਰ ਖੇਡਦਾ ਉਸ ਅਸਥਾਨ ਤੇ ਪੁੱਜ ਗਿਆ ਜਿੱਥੇ ਬਾਦਸ਼ਾਹ ਸ਼ਾਹਜਹਾਨ ਵੀ ਸ਼ਿਕਾਰ ਖੇਡ ਰਿਹਾ ਸੀ। ਸ਼ਾਹੀ ਬਾਜ਼ ਸਿੰਘਾਂ ਦੇ ਜਥੇ ਵਿਚ ਆ ਗਿਆ। ਬਾਦਸ਼ਾਹ ਦੀ ਸ਼ਿਕਾਰੀ ਟੋਲੀ ਬੜੇ ਰੋਅਬ ਨਾਲ ਸ਼ਾਹੀ ਸ਼ਹਿ ਤੇ ਬਾਜ਼ ਵਾਪਸ ਮੰਗਣ ਆਈ। ਸਿੰਘਾਂ ਨੇ ਕਿਹਾ ਕਿ ਬਾਜ਼ ਆਪ ਆਇਆ ਹੈ ਜੋ ਕਿ ਮੋੜਨਾ ਨਹੀਂ ਬਣਦਾ। ਨਾਲ ਅਸੀਂ ਤੁਹਾਨੂੰ ਜਾਣਦੇ ਨਹੀਂ ਕਿ ਇਹ ਬਾਜ਼ ਤੁਹਾਡਾ ਹੈ। ਬਾਦਸ਼ਾਹ ਦੇ ਸ਼ਿਕਾਰੀ ਟੋਲੇ ਨੇ ਇਸ ਬਾਰੇ ਲਾਹੌਰ ਦੇ ਗਵਰਨਰ ਕੁਲੀਜ਼ ਖਾਨ ਕੋਲ ਜਾ ਕੇ ਸ਼ਿਕਾਇਤ ਕੀਤੀ। ਉਸ ਨੇ ਬਹਾਨੇ ਨਾਲ ਸਿੰਘਾਂ ਨੂੰ ਖਤਮ ਕਰਨ ਲਈ 7000 ਦੀ ਫੌਜ ਅੰਮ੍ਰਿਤਸਰ ਤੇ ਹਮਲਾ ਕਰਨ ਲਈ ਭੇਜ ਦਿੱਤੀ। 15 ਮਈ 1628 ਨੂੰ ਹਮਲੇ ਦੀ ਖ਼ਬਰ ਜਦੋਂ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਮਿਲੀ ਤਾਂ ਉਨਾਂ ਨੇ ਸਿੰਘਾਂ ਨੂੰ ਟਾਕਰਾ ਕਰਨ ਲਈ ਕਿਹਾ। ਤਿੰਨ ਦਿਨਾਂ ਬਾਅਦ ਗੁਰੂ ਜੀ ਦੀ ਸਪੁੱਤਰੀ ਬੀਬੀ ਬੀਰੋ ਦਾ ਵਿਆਹ ਅੰਮ੍ਰਿਤਸਰ ਵਿਖੇ ਹੋਣਾ ਤੈਅ ਸੀ। ਗੁਰੂ ਜੀ ਨੇ ਵਿਆਹ ਦੀ ਜਗਾ ਝੱਬਾਲ ਤੈਅ ਕਰ ਕੇ ਪਰਿਵਾਰ ਨੂੰ ਉੱਥੇ ਭੇਜ ਦਿੱਤਾ।

ਸਿੱਖ ਮੁਗਲਾਂ ਦੀ ਇਹ ਪਹਿਲੀ ਜੰਗ ਪਿੱਪਲੀ ਸਾਹਿਬ ਹੁਣ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸਥਾਨ 'ਤੇ ਹੋਈ। ਦੋਹੀਂ ਪਾਸਿਆਂ ਤੋਂ ਯੋਧਿਆਂ ਨੇ ਜੰਗੀ ਜੌਹਰ ਵਿਖਾਏ। ਸਿੰਘ ਯੋਧੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਅਣਖ ਅਤੇ ਅਜ਼ਾਦੀ ਲਈ ਡਟ ਗਏ। ਇਕ ਖੋਖਲੀ ਲੱਕੜੀ ਦੀ ਬਣੀ ਤੋਪ ਦੀ ਵਰਤੋਂ ਕੀਤੀ ਗਈ ਜੋ ਖੇਮਕਰਨ ਦੇ ਮੋਹਰੀ ਕਾਰੀਗਰ ਨੇ ਬਣਾਈ ਸੀ। ਦੁਸ਼ਮਣ ਵਲੋਂ ਮੁਖਲਿਸ ਖਾਂ ਬੜੇ ਜੋਸ਼ ਨਾਲ ਮੈਦਾਨ ਵਿਚ ਪੁੱਜਾ, ਉਸ ਨੂੰ ਸ਼ਾਹੀ ਫੌਜ ਤੇ ਬੜਾ ਮਾਣ ਸੀ। ਸਿੱਖਾਂ ਵਲੋਂ ਜੰਗ ਦੀ ਕਮਾਨ ਗੁਰੂ ਜੀ ਨੇ ਖੁਦ ਸੰਭਾਲ ਲਈ। ਉਨਾਂ ਦਾ ਸਾਥ ਦੇ ਰਹੇ ਸਨ ਸੂਰਬੀਰ ਯੋਧੇ ਭਾਈ ਬਿਧੀ ਸਿੰਘ, ਭਾਈ ਜੇਠਾ, ਪੈਦੇ ਖਾਂ ਆਦਿ। ਪਹਿਲੇ ਦਿਨ ਦੀ ਜੰਗ ਮੁਕਾਬਲੇ ਦੀ ਸੀ। ਦੂਸਰੇ ਦਿਨ ਮੁਕਾਬਲਾ ਹੋਰ ਸਖਤ ਹੋ ਗਿਆ। ਤੀਸਰੇ ਦਿਨ ਵੱਡੇ ਪੱਧਰ ਤੇ ਕਤਲੇਆਮ ਹੋਇਆ। ਜਿਸ ਵਿਚ ਵੈਰੀ ਦਾ ਵੱਡਾ ਨੁਕਸਾਨ ਹੋਇਆ। ਮੁਕਾਲਿਫ਼ ਅਨੁਸਾਰ ਇਹ ਜੰਗ ਅੰਮ੍ਰਿਤਸਰ ਤੋਂ ਚਾਰ ਮੀਲ ਦੱਖਣ ਦੇ ਘੇਰੇ ਵਿਚ ਹੋਈ। ਜਿੱਤ ਦੀ ਯਾਦਗਾਰ ਵਿਚ ਗੁਰਦੁਆਰਾ ਸੰਗਰਾਣਾ ਸਾਹਿਬ ਸਥਾਪਤ ਹੈ।

ਫੈਸਲਾਕੁੰਨ ਜੰਗ ਵਿਚ ਮੁਗਲ ਸੈਨਾ ਦੀ ਗਿਣਤੀ ਕਿਤੇ ਵੱਧ ਸੀ। ਅੰਤ ਵਿਚ ਗੁਰੂ ਜੀ ਦੇ ਖੰਡੇ ਨਾਲ ਮੁਖਲਿਸ ਖਾਂ ਟੋਟੇ ਟੋਟੇ ਹੋ ਗਿਆ। ਉਸ ਦੇ ਮਰਦਿਆਂ ਹੀ ਉਸ ਦੀ ਫੌਜ ਜੰਗ ਦੇ ਮੈਦਾਨ ਵਿਚੋਂ ਭੱਜ ਗਈ। ਮੁਗਲ ਫੌਜ ਨੇ ਸ਼ਹਿਰ ਨੂੰ ਲੁੱਟ ਲਿਆ। ਜੰਗ ਖਤਮ ਹੋਣ ਤੇ ਗੁਰੂ ਜੀ ਝੱਬਾਲ ਗਏ, ਜਿੱਥੇ ਬੀਬੀ ਵੀਰੋ ਜੀ ਦਾ ਵਿਆਹ ਚੌਧਰੀ ਭਾਈ ਲੰਗਾਹ ਦੇ ਘਰ ਹੋਇਆ।

ਇਹ ਸਿੱਖ ਮੁਗਲਾਂ ਦੀ ਪਹਿਲੀ ਜੰਗ ਵਜੋਂ ਇਤਿਹਾਸ ਵਿਚ ਦਰਜ ਹੋਈ।

ਜਿਸ ਵਿਚ ਸਿੰਘਾਂ ਦੀ ਅਸਾਵੀਂ ਫੌਜ ਦੀ ਜਿੱਤ ਹੋਈ।

# ਬੱਬਰ ਅਕਾਲੀ ਲਹਿਰ ਦਾ 'ਜੁਗ ਪਲਟਾਊ ਦਲ' ਅਤੇ ਸ. ਰਣਧੀਰ ਸਿੰਘ ਰੀਸਰਚ ਸਕਾਲਰ



ਬਲਦੀਪ ਸਿੰਘ ਰਾਮੂੰਵਾਲੀਆ

ਬੱਬਰ ਅਕਾਲੀ ਲਹਿਰ ਦੇ ਗਿਆਨੀ ਹਰਬੰਸ ਸਿੰਘ ਸਰਹਾਲਾ ਖੁਰਦ ਵਾਲਿਆਂ ਨੇ ਜੇਲ ਤੋਂ ਰਿਹਾਈ ਹੋਣ ਪਿੱਛੋਂ ਸ੍ਰੀ ਅਨੰਦਪੁਰ ਸਾਹਿਬ ਸੰਤ ਹਰੀ ਸਿੰਘ ਕਹਾਰਪੁਰੀਏ ਵਾਲੇ ਮਹਾਂਪੁਰਖਾਂ ਕੋਲ ਆ ਡੇਰਾ ਕੀਤਾ। ਉਸ ਵਕਤ ਸ੍ਰੀ ਕੇਸਗੜ ਸਾਹਿਬ ਦੀ ਨਵੀਂ ਇਮਾਰਤ ਦੀ ਕਾਰ ਸੇਵਾ ਹੋ ਰਹੀ ਸੀ। ਇਥੇ ਕੁਝ ਸਮਾਂ ਸਕੱਤਰ ਦੀ ਸੇਵਾ ਨਿਭਾਉਣ ਪਿੱਛੋਂ ਗਿਆਨੀ ਹਰਬੰਸ ਸਿੰਘ ਹੁਣੀ, ਕੀਰਤਪੁਰ ਸਾਹਿਬ ਦੇ ਗੁਰੂ ਘਰ ਦੇ ਸਕੱਤਰ ਆਣ ਲੱਗੇ।ਇਥੇ ਹੀ ਮਾਸਟਰ ਉਜਾਗਰ ਸਿੰਘ ਜੀ, ਧਾਮੀਆਂ ਕਲਾਂ ਵਾਲੇ ਛੋਟੇ ਸਕੱਤਰ ਦੇ ਪਦ ਤੇ ਸੇਵਾ ਨਿਭਾਅ ਰਹੇ ਸਨ। ਮਾਸਟਰ ਜੀ ਦੇ ਨਗਰ ਦੇ ਪੰਜ ਸਿੰਘ ਬੱਬਰ ਅਕਾਲੀ ਲਹਿਰ ਵਿਚ ਸੇਵਾ ਕਰ ਚੁੱਕੇ ਸਨ। ਇਨਾਂ ਦੋਨਾਂ ਨੇ ਪਿਆਰਾ ਸਿੰਘ ਧਾਮੀਆਂ, ਬੂਟਾ ਸਿੰਘ ਪਿੰਡੋਰੀ ਨਿੱਝਰਾਂ, ਬਚਿੰਤ ਸਿੰਘ ਦੁਮੰਡਾ ਤੇ ਭੋਲਾ ਸਿੰਘ ਕਾਠੇ ਅਧਕਾਰੇ ਵਾਲੇ ਨਾਲ ਹੁਸ਼ਿਆਰਪੁਰ ਦੇ ਸਿੰਘ ਸਭਾ ਗੁਰਦੁਆਰੇ ਇਕ ਮੀਟਿੰਗ ਕੀਤੀ ਤੇ ਬੱਬਰ ਅਕਾਲੀ ਲਹਿਰ ਦੀ ਤਰਜ਼ 'ਤੇ ਇਕ ਨਵਾਂ ਜੱਥਾ ਤਿਆਰ ਕਰਨ ਦਾ ਗੁਰਮਤਾ ਸੋਧਿਆ। 1940ਈ. ਨੂੰ ਸ੍ਰੀ ਆਨੰਦਪੁਰ ਸਾਹਿਬ ਹੋਲੇ ਮਹੱਲੇ 'ਤੇ ਨਵਾਂ ਦਲ ਖੜਾ ਕਰ, ਗੁਰੂ ਸਾਹਿਬ ਦੀ ਹਜ਼ੂਰੀ ਵਿਚ ਅਰਦਾਸਾ ਸੋਧਿਆ ਗਿਆ । ਇਸ ਦਲ ਦਾ ਪ੍ਰਮੁੱਖ ਗਿਆਨੀ ਹਰਬੰਸ ਸਿੰਘ ਚੁਣਿਆ ਗਿਆ। ਇਸ ਦਲ ਦਾ ਨਿਸ਼ਾਨਾ ਹਥਿਆਰਬੰਦ ਬਗਾਵਤ ਜਰੀਏ ਅੰਗਰੇਜ਼ਾਂ ਨੂੰ ਖਦੇੜਨਾ ਮਿਥਿਆ ਗਿਆ । ਇਸ ਦਲ ਦਾ ਨਿਸ਼ਾਨ ਤੇ ਮੋਹਰ ਸੀ 'ਇਕ ਸ਼ੇਰ ਇਕ ਅੰਗਰੇਜ਼ ਤੇ ਹਮਲਾ ਕਰ ਕੇ ਉਸਨੂੰ ਜ਼ਮੀਨ ਤੇ ਸੁੱਟੀ ਬੈਠਾ ਹੈ।'

ਇਸ ਗਰੁੱਪ ਦੇ ਹੋਰ ਪ੍ਰਮੁੱਖ ਮੈਂਬਰਾਂ ਵਿਚ ਸ੍ਰੀ ਸੰਤੋਖ ਕਨੌਤਾ, ਸਾਧੂ ਸਿੰਘ ਮਾਣਕਢੇਰੀ, ਰਾਮ ਸਿੰਘ, ਛੱਜਾ ਸਿੰਘ ਖਹਿਰਾ, ਬਾਬਾ ਗੇਂਦਾ ਸਿੰਘ ਸਰਹਾਲਾ ਕਲਾਂ, ਨਿਰਮਲ ਸਿੰਘ ਤੇ ਵਰਿਆਮ ਸਿੰਘ ਸ਼ਰੀਹ ਸ਼ੰਕਰ, ਅਰਜਨ ਸਿੰਘ ਢੋਲੇਵਾਲ, ਮਾਸਟਰ ਉਜਾਗਰ ਸਿੰਘ ਧਾਮੀਆਂ, ਬਾਬਾ ਹਰਜਾਪ ਸਿੰਘ ਮਾਹਿਲਪੁਰ ਤੇ ਰਣਧੀਰ ਸਿੰਘ ਡੂਮਛੇੜੀ ਰੀਸਰਚ ਸਕਾਲਰ (ਇਹ ਸ਼੍ਰੋਮਣੀ ਕਮੇਟੀ ਵਿੱਚ ਇੰਸਪੈਕਟਰ ਸਨ ਇਨਾਂ ਦਿਨਾਂ ਵਿਚ ਤਰਨਤਾਰਨ ਸਾਹਿਬ ਪ੍ਰੀ ਆਡੀਟਰ ਸਨ) ਦਲ ਦੀਆਂ ਗਤੀਵਿਧੀਆਂ ਕਈ ਥਾਵਾਂ 'ਤੇ ਚਲ ਰਹੀਆਂ ਸਨ, ਕੁਝ ਚੋਣਵੇਂ ਸੱਜਣਾਂ ਤੋਂ ਬਿਨਾਂ ਦਲ ਦੇ ਪ੍ਰਮੁੱਖ ਬਾਰੇ ਕੋਈ ਵੀ ਨਹੀਂ ਜਾਣਦਾ ਸੀ । ਰਣਧੀਰ ਸਿੰਘ ਡੂਮਛੇੜੀ, ਜੋ ਫੌਜ ਵਿਚੋਂ ਰਿਟਾਇਰ ਸਨ, ਫੌਜੀ ਤੇ ਖਾਲਸਾਈ ਸ਼ਸਤਰ ਵਿੱਦਿਆ ਵਿਚ ਨਿਪੁੰਨ ਸਨ। ਉਨਾਂ ਦੀ ਸਾਂਝ ਨਾਗੋਕੇ ਗਰੁਪ ਨਾਲ ਕਾਫੀ ਸੀ। ਇਸੇ ਲਈ ਭਾਈ ਰਣਧੀਰ ਸਿੰਘ ਹੁਣੀ ਜੋ ਜੁਗ ਪਲਟਾਊ ਦਲ ਦੇ ਪ੍ਰਮੁੱਖ ਪ੍ਰਚਾਰਕ ਸਨ, ਨੇ ਦਲ ਦੀਆਂ ਗਤੀਵਿਧੀਆਂ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਵਾਸਤੇ ਊਧਮ ਸਿੰਘ ਨਾਗੋਕੇ ਤੋਂ ਆਰਥਿਕ ਮਦਦ ਲੈ ਕਿ ਲਾਹੌਰ ਤੋਂ ਡੁਪਲੀਕੇਟਰ, ਕਾਗਜ ਤੇ ਸਿਆਹੀ ਆਦਿ ਦਾ ਇੰਤਜਾਮ ਕੀਤਾ। ਪਰਚਾ ਛਾਪਣ ਲਈ ਰਣਧੀਰ ਸਿੰਘ ਹੋਰਾਂ ਨੇ ਆਪਣੇ ਨਾਲ ਇਕ ਹੋਰ ਸੱਜਣ ਸ੍ਰ. ਸਾਧੂ ਸਿੰਘ ਹੋਰਾਂ ਨੂੰ ਵੀ ਜੋੜ ਲਿਆ। ਇਹ ਦੋਵੇਂ ਹੀ ਸਾਹਿਤ ਤਿਆਰ ਕਰਦੇ, ਤਰਜਮਾ ਕਰਦੇ, ਹੱਥ ਵਿਗਾੜ ਵਿਗਾੜ ਕੇ ਲਿਖਦੇ ਤੇ ਫੇਰ ਸਾਈਕਲੋਂ ਸਟਾਇਲ ਮਸ਼ੀਨ ਤੇ ਪਰਚਾ ਤੇ ਸਾਹਿਤ ਤਿਆਰ ਕਰਦੇ। ਰਣਧੀਰ ਸਿੰਘ ਨੇ ਤਰਨਤਾਰਨ ਦੇ ਇਲਾਕੇ ਵਿਚ ਜੁਗ ਪਲਟਾਊ ਦਲ ਵਾਸਤੇ ਕਾਫੀ ਭਰਤੀ ਕੀਤੀ ਹੋਈ ਸੀ। ਰਣਧੀਰ ਸਿੰਘ ਹੋਰਾਂ ਨੂੰ ਤਰਨਤਾਰਨ ਵਿਚ ਮਕਾਨ ਮਿਲਿਆ ਹੋਇਆ ਸੀ, ਜਿਸਦਾ ਪਿੱਛਾ ਬੁੰਗਿਆਂ ਨਾਲ ਲੱਗਦਾ ਸੀ। ਇਸ ਮਕਾਨ ਦਾ ਚੁਬਾਰਾ ਹੀ ਇਸ 'ਜੁਗ ਪਲਟਾਊ ਦਲ' ਦੇ ਸਾਹਿਤ ਦਾ ਭੰਡਾਰ ਤੇ ਛਾਪਕ ਸੀ । ਇਥੇ ਕਈ ਵਾਰ ਗਿਆਨੀ ਹਰਬੰਸ ਸਿੰਘ ਹੋਰੀਂ ਮੀਟਿੰਗ ਕਰਨ ਵੀ ਆਉਂਦੇ। ਭਾਈ ਰਣਧੀਰ ਸਿੰਘ ਹੋਰੀਂ ਚਾਹੁੰਦੇ ਸਨ ਕਿ ਦਲ ਦੇ ਜਵਾਨਾਂ ਨੂੰ ਰਫ਼ਲ ਤੇ ਬੰਬ ਚਲਾਉਣ ਦੀ ਸਿਖਲਾਈ ਵੀ ਦਿੱਤੀ ਜਾਵੇ। ਜੁਗ ਪਲਟਾਊ ਦਲ ਦੇ ਬਹੁਤੇ ਮੈਂਬਰ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਸੇਵਾਦਾਰ ਭਰਤੀ ਕਰਵਾਏ ਗਏ।

ਗਿਆਨੀ ਹਰਬੰਸ ਸਿੰਘ ਨੇ ਸੁਭਾਸ਼ ਚੰਦਰ ਬੋਸ ਤੱਕ ਆਪਣੀ ਪਹੁੰਚ ਸਥਾਪਤ ਕੀਤੀ ਹੋਈ ਸੀ । ਇੱਧਰ ਇਕ ਦਿਨ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਬਾਹਰ ਇਕ ਸੀ ਆਈ



ਡੀ ਦੇ ਬੰਦੇ ਨੇ ਸਰਦਾਰ ਸਾਧੂ ਸਿੰਘ ਹੁਣਾ ਨੂੰ ਅਗਾਹ ਕੀਤਾ ਕਿ ਪੁਲਿਸ ਨੂੰ ਕੰਨਸੋਅ ਮਿਲੀ ਹੈ ਕਿ ਰਣਧੀਰ ਸਿੰਘ ਹੁਣੀ ਜੁਗ ਪਲਟਾਊ ਦਲ ਦੇ ਮੈਂਬਰ ਹਨ ਤੇ ਉਸਦੀਆਂ ਨੀਤੀਆਂ ਦਾ ਪ੍ਰਚਾਰ ਕਰਦੇ ਹਨ, ਉਨਾਂ ਦੇ ਘਰ ਅੱਜ ਭਲਕ ਵਿਚ ਹੀ ਛਾਪਾ ਪਵੇਗਾ, ਤੁਸੀਂ ਦੇਖ ਲਵੋ ਕੀ ਕਰ ਸਕਦੇ ਹੋ ? ਸਾਧੂ ਸਿੰਘ ਹੁਣੀ ਅੰਮ੍ਰਿਤਸਰ ਤੋਂ ਤਰਨਤਾਰਨ ਪਹੁੰਚ ਗਏ। ਸਟੇਸ਼ਨ ਦੇ ਕੋਲ ਹੀ ਰਣਧੀਰ ਸਿੰਘ ਜੀ ਨੌਜਵਾਨਾਂ ਨੂੰ ਗਤਕਾ ਸਿਖਾ ਰਹੇ ਸਨ। ਸਾਧੂ ਸਿੰਘ ਨੇ ਸਾਰੀ ਗੱਲ ਰਣਧੀਰ ਸਿੰਘ ਹੋਰਾਂ ਨੂੰ ਦੱਸੀ। ਦੋਨੋਂ ਜਣੇ ਕਾਹਲੇ ਕਦਮਾਂ ਨਾਲ ਰਣਧੀਰ ਸਿੰਘ ਹੋਰਾਂ ਦੇ ਘਰ ਪੁੱਜੇ । ਚੁਬਾਰੇ ਦਾ ਜਿੰਦਰਾ ਖੋਲਿਆ, ਉਥੇ ਕਾਫੀ ਵੱਡੀ ਤਦਾਦ ਵਿਚ ਜੁਗ ਪਲਟਾਊ ਦਲ ਦਾ ਸਾਹਿਤ ਪਿਆ ਸੀ, ਪਹਿਲਾਂ ਇਨਾਂ ਸੋਚਿਆ ਕਿ ਅੱਗ ਲਗਾ ਦਿੱਤੀ ਜਾਵੇ , ਪਰ ਫਿਰ ਖਿਆਲ ਆਇਆ ਕਿ ਜੇ ਪੁਲਿਸ ਪੁਜ ਗਈ ਤਾਂ ਭੇਤ ਖੁਲ ਸਕਦਾ ਹੈ । ਰਣਧੀਰ ਸਿੰਘ ਹੋਰਾਂ ਨੇ ਚਾਰ ਸੇਵਾਦਾਰਾਂ ਨੂੰ ਬੁਲਾਇਆ, ਜੋ ਜੁਗ ਪਲਟਾਊ ਦਲ ਦੇ ਮੈਂਬਰ ਸਨ, ਇਹ ਗੱਲ ਸਾਧੂ ਸਿੰਘ ਨੂੰ ਵੀ ਹੁਣ ਪਤਾ ਲੱਗੀ । ਇਨਾਂ ਨੇ ਫੈਸਲਾ ਕੀਤਾ ਕਿ ਸਾਰਾ ਲਿਟਰੇਚਰ ਬੰਨ ਕੇ ਸਰੋਵਰ ਵਿਚ ਸੁਟ ਦਿੱਤਾ ਜਾਵੇ। ਇਸ ਤਰਾਂ ਫਿਰ ਭਾਈ ਸਾਹਿਬ ਦੇ ਬਸਤਰ ਤੇ ਦਸਤਾਰਾਂ ਪਾੜ ਕੇ, ਲਿਟਰੇਚਰ ਬੰਨ ਕੇ, ਵਿਚ ਇੱਟਾਂ ਪਾ ਚੁਬਾਰੇ ਤੋਂ ਥੱਲੇ ਸਰੋਵਰ ਵਿਚ ਸੁਟਣਾ ਸ਼ੁਰੂ ਕਰ ਦਿੱਤਾ, ਜੋ ਗੱਠ ਬਾਹਰ ਪ੍ਰਕਰਮਾ ਵਿਚ ਡਿੱਗਦੀ ਸੀ, ਉਸਨੂੰ ਸੇਵਾਦਾਰ ਚੁਕ ਕੇ ਸਰੋਵਰ ਵਿਚ ਸੁਟ ਦਿੰਦੇ ਸਨ। 20-25 ਮਿੰਟਾਂ ਵਿਚ ਇਹ ਕੰਮ ਮੁਕਾ ਕੇ ਫਿਰ ਸਾਰੇ ਘਰ ਦਾ ਕੋਨਾ ਕੋਨਾ ਚੰਗੀ ਤਰਾਂ ਖੋਜਿਆ ਗਿਆ ਕਿ ਕਿਤੇ ਕੁਝ ਪੁਲਿਸ ਦੇ ਹੱਥ ਨਾ ਲੱਗ ਜਾਵੇ । ਇਸ ਤਰਾਂ ਸਾਰਾ ਕੰਮ ਮੁਕਾ ਕੇ ਰਣਧੀਰ ਸਿੰਘ ਹੋਰੀਂ ਸਟੇਸ਼ਨ ਵੱਲ ਗਤਕਾ ਖੇਡਦੇ ਨੌਜਵਾਨਾਂ ਵੱਲ ਤੁਰ ਪਏ, ਪਰ ਰਸਤੇ ਵਿਚ ਹੀ ਪੁਲਿਸ ਵਾਲੇ ਟੱਕਰ ਗਏ। ਉਹ ਰਣਧੀਰ ਸਿੰਘ ਹੋਰਾਂ ਨੂੰ ਉਨਾਂ ਦੇ ਘਰ ਦੀ ਤਲਾਸ਼ੀ ਲੈਣ ਦੀ ਗੱਲ ਕਹਿ ਵਾਪਸ ਉਨਾਂ ਦੇ ਘਰ ਲੈ ਆਏ।ਭਾਈ ਸਾਹਿਬ ਦਰਵਾਜ਼ਾ ਖੋਲਣ ਲੱਗੇ, ਥਾਣੇਦਾਰ ਕਹੀ ਜਾਵੇ ਸਾਨੂੰ ਪਤਾ ਮਿਲਣਾ ਕੁਝ ਨੀ, ਪਰ ਕੀ ਕਰੀਏ ਮਜ਼ਬੂਰੀ ਆ। ਸਾਰਾ ਘਰ ਫਰੋਲਣ ਪਿੱਛੋਂ ਜਦ ਕੁਝ ਵੀ ਨਾ ਮਿਲਿਆ ਤਾਂ ਨਿੰਮੋਝੂਣੇ ਹੋ ਪੁਲਿਸ ਵਾਲੇ ਘਰ ਤੋਂ ਬਾਹਰ ਹੋ ਗਏ।ਵੈਸੇ ਇੱਥੇ 1942 ਵਿਚ ਭਾਰਤ ਛੱਡੋ ਅੰਦੋਲਨ ਤੇ ਸਾੜ ਫੂਕ ਬਾਰੇ ਇਨਾਂ ਦੁਆਰਾ ਲਿਟਰੇਚਰ ਤਿਆਰ ਕੀਤਾ ਜਾਂਦਾ ਰਿਹਾ ਹੈ । ਵਾਹਿਗੁਰੂ ਦੀ ਮਿਹਰ ਸਦਕਾ, ਅਗਲੀਆਂ ਪੰਥਕ ਸੇਵਾਵਾਂ ਖਾਤਰ ਭਾਈ ਰਣਧੀਰ ਸਿੰਘ ਹੋਰਾਂ ਦੀ ਜਾਨ ਬਚ ਗਈ, ਜੇਕਰ ਇਕ ਅਧ ਕਾਗਜ ਵੀ ਪੁਲਿਸ ਹੱਥ ਆ ਜਾਂਦਾ ਤਾਂ ਗਿਆਨੀ ਹਰਬੰਸ ਸਿੰਘ ਹੋਰਾਂ ਨਾਲ ਇਨਾਂ ਨੂੰ ਵੀ ਸ਼ਾਇਦ ਅੰਗਰੇਜ਼ ਫਾਂਸੀ ਲਾ ਕੇ ਸ਼ਹੀਦ ਕਰ ਦਿੰਦੇ । ਸ. ਰਣਧੀਰ ਸਿੰਘ ਹੋਰਾਂ ਵਿਚ ਪੰਥਕ ਤੇ ਅਜ਼ਾਦੀ ਦਾ ਜਜ਼ਬਾ ਕੁੱਟ ਕੁੱਟ ਕੇ ਭਰਿਆ ਹੋਇਆ ਸੀ।

# ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾਂ ਕੋਈ



**ਅਰਪਿੰਦਰ ਸਿੰਘ ਬਿਟੂ**
੦੦੪੯੧੭੭੫੩੦੪੧੪੧

ਸਾਡੀ ਨਿੱਤ ਦੀ ਅਰਦਾਸ ਦੇ ਇਹ ਅਲਫਾਜ਼ ਰਾਜ ਕਰੇਗਾ ਖ਼ਾਲਸਾ ਸਾਡੇ ਨਿਆਰੇਪਣ ਦਾ ਪ੍ਰਤੀਕ ਹਨ। ਸਾਡੀ ਕੌਮ ਦਾ ਇਕ ਤਬਕਾ ਜਾਂ ਤਾਂ ਇਨਾਂ ਲਫ਼ਜਾਂ ਤੋਂ ਅਣਜਾਣ ਹੈ ਜਾਂ ਫਿਰ ਢਹਿੰਦੀ ਕਲਾ ਵਿਚ ਜੀਅ ਰਿਹਾ ਹੈ। ਓਸ਼ੋ ਵਰਗੇ ਦਾਰਸ਼ਨਿਕ ਦੇ ਇਹ ਬੋਲ ਕਿ ਜਦੋਂ ਤਕ ਧਰਤੀ ਤੇ ਇਕ ਵੀ ਸਿੱਖ ਹੈ 'ਰਾਜ ਕਰੇਗਾ ਖ਼ਾਲਸਾ' ਦਾ ਸੰਕਲਪ ਜਿਊਂਦਾ ਹੈ ਬੜੇ ਮਾਅਨੇ ਰਖਦੇ ਹਨ। ਕਿਉਂਕਿ ਖ਼ਾਲਸਾ ਜਦੋਂ ਤੋਂ ਪ੍ਰਗਟ ਹੋਇਆ ਹੈ ਰਾਜ ਕਰ ਰਿਹਾ ਹੈ ਤੇ ਰਾਜ ਕਰੇਗਾ। ਕੁਝ ਲੱਕੜ ਦਿਮਾਗ ਲੋਕ ਜਾਂ ਤਾਂ ਉਹ ਢਹਿੰਦੀ ਕਲਾ 'ਚੋਂ ਨਹੀਂ ਨਿਕਲੇ ਜਾਂ ਫਿਰ ਉਨਾਂ ਦੀ ਸੋਚ ਗੁਰੂ ਕੇ ਲੰਗਰ ਤੋਂ ਸ਼ੁਰੂ ਹੋ ਕੇ ਗੋਲਕ ਤੇ ਸਮਾਪਤ ਹੋ ਜਾਂਦੀ ਹੈ, ਖੈਰ, ਇਹੋ ਜਿਹੇ ਲੋਕਾਂ 'ਤੇ ਤਰਸ ਕੀਤਾ ਜਾ ਸਕਦਾ ਹੈ।

ਰਾਜ ਕੀ ਹੁੰਦਾ ਹੈ ਪਹਿਲਾਂ ਅਸੀਂ ਇਹੋ ਸਮਝ ਲਈਏ ਬਾਕੀ ਗੱਲਾਂ ਬਾਅਦ ਵਿਚ। ਜਿੱਤ ਦੋ ਪ੍ਰਕਾਰ ਦੀ ਹੁੰਦੀ ਹੈ।ਆਮ ਲੋਕ ਫ਼ੌਜਾਂ ਅਤੇ ਹਥਿਆਰਾਂ ਦੇ ਬਲਬੂਤੇ ਹਾਸਲ ਕੀਤੇ ਭੋਇ ਦੇ ਟੁਕੜੇ ਜਾਂ ਵੈਰੀ ਕੋਲੋਂ ਖੋਹੇ ਗਏ ਮਾਲ ਨੂੰ ਹੀ ਜਿੱਤ ਸਮਝਦੇ ਹਨ, ਪਰ ਇਹ ਜਿੱਤ ਕੇਵਲ ਜ਼ਾਹਰੀ ਤੇ ਆਰਜ਼ੀ ਹੁੰਦੀ ਹੈ। ਇਹ ਜਿੱਤ ਤਬਾਹੀ, ਬਰਬਾਦੀ ਅਤੇ ਨਫਰਤ ਲਿਆਉਂਦੀ ਹੈ। ਇਸ ਜਿੱਤ ਨਾਲ ਲੋਕਾਂ ਦੇ ਸਰੀਰਾਂ ਨੂੰ ਆਪਣੇ ਅਧੀਨ ਕਰਕੇ ਉਨਾਂ 'ਤੇ ਰਾਜ ਕੀਤਾ ਜਾ ਸਕਦਾ ਹੈ, ਪਰ ਉਨਾਂ ਦੇ ਮਨਾਂ ਉੱਤੇ ਜੇਤੂ ਦਾ ਕੋਈ ਵੱਸ ਨਹੀਂ ਹੁੰਦਾ। ਇਸ ਦੇ ਮੁਕਾਬਲੇ ਵਿਚ ਦੂਜੀ ਤਰਾਂ ਦੀ ਜਿੱਤ ਰੂਹਾਨੀ ਹੈ, ਜਿਸ ਵਿਚ ਮਨਾਂ ਨੂੰ ਜਿੱਤਿਆ ਜਾਂਦਾ ਹੈ। ਇਸ ਜਿੱਤ ਦਾ ਪ੍ਰਭਾਵ ਕਿਤੇ ਲਮੇਰਾ ਹੁੰਦਾ ਹੈ।ਇਹ ਜਿੱਤ ਹੀ ਅਸਲ ਜਿੱਤ ਹੈ ਅਤੇ ਇਸ ਦੇ ਹਥਿਆਰ ਈਮਾਨ, ਅਖ਼ਲਾਕ, ਖੁਦਾ-ਪ੍ਰਸਤੀ ਤੇ ਨਿਮਰਤਾ ਭਾਵ ਆਦਿ ਹੁੰਦੇ ਹਨ। ਇਸ ਜਿੱਤ ਦੇ ਸਿੱਟੇ ਵਜੋਂ ਪਿਆਰ ਮੁਹੱਬਤ ਅਤੇ ਭਾਈਚਾਰੇ ਦੀ ਫਸਲ ਪੁੰਗਰਦੀ ਹੈ। ਅਸੀਂ ਵੇਖਦੇ ਆਂ ਜਦੋ ਕੋਈ ਦਸਤਾਰ ਧਾਰੀ ਸਿੱਖ (ਖਾਲਸਾ ਏਡ) ਸੀਰੀਆ ਦੇ ਖਤਰਨਾਕ ਇਲਾਕਿਆਂ ਚ ਲੰਗਰ ਵਰਤਾ ਰਿਹਾ ਹੋਵੇ ਤੇ ਮੁਸਲਿਮ ਨਿਆਣੇ ਆਣ ਕੇ ਲੱਤਾਂ ਨੂੰ ਚੰਬੜ ਜਾਣ ਤਾਂ ਰੂਹ ਖੁਸ਼ ਹੋ ਜਾਂਦੀ ਹੈ ਕੇ ਗੁਰੂ ਦਾ ਖ਼ਾਲਸਾ ਹੱਦਾਂ ਤੋਂ ਕੋਹਾਂ ਦੂਰ ਲੋਕਾਂ ਦੇ ਦਿਲਾਂ 'ਤੇ ਰਾਜ ਕਰ ਰਿਹਾ ਹੈ।

ਬਿਨਾਂ ਸ਼ੱਕ ਲੋਕਾਈ ਦੇ ਦਿਲਾਂ 'ਤੇ ਰਾਜ ਕਰਨ ਦੀ ਪਿਰਤ ਖਾਲਸਾ ਸਾਜਣਾ ਦਿਹਾੜੇ ਤੋਂ ਲਗਭਗ 200 ਸਾਲ ਪਹਿਲਾਂ ਗੁਰੂ ਸਾਹਿਬ ਨੇ ਆਰੰਭ ਕਰ ਦਿੱਤੀ ਸੀ। ਜਦੋਂ ਪਹਿਲੇ ਪਾਤਿਸ਼ਾਹ ਜਾਤਾਂ ਪਾਤਾਂ ਨੂੰ ਲਾਂਭੇ ਰੱਖ ਭਾਈ ਮਰਦਾਨੇ ਨਾਲ ਤੁਰ ਪਏ ਸਨ, ਸਰਮਾਏਦਾਰ ਮਲਿਕ ਭਾਗੋ ਨੂੰ ਛੱਡ ਕਿਰਤੀ ਭਾਈ ਲਾਲੋ ਘਰ ਜਾ ਚੌਂਕੜਾ ਮਾਰਿਆ ਸੀ ਸਾਰੇ ਗੁਰੂ ਸਾਹਿਬਾਨ ਦੁਖੀਆਂ ਗਰੀਬਾਂ ਦੀ ਸੇਵਾ ਕਰ ਮਨੁਖਤਾ ਦੇ ਦਿਲਾਂ 'ਤੇ ਰਾਜ ਕਰਦੇ ਰਹੇ, ਨੌਵੇਂ ਪਾਤਸ਼ਾਹ ਨੇ ਤਾਂ ਦੂਜੇ ਧਰਮ ਹੇਤ ਸਾਕਾ ਕਰ ਵਿਲੱਖਣ ਇਤਿਹਾਸ ਸਿਰਜ ਦਿੱਤਾ। 1699 ਨੂੰ ਖਾਲਸਾ ਸਾਜਣ ਦਾ ਕੌਤਕ ਇਕ ਅਦੁੱਤੀ ਵਰਤਾਰਾ ਜੋ ਦਸਮ ਪਾਤਿਸ਼ਾਹ ਨੇ ਵਰਤਾਇਆ ਉਸਨੇ ਰਾਜ ਕਰੇਗਾ ਖਾਲਸਾ ਦਾ ਸੰਕਲਪ ਹਰੇਕ ਸਿੱਖ ਨੂੰ ਪ੍ਰਪੱਕ ਕਰਵਾਇਆ ਕਿ ਖ਼ਾਲਸਾ ਹੱਦਾਂ ਬੰਨਿਆਂ ਤੋਂ ਪਰੇ ਮਨੁਖੱਤਾ ਨੂੰ ਕਲਾਵੇ ਵਿਚ ਲੈਣ ਦਾ ਨਾਂ ਹੈ। ਲੋਕਾਈ ਦੇ ਦਿਲਾਂ 'ਤੇ ਰਾਜ ਕਰਨ ਦੀ ਇੰਤਹਾ ਓਦੋਂ ਹੋ ਗਈ ਜਦੋਂ ਸਤਿਗੁਰੂ ਨੇ ਦੱਬੇ ਕੁਚੱਲੇ ਲੋਕਾਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਖਾਲਸਾ ਬਣਾ ਦਿੱਤਾ ਤੇ ਆਪ ਸੱਚੇ ਪਾਤਿਸ਼ਾਹ ਚੇਲਾ ਬਣ ਅੰਮ੍ਰਿਤ ਦੀ ਦਾਤ ਮੰਗਣ ਲੱਗੇ। ਸਮੇਂ ਨੇ ਸਿੰਘਾਂ ਨੂੰ ਹਮੇਸ਼ਾ ਲੋਕਾਂ ਦੇ ਦਿਲਾਂ 'ਤੇ ਰਾਜ ਕਰਦੇ ਵੇਖਿਆ। ਬੇਸ਼ੱਕ ਉਹ ਕਾਬਲ ਤੋਂ ਹਿੰਦੂ ਬੀਬੀਆਂ ਨੂੰ ਛਡਾਉਣ ਦੀ ਗੱਲ ਹੋਵੇ ਜਾਂ ਹਰੀ ਸਿੰਘ ਜਰਨੈਲ ਵਲੋਂ ਪਠਾਨਾਂ ਦੀ ਆਈ ਹੋਈ ਧੀ ਨੂੰ ਮਾਂ ਕਹਿਕੇ ਨਿਵਾਜਣ ਦੀ ਗੱਲ ਹੋਵੇ ਜਾਂ ਫਿਰ ਸ਼ੇਰੇ ਪੰਜਾਬ ਦੇ ਰਾਜ



ਕਾਲ ਵਿਚ ਇਹ ਵਡਿਆਈ ਵੀ ਸਿੱਖਾਂ ਹਿੱਸੇ ਹੀ ਆਉਂਦੀ ਹੈ ਕਿ ਅਸੀਂ ਦੁਸ਼ਮਣਾਂ ਦੇ ਦਿਲਾਂ 'ਤੇ ਵੀ ਰਾਜ ਕੀਤਾ। ਕਦੇ ਭਾਈ ਕਨੱਈਆ ਦੁਸ਼ਮਣਾਂ ਦੇ ਮਲਮਾਂ ਲਾਉਂਦਾ ਵੇਖਿਆ ਗਿਆ ਤੇ ਕਦੇ ਭਾਈ ਜਿੰਦੇ ਤੇ ਸੁੱਖੇ ਨੂੰ ਸਜਾ ਸੁਣਾਉਣ ਵਾਲਾ ਜੱਜ ਰੋਂਦਾਂ ਵੇਖਿਆ, ਕਿੰਨਾ ਅਜੀਬ ਇਤਫਾਕ ਹੈ ਕਿ ਕੋਈ ਜੱਜ ਕਿਸੇ ਦੀ ਮੌਤ ਦੇ ਵਰੰਟ ਤੇ ਸਾਇਨ ਕਰਕੇ ਉਨਾਂ ਦੀਆਂ ਤਸਵੀਰਾਂ ਮੰਗ ਰਿਹਾ ਹੈ। ਆਪਣੇ ਘਰ ਲਾਉਣ ਲਈ ਇਹ ਹੈ ਰਾਜ ਕਰੇਗਾ ਖਾਲਸਾ।

ਇਨ ਗਰੀਬ ਸਿਖਨ ਕੋ ਪਾਤਿਸ਼ਾਹੀ ਸਤਿਗੁਰ ਐਸੀ ਬਖ਼ਸ਼ੀ ਕਿ ਇਨਾਂ ਸਦੀਆਂ ਪੁਰਾਣੀ ਮੁਗ਼ਲ ਬਾਦਸ਼ਾਹੀ ਜੜੋਂ ਪੁੱਟ ਸੁੱਟੀ ਤੇ ਫਿਰ ਅੰਗਰੇਜਾਂ ਨੂੰ ਦਫਾ ਕਰਨ ਤੱਕ ਚੈਨ ਨਾਲ ਨਹੀਂ ਬੈਠੇ। ਭਾਵੇਂ ਕੌਮ ਨੂੰ ਬੜੇ ਖਤਰਨਾਕ ਅੰਜਾਮ ਭੁਗਤਣੇ ਪਏ ਪਰ ਇਹ ਹਮੇਸ਼ਾਂ ਚੜਦੀ ਕਲਾ ਵਿਚ ਰਹੇ, ਵਕਤ ਨੇ ਕਦੇ ਨਾਨਕਸ਼ਾਹੀ ਸਿੱਕੇ ਚਲਦੇ ਵੇਖੇ ਤੇ ਕਦੇ ਹਰਿਮੰਦਰ ਸਾਹਿਬ ਦੀ ਛੋਟੀਆਂ ਇੱਟਾਂ ਤੇ ਸੋਨਾ ਅਤੇ ਕਦੇ ਚੜ ਕੇ ਆਏ ਹਮਲਾਵਰ। ਕੁਦਰਤ ਦਾ ਨਿਯਮ ਹੈ ਬਾਦਸ਼ਾਹਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ ਉਹ ਸਦੀਵੀ ਨਹੀਂ ਹੁੰਦੀਆਂ ਪਰ ਗੁਰੂ ਵਲੋਂ ਨਿਵਾਜੀ ਪਾਤਸ਼ਾਹੀ ਸਦੀਵੀ ਹੈ ਅਕਾਲ ਤਖ਼ਤ ਤੇ ਵੱਜ ਰਿਹਾ ਨਗਾਰਾ ਤੇ ਸਾਰੀ ਦੁਨੀਆਂ ਵਿਚ ਝੂਲ ਰਹੇ ਨਿਸ਼ਾਨ ਸਾਹਿਬ ਰਾਜ ਕਰੇਗਾ ਖਾਲਸਾ ਦਾ ਪ੍ਰਤੀਕ ਹੈ।

ਮੈਂ ਦਿੱਲੀ ਕਿਸੇ ਪ੍ਰੋਗਰਾਮ ਤੇ ਸ਼ਾਹੀ ਇਮਾਮ ਸ਼ਾਇਦ ਬੁਖਾਰੀ ਸਾਹਿਬ ਦੀ ਇਕ ਤਕਰੀਰ ਸੁਣੀ ਸੀ ਕਿ ਧੰਨ ਨੇ ਇਹ ਗੁਰੂ ਦੇ ਸਿੱਖ ਜਿਨਾਂ ਨਾਲ 84 ਵਿਚ ਏਨਾਂ ਕੁਝ ਹੋਇਆ ਵਾਪਰਿਆ ਪਰ ਇਨਾਂ ਦੁਕਾਨਾਂ ਦੇ ਸ਼ਟਰ ਸੁੱਟ ਅੱਗੇ ਲਿਖਿਆ ਸੀ 'ਅਸੀਂ ਥੋੜੇ ਸਮੇਂ ਲਈ ਬੰਦ ਹਾਂ ਤੇ ਅੱਜ ਇਹ ਫਿਰ ਚੜਦੀ ਕਲਾ ਵਿਚ ਹਨ ਤੇ ਇਨਾਂ ਨੂੰ ਮਾਰਨ ਵਾਲੇ ਪਾਨ ਖਾ ਖਾ ਕੇ ਕੰਧਾਂ ਲਬੇੜ ਰਹੇ ਹਨ।

ਇਹ ਵੀ ਗੁਰੂ ਦੀ ਬਖ਼ਸ਼ਿਸ਼ ਹੈ ਕਿ ਇਹ ਮਰਜੀਵੜਿਆਂ ਦੀ ਕੌਮ ਜੋ ਕਦੇ ਕਾਹਨੂੰਵਾਨ ਦੇ ਛੰਭਾਂ ਤੇ ਬੀਕਾਨੇਰ ਦੇ ਟਿੱਬਿਆਂ ਵਿਚ ਦਰਜਨਾਂ ਦੀ ਗਿਣਤੀ ਵਿਚ ਰਹਿ ਗਈ ਸੀ ਦੇ ਨਿਸ਼ਾਨ ਸਾਹਿਬ ਦੁਨੀਆਂ ਵਿਚ ਝੂਲਦੇ ਨੇ ਸ਼ਾਇਦ ਸਿੱਖ ਹੀ ਦੁਨੀਆਂ ਦੀ ਮਾਹਿਜ ਇਕੋ ਇਕ ਕੌਮ ਹੈ ਜੋ ਏਨੇ ਘੱਲੂਘਾਰਿਆਂ, ਸੰਘਰਸ਼ਾਂ, ਤਸ਼ੱਦਦਾਂ, ਸਾਜਿਸ਼ਾਂ, ਜੁਲਮਾਂ ਦੇ ਬਾਵਜੂਦ ਸੰਸਾਰ ਵਿਚ ਚੜਦੀ ਕਲਾ ਨਾਲ ਵਿਚਰ ਰਹੀ ਹੈ। ਸਾਰੀ ਦੁਨੀਆਂ ਵਿਚ ਆਸਮਾਨ ਨੂੰ ਛੂੰਹਦੇ ਨਿਸ਼ਾਨ ਸਾਹਿਬ ਸਰਬੱਤ ਦੇ ਭਲੇ ਤੇ ਚੜਦੀ ਕਲਾ ਦਾ ਸੰਦੇਸ਼ ਦੇ ਰਹੇ ਹਨ, ਦੁਮਾਲਿਆਂ ਨੂੰ ਵੱਜ ਰਹੇ ਸਲੂਟ ਤੇ ਦਸਤਾਰਾਂ ਨੂੰ ਮਿਲ ਰਹੀ ਤੋਪਾਂ ਦੀ ਸਲਾਮੀ ਦੁਸ਼ਮਣ ਦਾ ਕਲੇਜਾ ਸਾੜ ਰਹੀ ਹੈ।

ਬਾਕੀ ਸਫ਼ਾ 30 'ਤੇ

# ਅਫ਼ਗਾਨਿਸਤਾਨ ਦਾ ਨਾਇਕ ਅਬਦਾਲੀ ਕਿਉਂ ?

**ਵਰਿੰਦਰ ਸਿੰਘ ਵਾਲੀਆ**

ਅਫ਼ਗਾਨਿਸਤਾਨ 'ਤੇ ਦੋ ਦਹਾਕਿਆਂ ਬਾਅਦ ਮੁੜ ਕਬਜ਼ਾ ਕਰਨ ਵਾਲੇ ਤਾਲਿਬਾਨ ਲਈ ਅਹਿਮਦ ਸ਼ਾਹ ਅਬਦਾਲੀ (1722-1772) ਅੱਜ ਵੀ 'ਬਾਬਾ-ਏ-ਕੌਮ' ਦਾ ਦਰਜਾ ਰੱਖਦਾ ਹੈ। ਕਾਬੁਲ ਦੇ ਰਾਸ਼ਟਰਪਤੀ ਭਵਨ ਵਿਚ ਅਬਦਾਲੀ ਦੀ ਤਸਵੀਰ ਅੱਜ ਵੀ ਟੰਗੀ ਹੋਈ ਹੈ ਜਿਸ ਨੂੰ ਤਾਲਿਬਾਨ ਆਪਣਾ ਮਹਾ-ਨਾਇਕ ਕਹਿ ਕੇ ਸਤਿਕਾਰ ਦਿੰਦੇ ਹਨ। ਹੇਰਾਤ (ਅਫ਼ਗਾਨਿਸਤਾਨ) ਦੇ ਜੰਮ-ਪਲ ਅਬਦਾਲੀ ਨੇ 1747 ਈਸਵੀ 'ਚ ਦੁਰਾਨੀ ਸਾਮਰਾਜ ਦੀ ਸਥਾਪਨਾ ਕਰ ਕੇ ਇਸ ਦੀਆਂ ਸਰਹੱਦਾਂ ਨੂੰ ਪੱਛਮ 'ਚ ਈਰਾਨ ਤੋਂ ਲੈ ਕੇ ਪੰਜਾਬ ਦੇ ਸਰਹਿੰਦ ਤਕ ਫੈਲਾਅ ਲਿਆ ਸੀ। ਆਪਣੇ ਰਾਜ-ਕਾਲ ਦੌਰਾਨ ਉਸ ਨੇ ਹਿੰਦੁਸਤਾਨ ਦੇ ਚੱਪੇ-ਚੱਪੇ ਨੂੰ ਲਹੂ-ਲੁਹਾਣ ਕੀਤਾ। ਅਫ਼ਗਾਨ ਕਬੀਲਿਆਂ ਤੇ ਧਾੜਵੀਆਂ ਦੀ ਰਵਾਇਤੀ ਜਿਰਗਾ (ਪੰਚਾਇਤ) ਨੇ ਉਸ ਨੂੰ 'ਸ਼ਾਹ' ਦਾ ਖ਼ਿਤਾਬ ਦੇ ਕੇ ਨਿਵਾਜਿਆ ਸੀ। ਇਕ ਸੂਫ਼ੀ ਸੰਤ ਨੇ ਤਾਂ ਉਸ ਦੀ ਕਾਬਲੀਅਤ ਨੂੰ ਜੌਹਰੀ ਵਾਂਗ ਪਛਾਣਦਿਆਂ ਅਬਦਾਲੀ ਨੂੰ 'ਮੋਤੀਆਂ ਦਾ ਬੇਸ਼ਕੀਮਤੀ ਮੋਤੀ' ਕਹਿ ਕੇ ਉਸ ਦੀ ਸਿਫ਼ਤ ਦੇ ਸੋਹਲੇ ਗਾਏ ਸਨ। ਦੁਰਾਨੀ ਬਾਦਸ਼ਾਹਤ ਨੂੰ ਵਸੀਹ ਕਰਨ ਲਈ ਉਸ ਨੇ ਦੀਨ ਦੇ ਨਾਮ 'ਤੇ ਜਹਾਦੀਆਂ ਦੀ ਵੱਡੀ ਫ਼ੌਜ ਖੜੀ ਕਰ ਲਈ ਜਿਸ ਨੇ 'ਕਾਫ਼ਿਰਾਂ' ਦਾ ਖੁਰਾ-ਖੋਜ ਮਿਟਾਉਣ ਅਤੇ ਉਨਾਂ ਦਾ ਮਾਲ-ਅਸਬਾਬ ਲੁੱਟਣ ਲਈ ਧਾੜੇ ਮਾਰਨੇ ਸ਼ੁਰੂ ਕਰ ਦਿੱਤੇ। ਸੰਨ 1761 ਵਿਚ ਪਾਨੀਪਤ ਦੀ ਤੀਜੀ ਲੜਾਈ ਵਿਚ ਮਰਾਠੇ ਅਤੇ ਦੁਰਾਨੀ ਆਹਮੋ-ਸਾਹਮਣੇ ਸਨ। ਦੁਰਾਨੀ ਧਾੜਵੀਆਂ ਦੀ ਅਗਵਾਈ ਉਹ ਖ਼ੁਦ ਕਰ ਰਿਹਾ ਸੀ। ਮਰਾਠੇ ਜੰਗ ਹਾਰ ਗਏ ਸਨ। ਅੱਜ ਵੀ ਅਫ਼ਗਾਨੀ ਲੜਾਕੂ ਅਬਦਾਲੀ ਨੂੰ ਆਪਣੇ ਮੁਲਕ ਦਾ ਬਾਨੀ ਬਾਦਸ਼ਾਹ ਮੰਨਦੇ ਹਨ। ਪੰਜ ਹਜ਼ਾਰ ਸਾਲ ਦੀ ਤਵਾਰੀਖ਼ ਵਿਚ ਅਬਦਾਲੀ ਨੂੰ ਸਭ ਤੋਂ ਤਾਕਤਵਰ ਤੇ ਜ਼ਹੀਨ ਬਾਦਸ਼ਾਹ ਮੰਨਿਆ ਜਾਂਦਾ ਹੈ। ਪਾਕਿਸਤਾਨ ਦਾ ਵਜ਼ੀਰ-ਏ-ਆਜ਼ਮ ਇਮਰਾਨ ਖ਼ਾਨ ਜਿਸ ਨੂੰ 'ਤਾਲਿਬਾਨ ਖ਼ਾਨ' ਕਿਹਾ ਜਾਂਦਾ ਹੈ, ਵੀ ਅਬਦਾਲੀ ਦੇ ਕਾਰਨਾਮਿਆਂ ਨੂੰ ਨਵੀਂ ਪੀੜੀ ਲਈ ਪ੍ਰੇਰਨਾ ਸਰੋਤ ਮੰਨਦਾ ਹੈ। ਅਫ਼ਗਾਨਿਸਤਾਨ 'ਤੇ ਕਾਬਿਜ਼ ਹੋਣ ਤੋਂ ਬਾਅਦ ਇਮਰਾਨ ਖ਼ਾਨ ਨੇ ਅਬਦਾਲੀ ਦੇ ਵਾਰਿਸਾਂ ਦੀ ਹੌਸਲਾ-ਅਫ਼ਜ਼ਾਈ ਕਰਦਿਆਂ ਕਿਹਾ ਸੀ ਕਿ ਉਨਾਂ ਨੇ ਲਾਸਾਨੀ ਕੁਰਬਾਨੀਆਂ ਦੇ ਕੇ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜੀਆਂ ਹਨ। ਇੱਥੋਂ ਤਕ ਕਿ ਪਾਕਿਸਤਾਨ ਨੇ ਇਕ ਬੈਲਿਸਟਿਕ ਮਿਜ਼ਾਈਲ ਦਾ ਨਾਮ ਵੀ ਅਹਿਮਦ ਸ਼ਾਹ ਅਬਦਾਲੀ ਦੇ ਨਾਂ 'ਤੇ ਰੱਖਿਆ ਹੋਇਆ ਹੈ। ਕਾਬੁਲ ਤੋਂ ਆਉਂਦੇ ਕਬਾਇਲੀ ਧਾੜਵੀ ਹਿੰਦੁਸਤਾਨੀਆਂ ਨੂੰ ਰੱਜ ਕੇ ਲੁੱਟਦੇ ਰਹੇ ਹਨ। ਅਫ਼ਗਾਨਿਸਤਾਨ ਵਾਪਸ ਮੁੜਨ ਵੇਲੇ ਇਨਾਂ ਲੁਟੇਰਿਆਂ ਨੂੰ ਹਥਿਆਰਬੰਦ ਸਿੱਖ ਛਾਪਾਮਾਰ ਲੁੱਟ ਕੇ ਜੰਗਲਾਂ 'ਚ ਛੁਪ ਜਾਂਦੇ। ਸਿੱਖ ਦਰਅਸਲ ਅਫ਼ਗਾਨ ਗੁਰੀਲਿਆਂ ਦੀਆਂ ਅੱਖਾਂ 'ਚ ਪਿਛਲੀਆਂ ਪੰਜ ਸਦੀਆਂ ਤੋਂ ਰੜਕਦੇ ਆ ਰਹੇ ਹਨ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਨੇ ਆਪਣੀ ਬਾਣੀ 'ਚ ਵੀ ਕਾਬਲ ਤੋਂ ਆਏ ਹਮਲਾਵਰਾਂ ਦਾ ਜ਼ਿਕਰ ਕਰਦਿਆਂ ਹਾਅ ਦਾ ਨਾਅਰਾ ਮਾਰਿਆ ਸੀ। ਪੰਦਰਵੀਂ ਸਦੀ 'ਚ ਬਾਬਰ ਨੇ ਪੰਜਾਬ ਦੇ ਐਮਨਾਬਾਦ ਇਲਾਕੇ ਵਿਚ ਬੇਗੁਨਾਹਾਂ ਦਾ ਖ਼ੂਨ ਡੋਲਿਆ ਤਾਂ ਬਾਬੇ ਨਾਨਕ ਨੇ ਆਪਣੀ ਕਲਮ ਨਾਲ ਹਮਲਾਵਰਾਂ ਦਾ ਮੁਕਾਬਲਾ ਕਰਦਿਆਂ ਪੀੜਤਾਂ ਦੀ ਦਰਦ ਭਰੀ ਵਿਥਿਆ ਨੂੰ ਕਲਮਬੱਧ ਕੀਤਾ ਸੀ। ਬਾਬਰ ਬਾਣੀ ਵਿਚ ਅੰਕਿਤ ਹੈ, 'ਪਾਪ ਕੀ ਜੰਞ ਲੈ ਕਾਬਲਹੁ ਧਾਇਆ/ਜੋਰੀ ਮੰਗੈ ਦਾਨੁ ਵੇ ਲਾਲੋ।' ਬਾਬਰ ਦੇ ਜ਼ੁਲਮ ਨੂੰ ਬਾਬਾ ਨਾਨਕ ਨੇ ਸ਼ਬਦਾਂ ਦਾ ਜਾਮਾ ਪਹਿਨਾ ਕੇ ਉਸ ਕਤਲੇਆਮ ਨੂੰ ਕਿਸੇ ਇਤਿਹਾਸਕਾਰ ਵਾਂਗ ਕਾਵਿਕ ਸ਼ੈਲੀ 'ਚ ਬਿਆਨਿਆ ਸੀ। ਖ਼ੂਨ-ਖ਼ਰਾਬੇ ਨੂੰ ਵੇਖ ਕੇ ਬਾਬਾ ਨਾਨਕ ਨੇ ਰੱਬ ਨੂੰ ਵੀ ਉਲਾਂਭਾ ਦਿੱਤਾ ਸੀ। ਬਾਬਰਬਾਣੀ ਵਿਚ ਕਰੁਣਾਮਈ ਦ੍ਰਿਸ਼ ਦਾ ਵਰਣਨ ਕਰਦਿਆਂ ਬਾਬਾ ਨਾਨਕ ਕਾਬੁਲ ਤੇ ਹਿੰਦੁਸਤਾਨ ਦਾ ਜ਼ਿਕਰ ਕਈ ਵਾਰ ਕਰਦੇ ਹਨ, 'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।' (ਖੁਰਾਸਾਨ ਦਰਅਸਲ ਅਫ਼ਗਾਨਿਸਤਾਨ ਦਾ ਪ੍ਰਾਚੀਨ ਨਾਮ ਹੈ)। ਇਸ ਤੋਂ ਬਾਅਦ ਗੁਰੂ ਨਾਨਕ ਦੇਵ ਅਫ਼ਗਾਨਿਸਤਾਨ ਦੀ ਯਾਤਰਾ ਕਰ ਕੇ ਉੱਥੇ ਆਪਣੀਆਂ ਅਮਿੱਟ ਪੈੜਾਂ ਛੱਡਦੇ ਹਨ। ਉਨਾਂ ਦੀ ਚਰਨ ਛੋਹ ਪ੍ਰਾਪਤ ਅਸਥਾਨਾਂ 'ਤੇ ਗੁਰਧਾਮ ਸੁਸ਼ੋਭਿਤ ਹਨ। ਇਨਾਂ ਪ੍ਰਾਚੀਨ ਗੁਰਧਾਮਾਂ 'ਤੇ ਤਾਲਿਬਾਨ ਨੇ ਆਤਮਘਾਤੀ ਹਮਲੇ ਕਰ ਕੇ ਆਪਣਾ ਕਰੂਰ ਚਿਹਰਾ ਜੱਗ ਜ਼ਾਹਰ ਕੀਤਾ ਹੈ। ਦਹਿਸ਼ਤ ਤੇ ਵਹਿਸ਼ਤ ਦੇ ਸਾਏ ਹੇਠ ਰਹਿ ਰਹੇ ਅਣਗਿਣਤ ਹਿੰਦੂ-ਸਿੱਖ ਪਰਿਵਾਰ ਪਹਿਲਾਂ ਹੀ ਆਪਣੇ ਪੁਰਖਿਆਂ ਦੀ ਧਰਤੀ ਨੂੰ ਅਲਵਿਦਾ ਕਹਿ ਕੇ ਭਾਰਤ ਸਣੇ ਦੂਜੇ ਦੇਸ਼ਾਂ ਵੱਲ ਹਿਜਰਤ ਕਰ ਚੁੱਕੇ ਹਨ। ਅਲਪ-ਸੰਖਿਅਕਾਂ 'ਤੇ ਕੀਤੇ ਗਏ ਜ਼ੁਲਮ ਮਗਰੋਂ ਤਾਲਿਬਾਨ ਦੀ ਫ਼ਜ਼ੀਹਤ ਹੋਈ ਤਾਂ ਹੁਣ ਉਹ ਅਫ਼ਗਾਨਿਸਤਾਨ 'ਚ ਰਹਿ ਗਏ ਮੁੱਠੀ ਭਰ ਹਿੰਦੂ-ਸਿੱਖਾਂ ਨੂੰ ਦੇਸ਼ ਛੱਡਣ ਦੀ ਆਗਿਆ ਵੀ ਨਹੀਂ ਦੇ ਰਹੇ। ਬਾਬਰ ਤੋਂ ਬਾਅਦ ਅਬਦਾਲੀ ਨੇ ਅਠਾਰਵੀਂ ਸਦੀ ਵਿਚ ਪੰਜਾਬੀਆਂ ਨੂੰ ਖ਼ੂਬ ਲੁੱਟਿਆ ਤੇ ਕੁੱਟਿਆ। ਉਸ ਵੱਲੋਂ ਫੈਲਾਈ ਜਾਂਦੀ ਦਹਿਸ਼ਤ ਪੰਜਾਬੀ ਅਖਾਣਾਂ ਵਿਚ ਬੋਲਣ ਲੱਗੀ, 'ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ।' ਅਬਦਾਲੀ ਤੋਂ ਬਾਅਦ ਉਸ ਦੇ ਜਾਨਸ਼ੀਨ ਵੀ ਪੰਜਾਬ ਵਿਚ ਬੁਰਛਾਗਰਦੀ ਕਰਦੇ ਰਹੇ। ਇਹ ਜੰਗ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਗੱਦੀਨਸ਼ੀਨ ਹੋਣ



ਤਕ ਜਾਰੀ ਰਹੀ। ਖ਼ਾਲਸਾ ਪੰਥ ਦੀ ਸਾਜਨਾ ਸਤਾਰਵੀਂ ਸਦੀ ਦੇ ਅਖ਼ੀਰ, ਸੰਨ 1699 ਵਿਚ ਆਨੰਦਪੁਰ ਸਾਹਿਬ ਵਿਖੇ ਹੋਈ ਤੇ ਨਾਨਕ ਨਾਮਲੇਵਾ ਰਣਜੀਤ ਸਿੰਘ ਨੇ ਪੂਰੀ ਇਕ ਸਦੀ ਬਾਅਦ 1799 ਵਿਚ ਲਾਹੌਰ ਦੇ ਸ਼ਾਹੀ ਕਿਲੇ 'ਤੇ ਕੇਸਰੀ ਨਿਸ਼ਾਨ ਝੁਲਾ ਕੇ ਅਫ਼ਗਾਨੀਆਂ ਦੇ ਦਬਦਬੇ ਨੂੰ ਸਦਾ ਲਈ ਖ਼ਤਮ ਕਰ ਦਿੱਤਾ ਸੀ। ਅਬਦਾਲੀ ਤੋਂ ਬਾਅਦ ਉਸ ਦਾ ਫ਼ਰਜ਼ੰਦ ਤੈਮੂਰ ਸ਼ਾਹ (1773-1793 ਈਸਵੀ) ਤੇ ਫਿਰ ਪੋਤਰਾ ਜ਼ਮਾਨ ਸ਼ਾਹ ਅਫ਼ਗਾਨਿਸਤਾਨ ਦੇ ਤਖ਼ਤ 'ਤੇ ਬਿਰਾਜਮਾਨ ਹੋਇਆ ਸੀ। ਸੰਨ 1793 ਵਿਚ ਗੱਦੀ 'ਤੇ ਬੈਠਦਿਆਂ ਸਾਰ ਜ਼ਮਾਨ ਸ਼ਾਹ ਨੇ ਪੰਜਾਬ ਦੇ ਹਸਨ ਅਬਦਾਲ (ਪੰਜਾ ਸਾਹਿਬ) 'ਤੇ ਹੱਲਾ ਬੋਲ ਦਿੱਤਾ ਤੇ ਫਿਰ ਅਗਲੇ ਸਾਲਾਂ ਵਿਚ ਰੋਹਤਾਸ ਨੂੰ ਜਿੱਤ ਕੇ ਜ਼ਮਾਨ ਸ਼ਾਹ ਨੇ 1796 ਵਿਚ 30,000 ਸੈਨਿਕਾਂ ਨਾਲ ਪੰਜਾਬ 'ਤੇ ਤੀਜਾ ਧਾਵਾ ਬੋਲ ਦਿੱਤਾ। ਅਗਲੇ ਸਾਲ ਉਸ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ ਸੀ। ਹੇਰਾਤ (ਅਫ਼ਗਾਨਿਸਤਾਨ) ਵਿਚ ਉਸ ਦੇ ਭਰਾ ਸ਼ਾਹ ਮਹਿਮੂਦ ਵੱਲੋਂ ਬਗ਼ਾਵਤ ਕਰਨ ਦੀ ਖ਼ਬਰ ਸੁਣਦਿਆਂ ਸਾਰ ਉਹ ਅਫ਼ਗਾਨਿਸਤਾਨ ਵਾਪਸ ਪਰਤਿਆ ਤਾਂ ਪਿੱਛੋਂ ਭੰਗ ਸਰਦਾਰਾਂ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ਹਰ ਵੇਲੇ ਭੰਗ ਦੇ ਨਸ਼ੇ ਵਿਚ ਧੁੱਤ ਰਹਿਣ ਵਾਲੇ ਇਸ ਮਿਸਲ ਦੇ ਸਰਦਾਰਾਂ ਨੂੰ ਭੰਗੀ ਕਿਹਾ ਜਾਂਦਾ ਸੀ। ਅਕਤੂਬਰ 1798 ਈਸਵੀ ਵਿਚ ਜ਼ਮਾਨ ਸ਼ਾਹ ਨੇ ਲਾਹੌਰ 'ਤੇ ਮੁੜ ਕਬਜ਼ਾ ਕਰ ਲਿਆ। ਰਣਜੀਤ ਸਿੰਘ ਦੀ ਸ਼ੋਭਾ ਸੁਣ ਕੇ ਲਾਹੌਰੀਆਂ ਨੇ ਉਸ ਨੂੰ ਲਾਹੌਰ 'ਤੇ ਕਾਬਿਜ਼ ਹੋਣ ਦਾ ਸੱਦਾ ਦੇ ਦਿੱਤਾ। ਲਾਮ-ਲਸ਼ਕਰ ਨਾਲ ਲਾਹੌਰ ਦੇ ਸ਼ਾਹੀ ਕਿਲੇ ਦੇ ਸਾਹਮਣੇ ਪੁੱਜੇ ਮਹਾਬਲੀ ਰਣਜੀਤ ਸਿੰਘ ਨੇ ਜ਼ਮਾਨ ਸ਼ਾਹ ਨੂੰ ਲਲਕਾਰਦਿਆਂ ਕਿਹਾ, 'ਬਾਹਰ ਨਿਕਲ ਅਬਦਾਲੀ ਦਿਆ ਪੋਤਰਿਆ ਤੇ ਚੜਤ ਸਿੰਘ ਦੇ ਪੋਤਰੇ ਨਾਲ ਗੱਤਕਾ ਖੇਡ।' ਚੜਤ ਸਿੰਘ ਦੇ ਪੋਤਰੇ ਨੇ ਅਬਦਾਲੀ ਦੇ ਪੋਤਰੇ ਨੂੰ ਭਜਾ ਕੇ ਅਫ਼ਗਾਨਿਸਤਾਨ ਤੋਂ ਆਉਣ ਵਾਲੇ ਹਮਲਾਵਰਾਂ ਦਾ ਸਦਾ ਲਈ ਰਾਹ ਰੋਕ ਦਿੱਤਾ। ਅਫ਼ਗਾਨਿਸਤਾਨ ਨੂੰ ਅਜੇਤੂ ਲੋਕਾਂ ਦੀ ਧਰਤੀ ਮੰਨਿਆ ਜਾਂਦਾ ਹੈ ਜਿੱਥੋਂ ਰੂਸ ਅਤੇ ਅਮਰੀਕਾ ਵਰਗੀਆਂ ਮਹਾ-ਸ਼ਕਤੀਆਂ ਨੂੰ ਵੀ ਪਿੱਠ ਦਿਖਾ ਕੇ ਭੱਜਣਾ ਪਿਆ ਸੀ। ਪਰ ਰਣਜੀਤ ਸਿੰਘ ਅਤੇ ਉਸ ਦੇ ਸ਼ੇਰ ਦੀ ਫੁਰਤੀ ਵਾਲੇ ਹਰੀ ਸਿੰਘ ਨਲੂਆ ਵਰਗੇ ਜਰਨੈਲਾਂ ਨੇ ਅਫ਼ਗਾਨਿਸਤਾਨ ਦੇ ਉਸ ਸ਼ਾਹ ਮਾਰਗ ਨੂੰ ਪੱਕੇ ਤੌਰ 'ਤੇ ਬੰਦ ਕਰ ਦਿੱਤਾ ਜਿੱਥੋਂ ਉਹ ਧਾਈ ਸਦੀਆਂ ਤੋਂ ਵੱਧ ਸਮੇਂ ਤੋਂ ਹਮਲੇ ਕਰਦੇ ਆ ਰਹੇ ਸਨ। ਪਾਕਿਸਤਾਨ ਤਾਲਿਬਾਨ ਨੂੰ ਦੀਨੀ ਭਾਈ ਮੰਨ ਕੇ ਉਨਾਂ ਦੀ ਸਿੱਧੇ ਤੇ ਅਸਿੱਧੇ ਤੌਰ 'ਤੇ ਇਮਦਾਦ ਕਰਦਾ ਆ ਰਿਹਾ ਹੈ। ਤਾਲਿਬਾਨੀ ਵਿਚਾਰਧਾਰਾ ਵਾਲੇ ਲੋਕ ਅੱਜ ਵੀ ਤਵਾਰੀਖ਼ ਦੇ ਉਨਾਂ ਪੰਨਿਆਂ ਨੂੰ ਪਾੜਨਾ ਚਾਹੁੰਦੇ ਹਨ ਜਿਨਾਂ 'ਤੇ ਸ਼ੇਰ-ਏ-ਪੰਜਾਬ ਦੀ ਸੁਨਹਿਰੀ ਜਿੱਤ ਅੰਕਿਤ ਹੈ। ਹਿੰਦੂ, ਸਿੱਖ ਤੇ ਮੁਸਲਮਾਨਾਂ ਦੇ ਸਾਂਝੇ ਬਾਦਸ਼ਾਹ ਦੀਆਂ ਉਹ ਤਮਾਮ ਨਿਸ਼ਾਨੀਆਂ ਨੂੰ ਨੇਸਤੋ ਨਾਬੂਦ ਕਰਨ ਲਈ ਤੁਲੇ ਹੋਏ ਹਨ। ਇਸੇ ਲਈ ਕੁਝ ਦਿਨ ਪਹਿਲਾਂ ਮੁੱਠੀ ਭਰ ਕੱਟੜਵਾਦੀ ਸਿਰਫਿਰਿਆਂ ਨੇ ਲਾਹੌਰ ਦੇ ਸ਼ਾਹੀ ਕਿਲੇ ਵਿਖੇ ਸਥਿਤ ਅਜਾਇਬਘਰ ਦੇ ਬਾਹਰ ਲੱਗੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨੂੰ ਤੀਜੀ ਵਾਰ ਤੋੜ ਕੇ ਤਾਲਿਬਾਨੀ ਸੋਚ ਦਾ ਮੁਜ਼ਾਹਰਾ ਕੀਤਾ ਹੈ। ਇਮਰਾਨ ਖ਼ਾਨ ਸਰਕਾਰ ਨੇ ਭਾਵੇਂ ਇਸ ਘਟਨਾ ਦੀ ਨਿਖੇਧੀ ਕਰਦਿਆਂ ਬੁੱਤ ਨੂੰ ਦੁਬਾਰਾ ਸਥਾਪਿਤ ਕਰਨ ਦਾ ਐਲਾਨ ਕੀਤਾ ਹੈ, ਫਿਰ ਵੀ ਹਿੰਦੂ-ਸਿੱਖਾਂ ਤੇ ਉਨਾਂ ਦੇ ਧਰਮ ਅਸਥਾਨਾਂ ਨੂੰ ਪਾਕਿ 'ਚ ਆਏ ਦਿਨ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

# ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਰਹਿਬਰ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ

**ਭਾਗ 3**



**ਜ਼ੋਰਾਵਰ ਸਿੰਘ ਤਰਸਿੱਕਾ**
ਕੌਮੀ ਉਸਰੇਈਏ

ਹਰ ਧਰਮ ਕਿਸੇ ਨਾ ਕਿਸੇ ਲਾਲਚ ਦੇ ਅਧਾਰ ਤੇ ਲੋਕਾਂ ਨੂੰ ਆਪਣੇ ਧਰਮ ਵਿਚ ਸ਼ਾਮਲ ਕਰਦਾ ਹੈ । ਕਿਸੇ ਨੂੰ ਸਵਰਗ ਦਾ, ਕਿਸੇ ਨੂੰ ਸਵਰਗ ਵਿਚ ਅਪਸਰਾ ਤੇ ਸ਼ਰਾਬ ਦੀਆਂ ਨਦੀਆਂ ਦਾ ਲਾਲਚ, ਕਿਸੇ ਨੂੰ ਮਨੁੱਖ ਦੇ ਪਾਪਾਂ ਦੀ ਜ਼ਿਮੇਦਾਰੀ ਖੁਦਾ ਨੂੰ ਦੇਣ ਦਾ। ਇਕ ਸਿਖ ਧਰਮ ਹੀ ਐਸਾ ਧਰਮ ਹੋਇਆ ਹੈ ਜਿਸ ਵਿਚ ਆਉਣ ਲਈ ਗੁਰੂ ਸਾਹਿਬ ਨੇ ਸੀਸ ਦੀ ਮੰਗ ਕੀਤੀ ਤੇ ਪੰਜ ਪਿਆਰਿਆਂ ਦੀ ਸਾਜਨਾ ਨਾਲ ਐਸੇ ਯੋਧੇ ਪੈਦਾ ਕੀਤੇ, ਐਸੇ ਮਰਦ ਪੈਦਾ ਕੀਤੇ ਕਿ 'ਸਿਰ ਧਰ ਤਲੀ ਗਲੀ ਮੇਰੀ ਆਓ', 'ਇਤਿ ਮਾਰਗ ਪੈਰ ਧਰੀਜੇ, ਸਿਰ ਦੀਜੇ ਕਾਣ ਨਾ ਕੀਜੇ' ਤੇ 'ਸਵਾ ਲਾਖ ਸੇ ਇਕ ਲੜਾਉ' 'ਦਾ ਮਹਾਂ ਵਾਕ ਸਚ ਕਰਕੇ ਦਿਖਾ ਦਿਤੇ 40-40 ਸਿਖਾਂ ਨੇ 10-10 ਲੱਖ ਦੀ ਮੁਗਲ ਫੌਜ ਨਾਲ ਟਾਕਰਾ ਕੀਤਾ ਤੇ ਜਿਤੇ ਵੀ ।

ਗੁਰੂ ਸਾਹਿਬ ਜਾਣਦੇ ਸੀ ਕੌਮ ਉਸਾਰੀ ਲਈ ਲੋਕਾਂ ਦੇ ਮਨਾਂ, ਸੁਭਾਵਾਂ, ਰੁਚੀਆਂ ਤੇ ਆਚਰਨ ਨੂੰ ਢਾਲਣ ਲਈ ਸਹਿਤ ਦਾ ਬਹੁਤ ਵੱਡਾ ਹੱਥ ਹੁੰਦਾ ਹੈ, ਜਿਸਦੀ ਪੂਰਤੀ ਲਈ ਆਪਜੀ ਨੇ ਪੁਰਾਤਨ ਗ੍ਰੰਥ, ਪੁਰਾਣਾਂ, ਮਹਾਂਭਾਰਤ, ਰਮਾਇਣ ਆਦਿ ਦਾ ਉਲੱਥਾ ਕਰਵਾਇਆ। ਦੇਸ਼ ਭਰ ਦੇ ਕਵੀਆਂ ਤੇ ਢਾਡੀਆਂ ਨੂੰ ਸੱਦ ਕੇ ਜਿਨਾਂ ਵਿਚ 52 ਉੱਘੇ ਕਵੀ ਸਨ, ਆਪਣੇ ਦਰਬਾਰ ਦਾ ਸ਼ਿੰਗਾਰ ਬਣਾਇਆ। ਜਮਨਾ ਦੇ ਕਿਨਾਰੇ ਪਾਉਂਟਾ ਸਾਹਿਬ ਵਿਖੇ ਹਰ ਰੋਜ਼ 52 ਕਵੀਆਂ ਦੀ ਮਹਿਫਲ ਲਗਦੀ ਜਿਥੇ ਸੰਸਕ੍ਰਿਤ, ਫ਼ਾਰਸੀ ਵਿਚ ਲਿਖੇ ਗ੍ਰੰਥਾਂ ਦਾ ਅਨੁਵਾਦ ਕਰਕੇ ਹਿੰਦੀ ਤੇ ਪੰਜਾਬੀ ਸਹਿਤ ਨੂੰ ਅਣਮੁਲਾ ਖਜਾਨਾ ਦਿਤਾ ਜਿਸ ਲਈ ਕਈ ਵਿਦਵਾਨਾਂ ਨੂੰ ਸੰਸਕ੍ਰਿਤ ਪੜਨ ਲਈ ਬਨਾਰਸ ਵੀ ਭੇਜਿਆ। ਸਹਿਤ ਰਾਹੀਂ ਸਿੰਘਾਂ ਵਿਚ ਨਵੀਂ ਜਿੰਦ-ਜਾਨ, ਨਵਾਂ ਜੋਸ਼, ਨਵੀਂ ਤਰੰਗ, ਨਵੀਆਂ ਤਾਂਘਾਂ, ਸਵੈ ਸੱਚੇ ਤੇ ਸੁੱਚੇ ਇਰਾਦੇ ਭਰੇ। ਬੀਰਰਸ ਨੇ ਉਨਾਂ ਨੂੰ ਜਬਰ, ਧੱਕੇ ਜੁਲਮ ਤੇ ਬੇਇਨਸਾਫ਼ੀ ਦੇ ਵਿਰੁਧ ਹਿੱਕਾਂ ਤਾਣ ਕੇ ਡਟ ਜਾਣ ਦੀ ਤਾਕਤ ਬਖਸ਼ੀ।

ਲੋਕਾਂ ਦਾ ਮਿਆਰ ਉੱਚਾ ਕਰਨ ਲਈ ਤਿਉਹਾਰ ਮਨਾਉਣ ਦੇ ਢੰਗ ਬਦਲੇ। ਹੋਲੀ ਜੋ ਕਿ ਨੀਵੀਆਂ ਜਾਤੀਆਂ ਦਾ ਇਕ ਖੁਸ਼ੀਆਂ ਭਰਿਆ ਤਿਉਹਾਰ ਸੀ, ਵਿਚ ਚਿਕੜ ਤੇ ਗੰਦਾ ਪਾਣੀ ਇਕ ਦੂਜੇ ਤੇ ਸੁੱਟਿਆ ਜਾਂਦਾ । ਗੁਰੂ ਸਾਹਿਬ ਨੇ ਇਸ ਤਿਉਹਾਰ ਨੂੰ ਨਵਾਂ ਰੂਪ ਦੇ ਕੇ ਹੋਲੇ ਮਹੱਲੇ ਦਾ ਨਾਂ ਦਿੱਤਾ । ਜਿਸ ਵਿਚ ਸਵੇਰ ਦੇ ਦੀਵਾਨ ਮਗਰੋਂ ਕਵੀ ਦਰਬਾਰ ਤੇ ਰਾਗ ਸਭਾਵਾਂ ਹੁੰਦੀਆਂ । ਕਵੀ ਢਾਡੀ ਰਾਗੀ ਤੇ ਕੀਰਤਨੀਏ ਆਪਣੇ ਆਪਣੇ ਵਿਚਾਰ ਸੁਣਾਉਂਦੇ। ਲੌਢੇ ਵੇਲੇ ਫਿਰ ਬਹਾਦਰੀ ਦੇ ਕਰਤਵ, ਫੌਜੀ ਕਸਰਤਾਂ ਤੇ ਖੇਡਾਂ ਹੁੰਦੀਆਂ, ਗੁਲਾਲ ਜਲ ਦੀ ਵਰਖਾ ਹੁੰਦੀ । ਅਗਲਾ ਦਿਨ ਹੋਲਾ ਮਹੱਲਾ ਜਿਸ ਵਿਚ ਫੌਜੀ ਯੋਗਤਾ ਦਾ ਪ੍ਰਸਾਰ ਹੁੰਦਾ। ਇਸ ਯੋਗਤਾ ਵਿਚ ਸ਼ਾਮਲ ਹੋਣ ਲਈ ਲੋਕ ਸਾਰਾ ਸਾਰਾ ਸਾਲ ਤਿਆਰੀ ਕਰਦੇ ਤੇ ਆਪਣਾ ਆਪ ਨੂੰ ਗੁਰੂ ਸਾਹਿਬ ਦੀ ਕਸੌਟੀ ਤੇ ਪੂਰਾ ਉਤਰਨ ਲਈ ਕੋਸ਼ਿਸ਼ਾਂ ਕਰਦੇ । ਗਰੀਬ ਦਾ ਮੂੰਹ ਗੁਰੂ ਕੀ ਗੋਲਕ- ਗੁਰੂ ਦਰਬਾਰ ਵਿਚ ਆਏ ਸਿਖ ਸੰਗਤਾਂ ਤੇ ਜਵਾਨਾਂ ਦੀ ਜਿਸਮਾਨੀ, ਆਤਮਿਕ ਤੇ ਮਾਨਸਿਕ ਖੁਰਾਕ ਲਈ ਜਗਾ ਜਗਾ ਲੰਗਰ ਲਗਵਾਏ ਜਾਂਦੇ ।

ਭੰਗਾਣੀ ਦੀ ਜਿੱਤ ਮਗਰੋਂ ਗੁਰੂ ਸਹਿਬ ਦੇ ਆਦਰਸ਼ਾਂ ਵਿਚ ਹੋਰ ਦ੍ਰਿੜਤਾ ਆ ਗਈ ਜਿਸ ਨਾਲ ਕੌਮ ਉਸਾਰੀ ਦੇ ਮਕਸਦ ਨੂੰ ਤਕੜਾਈ ਮਿਲੀ। ਇਸ ਧਰਮ ਯੁੱਧ ਸਦਕਾ ਗੁਰੂ ਸਾਹਿਬ ਦਾ ਜਸ ਦੂਰ ਦੂਰ ਤੱਕ ਫੈਲ ਗਿਆ । ਵਧੇਰੇ ਸ਼ਸ਼ਤਰ ਇਕੱਠੇ ਹੋ ਗਏ । ਦੂਰ ਦੂਰ ਤੋਂ ਜਵਾਨ ਉਨਾਂ ਦੀ ਸੇਵਾ ਵਿਚ ਹਾਜ਼ਰ ਹੋਏ, ਜਿਨਾਂ ਨੇ ਸਿਰਫ ਦੋ ਵਕਤ ਦੀ ਰੋਟੀ ਤੇ 6 ਮਹੀਨੇ ਬਾਅਦ ਇਕ ਜੋੜੇ ਦੀ ਮੰਗ ਕੀਤੀ । ਗੁਰੂ ਸਾਹਿਬ ਆਪਣੇ ਫਰਜਾਂ ਤੇ ਜ਼ਿੰਮੇਵਾਰੀਆਂ ਵੱਲ ਵਧੇਰੇ ਚੇਤਨ ਹੋ ਗਏ। ਤਿਆਰੀ ਦਾ ਇਕ ਨਵਾਂ ਦੌਰ ਸ਼ੁਰੂ ਹੋਇਆ, ਜਿਸ ਵਿਚ ਫੌਜ ਭਰਤੀ, ਸੈਨਿਕ ਸਿਖਲਾਈ, ਸਾਧਨ ਪ੍ਰਾਪਤੀ ਤੇ ਕਿਲੇ ਬੰਦੀ ਸ਼ਾਮਿਲ ਹੋ ਗਈ ।

1699 ਵਿਸਾਖੀ ਵਾਲੇ ਦਿਨ ਮਾਨਵ ਸਮਾਜ ਦੀ ਸਮਾਨਤਾ ਦੀ ਨੀਂਹ ਰੱਖਕੇ ਇਕ ਨਵੇਂ ਸਮਾਜ ਦੀ ਉਸਾਰੀ ਕੀਤੀ, ਖਾਲਸਾ ਪੰਥ ਸਾਜਿਆ। ਇਕ ਅਜਿਹੇ ਸਮਾਜ ਅਤੇ ਭਾਈਚਾਰੇ ਦੀ ਸਿਰਜਨਾ ਕੀਤੀ ਜਿਥੇ ਜਾਤ-ਪਾਤ, ਵਰਣ-ਵੰਡ ਤੇ ਊਚ-ਨੀਚ ਦੀ ਕੋਈ ਥਾਂ ਨਹੀਂ ਸੀ। ਇਹ ਇਕ ਨਵੇਂ ਸਮਾਜ ਦੀ ਸੁਤੰਤਰ ਹੋਂਦ ਦਾ ਐਲਾਨ ਸੀ ਜਿਸ ਨਾਲ ਜਾਤ ਪਾਤ ਤੋਂ ਮੁਕਤੀ ਦੇ ਫ਼ਲਸਫ਼ੇ ਨੇ ਲੋਕਾਂ ਵਿਚ ਏਕਤਾ ਦੀ ਭਾਵਨਾ ਪੈਦਾ ਕੀਤੀ ਜੋ ਆਉਣ ਵਾਲੇ ਸਮੇਂ ਵਿਚ ਕੌਮੀ ਏਕਤਾ ਦਾ ਆਧਾਰ ਬਣ ਗਈ । ਵੱਖੋ ਵੱਖ ਜਾਤੀਆਂ, ਧਰਮ, ਤੇ ਕਿੱਤਿਆ ਦੇ ਲੋਕਾਂ ਨੂੰ ਇਕ ਬਾਟੇ ਵਿਚ ਅੰਮ੍ਰਿਤ ਛਕਾ ਕੇ ਇਕ ਨਵੇਂ ਸਮਾਜ ਦੀ ਨੀਂਹ ਰਖੀ। ਇਖਲਾਕੀ ਤੇ ਅਧਿਆਤਮਿਕ ਤੌਰ 'ਤੇ ਉੱਚਾ ਕਰਨ ਲਈ ਕੁਝ ਰਹਿਤਾਂ ਤੇ ਕੁਰਹਿਤਾਂ ਨੀਅਤ ਕੀਤੀਆਂ । ਸੰਸਾਰਕ ਤੌਰ 'ਤੇ ਮਜਬੂਤ ਹੋਣ ਲਈ ਕਿਰਪਾਨ ਧਾਰਨ ਇਕ ਜਰੂਰੀ ਅੰਗ ਬਣਾ ਦਿੱਤਾ । ਉਨਾਂ ਦੇ ਦਿਲਾਂ ਵਿਚੋਂ ਡਰ ਤੇ ਹੀਣਤਾ ਦੀ ਭਾਵਨਾ ਦੂਰ ਕਰਨ ਲਈ ਅਕਾਲ ਪੁਰਖ ਦੀਆਂ ਅਸੀਮ ਸ਼ਕਤੀਆਂ ਪ੍ਰਤੀ ਅਟਲ ਵਿਸ਼ਵਾਸ ਪੈਦਾ ਕੀਤਾ ਜੋ ਵੱਡੀਆਂ ਵੱਡੀਆਂ ਹਕੂਮਤਾਂ ਨੂੰ ਕੁਚਲਨ ਦੀ ਸ਼ਕਤੀ ਰੱਖਦਾ ਹੋਵੇ। ਉਨਾਂ ਦੇ ਆਚਰਣ ਨੂੰ ਉੱਚੀ ਮਿਆਰ ਤੇ ਰੱਖਣ ਲਈ 5 ਕਕਾਰਾਂ, ਚਾਰ ਕੁਰਹਿਤਾਂ, ਪੰਜ ਬਾਣੀਆਂ ਦਾ ਪਾਠ, ਸੱਚੀ ਸੁੱਚੀ ਕਿਰਤ ਕਰਕੇ ਵੰਡ ਕੇ ਛਕਣ ਤੇ ਸਿਮਰਨ ਕਰਨ ਦਾ ਹੁਕਮ ਦਿੱਤਾ। ਕੁਰਬਾਨੀ ਦੇਣ ਦੇ ਨਾਲ ਨਾਲ ਉਨਾਂ ਲਈ ਉਤਮ ਕਿਸਮ ਦੇ ਸੰਸਕਾਰ ਤੇ ਆਦਰਸ਼ ਵੀ ਕਾਇਮ ਕੀਤੇ ।

ਪੰਜ ਪਿਆਰਿਆਂ ਨੂੰ ਪੁੱਤਰਾਂ ਤੋਂ ਵੱਧ ਪਿਆਰ ਕੀਤਾ । ਪਾਹੁਲ ਦਿੱਤੀ, ਆਪਣਾ ਨਾਮ ਦਿੱਤਾ । ਪੁੱਤਰ ਬਣਾਇਆ । ਪੁਰਾਣੀ ਕੁਲ-ਨਾਸ਼, ਵਰਣ ਨਾਸ਼, ਜਾਤ ਨਾਸ਼ ਕਰਕੇ ਖਾਲਸੇ ਦਾ ਖਿਤਾਬ ਬਖਸ਼ਿਆ। ਉਨਾਂ ਤੋਂ ਹੀ ਖੰਡਾ ਬਾਟੇ ਦੀ ਪਹੁਲ ਲੈ ਕੇ ਗੁਰੂ ਗੋਬਿੰਦ ਰਾਇ ਤੋਂ ਗੁਰੂ ਗੋਬਿੰਦ ਸਿੰਘ ਬਣਕੇ ਗੁਰੂ ਚੇਲੇ ਦਾ ਭੇਦ ਮਿਟਾ ਦਿੱਤਾ। ਏਕ ਪਿਤਾ ਏਕਸ ਕੇ ਹਮ ਬਾਰਿਕ' ਖਾਲਸੇ ਨੂੰ ਆਪਣਾ ਰੂਪ, ਆਪਣਾ ਇਸ਼ਟ, ਸ਼ਹਿਰਦ, ਆਪਣਾ ਪਿੰਡ ਪਰਾਨ, ਸਤਿਗੁਰੂ ਪੂਰਾ ਅਤੇ ਸਜਣ ਸੂਰਾ ਕਹਿ ਕੇ ਨਿਵਾਜਿਆ ।

**ਖਾਲਸਾ ਮੇਰਾ ਰੂਪ ਹੈ ਖਾਸ ।।**
**ਖਾਲਸੇ ਮੇ ਹਓ ਕਰਓ ਨਿਵਾਸ ।।**

ਇਸ ਦਿਨ ਪੰਜ ਪਿਆਰਿਆਂ ਤੋਂ ਬਾਅਦ ਲੱਖਾਂ ਨੇ ਅੰਮ੍ਰਿਤ ਛਕਿਆ ਤੇ ਖਾਲਸਾ ਪੰਥ ਵਿਚ ਸ਼ਾਮਲ ਹੋਏ । ਗੁਰੂ ਸਾਹਿਬ ਦਾ ਇਹ ਇਕ ਐਸਾ ਮਹਾਨ ਕਾਰਨਾਮਾ ਸੀ ਜਿਸਨੇ ਮੁਰਦਾ ਕੌਮ ਵਿਚ ਰੂਹ ਫੂਕ ਦਿੱਤੀ। ਸੌਈ ਹੋਈ ਹਿੰਦੁਸਤਾਨ ਦੀ ਮਿੱਟੀ ਵਿਚੋਂ ਅਜਿਹੇ ਸੰਤ ਸਿਪਾਹੀ ਪੈਦਾ ਕੀਤੇ ਜਿਸਨੇ ਦੇਸ਼ ਤੇ ਕੌਮ ਦੀ ਤਸਵੀਰ ਬਦਲ ਕੇ ਰੱਖ ਦਿੱਤੀ । ਸਿੱਖਾਂ ਨੂੰ ਉਸ ਮੰਜਿਲ 'ਤੇ ਪੁਚਾ ਦਿਤਾ ਜਿਥੇ ਦੁਸ਼ਮਣਾਂ ਦੀਆਂ ਲੱਖਾਂ ਕੋਸ਼ਿਸ਼ਾਂ ਵੀ ਹਿਲਾ ਨਾ ਸਕੀਆਂ। ਰਾਜੇ, ਮਹਾਰਜਿਆਂ ਨੂੰ ਵੀ ਖਾਲਸਾ ਪੰਥ ਵਿਚ ਸ਼ਾਮਿਲ ਕਰਨ ਦੇ ਯਤਨ ਕੀਤੇ, ਪਰ ਉਹ ਜਾਤ ਪਾਤ, ਨਸਲ, ਗੋਤ, ਕੁਲ ਤੋਂ ਉਪਰ ਨਹੀਂ ਉਠ ਸਕੇ। ਉਨਾਂ ਨੇ ਆਪਣੀ ਐਸ਼ਪ੍ਰਸਤੀ ਤੇ ਅਜ਼ਾਦੀ ਦਾ ਸੌਖਾ ਰਾਹ ਚੁਣਿਆ। ਰਾਜੇ, ਮਹਾਰਾਜੇ ਤੇ ਉੱਚੀਆਂ ਜਾਤਾਂ ਦੇ ਲੋਕਾਂ ਨੇ ਗੁਰੂ ਸਾਹਿਬ ਦੀਆਂ ਸਰਗਰਮੀਆਂ ਨੂੰ ਆਪਣੇ ਲਈ ਖ਼ਤਰਾ ਤੇ ਵਿਦਰੋਹ ਸਮਝਿਆ। ਨੀਵੀਆਂ ਜਾਤੀਆਂ ਦੇ ਬਰਾਬਰ ਖੜਾ ਕਰਨਾ ਉਨਾਂ ਕੋਲ ਸਹਿਣ ਨਹੀਂ ਸੀ ਹੋ ਰਿਹਾ। ਇਹੀ ਕਾਰਨ ਹੈ ਕਿ ਇਸ ਕੌਮੀ ਤੇ ਅਧਿਆਤਮਿਕ ਜਦੋ-ਜਹਿਦ ਵਿਚ ਜਿੰਨੀਆਂ ਰੁਕਾਵਟਾਂ ਤੇ ਮੁਸ਼ਕਲਾਂ ਰਾਜਿਆਂ, ਮਹਾਰਾਜਿਆਂ ਨੇ ਖੜੀਆਂ ਕੀਤੀਆਂ ਮੁਗਲ ਹਕੂਮਤ ਨੇ ਵੀ ਨਹੀਂ ਖੜੀਆਂ ਕੀਤੀਆਂ।

ਖਾਲਸਾ ਪੰਥ ਨੇ ਉਨਾਂ ਸਾਰੀਆਂ ਗੱਲਾਂ ਦਾ ਡਟ ਕੇ ਵਿਰੋਧ ਕੀਤਾ ਜਿਨਾਂ ਤੇ ਭਾਰਤੀ ਸਮਾਜ ਨੂੰ ਉਸਾਰਿਆ ਗਿਆ ਸੀ । ਜਿਨਾਂ ਨੂੰ ਧਰਤੀ ਤੇ ਕੀੜਿਆਂ ਵਾਂਗੂ ਰੇਗਣ ਦਾ ਹੁਕਮ ਸੀ ਘੋੜਿਆਂ 'ਤੇ ਚੜਨ ਦੀ ਮਨਾਹੀ ਸੀ ਉਨਾਂ ਨੂੰ ਸਹਿ-ਸਵਾਰ ਬਣਾ ਦਿੱਤਾ। ਜਿਨਾਂ ਨੂੰ ਘਰ ਵਿਚ ਕਰਦ ਰੱਖਣ ਦੀ ਆਗਿਆ ਨਹੀਂ ਸੀ ਉਨਾਂ ਦੇ ਹੱਥ ਤਲਵਾਰਾਂ ਪਕੜਾ ਦਿੱਤੀਆਂ। ਜਿਨਾਂ ਨੀਵੀਆਂ ਜਾਤਾਂ ਦੀ ਹੋਂਦ ਨਾਲ ਹਵਾ ਗੰਦੀ ਹੋ ਜਾਂਦੀ, ਮੰਦਰਾਂ ਵਿਚ ਜਾਣਾ ਤਾਂ ਇਕ ਪਾਸੇ ਮੰਦਰਾਂ ਦੇ ਆਸ ਪਾਸ ਵੀ ਜਾਣ ਦੀ ਮਨਾਹੀ ਸੀ ਉਨਾਂ ਨੂੰ ਸੰਗਤ ਤੇ ਪੰਗਤ ਵਿਚ ਬੈਠਣ ਦੀ ਅਜ਼ਾਦੀ ਦੇ ਦਿੱਤੀ। ਔਰੰਗਜ਼ੇਬ ਨੇ ਜਦ ਮੰਦਰਾਂ ਵਿਚ ਸੰਖ ਵਜਾਉਣ ਦੀ ਮਨਾਹੀ ਕੀਤੀ ਤਾਂ ਰਣਜੀਤ ਨਗਾਰੇ ਵਜਾਉਣ ਦੀ ਪ੍ਰੰਪਰਾ ਸ਼ੁਰੂ ਕਰਵਾ ਦਿੱਤੀ । ਜਦ ਉਸਨੇ ਸੰਗੀਤ ਤੇ ਰਾਗ ਦੀ ਮਨਾਹੀ ਕੀਤੀ ਤਾਂ ਕਵੀਆਂ, ਢਾਡੀਆਂ, ਰਾਗੀਆਂ ਤੇ ਸੰਗੀਤਕਾਰਾਂ ਨੂੰ ਆਪਣੇ ਦਰਬਾਰ ਦਾ ਸ਼ਿੰਗਾਰ ਬਣਾ ਲਿਆ । ਸੰਸਕ੍ਰਿਤ ਪਾਠਸ਼ਾਲਾਂ ਬੰਦ ਕਰਵਾਈਆਂ ਤਾਂ ਗੁਰੂ ਸਾਹਿਬ ਨੇ ਸਿੱਖਾਂ ਨੂੰ ਸੰਸਕ੍ਰਿਤ ਪੜਨ ਲਈ ਬਨਾਰਸ ਭੇਜ ਦਿੱਤਾ । ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਆਪਣੇ ਕੋਲ ਇਕ ਖੰਡਾ ਰੱਖਣ ਦਾ ਹੁਕਮ ਦਿੱਤਾ ਤੇ ਵੰਗਾਰ ਕੇ ਕਿਹਾ ਕੀ ਲੋੜ ਪਵੇ ਇਸ ਨੂੰ ਗਡ ਲਵੋ। ਦੇਖੋ ਕਿਸ ਦੀ ਹਿੰਮਤ ਪੈਂਦੀ ਹੈ ਇਸ ਅੱਗੇ ਸਿਰ ਚੁਕਣ ਦੀ ਅਗਰ ਫਿਰ ਵੀ ਕੋਈ ਚੁੱਕੇ ਤਾਂ ਗਰਦਨ ਲਾਹ ਦਿਉ ।

ਸੰਤਾਂ ਅਤੇ ਸ਼ਹੀਦਾਂ ਦੀ ਇਸ ਧਾਰਮਿਕ ਸੰਪਰਦਾ ਨੇ ਹੌਲੀ ਹੌਲੀ ਬਹਾਦਰ ਯੋਧਿਆਂ ਦੇ ਸੰਗਠਨ ਦਾ ਰੂਪ ਧਾਰਨ ਕਰ ਲਿਆ ਜੋ ਸਿਪਾਹੀ ਤਾਂ ਬਣੇ ਪਰ ਸੰਤਾਂ ਵਾਲੇ ਗੁਣ ਨਹੀਂ ਛੱਡੇ। ਉਨਾਂ ਨੇ ਆਪਣੇ ਸਿੱਖਾਂ ਨੂੰ ਸਿਰਫ ਤਾਕਤ ਹੀ ਨਹੀਂ ਬਖਸ਼ੀ, ਸੰਸਕਾਰ ਵੀ ਦਿੱਤੇ। ਸਮਾਜ ਸੇਵਾ ਨੂੰ ਇਕ ਰੂਹਾਨੀ ਤਰੱਕੀ ਵਾਸਤੇ ਮੁਢਲੀ ਸ਼ਰਤ ਬਣਾ ਦਿੱਤਾ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ 'ਤੇ ਕਾਬੂ ਪਾਉਣ ਦੀ ਜਰੂਰਤ 'ਤੇ ਜ਼ੋਰ ਦਿੱਤਾ। ਜਾਤ- ਪਾਤ ਦੀਆਂ ਸੰਸਥਾਵਾਂ-ਉਚੇ-ਨੀਵੇਂ ਰੁਤਬੇ, ਮਰਦ-ਇਸਤਰੀ ਵਿਚ ਨਾ ਬਰਾਬਰੀ, ਧਾਰਮਿਕ ਤੇ ਸਿਆਸੀ ਜਬਰ ਦੇ ਖਿਲਾਫ਼ ਜਦੋ-ਜਹਿਦ ਕਰਨ ਦੀ ਹਿੰਮਤ ਤੇ ਤਾਕਤ ਬਖਸ਼ੀ, ਸ਼ਕਤੀ ਸੰਕਲਪ ਤੇ ਸਮਾਜ ਸੇਵਾ ਨੂੰ ਇਨਕਲਾਬੀ ਰੰਗਤ ਦਿੱਤੀ। ਮਨੁਖ ਦੀ ਸੰਪੂਰਨ ਅਜਾਦੀ ਸਿੱਖ ਲਹਿਰ ਦਾ ਨਿਸ਼ਾਨਾ ਬਣ ਗਿਆ ਜਿਸਨੇ ਮੁਗਲ ਹਕੂਮਤ ਦੇ ਹਰ ਜੁਲਮ ਦਾ ਡਟ ਕੇ ਵਿਰੋਧ ਕੀਤਾ। ਲੋੜ ਪਈ ਤਾਂ ਕੁਰਬਾਨੀਆਂ ਵੀ ਦਿੱਤੀਆਂ ਜਿਸ ਵਿਚ ਉਮਰ ਦੀ ਕੋਈ ਅਹਿਮੀਅਤ ਨਹੀਂ ਸੀ। ਗੁਰੂ ਸਾਹਿਬ ਦੇ ਛੋਟੇ ਸਾਹਿਬਜਾਦੇ ਨੇ ਲੜਾਈ ਦੇ ਮੈਦਾਨ ਵਿਚ ਛੋਟੇ ਖੰਡੇ ਵਾਹੇ । ਦੋ ਛੋਟੇ ਪੁੱਤਰਾਂ ਨੇ ਸਰਹੰਦ ਦੀਆਂ ਨੀਹਾਂ ਵਿਚ ਧਰਮ ਬਦਲਣ ਦੀ ਬਜਾਏ ਸ਼ਹੀਦੀ ਨੂੰ ਤਰਜੀਹ ਦਿੱਤੀ । ਬੰਦਾ ਬਹਾਦਰ ਦਾ ਚਾਰ ਸਾਲ ਦਾ ਪੁੱਤ ਸ਼ਹੀਦ ਹੋਇਆ ਤੇ ਇਸਤੋਂ ਬਾਅਦ ਹੋਰ ਕਿੰਨੇ ਹੀ ਬੱਚੇ ਬੱਚੀਆਂ ਨੇ ਅਕਿਹ ਤੇ ਅਸਹਿ ਕਸ਼ਟ ਸਹਾਰਦੇ ਹੋਏ ਸ਼ਹੀਦੀਆਂ ਨੂੰ ਗਲੇ ਲਗਾਇਆ ।

'ਭੇ ਕਾਹੂ ਕਉ ਦੇਤ ਨਾਹਿ ਭੇ ਮਾਨਤ ਆਨ' ਬੜੀ ਵਾਰ ਭੁਲੇਖਾ ਪਾਇਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਨਾਨਕ ਦਾ ਰਾਹ ਤਿਆਗ ਕੇ ਸਿਖਾਂ ਦੀ ਪਰਮਾਰਥ ਏਕਤਾ ਨੂੰ ਦੁਨਿਆਵੀ ਸਫਲਤਾ ਦਾ ਵਸੀਲਾ ਬਣਾ ਦਿੱਤਾ। ਰਾਜਸੀ ਉਨਤੀ ਦਾ ਸਾਧਨ ਬਣਾ ਦਿੱਤਾ ਜਿਸ ਕਰਕੇ ਸਿੱਖ ਜੋ ਸਦੀਆਂ ਤੋਂ ਸੱਚੇ ਸੁੱਚੇ ਮਨੁੱਖ ਬਣਨ ਵੱਲ ਪ੍ਰਗਤੀ ਕਰ ਰਹੇ ਸੀ ਨਿਰੇ ਸਿਪਾਹੀ ਬਣ ਕੇ ਰਹਿ ਗਏ (ਜਾਦੂ ਨਾਥ ਸਰਕਾਰ)। ਕਈ ਲੋਕ ਜਿਨਾਂ ਨੇ ਇਤਿਹਾਸ ਨੂੰ ਠੀਕ ਤਰਾਂ ਪੜਿਆ ਨਹੀਂ ਜਾਂ ਜਾਣ-ਬੁਝ ਕੇ ਗੁਰੂ ਸਾਹਿਬ ਦੀ ਤੁਲਨਾ ਮਹਾਰਾਣਾ ਪ੍ਰਤਾਪ ਅਤੇ ਸ਼ਿਵਾ ਜੀ ਨਾਲ ਕਰਦੇ ਹਨ। ਸਚਮੁੱਚ ਉਨਾਂ ਦੀ ਸੋਚ ਅਤੇ ਮਾਨਸਿਕ ਉਡਾਰੀ ਤੇ ਬੜਾ ਅਫਸੋਸ ਹੁੰਦਾ ਹੈ। ਉਨਾਂ ਨੂੰ ਬਹੁਤ ਢੁਕਵਾਂ ਤੇ ਮੂੰਹ ਤੋੜਵਾਂ ਜਵਾਬ 'ਅਰਬਿੰਦੂ ਘੋਸ਼' ਨੇ ਆਪਣੀ ਪੁਸਤਕ 'ਫਾਊਂਡੇਸ਼ਨ ਆਫ ਇੰਡੀਅਨ ਕਲਚਰ' ਵਿੱਚ ਦਿੱਤਾ ਹੈ ਕਿ 'ਮਹਾਰਾਣਾ ਪ੍ਰਤਾਪ ਤੇ ਸ਼ਿਵਾ ਜੀ ਦਾ ਨਿਸ਼ਾਨਾ ਸੀਮਤ ਅਤੇ ਕਰਤਵ ਨਿੱਜੀ ਸਨ। ਦੂਜੇ ਪਾਸੇ ਖਾਲਸਾ ਅਸਚਰਜ ਮਈ ਅਨੋਖੀ ਤੇ ਨਿਰਾਲੀ ਸਿਰਜਨਾ ਹੈ।' 'ਸੀ. ਐਚ. ਪੇਨ' ਲਿਖਦਾ ਹੈ ਕਿ 'ਇਹ ਗੁਰੂ ਗੋਬਿੰਦ ਸਿੰਘ ਜੀ ਦਾ ਹੀ ਕਮਾਲ ਹੈ ਜਿਨਾਂ ਨੇ ਜਾਤ ਪਾਤ ਦੇ ਦੈਂਤ ਨੂੰ ਸਿੰਙਾਂ ਤੋਂ ਪਕੜ ਕੇ ਕਾਬੂ ਕੀਤਾ। ਜਾਤ ਦੀਆਂ ਜੜਾਂ ਉੱਤੇ ਕੁਲਹਾੜਾ ਮਾਰਿਆ ਅਤੇ ਐਸੀ ਕੌਮ ਬਣਾਉਣ ਦਾ ਫੈਸਲਾ ਕੀਤਾ ਜੋ ਖਿਆਲੀ ਅਤੇ ਅਮਲੀ ਤੌਰ 'ਤੇ ਇੱਕ ਹੋਵੇ।

ਕੁਨਿੰਘਮ ਲਿਖਦੇ ਹਨ, ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਂ ਵਿਚ ਐਸੀ ਰੂਹ ਫੂਕੀ ਜਿਸਨੇ ਨਾ ਸਿਰਫ ਸਿੱਖਾਂ ਦੇ ਤਨ ਮਨ ਨੂੰ ਬਦਲ ਦਿੱਤਾ, ਉਨਾਂ ਦੀ ਅਕਲ, ਸ਼ਕਲ, ਹਿੰਮਤ ਤੇ ਤਾਕਤ ਸਭ ਕੁਝ ਬਦਲ ਕੇ ਰੱਖ ਦਿੱਤਾ।' ਸਾਧੂ ਟ ਲ.ਵਾਸਵਾਨੀ ਲਿਖਦੇ ਹਨ, ਜੋ ਕੰਮ ਹਜ਼ਾਰਾਂ ਰਲ ਕੇ ਨਾ ਕਰ ਸਕੇ, ਉਹ ਗੁਰੂ ਗੋਬਿੰਦ ਸਿੰਘ ਜੀ ਨੇ ਕਰ ਕੇ ਦਿਖਾਇਆ, ਜਿਨਾਂ ਦੀ ਹਸਤੀ ਰਾਹ ਚਲਦੇ ਕੀੜਿਆਂ ਤੋਂ ਵੱਧ ਕੇ ਨਹੀਂ ਸੀ, ਗਲੇ ਨਾਲ ਲਗਾਇਆ, ਅੰਮ੍ਰਿਤ ਛਕਾ ਕੇ ਸਰਦਾਰ ਬਣਾਇਆ । ਬਸ ਇਥੇ ਹੀ ਨਹੀਂ ਉਨਾਂ ਤੋਂ ਆਪ ਅੰਮ੍ਰਿਤ ਛਕ ਕੇ ਗੁਰੂ ਚੇਲੇ ਦਾ ਭੇਦ ਮਿਟਾ ਦਿੱਤਾ।' ਇਤਿਹਾਸਕਾਰ ਲਿਖਦੇ ਹਨ ਜਿਹੜਾ ਸ਼ਾਨਦਾਰ ਖਾਲਸਾ ਰਾਜ ਮਹਾਰਾਜਾ ਰਣਜੀਤ ਸਿੰਘ ਨੇ ਬਣਾਇਆ ਸੀ ਉਸਦਾ ਨੀਂਹ-ਪੱਥਰ ਵੀ ਗੁਰੂ ਕੇ ਖਾਲਸੇ ਨੇ ਰੱਖਿਆ । ਜਾਲਮਾਂ ਨੂੰ ਪੰਜਾਬ ਤੋਂ ਸਦਾ ਲਈ ਕੱਢ ਦਿੱਤਾ ਤੇ ਸਦੀਆਂ ਦਾ ਜ਼ੁਲਮੀ ਰਾਜ ਖਤਮ ਕਰ ਦਿੱਤਾ।

ਸਾਫ਼ੀ ਖਾਨ ਲਿਖਦਾ ਹੈ, 'ਜਿਹੜੀ ਰੂਹ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਨਾ ਕਰਕੇ ਸਿੱਖ ਕੌਮ ਵਿਚ ਫੂਕੀ ਹੈ ਉਹ ਦੁਨੀਆ ਦੀ ਇਕ ਅਨੋਖੀ ਮਿਸਾਲ ਹੈ। ਹਰੀ ਰਾਮ ਗੁਪਤਾ' ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਲਿਤਾੜੇ ਲੋਕਾਂ ਨੂੰ ਸਰਦਾਰ ਤੇ ਸੂਰਮੇ ਬਣਾ ਦਿੱਤਾ। ਇਨਾਂ ਲਿਤਾੜੇ ਲੋਕਾਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਤੇ ਸ਼ਬਦ ਰਾਹੀਂ ਐਸੀ ਸ਼ਕਤੀ ਪ੍ਰਾਪਤ ਕਰ ਲਈ ਕਿ ਇਹ ਲੋਕ ਗੁਰੂ ਜੀ ਦੀ ਇਕ ਆਵਾਜ਼ ਤੇ ਬੰਦੂਕਾਂ ਅੱਗੇ ਪੈਲਾਂ ਪਾਉਂਦੇ ਨਜ਼ਰ ਆਉਂਦੇ। ਮੋਰ, ਬੱਦਲ ਦੇਖ ਕੇ ਪੈਲਾਂ ਪਾਉਂਦੇ, ਸੱਪ ਬੀਨ ਦੀ ਮਧੁਰ ਧੁਨੀ ਸੁਣ ਕੇ ਮਸਤ ਹੁੰਦੇ, ਬੰਸਰੀ ਦੀ ਸੁਰੀਲੀ ਆਵਾਜ਼ 'ਤੇ ਪੰਛੀ ਮੋਹਿਤ ਹੁੰਦੇ ਤਾਂ ਸਾਰੀ ਦੁਨੀਆਂ ਨੇ ਸੁਣੇ ਸਨ, ਪਰ ਬੰਦੂਕ ਦੀ ਗੋਲੀ ਜਿਸ ਵਿਚੋਂ ਸਿਰਫ ਮੌਤ ਦਾ ਹੀ ਸੁਨੇਹਾ ਨਿਕਲਦਾ ਹੋਵੇ, ਉਸ ਅੱਗੇ ਪੈਲਾਂ ਪਾਉਣੀਆਂ ਤੇ ਇੱਕ ਦੂਜੇ ਤੋਂ ਅੱਗੇ ਹੋ ਕੇ ਸ਼ਹੀਦੀ ਦਾ ਜਾਮ ਪੀਣ ਲਈ ਝਗੜਨਾ, ਸਿਰਫ ਗੁਰੂ ਗੋਬਿੰਦ ਸਿੰਘ ਦੇ ਸਿਖਾਂ ਦਾ ਹੀ ਕਮਾਲ ਹੈ ।

ਡਾਕਟਰ ਆਰ. ਸੀ. ਮਜੂਮਦਾਰ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਉਨਾਂ ਦੀ ਦੇਸ਼ ਭਗਤੀ ਦੇ ਜਜ਼ਬੇ, ਦਲੇਰੀ ਤੇ ਧਾਰਮਿਕ ਉਚਤਾ ਤੋਂ ਬਹੁਤ ਪ੍ਰਭਾਵਿਤ ਸਨ ਪਰ ਉਨਾਂ ਦੀ ਸੂਝ ਬੂਝ ਤੇ ਜਥੇਬੰਦਕ ਤੇ ਪ੍ਰਬੰਧਕ ਸ਼ਕਤੀ ਜਿਸ ਦੁਆਰਾ ਉਨਾਂ ਨੇ ਵੰਨ ਸੁਵੰਨੇ ਜਾਤੀ ਦੇ ਲੋਕਾਂ ਵਿਚੋਂ ਇੱਕ ਨਵੀਂ ਕੌਮ ਦੀ ਸਿਰਜਨਾ ਕੀਤੀ, ਦੇ ਪੁਜਾਰੀ ਬਣ ਗਏ। ਉਹ ਕਹਿੰਦੇ ਹਨ ਕਿ ਇਸ ਤੋਂ ਪਹਿਲਾਂ ਜਾਂ ਬਾਅਦ ਇਸ ਤਰਾਂ ਜਾਤਾਂ ਦੇ ਭੇਦ-ਭਾਵ ਮਿਟਾ ਕੇ ਕਿਸੇ ਨੇ ਵੀ ਹਿੰਦੂ ਅਤੇ ਮੁਸਲਮਾਨਾਂ ਨੂੰ ਇੱਕ ਲੜੀ ਵਿੱਚ ਪਰੋਣ ਦਾ ਕੰਮ ਨਹੀਂ ਸੀ ਕੀਤਾ ਜੋ ਗੁਰੂ ਜੀ ਨੇ ਖਾਲਸਾ ਸਾਜ ਕੇ ਕਰ ਵਿਖਾਇਆ। ਭਾਰਤੀ ਇਤਿਹਾਸ ਵਿੱਚ ਇਹ ਇੱਕ ਲਾਸਾਨੀ ਤੇ ਅਦੁੱਤੀ ਮਿਸਾਲ ਹੈ ਜਿਸ ਵਾਸਤੇ ਸਾਰੇ ਭਾਰਤੀਆਂ ਨੂੰ ਗੁਰੂ ਜੀ ਦਾ ਅਹਿਸਾਨਮੰਦ ਹੋਣਾ ਚਾਹਿਦਾ ਹੈ।

'ਲਾਲਾ ਦੌਲਤ ਰਾਏ' ਜੀ ਲਿਖਦੇ ਹਨ 'ਜਿਨਾਂ ਸ਼ੂਦਰਾਂ ਦੀ ਬਾਤ ਕੋਈ ਨਹੀਂ ਸੀ ਪੁੱਛਦਾ, ਜਿਨਾਂ ਨੂੰ ਦੁਰਕਾਰਿਆਂ ਤੇ ਫਿਟਕਾਰਿਆਂ ਵਾਰ ਵੀ ਨਹੀਂ ਸੀ ਆਉਂਦੀ, ਜੋ ਗੁਲਾਮੀ ਤੇ ਜ਼ਿਲਤ ਦੀ ਜਿੰਦਗੀ ਗੁਜ਼ਾਰ ਰਹੇ ਸਨ ਉਨਾਂ ਨੂੰ ਸੰਸਾਰ ਦੇ ਮਹਾਂ ਯੋਧਿਆਂ ਦੀਆਂ ਕਤਾਰਾਂ ਵਿਚ ਖੜਾ ਕਰ ਦਿੱਤਾ। ਜੋ ਰਾਮ ਚੰਦਰ ਜੀ ਨਾ ਕਰ ਸਕੇ, ਜਿਸ ਬਾਰੇ ਸੋਚਣ ਦਾ ਕ੍ਰਿਸ਼ਨ ਜੀ ਨੂੰ ਖਿਆਲ ਤੱਕ ਨਾ ਆਇਆ, ਜਿਹੜਾ ਸ਼ੰਕਰ ਦੀ ਨਜ਼ਰ ਵਿੱਚ ਨੀਵਾਂ ਕੰਮ ਸੀ, ਜਿਹੜਾ ਕੰਮ ਸੂਰਜ ਤੇ ਚੰਦਰ ਵੰਸੀ ਰਾਜਿਆਂ ਦੇ ਬਹਾਦਰਾਂ ਨੂੰ ਨਾ ਸੁਝਿਆ, ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕਰਕੇ ਦਿਖਾ ਦਿੱਤਾ । 'ਹਜ਼ਰਤ ਮੁਹੰਮਦ' ਸਾਹਿਬ ਨੇ ਕੁੱਝ ਉਪਰਾਲੇ ਤਾਂ ਕੀਤੇ ਪਰ ਉਹ ਵੀ ਮੁਸਲਮਾਨਾਂ ਵਿਚੋਂ ਗੁਲਾਮੀ ਦੀ ਬਦ-ਆਦਤ ਨਾ ਕੱਢ ਸਕੇ। ਇੱਕ ਮੁਸਲਮਾਨ ਦੂਜੇ ਮੁਸਲਮਾਨ ਦਾ ਉਸੇ ਤਰਾਂ ਹੀ ਗੁਲਾਮ ਹੁੰਦਾ ਹੈ ਜਿਵੇਂ ਕਿਸੇ ਹੋਰ ਕੌਮ ਦਾ ਕਾਫ਼ਰ।'

ਮੈਕਲਾਫ ਲਿਖਦਾ ਹੈ: 'ਗੁਰੂ ਵਿੱਚ ਜਾਦੂਈ ਤਾਕਤ ਸੀ, ਉਨਾਂ ਦੇ ਉਪਦੇਸ਼ਾਂ ਦਾ ਜਾਦੂਈ ਅਸਰ ਆਮ ਲੋਕਾਂ 'ਤੇ ਹੋਇਆ, ਜਿਸ ਨੇ ਲਿਤਾੜੇ ਹੋਏ ਲੋਕਾਂ ਨੂੰ ਸੰਸਾਰ ਦੇ ਪ੍ਰਸਿੱਧ ਯੋਧੇ ਬਣਾ ਦਿੱਤਾ। ਸਿੱਖ ਗੁਰੂਆਂ ਤੋਂ ਪਹਿਲਾਂ ਦੁਨੀਆਂ ਦੇ ਕਿਸੇ ਵੀ ਜਰਨੈਲ ਨੇ ਉਨਾਂ ਆਦਮੀਆਂ ਨੂੰ ਜਥੇਬੰਦ ਕਰਨ ਦਾ ਖਿਆਲ ਤੱਕ ਨਹੀਂ ਸੀ ਕੀਤਾ ਜਿਨਾਂ ਨੂੰ ਉਚ ਜਾਤੀ ਦੇ ਲੋਕ ਜਨਮ ਤੋਂ ਦੂਰ ਦੂਰ ਕਰਦੇ ਆ ਰਹੇ ਸਨ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਜਿਨਾਂ ਨੂੰ ਸੰਸਾਰ ਦੀ ਰਹਿੰਦ ਖੂਹੰਦ ਕਿਹਾ ਜਾਂਦਾ ਸੀ, ਵਿੱਚ ਐਸੀ ਸ਼ਕਤੀ ਭਰੀ ਕਿ ਉਹ ਯੋਧੇ ਹੋ ਨਿਬੜੇ ਤੇ ਫਿਰ ਯੋਧੇ ਭੀ ਐਸੇ ਜਿਨਾਂ ਦੀ ਦ੍ਰਿੜਤਾ, ਦਲੇਰੀ ਤੇ ਵਫਾਦਾਰੀ ਦੇ ਅੱਗੇ ਕਿਸੇ ਆਗੂ ਨੂੰ ਮਾਯੂਸ ਨਹੀਂ ਹੋਣਾ ਪਿਆ।'

## 'ਇਸੁ ਮਨ ਕਉ ਕੋਈ ਖੋਜਹੁ ਭਾਈ'

ਜਦੋਂ ਵੀ ਮਨੁੱਖ ਉਸ ਅਕਾਲ ਪੁਰਖ ਤੋਂ ਦੂਰ ਹੁੰਦਾ ਹੈ, ਉਹ ਦੁਨਿਆਵੀ ਜੀਵਨ ਬਤੀਤ ਕਰਦਾ ਹੈ ਜਿਸ ਵਿਚ ਅਨੇਕਾਂ ਦੁੱਖ ਤਕਲੀਫ਼ਾਂ ਸਹਾਰਦਾ ਹੋਇਆ ਉਹ ਜੀਵਨ ਦਾ ਘੋਲ ਘੁਲਦਾ ਹੈ, ਪਰ ਜਦੋਂ ਹੀ ਉਸ ਨੂੰ ਅਕਾਲ ਪੁਰਖ ਦੀ ਪ੍ਰਾਪਤੀ ਹੋਣ ਦਾ ਅਹਿਸਾਸ ਹੋ ਜਾਂਦਾ ਹੈ ਤਾਂ ਉਸ ਦਾ ਜੀਵਨ ਆਨੰਦਮਈ ਬਤੀਤ ਹੁੰਦਾ ਹੈ।

ਅਕਾਲ ਪੁਰਖ ਵਾਹਿਗੁਰੂ ਦੇ ਭਰੋਸੇ ਵਿੱਚ ਰਹਿਣਾ ਅਤੇ ਉਸ ਦੇ ਹੁਕਮ ਅਨੁਸਾਰ ਕਾਰਜ ਕਰਨਾ ਦੁਨਿਆਵੀ ਬਿਰਤੀ ਤੋਂ ਹਟ ਕੇ ਗੁਰਬਾਣੀ ਦੇ ਆਸ਼ੇ ਅਨੁਸਾਰ ਜੀਵਨ ਬਤੀਤ ਕਰਨਾ ਹੈ ।

ਸੰਤ ਮਸਕੀਨ ਸਿੰਘ ਜੀ ਦਾ ਇਹ ਅਨੁਭਵੀ ਗਿਆਨ ਮਨੁੱਖ ਦੀਆਂ ਗਿਆਨ ਇੰਦਰੀਆਂ ਨੂੰ ਅਕਾਲ ਪੁਰਖ ਦੇ ਭਾਣੇ ਵਿਚ ਚਲਾਉਣ ਦਾ ਯਤਨ ਕਰਦਾ ਹੈ । ਜੇਕਰ ਥੋੜਾ ਜਿਹਾ ਗਹਿਰਾਈ ਵਿਚ ਸੋਚਿਆ ਜਾਵੇ ਤਾਂ ਜ਼ਿੰਦਗੀ ਦਾ ਅਸਲ ਆਨੰਦ ਤਾਂ ਹੀ ਪ੍ਰਾਪਤ ਹੁੰਦਾ ਹੈ ਜੇਕਰ ਇਨਸਾਨ ਦਾ ਮਨ ਖੁਸ਼ ਹੋਵੇ ਇਸ ਮਨ ਨੂੰ ਖ਼ੁਸ਼ ਕਰਨ ਦੇ ਲਈ ਇਕੋ ਇਕ ਸਾਧਨ ਹੈ ਉਹ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਇਲਾਹੀ ਫੁਰਮਾਨ ਹੈ ਜੋ ਸਤਿਗੁਰ ਨਾਨਕ ਪਾਤਸ਼ਾਹ ਦੇ ਰਾਹੀਂ ਇਸ ਜਗਤ ਵਿਚ ਆਇਆ ਹੈ।

# ਜਦ ਹੁੰਦੇ ਸਨ 'ਟੋਕਨ' ਲੱਗੇ 'ਸਾਈਕਲ' ਟਾਵੇਂ-ਟਾਵੇਂ

ਹਰਮਨਪ੍ਰੀਤ ਸਿੰਘ,
98550-10005

ਸਾਈਕਲ ਕਿਸੇ ਸਮੇਂ ਲਗਭਗ ਸਭ ਦੀ ਹਰਮਨ ਪਿਆਰੀ ਸਵਾਰੀ ਹੁੰਦੀ ਸੀ। ਕੀ ਕਦੀ ਕਿਸੇ ਸੋਚਿਆ ਸੀ ਕਿ ਸ਼ੁਰੂਆਤੀ ਦੌਰ ਵਿਚ ਲੱਕੜੀ ਤੋਂ ਬਣਿਆ ਸਾਈਕਲ ਹੌਲੀ-ਹੌਲੀ ਸਮਾਂ ਬੀਤਣ ਦੇ ਨਾਲ-ਨਾਲ ਅਲੱਗ-ਅਲੱਗ ਰੂਪ ਬਦਲਦਾ ਹੋਇਆ, ਲੱਕੜੀ ਤੋਂ ਧਾਤੂ ਦਾ ਤੇ ਅਲੱਗ-ਅਲੱਗ ਰੰਗਾਂ ਦਾ, ਅਲੱਗ-ਅਲੱਗ ਅਕਾਰਾਂ ਦਾ, ਕਦੋਂ ਬਣ ਜਾਵੇਗਾ ਤੇ ਇਸ ਨੂੰ ਰੱਖਣ ਅਤੇ ਚਲਾਉਣ ਲਈ ਸਾਈਕਲ ਟੋਕਨ ਜਾਂ ਕਹਿ ਲਈਏ ਸਰਕਾਰੀ ਲਾਇਸੈਂਸ ਲੈਣਾ ਪਵੇਗਾ। ਬੇਸ਼ੱਕ ਉਸ ਸਮੇਂ ਸਾਈਕਲ ਬਹੁਤੇ ਲੋਕਾਂ ਕੋਲ ਨਹੀਂ ਸਨ ਪ੍ਰੰਤੂ ਇਸ ਨੂੰ ਪਾਉਣ ਦੀ, ਇਸ ਨੂੰ ਚਲਾਉਣ ਦੀ ਇੱਛਾ ਬਹੁਤ ਲੋਕਾਂ ਦੀ ਹੁੰਦੀ ਸੀ। ਉਸ ਸਮੇਂ ਸਾਈਕਲ ਦੀ ਸਵਾਰੀ ਕਰਨ ਵਾਲੇ ਦੀ ਇਲਾਕੇ 'ਚ ਪੂਰੀ ਟੌਹਰ ਹੁੰਦੀ ਸੀ। ਪਿੰਡਾਂ, ਸ਼ਹਿਰ, ਕਸਬਿਆਂ ਵਿਚ ਕੀਤੇ ਟਾਵਾਂ- ਟਾਵਾਂ ਸਾਈਕਲ ਦੇਖਣ ਨੂੰ ਮਿਲਦਾ ਸੀ। ਮੈਂ ਗੱਲ ਕਰ ਰਿਹਾ ਹਾਂ ਉਸ ਸਮੇਂ ਦੀ ਜਦੋਂ ਸਾਡੇ ਦੇਸ਼ ਨੂੰ ਅਜ਼ਾਦ ਹੋਇਆ ਅਜੇ ਥੋੜਾ ਸਮਾਂ ਹੀ ਹੋਇਆ ਸੀ। ਇਹ ਸਮਾਂ ਸੀ, ਸੰਨ 1947 ਦੀ ਭਾਰਤ, ਪਾਕਿਸਤਾਨ ਵੰਡ ਤੋਂ ਬਾਅਦ ਦਾ ਜਦੋਂ ਟਾਵਾਂ-ਟਾਵਾਂ ਕਿਸੇ ਸਰਦੇ-ਪੁੱਜਦੇ ਵਿਅਕਤੀ ਕੋਲ ਸਾਈਕਲ ਹੁੰਦਾ ਤੇ ਉਸ ਸਮੇਂ ਸਾਈਕਲ ਰੱਖਣਾ ਕੋਈ ਸੌਖਾ ਨਹੀਂ ਸੀ ਹੁੰਦਾ, ਸਾਈਕਲ ਰੱਖਣ ਲਈ ਬਕਾਇਦਾ ਪਿੰਡਾਂ ਦੀਆਂ ਪੰਚਾਇਤ ਸੰਮਤੀਆਂ ਅਤੇ ਸ਼ਹਿਰਾਂ ਵਿਚ ਮਿਊਂਸਪਲ ਕਮੇਟੀ ਦੀ ਸਰਕਾਰੀ ਮਨਜ਼ੂਰੀ ਲੈਣੀ ਜ਼ਰੂਰੀ ਹੁੰਦੀ ਸੀ, ਜੋ ਕਿ ਇਕ ਸਾਈਕਲ ਟੋਕਨ/ਲਾਇਸੈਂਸ ਦੇ ਰੂਪ ਵਿਚ ਹੁੰਦੀ ਸੀ। ਪਿੰਡਾਂ, ਸ਼ਹਿਰ ਵਿਚ ਸਰਕਾਰ ਵਲੋਂ ਸਾਈਕਲ ਲਾਇਸੈਂਸ' ਬਣਾਏ ਜਾਂਦੇ, ਇਹ ਸਾਈਕਲ ਲਾਇਸੈਂਸ ਸਰਕਾਰ ਵਲੋਂ ਪਿੰਡਾ ਵਿਚ ਪੰਚਾਇਤ ਸੰਮਤੀਆਂ ਅਤੇ ਸ਼ਹਿਰਾਂ ਵਿਚ ਮਿਊਂਸਪਲ ਕਮੇਟੀਆਂ ਦੁਆਰਾ ਬਣਾਏ ਜਾਂਦੇ ਸਨ। ਇਹ ਸਾਈਕਲ ਲਾਇਸੈਂਸ ਸਰਕਾਰੀ 'ਫ਼ਾਰਮ ਓ' ਨੂੰ ਭਰ ਕੇ ਬਣਾਇਆ ਜਾਂਦਾ ਸੀ ਅਤੇ ਬਕਾਇਦਾ ਸਬੰਧਤ ਦਫਤਰ ਵਿਚ ਰਿਕਾਰਡ ਰੱਖਿਆ ਜਾਂਦਾ ਸੀ। ਇਸ ਸਰਕਾਰੀ 'ਫ਼ਾਰਮ ਓ' ਵਿਚ ਸਾਈਕਲ ਲਾਇਸੈਂਸ ਜਾਰੀ ਕਰਨ ਵਾਲੀ ਪੰਚਾਇਤ/ਮਿਊਂਸਪਲ ਕਮੇਟੀਆਂ ਦਾ ਨਾਮ, ਪਤਾ ਛਪਿਆ ਹੁੰਦਾ ਸੀ। ਸਾਈਕਲ ਮਾਲਕ ਨੂੰ ਸਾਈਕਲ ਲਾਇਸੈਂਸ ਜਾਰੀ ਕਰਨ ਲਈ ਸਰਕਾਰੀ 'ਫ਼ਾਰਮ ਓ' ਵਿਚ ਸਾਈਕਲ ਮਾਲਕ ਦਾ ਨਾਮ, ਪਿਤਾ ਦਾ ਨਾਮ, ਘਰ ਪਿੰਡ/ਸ਼ਹਿਰ ਦਾ ਪੂਰਾ ਪਤਾ ਭਰਿਆ ਜਾਂਦਾ, ਨਾਲ ਹੀ ਇਸ ਫ਼ਾਰਮ ਤੇ ਸਾਈਕਲ ਕੰਪਨੀ ਦਾ ਮਾਰਕਾ, ਸਾਈਕਲ ਦਾ ਚਾਸੀ ਨੰਬਰ ਤੇ ਸਾਈਕਲ ਲਾਇਸੈਂਸ ਦੀ ਵਸੂਲ ਕੀਤੀ ਗਈ ਸਰਕਾਰੀ ਫ਼ੀਸ ਲਿਖੀ ਜਾਂਦੀ ਸੀ। ਇਸ ਫ਼ਾਰਮ ਤੇ ਸਾਈਕਲ ਲਾਇਸੈਂਸ ਜਾਰੀ ਕਰਨ ਦੀ ਮਿਤੀ ਦੇ ਨਾਲ-ਨਾਲ ਸਾਈਕਲ ਲਾਇਸੈਂਸ ਦੀ ਮਿਆਦ ਖ਼ਤਮ ਹੋਣ ਦੀ ਮਿਤੀ ਵੀ ਲਿਖੀ ਜਾਂਦੀ ਸੀ ਅਤੇ ਨਾਲ ਹੀ ਸਾਈਕਲ ਨੂੰ ਜਾਰੀ ਕੀਤੀ ਅਧਿਕਾਰਤ ਪਲੇਟ ਨੰਬਰ ਜਿਸ ਨੂੰ ਵਧੇਰੇ ਕਰਕੇ 'ਟੋਕਨ' ਕਿਹਾ ਜਾਂਦਾ ਸੀ, ਇਸ ਤੇ ਲਿਖੇ ਨੰਬਰ ਨੂੰ ਵੀ ਇਸ 'ਫ਼ਾਰਮ ਓ' ਤੇ ਲਿਖਿਆ ਜਾਂਦਾ ਸੀ ਨਾਲ ਹੀ ਸਾਈਕਲ ਲਾਇਸੈਂਸ ਜਾਰੀ ਕਰਨ ਵਾਲੇ ਅਫਸਰ ਦੇ ਦਸਤਕ ਹੁੰਦੇ ਸਨ। ਸਾਰੀ ਸਰਕਾਰੀ ਕਾਰਵਾਈ ਮੁਕੰਮਲ ਹੋਣ ਉਪਰੰਤ ਸਾਈਕਲ ਮਾਲਕ ਨੂੰ ਸਾਈਕਲ ਲਾਇਸੈਂਸ ਜਾਰੀ ਕਰ ਅਧਿਕਾਰਤ ਪਲੇਟ ਨੰਬਰ ਦੇ ਰੂਪ ਵਿਚ ਇਕ ਪਿੱਤਲ ਦੀ ਧਾਤੂ ਦਾ ਬਣਿਆ 'ਟੋਕਨ' ਦਿੱਤਾ ਜਾਂਦਾ ਜਿਸ ਨੂੰ ਸਾਈਕਲ ਮਾਲਕ ਆਪਣੇ ਸਾਈਕਲ ਦੇ ਅਗਲੇ ਪਾਸੇ ਲਗਾ ਲੈਂਦਾ ਤਾਂ ਜੋ ਸਬੰਧਤ ਇਲਾਕੇ ਦੀ ਪੰਚਾਇਤ/ਮਿਊਂਸਪਲ ਕਮੇਟੀਆਂ ਦੀ ਬਿਨਾਂ ਰੋਕ-ਟੋਕ ਤੋਂ ਸਾਈਕਲ ਮਾਲਕ



ਸਾਈਕਲ ਚਲਾ ਸਕੇ। ਇਸ ਸਾਈਕਲ ਟੋਕਨ ਵਿਚ ਇਕ ਸੁਰਾਖ ਹੁੰਦਾ ਜਿਸ ਵਿਚ ਨਟ-ਬੋਲਟ ਵਿਚ ਪਾ ਸਾਈਕਲ ਦੇ ਅਗਲੇ ਪਾਸੇ ਇਹ ਸਰਕਾਰੀ 'ਟੋਕਨ' ਕੱਸ ਲਿਆ ਜਾਂਦਾ ਸੀ। ਇਸ ਸਾਈਕਲ ਟੋਕਨ ਦੀ ਮੋਟਾਈ ਲਗਭਗ ਪੁਰਾਣੇ ਭਾਰਤੀ ਇੱਕ ਰੁਪਏ ਜਿੰਨੀ ਹੁੰਦੀ ਤੇ ਇਸ ਦੀ ਲੰਬਾਈ, ਚੌੜਾਈ ਤਕਰੀਬਨ ਦੋ ਇੰਚ ਦੇ ਕਰੀਬ ਹੁੰਦੀ ਸੀ। ਜਿਆਦਾ ਤਰ ਸਾਈਕਲ ਟੋਕਨ ਗੋਲਾਕਾਰ ਹੀ ਹੁੰਦੇ ਸਨ ਅਤੇ ਟੋਕਨ ਦੇ ਬਿਲਕੁਲ ਵਿਚਕਾਰ ਇਕ ਸੁਰਾਖ ਹੁੰਦਾ ਸੀ। ਸਾਈਕਲ ਟੋਕਨ ਨੂੰ ਸਾਈਕਲ ਨਾਲ ਕੱਸਣ/ਲਗਾਉਣ ਲਈ ਜੋ ਸੁਰਾਖ ਟੋਕਨ ਵਿੱਚ ਹੁੰਦਾ ਉਸ ਦੀ ਗੋਲਾਈ ਤਕਰੀਬਨ ਦੋ-ਢਾਈ ਸੂਤ ਹੁੰਦੀ। ਇਸ ਸਾਈਕਲ ਟੋਕਨ ਤੇ ਬਕਾਇਦਾ ਇਕ ਨੰਬਰ ਹੁੰਦਾ ਤੇ ਨਾਲ ਹੀ ਸਾਈਕਲ ਟੋਕਨ/ਲਾਇਸੈਂਸ ਜਾਰੀ ਕਰਨ ਵਾਲੀ ਪੰਚਾਇਤ/ਮਿਊਂਸਪਲ ਕਮੇਟੀਆਂ ਦਾ ਨਾਮ, ਪਤਾ ਛਪਿਆ ਹੁੰਦਾ ਸੀ। ਇਸ ਸਾਈਕਲ ਟੋਕਨ ਉੱਤੇ ਸਾਈਕਲ ਲਾਇਸੈਂਸ ਨੂੰ ਜਾਰੀ ਕਰਨ ਦਾ ਸੰਨ ਅਤੇ ਲਾਇਸੈਂਸ ਖ਼ਤਮ ਹੋਣ ਦਾ ਸੰਨ ਵੀ ਛਪਿਆ ਹੁੰਦਾ ਸੀ, ਨਾਲ ਹੀ ਇਸ ਟੋਕਨ 'ਤੇ ਪੰਜਾਬੀ ਦਾ ਅੱਖਰ 'ਸ' ਛਪਿਆ ਹੁੰਦਾ ਸੀ ਜਿਸ ਤੋਂ ਭਾਵ 'ਸਾਈਕਲ' ਹੁੰਦਾ ਅਤੇ ਨਾਲ ਹੀ ਇਸ ਤੇ 'ਟ' ਛਪਿਆ ਹੁੰਦਾ ਸੀ ਜਿਸ ਤੋਂ ਭਾਵ 'ਟੋਕਨ' ਹੁੰਦਾ। ਸਾਈਕਲ ਲਾਇਸੈਂਸ ਨਾ ਲੈਣ ਦੀ ਸੂਰਤ ਵਿਚ ਜਾਂ ਸਾਈਕਲ ਲਾਇਸੈਂਸ ਨਾ ਨਵਿਆਉਣ ਦੀ ਸੂਰਤ ਵਿਚ ਇਸ ਨੂੰ ਅਪਰਾਧ ਮੰਨਿਆ ਜਾਂਦਾ ਅਤੇ ਅਜਿਹਾ ਹੋਣ ਤੇ ਪੰਚਾਇਤ/ਮਿਊਂਸਪਲ ਕਮੇਟੀਆਂ ਵਲੋਂ ਸਬੰਧਤ ਸਾਈਕਲ ਮਾਲਕ ਦਾ ਚਲਾਨ ਕੱਟ ਜੁਰਮਾਨਾ ਵੀ ਵਸੂਲ ਕੀਤਾ ਜਾਂਦਾ ਸੀ। ਸਾਈਕਲ ਟੋਕਨ/ਲਾਇਸੈਂਸ ਦੀ ਸਰਕਾਰੀ ਫ਼ੀਸ ਸੰਨ 1972-73 ਦੌਰਾਨ ਲਗਭਗ ਦੋ ਰੁਪਏ ਹੁੰਦੀ ਸੀ। ਖ਼ਾਸ ਲੋਕਾਂ ਦੀ ਸਵਾਰੀ ਸਮੇਂ ਦੇ ਬੀਤਣ ਨਾਲ ਹੌਲੀ-ਹੌਲੀ ਆਮ ਲੋਕਾਂ ਦੀ ਸਵਾਰੀ ਬਣ ਗਈ। ਫ਼ਿਰ ਆਉਣ-ਜਾਣ ਦਾ ਸਾਧਨ ਸਾਈਕਲ ਬਹੁਤਾਂਤ ਲੋਕਾਂ ਦੀ ਜਿੰਦਗੀ ਦਾ ਹਿੱਸਾ ਬਣ ਗਿਆ ਤੇ ਸਮੇਂ ਦੇ ਬੀਤਣ ਨਾਲ ਸਰਕਾਰ ਨੇ ਸਾਈਕਲ ਲਾਇਸੈਂਸ ਖ਼ਤਮ ਕਰ ਸਾਈਕਲ ਨੂੰ ਟੋਕਨ ਮੁਕਤ ਕਰ ਦਿੱਤਾ। ਮੌਜੂਦਾ ਸਮੇਂ ਸਾਈਕਲ ਦੇ ਕਈ ਨਵੇਂ ਰੂਪ ਬਜ਼ਾਰ ਵਿਚ ਉਪਲੱਬਧ ਹਨ ਜੋ ਕਿ ਸਾਰੇ ਹੀ ਸਾਈਕਲ ਟੋਕਨ/ਲਾਇਸੈਂਸ ਤੋਂ ਮੁਕਤ ਹਨ।

ਲੰਘੇ ਵੇਲੇ ਮੁੜ ਨਾਂ ਆਵਣ, ਰਹਿ ਜਾਵਣ ਯਾਦਾਂ ਦੇ ਪ੍ਰਛਾਵੇਂ,
ਜਦ ਹੁੰਦੇ ਸਨ, ਟੋਕਨ ਲੱਗੇ ਸਾਈਕਲ ਟਾਵੇਂ-ਟਾਵੇਂ !

# ਗੁਆਂਢੀ ਘਰ ਲੱਗੀ ਅੱਗ ਦਾ ਸੇਕ ਸਾਡੇ ਘਰ ਵੀ ਆਉਂਦਾ

ਹਰਫੂਲ ਭੁੱਲਰ ਮੰਡੀ ਕਲਾਂ
੯੮੭੯੮੭੦੧੫੨

ਸੂਰਜ ਨਵੀਆਂ ਖ਼ਬਰਾਂ ਤੋਂ ਬਿਨਾਂ ਕਦੇ ਵੀ ਨਹੀਂ ਚੜਦਾ, ਇਹ ਕਿਸੇ ਲਈ ਚੰਗੀਆਂ ਤੇ ਕਿਸੇ ਲਈ ਬਹੁਤ ਹੀ ਮਾੜੀਆਂ ਹੁੰਦੀਆਂ ਨੇ।

ਚਰਚਾ ਆਪਾਂ ਇਹ ਕਰਨੀ ਹੈ ਕਿ ਗੁਆਂਢੀ ਮੁਲਕ ਅਫ਼ਗ਼ਾਨਿਸਤਾਨ ਵਿਚ ਜੋ ਹੋ ਰਿਹਾ ਉਹ ਠੀਕ ਐ ਜਾਂ ਗਲਤ, ਜ਼ਾਇਜ਼ ਜਿਹੀ ਗੱਲ ਹੈ ਗਲਤ ਹੋ ਰਿਹਾ ਹੈ। ਜ਼ੁਲਮ ਦਾ ਤਾਂ ਨਾਮ ਹੀ ਮਾੜਾ ਹੈ, ਆਪਾਂ ਕਿਵੇਂ ਚੰਗਾ ਕਹਿ ਸਕਦੇ ਹਾਂ। ਜਦੋਂ ਤੋਂ ਸ਼ੋਸ਼ਲ ਮੀਡੀਆ 'ਤੇ ਵੀਡੀਓ ਦੇਖੀਆਂ ਚੈਨ ਨਹੀਂ ਆ ਰਿਹਾ, ਰਾਤੀਂ ਨੀਂਦ ਵੀ ਨਹੀਂ ਆਈ, ਸਰਬੱਤ ਦਾ ਭਲਾ ਮੰਗਦਿਆਂ ਰਾਤ ਮਸਾਂ ਗੁਜਾਰੀ ਹੈ।

ਪਰ ਸੋਚਣ ਵਾਲੀ ਗੱਲ ਇਹ ਵੀ ਆ ਕੇ ਜੋ ਅਸੀਂ ਕੱਲ ਦੇਖਿਆ ਇਹ ਸਭ ਕੁਝ ਪਿਛਲੇ 20-25 ਸਾਲਾਂ ਤੋਂ ਉੱਥੇ ਹੋ ਰਿਹਾ, ਪਰ 'ਹਾਈਲਾਈਟ' ਹੁਣ ਕਿਉਂ ਐਨਾ ਹੋਇਆ ? ਸਾਨੂੰ ਵੀ ਇਹ ਇੱਕਦਮ ਜ਼ੁਲਮ ਹੁੰਦਾ ਲੱਗ ਰਿਹਾ ਹੈ। ਫ਼ਰਕ ਸਿਰਫ਼ ਇਹ ਹੈ ਕਿ ਪਹਿਲਾਂ ਇਹ ਕਰਨ ਵਾਲਾ ਅਮਰੀਕਾ ਸੀ...ਇਸੇ ਕਰਕੇ ਮੀਡੀਆ ਤੇ ਹੋਰ ਲੱਲੂ ਪੰਜੂ ਸਭ ਚੁੱਪ ਸਨ...ਹੁਣ ਓਹੀ ਸਭ ਕੁਝ ਤਾਲਿਬਾਨੀ ਕਰ ਰਹੇ ਹਨ। ਇਸ ਨੂੰ ਜ਼ੁਲਮ ਬਣਾ ਕੇ ਪੇਸ਼ ਕੀਤਾ ਜਾ ਰਿਹਾ...ਆਮ ਲੋਕਾਂ ਲਈ ਸੱਚ ਵਿਚ ਬਹੁਤ ਔਖਾ ਹੈ। ਮੈਂ ਇਸ ਨੂੰ ਠੀਕ ਨਹੀਂ ਕਹਿ ਰਿਹਾ, ਕੋਸ਼ਿਸ਼ ਕਰ ਰਿਹਾ ਸਮਝਾਉਣ ਦੀ ਕਿ ਇਸ ਤਰਾਂ ਦੇ ਹਾਲਾਤ ਸਾਡੇ ਲਈ ਜਰਵਾਣਿਆਂ ਵੱਲੋਂ ਪੈਦਾ ਕੀਤੇ ਜਾਂਦੇ ਹਨ।

ਮੈਂ ਤਾਲਿਬਾਨਾਂ ਦੇ ਤਰੀਕੇ, ਵਿਚਾਰਾਂ ਜਾਂ ਸੋਚਾਂ ਦਾ ਬਿਲਕੁਲ ਵੀ ਹਮਾਇਤੀ ਨਹੀਂ ਹਾਂ, ਪਰ ਗੱਲ ਨੂੰ ਸਮਝੋ, ਦੇਸ਼ਾਂ ਤੇ ਧੱਕੇ ਨਾਲ ਕਬਜੇ ਖ਼ੂਨ ਖਰਾਬਾ ਕਰਕੇ ਲਏ ਜਾਂਦੇ ਹੁੰਦੇ ਆ...ਆਪਾਂ ਆਪਣੇ ਘਰ ਬੈਠੇ ਹੋਈਏ...ਕੋਈ ਘਰ ਨੂੰ ਲੁੱਟਣ ਆਵੇ ਬੰਦਾ, ਬਿਨਾਂ ਖ਼ੂਨ ਖਰਾਬਾ ਕੀਤਿਆਂ, ਬਿਨਾਂ ਡਰਾਇਆ ਘਰ ਨੂੰ ਲੁੱਟ ਜਾਂ ਕਬਜਾ ਨੀਂ ਕਰ ਸਕਦਾ...ਜਦ ਅਮਰੀਕਾ ਨੇ ਕਬਜਾ ਕੀਤਾ ਸੀ ਕੀਤਾ ਉਨਾਂ ਵੀ ਹਥਿਆਰਾਂ ਨਾਲ ਕੀਤਾ ਸੀ... ਤਾਂ ਈ ਤਾਂ ਐਨੀ ਫੌਜ ਤਾਰੀ ਹੋਈ ਸੀ... ਬੱਸ ਫ਼ਰਕ ਇਹ ਹੈ ਕਿ ਅਮਰੀਕਾ ਸੰਸਾਰ ਦਾ ਸਰਪੰਚ ਹੈ, ਇਸ ਲਈ ਉਸਨੂੰ ਕਿਤੇ ਵੀ ਜਾ ਕੇ ਗੁੰਡਾਗਰਦੀ ਕਰਨੀ ਦੀ ਪੂਰੀ ਆਗਿਆ ਹੈ। ਹੁਣ ਅਗਲਿਆਂ ਨੇ ਹਿੰਮਤ ਕਰ ਲਈ ਤਾਂ ਮਾੜੇ ਹੋ ਗਏ।



ਮਿੱਟੀ ਦੇ ਪੁੱਤ ਸੋਮਵਾਰ ਨੂੰ ਪੂਰੀਆਂ ਤਿਆਰੀਆਂ ਕਰਕੇ ਕਾਬਲ ਵਿਚ ਦਾਖਲ ਹੋਏ। ਰਾਸ਼ਟਰਪਤੀ 'ਅਸ਼ਰਫ਼ ਗਨੀ' ਦੇਸ਼ ਛੱਡ ਫਰਾਰ ਹੋ ਗਿਆ ਤੇ ਪਲਾਂ ਵਿਚ 'ਅਲੀ ਅਹਿਮਦ ਜਲਾਨੀ' ਉੱਥੇ ਦਾ ਮੁਖੀ ਬਣ ਗਿਆ। ਗੋਡੇ ਟੇਕਦਿਆਂ ਦੇਰ ਨਹੀਂ ਲੱਗੀ ਤੇ ਇੱਕ ਗੋਲੀ ਵੀ ਨਹੀਂ ਚੱਲੀ। ਰਾਜਧਾਨੀ ਕਾਬੁਲ, ਕੰਧਾਰ ਤੇ ਗਜਨੀ ਤੇ ਤਾਲਿਬਾਨ ਨੇ ਪੂਰੀ ਤਰਾਂ ਕਬਜਾ ਕਰ ਲਿਆ ਹੈ।

ਸਾਡੀ ਯਾਦਦਾਸ਼ਤ ਥੋੜੀ ਕਮਜ਼ੋਰ ਹੈ ਦੱਸ ਦਿਆ ਇਹ ਵ੍ਹਹੀ ਤਾਲਿਬਾਨ ਨੇ ਜਿਨਾਂ 1994 ਵਿਚ ਭਾਰਤੀ ਜਹਾਜ਼ ਅਗਵਾ ਕੀਤਾ ਸੀ। ਉਨਾਂ ਹੁਣ ਐਲਾਨ ਕੀਤਾ ਕਿ ਅਜੇ ਤਾਂ ਸ਼ੁਰੂਆਤ ਐ, ਅਸੀਂ ਤਾਂ ਆਂਢ-ਗੁਆਂਢ ਨੂੰ ਨਾਲ ਰਲਾਕੇ ਖਲੀਫਾ ਬਣਾ ਦਿਆਂਗੇ।

ਮੈਂ ਕਹਿਣਾ ਚਾਹੁੰਦਾ ਹਾਂ ਕਿ ਗੁਆਢੀਆਂ ਘਰ ਲੱਗੀ ਅੱਗ ਦਾ ਸੇਕ ਜ਼ਰੂਰ ਆਉਂਦਾ ਆਪਣੇ ਘਰ ਵੀ, ਸੋ ਇਸ ਕਰਕੇ ਗੰਦੀ ਰਾਜਨੀਤੀ ਛੱਡਕੇ ਮੁਲਕ ਦੀ ਤਾਕਤ ਨੂੰ ਮਜਬੂਤ ਕਰੀਏ ਆਪਾਂ ਵੀ।

ਮੌਤ ਨੂੰ ਹੱਥ ਪਾਉਂਦੇ ਲੋਕ ਆਪਾਂ ਅੱਖੀਂ ਦੇਖ ਵੀ ਕੁਝ ਨਾ ਸਮਝੇ ਤਾਂ ਸਾਡਾ ਵੀ ਹਾਲ ਬਹੁਤ ਹੀ ਜਲਦੀ ਇਹੋ ਹੋਣ ਵਾਲਾ ਹੈ। ਕੁਦਰਤ ਮਨੁੱਖਤਾ 'ਤੇ ਮੇਹਰ ਕਰੇ।

# ਸਮੇਂ ਦੀ ਰਮਜ਼, ਗੂੰਗੀ ਚੀਕ

ਰਮਨਦੀਪ ਸਿੰਘ

ਗਰਭ ਵਿੱਚ ਬੱਚੀ ਦੀ ਹੱਤਿਆ ਦਾ ਅੱਖੀਂ ਦੇਖਿਆ ਹਾਲ...
(ਸੱਚੀ ਘਟਨਾ 'ਤੇ ਅਧਾਰਿਤ)

ਅਮਰੀਕਾ ਵਿੱਚ ਸੰਨ 1984 ਵਿੱਚ ਇੱਕ ਸਮੇਲਨ ਹੋਇਆ ਸੀ ਜਿਸਦਾ ਨਾਮ **'National Right To Life Convention'** ਸੀ ਅਤੇ ਇਸੇ ਸੰਮੇਲਨ ਦੇ ਇਕ ਪ੍ਰਤੀਨਿਧੀ ਨੇ **Dr. Barnados Netherson** ਦੀ ਗਰਭਪਾਤ 'ਤੇ ਬਣਾਈ ਇਕ **Ultra Sound Film** éÂî **'Silent Scream'** ਮਤਲਬ ਕਿ 'ਗੂੰਗੀ ਚੀਕ' ਬਾਰੇ ਸੰਮੇਲਨ ਵਿੱਚ ਦੱਸਿਆ। ਉਸਦੇ ਬੋਲ ਇਸ ਤਰਾਂ ਸਨ :- 'ਗਰਭ ਵਿੱਚ ਉਹ ਮਾਸੂਮ ਬੱਚੀ ਅਜੇ 10 ਹਫ਼ਤਿਆਂ ਦੀ ਸੀ ਤੇ ਉਹ ਕਾਫ਼ੀ ਚੁਸਤ ਸੀ, ਅਸੀਂ ਉਹ ਨੂੰ ਆਪਣੀ ਮਾਂ ਦੀ ਕੁੱਖ ਵਿੱਚ ਖੇਡਦੇ, ਅੰਗੜਾਈ ਲੈਂਦੇ ਤੇ ਅੰਗੂਠਾ ਚੂਸਦੇ ਹੋਏ ਦੇਖ ਰਹੇ ਸੀ. ਅਸੀਂ ਉਹਦੇ ਦਿਲ ਦੀ ਧੜਕਨ ਵੀ ਦੇਖ ਸਕਦੇ ਸੀ, ਜੋ ਉਸ ਸਮੇਂ 120 ਦੀ ਸਧਾਰਨ ਗਤੀ ਨਾਲ ਧੜਕ ਰਿਹਾ ਸੀ। ਸਾਰਾ ਕੁੱਝ ਬਿਲਕੁਲ **Normal** ਸੀ। ਪਰ ਜਿਦਾਂ ਹੀ ਪਹਿਲੇ ਔਜਾਰ ਨੇ (ਸਕਸ਼ਨ ਪੰਪ) ਗਰਭ ਦੀ ਦੀਵਾਰ ਨੂੰ ਛੂਹਿਆ, ਉਹ ਮਾਸੂਮ ਬੱਚੀ ਡਰ ਨਾਲ ਇੱਕਦਮ ਇਕੱਠੀ ਹੋ ਕੇ ਸੁੰਗੜ ਗਈ ਤੇ ਉਹਦੇ ਦਿਲ ਦੀ ਧੜਕਨ ਵੀ ਕਾਫ਼ੀ ਵੱਧ ਗਈ। ਹਾਲਾਂਕਿ ਕਿਸੇ ਵੀ ਔਜਾਰ ਨੇ ਬੱਚੀ ਨੂੰ ਅਜੇ ਤੱਕ ਛੂਹਿਆ ਵੀ ਨਹੀਂ ਸੀ, ਪਰ ਉਸ ਨੂੰ ਅਹਿਸਾਸ ਹੋ ਗਿਆ ਸੀ ਕਿ ਕੋਈ ਚੀਜ਼



ਉਸਦੀ ਆਰਾਮਦਾਇਕ ਅਤੇ ਸੁਰਖਿਅਤ ਜਗਾਹ 'ਤੇ ਹਮਲਾ ਕਰਨ ਦਾ ਯਤਨ ਕਰ ਰਹੀ ਹੈ। ਅਸੀਂ ਦਹਿਸ਼ਤ ਨਾਲ ਭਰੇ ਇਹ ਸਭ ਦੇਖ ਰਹੇ ਸੀ ਕਿ ਕਿਸ ਤਰਾਂ ਉਹ ਔਜਾਰ ਨੰਨੀ ਮਾਸੂਮ ਗੁੱਡੀ ਜਿਹੀ ਬੱਚੀ ਦੇ ਟੁਕੜੇ ਟੁਕੜੇ ਕਰ ਰਿਹਾ ਸੀ। ਪਹਿਲਾਂ ਕਮਰ, ਫ਼ਿਰ ਪੈਰ ਆਦਿ ਦੇ ਟੁਕੜੇ ਇਸ ਤਰਾਂ ਕੱਟੇ ਜਾ ਰਹੇ ਸਨ ਜਿਸ ਤਰਾਂ ਉਹ ਇੱਕ ਜ਼ਿੰਦਾ ਜੀਵ ਹੋਣ ਦੀ ਬਜਾਏ ਕੋਈ ਗਾਜਰ, ਮੂਲੀ ਹੋਵੇ ਤੇ ਉਹ ਬੱਚੀ ਦਰਦ ਨਾਲ ਤੜਫ਼ ਰਹੀ ਸੀ, ਹਿਲ ਰਹੀ ਸੀ ਤੇ ਇਕੱਠੀ ਹੋ ਕੇ ਸੁੰਗੜਨ ਦਾ ਯਤਨ ਕਰ ਰਹੀ ਸੀ ਤਾਂ ਜੋ ਉਸ ਔਜਾਰ ਤੋਂ ਬਚ ਸਕੇ। ਉਹ ਇੰਨੀ ਬੁਰੀ ਤਰਾਂ ਡਰ ਗਈ ਸੀ ਕੇ ਇੱਕ ਸਮੇਂ ਉਸਦੇ ਦਿਲ ਦੀ ਧੜਕਨ 200 ਤੱਕ ਪਹੁੰਚ ਗਈ ਸੀ।

ਮੈਂ ਖ਼ੁਦ ਆਪਣੀਆਂ ਅੱਖਾਂ ਨਾਲ ਉਸਨੂੰ ਆਪਣਾ ਸਿਰ ਪਿਛੇ ਝਟਕਾਉਂਦੇ ਹੋਏ ਤੇ ਮੂੰਹ ਖੋਲ ਕੇ ਚੀਕ ਮਾਰਨ ਦੀ ਕੋਸ਼ਿਸ਼ ਕਰਦੇ ਹੋਏ ਦੇਖਿਆ, ਜਿਸ ਨੂੰ **Dr. Barnados Netherson** ਨੇ 'ਗੂੰਗੀ ਚੀਕ' ਜਾਂ 'ਅਣਸੁਣੀ ਪੁਕਾਰ' ਕਿਹਾ ਸੀ।

ਅੰਤ ਵਿੱਚ ਅਸੀਂ ਉਹ ਵੀ ਭਿਆਨਕ ਦ੍ਰਿਸ਼ ਦੇਖਿਆ ਜਿਥੇ 'ਸੰਡਸੀ' ਉਸਦੀ ਖੋਪੜੀ ਨੂੰ ਟੋਲ ਰਹੀ ਸੀ ਤੇ ਫ਼ਿਰ ਦਬਾ ਕੇ ਉਸ ਕਠੋਰ ਖੋਪੜੀ ਨੂੰ ਤੋੜ ਰਹੀ ਸੀ, ਕਿਉਂਕਿ ਸਿਰ ਦਾ ਇਹ ਹਿੱਸਾ ਬਿਨਾਂ ਤੋੜੇ **Tube** ਵਿਚੋਂ ਬਾਹਰ ਨਹੀਂ ਕੱਢਿਆ ਜਾ ਸਕਦਾ ਸੀ। ਹੱਤਿਆ ਦੀ ਇਸ ਖੇਡ ਨੂੰ ਮੁੱਕਣ ਵਿੱਚ 15 ਮਿੰਟ ਲੱਗੇ ਸਨ, ਇਹ ਇੰਨਾ ਜ਼ਿਆਦਾ ਦਰਦਨਾਕ ਤੇ ਭਿਆਨਕ ਸੀ ਕਿ ਜਿਸ ਡਾਕਟਰ ਨੇ ਇਹ ਗਰਭਪਾਤ ਕੀਤਾ ਸੀ, ਉਸਨੇ ਇਹ ਫਿਲਮ ਬਣਾ ਕੇ ਦੇਖੀ ਤਾਂ ਜ਼ਰੂਰ ਪਰ ਉਹ ਵਾਪਿਸ ਆਪਣੇ ਕਲੀਨਿਕ ਕਦੇ ਨਹੀਂ ਆਇਆ।

# ਫ਼ੋਟੋਗ੍ਰਾਫੀ



## ਇਕਵਾਕ ਸਿੰਘ ਪੱਟੀ

ਇਹ ਪਹਿਲੀ ਵਾਰ ਨਹੀਂ ਸੀ ਹੋਇਆ ਇੱਕ ਰਮਨ ਨੂੰ ਉਸਦੇ ਘਰ ਆ ਕੇ, ਵੇਖ ਵੇਖਾਈ ਕਰਕੇ ਮੁੰਡੇ ਵਾਲੇ ਨਾਂਹ ਕਰ ਗਏ ਹੋਣ। ਪਹਿਲਾਂ ਵੀ ਦੋ ਚਾਰ ਵਾਰ ਰਮਨ ਇਸ ਪੀੜ ਵਿਚੋਂ ਲੰਘ ਚੁੱਕੀ ਸੀ। ਉਹ ਜਾਣਦੀ ਸੀ, ਕਿ ਇਸ ਸਮਾਜ ਵਿੱਚ 'ਕਾਲੇ ਕਰਮਾਂ ਵਾਲੇ, ਗੋਰਿਆਂ ਨੂੰ ਦਫਾ ਕਰੋ' ਮਨ ਪ੍ਰਚਾਵੇ ਲਈ ਕਹੇ ਜਾਣ ਵਾਲੇ ਅਖਾਣ ਤੋਂ ਵੱਧ ਕੁਝ ਨਹੀਂ ਹੈ। ਹਕੀਕਤ ਦਰਅਸਲ ਇਸ ਤੋਂ ਬਿਲਕੁਲ ਵੱਖਰੀ ਹੈ।

ਰਮਨ ਸਾਂਵਲੇ ਰੰਗ ਦੀ ਬਹੁਤ ਸਾਊ, ਸੁਸ਼ੀਲ, ਕੰਮ ਕਾਜੀ ਹੋਣ ਦੇ ਨਾਲ ਨਾਲ ਪੜੀ ਲਿਖੀ ਕੁੜੀ ਸੀ। ਜਦ ਕਿੱਧਰੇ ਵੀ ਕੋਈ ਵਿਚੋਲਾ ਰਿਸ਼ਤੇ ਦੀ ਦੱਸ ਪਾਉਂਦਾ ਤਾਂ ਉਸ ਦੀ ਸਟੂਡੀਓ ਤੋਂ ਖਿਚਵਾਈ ਹੋਈ ਫ਼ੋਟੋ, ਜਿਸਦੀ ਬਹੁਤ ਹੀ ਵਧੀਆ ਢੰਗ ਨਾਲ ਫੋਟੋਗ੍ਰਾਫੀ ਕਰਕੇ, ਕੰਪਿਊਟਰ ਨਾਲ ਲੱਲੇ ਭੱਬੇ ਕਰਕੇ, ਰਮਨ ਦੇ ਮੂੰਹ ਨੂੰ ਕੰਪਿਊਟਰ ਦੇ ਫਿਲਟਰਾਂ ਨਾਲ ਗੋਰਾ ਚਿੱਟਾ ਕਰਕੇ ਬਣਾਇਆ ਹੁੰਦਾ ਸੀ, ਭੇਜ ਦਿੱਤੀ ਜਾਂਦੀ।

ਫ਼ੋਟੋ ਵੇਖ ਤਾਂ ਹਰ ਕੋਈ ਲਾਲਾਂ ਸੁੱਟਣ ਲਗ ਜਾਂਦਾ, ਪਰ ਜਦ ਵੇਖਾ ਵੇਖਾਈ ਦੀ ਰਸਮ ਹੁੰਦੀ ਤਾਂ ਮੁੰਡੇ ਵਾਲੇ ਸਾਂਵਲੇ ਰੰਗ ਕਰਕੇ ਨਾਂਹ ਕਰ ਜਾਂਦੇ। ਜਦਕਿ ਮੁੰਡੇ ਵਾਲਿਆਂ ਨੇ ਵੀ ਫਿਲਟਰ ਵਾਲੀ ਫ਼ੋਟੋ ਹੀ ਭੇਜੀ ਹੁੰਦੀ ਸੀ। ਪਰ ਕੁੜੀਆਂ ਤਾਂ ਕੁੜੀਆਂ ਨੇ, ਕੁੜੀਆਂ ਦਾ ਕੀ ਹੈ? ਵਾਲੀ ਗੱਲ ਹੀ ਸੱਚ ਹੋ ਜਾਂਦੀ।

ਰਮਨ ਹਮੇਸ਼ਾ ਫਿਲਟਰਾਂ ਵਾਲੀ ਫੋਟੋ ਦਾ ਵਿਰੋਧ ਕਰਦੀ ਪਰ ਉਸਦੀ ਕੋਈ ਨਾ ਸੁਣਦਾ। ਇਸ ਵਾਰ ਓਹ ਖੁਦ ਸਟੂਡੀਓ ਗਈ ਤੇ ਫ਼ੋਟੋਗ੍ਰਾਫਰ ਨੂੰ ਸਾਦੀ ਫ਼ੋਟੋ ਖਿੱਚਣ ਲਈ ਕਿਹਾ, ਫ਼ੋਟੋਗ੍ਰਾਫਰ ਕਹਿਣ ਲੱਗਾ ਫ਼ਿਕਰ ਨਾਲ ਕਰੋ ਭੈਣ ਜੀ, ਸਾਡੀ ਫੋਟੋਗ੍ਰਾਫੀ ਤਾਂ ਪੂਰੇ ਸ਼ਹਿਰ ਵਿਚ ਮਸ਼ਹੂਰ ਹੈ। ਰਮਨ ਕਹਿਣ ਲੱਗੀ, ਮੈਂ ਫੋਟੋਗ੍ਰਾਫੀ ਕਰਵਾਉਣ ਨਹੀਂ ਆਈ, ਬੱਸ ਜਿਦਾਂ ਦੀ ਹੈਗੀ ਹਾਂ, ਬਿਨਾਂ ਲੱਲੇ ਭਬੇ ਤੋਂ ਸਾਦੀ ਜਿਹੀ ਸਾਈਡ ਪੋਜ਼ ਦੀ ਫੋਟੋ ਖਿੱਚ ਦਿਓ ਬੱਸ।

ਇਹ ਤਸਵੀਰ ਲੈ ਕੇ ਓਹ ਘਰ ਆਈ ਤੇ ਮੋਮ ਡੈਡ ਨੂੰ ਕਹਿਣ ਲੱਗੀ, ਹੁਣ ਜੇ ਕਿਤੇ ਮੇਰੀ ਫ਼ੋਟੋ ਭੇਜਣੀ ਹੋਈ ਤਾਂ ਇਹੀ ਭੇਜਣਾ, ਇਹ ਮੇਰਾ ਸਖਤ ਆਰਡਰ ਹੈ। ਰਮਨ ਦੀ ਜਿੱਦ ਮੰਨ ਲਈ ਗਈ ਤੇ ਜਿਥੋਂ ਨਵੀਂ ਦੱਸ ਪਈ ਸੀ, ਉੱਥੇ ਇਹ ਵਾਲੀ ਤਸਵੀਰ ਹੀ ਭੇਜੀ ਗਈ। ਅਗਲਿਆਂ ਨੇ ਵੀ ਨਾਲ ਹੀ ਆਪਣੇ ਮੁੰਡੇ ਦੀ ਤਸਵੀਰ ਵੀ ਵਿਚੋਲੇ ਹੱਥ ਭੇਜ ਦਿੱਤੀ।

ਮੁੰਡੇ ਦੀ ਤਸਵੀਰ ਦੇਖ ਕੇ ਰਮਨ ਤੇ ਉਸ ਦੀਆਂ ਸਹੇਲੀਆਂ ਬਹੁਤ ਹੱਸੀਆਂ, ਕਿਉਂਕਿ ਮੁੰਡਾ ਇੱਕ ਦਮ ਗੋਰਾ ਚਿੱਟਾ ਤੇ ਸੋਹਣਾ ਸੁਨੱਖਾ ਸੀ, ਲੱਗਦਾ ਤਾਂ ਇੰਝ ਸੀ ਕਿ ਫੋਟੋਗ੍ਰਾਫੀ ਲਈ, ਫ਼ੋਟੋਗ੍ਰਾਫਰ ਨੂੰ ਵਾਹਵਾ ਪੈਸੇ ਦਿੱਤੇ ਹੋਣੇ ਆ। ਸੱਭ ਨੂੰ ਪਤਾ ਸੀ ਅੱਜ ਕਲ ਹਰ ਕਿਸੇ ਨੂੰ ਫੋਟੋਗ੍ਰਾਫੀ ਕਰਵਾਉਣ ਦਾ ਸ਼ੌਂਕ ਹੁੰਦਾ ਹੈ ਤਾਂ ਕਿ ਆਪਣੀਆਂ ਫ਼ੋਟੋਆਂ ਸੋਸ਼ਲ ਮੀਡੀਆ ਤੇ ਪਾ ਕੇ ਵਾਹ ਵਾਹੀ ਖੱਟੀ ਜਾ ਸਕੇ।

ਖ਼ੈਰ, ਆਉਂਦੇ ਐਤਵਾਰ ਮੁੰਡੇ ਵਾਲਿਆਂ ਨੇ ਕੁੜੀ ਵਾਲਿਆਂ ਨੂੰ ਕਹਿ ਦਿੱਤਾ ਕੇ ਪਹਿਲਾਂ ਆ ਕੇ ਸਾਡਾ ਘਰ ਬਾਹਰ ਦੇਖ ਲਓ ਫੇਰ ਹੀ ਅਸੀਂ ਕੁੜੀ ਦੇਖਣ ਆਵਾਂਗੇ। ਇੱਦਾਂ ਹੀ ਹੋਇਆ ਤੇ ਰਮਨ ਦੇ ਮਾਤਾ ਪਿਤਾ ਨੂੰ ਸੱਭ ਬਹੁਤ ਪਸੰਦ ਆਇਆ। ਮੁੰਡਾ ਓਹੋ ਜਿਹਾ ਹੀ ਸੀ ਜਿਹੋ ਜਿਹੀ ਓਹਨਾਂ ਫ਼ੋਟੋ ਭੇਜੀ ਸੀ। ਸੋਹਣਾ ਸੁਨੱਖਾ, ਹਸਮੁਖ, ਮਿਲਾਪੜਾ, ਗੋਰਾ ਚਿੱਟਾ ਤੇ ਲੰਮਾ ਉੱਚਾ।

ਜਦ ਇਸ ਸਭ ਬਾਰੇ ਰਮਨ ਨੂੰ ਪਤਾ ਲੱਗਾ ਤਾਂ ਇਹ ਹੈਰਾਨ ਹੀ ਰਹਿ ਗਈ ਕੇ ਇਹ ਸਭ ਕਿੱਦਾਂ ਹੋ ਗਿਆ। ਹਫ਼ਤੇ ਬਾਅਦ ਹੀ ਮੁੰਡੇ ਵਾਲਾ ਪਰਿਵਾਰ ਮੁੰਡੇ ਸਮੇਤ ਕੁੜੀ ਵਾਲਿਆਂ ਦੇ ਘਰ ਆ ਗਏ। ਜਦ ਮੁੰਡਾ ਕੁੜੀ ਦੀ ਆਪਸ ਵਿੱਚ ਗੱਲਬਾਤ ਕਰਨ ਲਈ ਦੋਨਾਂ ਨੂੰ ਅਲੱਗ ਬੈਠਾਇਆ ਗਿਆ ਤਾਂ ਰਮਨ ਨੇ ਇਹੀ ਸਵਾਲ ਕੀਤਾ ਕਿ ਤੁਸੀਂ ਹਾਂ ਕਰਨ ਤੋਂ ਪਹਿਲਾਂ ਇੱਕ ਵਾਰ ਵੀ ਮੇਰੇ ਰੰਗ ਰੂਪ ਬਾਰੇ ਨਹੀਂ ਸੋਚਿਆ, ਤਾਂ ਜਸਬੀਰ (ਮੁੰਡਾ) ਕਹਿਣ ਲੱਗਾ, ਰੰਗ ਰੂਪ ਬਾਰੇ ਤਾਂ ਓਹ ਸੋਚਦੇ ਜਿਹਨਾਂ ਨੂੰ ਚੰਮ ਨਾਲ ਪਿਆਰ ਹੋਵੇ ਮੈਨੂੰ ਤਾਂ ਜਦ ਵਿਚੋਲੇ ਨੇ ਤੇਰੀਆਂ ਖ਼ੂਬੀਆਂ, ਤੇਰੀ ਪੜਾਈ ਲਿਖਾਈ ਬਾਰੇ ਦੱਸਿਆ ਤੇ ਤੇਰੇ ਪਰਿਵਾਰ ਬਾਰੇ ਦੱਸਿਆ ਮੈਂ ਤਾਂ ਉਸ ਵੇਲੇ ਹੀ ਹਾਂ ਕਹਿ ਦਿੱਤੀ ਸੀ। ਕਿਉਂਕਿ ਮੈਨੂੰ ਤੇ ਮੇਰੇ ਪਰਿਵਾਰ ਨੂੰ ਇੱਦਾਂ ਦੀ ਕੁੜੀ ਹੀ ਚਾਹੀਦੀ ਸੀ, ਜੋ ਗੁਣਾਂ ਦੀ ਖਾਣ ਹੋਵੇ ਨਾ ਕੇ ਬਿਊਟੀ ਪਾਰਲਰ ਦੀ ਦੁਕਾਨ, ਤਾਂ ਦੋਨੋਂ ਖਿੜਖਿੜਾ ਕੇ ਹੱਸ ਪਏ।

ਜਸਬੀਰ ਕਹਿੰਦਾ ਮੈਂ ਪੜਨ ਲਿਖਣ ਦਾ ਬੜਾ ਸ਼ੌਕੀਨ ਹਾਂ, ਇੱਕ ਥਾਂ ਇਕਵਾਕ ਸਿੰਘ ਦਾ ਲਿਖਿਆ ਕੁੱਝ ਪੜਿਆ ਸੀ ਕਿ,

ਸਾਂਵਲੇ ਜਿਹੇ ਰੰਗ ਵਾਲੀ,
ਦਿਲ ਦੀ ਕੋਈ ਰਾਣੀ ਬਣੂ,
ਰੰਗਾਂ ਗੋਰਿਆਂ ਤੋਂ ਲੈਣਾ ਦੱਸ ਕੀ?
ਮੇਰੇ ਬਿਨਾਂ ਉਹਦਾ, ਉਹਦਾ ਮੇਰੇ ਬਿਨਾਂ ਯਾਰਾ,
ਇੱਕ ਪਲ ਵੀ ਨਹੀਂ ਲੱਗਣਾ ਹੈ ਜੀਅ।
ਇੱਕ ਦੂਜੇ ਨਾਲ ਅਸੀਂ ਕਰਨਾ ਪਿਆਰ ਅਸੀਂ, ਦੁਨੀਆ ਤੋਂ ਲੈਣਾ ਦੱਸ ਕੀ?

ਸੋ, ਰਮਨ ਜੀ ਮੇਰੇ ਵੱਲੋਂ ਤਾਂ ਹਾਂ ਹੈ, ਤੁਸੀਂ ਆਪਣਾ ਜੁਆਬ ਸੋਚ ਕੇ ਦੱਸ ਦਿਓ, ਤਾਂ ਰਮਨ ਕਹਿਣ ਲੱਗੀ ਮੇਰੇ ਕੋਲ ਨਾਂਹ ਕਹਿਣ ਦੀ ਕੋਈ ਵੀ ਵਜਾ ਨਹੀਂ ਹੈ। ਰਮਨ ਮਨ ਹੀ ਮਨ ਸੋਚ ਰਹੀ ਸੀ ਅੱਜ ਵੀ ਅਜਿਹੇ ਲੋਕ ਨੇ, ਜੀ ਕੁੜੀਆਂ ਦੀ ਇੱਜਤ ਉਨਾਂ ਦੀ ਸ਼ਕਲ ਦੇਖ ਕੇ ਨਹੀਂ ਕਰਦੇ ਉਨਾਂ ਦੇ ਗੁਣ ਦੇਖ ਕੇ ਕਰਦੇ ਨੇ। ਪਹਿਲਾ ਜਿੰਨੇ ਮੁੰਡੇ ਵੀ ਉਸ ਨੂੰ ਦੇਖਣ ਆਏ ਆਪ ਤੇ ਉਹ ਰੰਗ ਬਿਰੰਗੇ ਸਨ, ਪਰ ਕੁੜੀ ਗੋਰੀ ਚਿੱਟੀ ਭਾਲਦੇ ਸਨ।

ਫੇਰ ਦੋਨੋਂ ਉੱਠੇ ਤੇ ਬਾਹਰ ਨੂੰ ਚੱਲ ਪਏ ਪਰ ਅਚਾਨਕ ਰਮਨ ਰੁਕ ਗਈ, ਤੇ ਕਹਿੰਦੀ ਇੱਕ ਮਿੰਟ, ਪਹਿਲਾਂ ਮੈਂ ਬਾਬਾ ਜੀ ਦੇ ਕਮਰੇ ਵਿਚ ਜਾ ਕੇ, ਰੱਬ ਦਾ ਧੰਨਵਾਦ ਕਰ ਆਵਾਂ ਤੇ ਫੇਰ ਹੀ ਸਭ ਨੂੰ ਹਾਂ ਵਿੱਚ ਜੁਆਬ ਦੇਵਾਂ। ਜਸਬੀਰ ਤੇ ਰਮਨ ਦੋਨੋਂ ਹੱਸਦੇ-ਹੱਸਦੇ ਬਾਹਰ ਆ ਗਏ ਕਿਸੇ ਨੂੰ ਕੁਝ ਕਹਿਣ ਦੀ ਲੋੜ ਨਹੀਂ ਪਈ। ਪਰਿਵਾਰ ਸਮਝ ਚੁੱਕਾ ਸੀ, ਦੋਨਾਂ ਦਾ ਜਵਾਬ ਤੇ ਆਉਂਦੇ ਹੀ ਦੋਨਾਂ ਜੀਆਂ ਦਾ ਮੂੰਹ ਮਿੱਠਾ ਕਰਵਾ ਦਿੱਤਾ।

# ਗੱਲ ਅਸੀਵਿਆਂ ਦੀ ਹੈ

### ਅਸਲ ਵਾਪਰੀ ਤੇ ਆਧਾਰਿਤ

## ਹਰਪ੍ਰੀਤ ਸਿੰਘ ਜਵੰਦਾ

ਧਾਰੀਵਾਲ ਨਵਾਂ ਨਵਾਂ ਟੇਸ਼ਨ ਮਾਸਟਰ ਲੱਗਾ ਸਾਂ.. ਇੱਕ ਦਿਨ ਬੁਖਾਰ ਦੀ ਦਵਾਈ ਲੈਣ ਹਸਪਤਾਲ ਚਲਾ ਗਿਆ..।

ਲਾਈਨ ਲੰਮੀ ਤੇ ਗਰਮੀ ਵੀ ਜ਼ੋਰਾਂ 'ਤੇ.. ਅਚਾਨਕ ਰੌਲਾ ਪੈਣ ਲੱਗਾ।

ਪੰਜਾਹ-ਪਚਵੰਜਾ ਸਾਲ ਦਾ ਇੱਕ ਬਾਬਾ ਜੀ ਖਲੋਤੇ ਹੋਏ ਸਾਰਿਆਂ ਨੂੰ ਪਾਸੇ ਹਟਾਉਂਦਾ ਹੋਇਆ ਕਾਊਂਟਰ ਪਿੱਛੇ ਬੈਠੀ ਨਰਸ ਕੋਲ ਗਿਆ ਤੇ ਪੁੱਛਣ ਲੱਗਾ..ਬੀਬਾ ਮੇਰੀ ਬਸੰਤ ਕੌਰ ਤੇ ਨੀਂ ਵੇਖੀ..?'

ਅੰਦਰ ਬੈਠੀ ਕੁੜੀ ਨੇ ਬੇਧਿਆਨੀ ਵਿਚ ਬਿਨਾਂ ਉਸ ਵੱਲ ਦੇਖਿਆ ਹੀ ਜੁਆਬ ਦੇ ਦਿੱਤਾ.. 'ਬਾਬਾ ਜੀ ਨਹੀਂ ਦੇਖੀ ਥੋਡੀ ਬਸੰਤ ਕੌਰ.. ਉਸ ਨੂੰ ਤੇ ਓਸੇ ਦਿਨ ਹੀ ਛੁੱਟੀ ਦੇ ਦਿੱਤੀ ਸੀ ਇਥੋਂ..'

'ਤੁਸਾਂ ਜਾਣ ਕਿਓਂ ਦਿੱਤੀ ਕੱਲੀ.. ਡਿਸਪਲਿਨ ਨਾਮ ਦੀ ਕੋਈ ਚੀਜ ਹੀ ਹੈਨੀ ਤੁਹਾਡੇ ਵਿਚ'.. 'ਬਸੰਤ ਕੁਰੇ ਜਾਵੀਂ ਨਾ ਮੈਂ ਹੁਣੇ ਆਇਆ.. ਉਡੀਕ ਲਵੀਂ ਮੈਨੂੰ..'

ਏਨਾ ਕੁਝ ਆਖਦੇ ਹੋਏ ਉਹ ਬਾਬਾ ਜੀ ਬਾਹਰ ਨੂੰ ਭੱਜ ਗਏ ਤੇ ਮਗਰੋਂ ਓਥੇ ਖਲੋਤੇ ਬੰਦੇ ਬੁੜੀਆਂ ਵਿਚ ਹਾਸਾ ਜਿਹਾ ਪੈ ਗਿਆ..।

ਮੈਨੂੰ ਇਹ ਵਰਤਾਰਾ ਬੜਾ ਹੀ ਅਜੀਬ ਜਿਹਾ ਲੱਗਾ ਤੇ ਕੋਲ ਹੀ ਖਲੋਤੇ ਉਸਦੇ ਪਿੰਡ ਵਾਲੇ ਨੂੰ ਅਸਲ ਕਹਾਣੀ ਪੁੱਛ ਲਈ..ਪਤਾ ਲੱਗਾ ਕੇ ਫੌਜ ਵਿਚ ਹੁੰਦੇ ਸਨ..ਇਥੋਂ ਲਾਗੇ ਸਾਂਬੇ ਸੈਕਟਰ ਵਿਚ ਹੀ ਪੋਸਟਿੰਗ ਸੀ..।

ਇੱਕ ਦਿਨ ਟੈਲੀਗ੍ਰਾਮ ਗਈ ਕੇ ਨਾਲਦੀ ਬਸੰਤ ਕੌਰ ਦਾ ਐਕਸੀਡੈਂਟ ਹੋ ਗਿਆ..ਓਸੇ ਵੇਲੇ ਜੰਮੂ ਤੋਂ ਗੱਡੀ ਫੜ ਪਿੰਡ ਨੂੰ ਦੌੜ ਪਏ..ਇਨਾਂ ਦੀ ਗੱਡੀ ਵੀ ਕਠੂਹੇ ਲਾਗੇ ਲੈਣ ਤੋਂ ਉੱਤਰ ਗਈ.. ਓਥੋਂ ਪੈਦਲ ਹੀ ਏਨਾ ਆਖਦੇ ਹੋਏ ਪਿੰਡ ਨੂੰ ਭੱਜ ਤੁਰੇ ਕੇ 'ਬਸੰਤ ਕੁਰੇ ਜਾਵੀਂ ਨਾ ਮੈਂ ਬੱਸ ਹੁਣੇ ਆਇਆ'

ਬਸੰਤ ਕੌਰ ਓਸੇ ਦਿਨ ਚੜਾਈ ਕਰ ਗਈ..ਲਾਸ਼ ਤੀਏ ਦਿਨ ਬੋ ਮਾਰਨ ਲੱਗੀ ਤੇ ਅਗਲਿਆਂ ਸੰਸਕਾਰ ਕਰ ਦਿੱਤਾ..ਬਾਬਾ ਜੀ ਨੂੰ ਮੂੰਹ ਤੱਕ ਵੀ ਵੇਖਣਾ ਨਸੀਬ ਨਹੀਂ ਹੋ ਸਕਿਆ..ਸ਼ਰੀਕਾਂ ਬਥੇਰਾ ਆਖਿਆ ਕਿ ਦੂਜਾ ਵਿਆਹ ਕਰ ਦਿੰਨੇ ਆ, ਪਰ ਪੱਕੀ ਨਾਂਹ ਹੀ ਫੜੀ ਰੱਖੀ..ਪੰਦਰਾਂ ਵਰ੍ਹੇ ਹੋ ਗਏ ਇਹੀ ਹਾਲ ਏ..ਜਦੋਂ ਲੋਰ ਉੱਠਦਾ ਹਸਪਤਾਲ ਨੂੰ ਭੱਜ ਉਠਦੇ ਨੇ..'

ਮੈਨੂੰ ਕੋਲ ਹੱਸਦੇ ਹੋਇਆਂ ਦੀ ਕਮਜ਼ੋਰ ਮਾਨਸਿਕਤਾ ਤੇ ਬੜਾ ਤਰਸ ਆਇਆ ਤੇ ਮੈਥੋਂ ਉਸਦੀ ਬਾਕੀ ਦੀ ਗੱਲ ਵੀ ਨਾ ਸੁਣੀ ਗਈ.. ਅਗਲੇ ਹੀ ਪਲ ਮੈਂ ਬੁਖਾਰ ਦੀ ਪ੍ਰਵਾਹ ਕੀਤੇ ਬਗੈਰ ਬਾਹਰ ਨੂੰ ਭੱਜ ਉਠਿਆ..ਕਿੰਨਾ ਚਿਰ ਲੱਭਦਾ ਰਿਹਾ ਪਰ ਉਹ ਬਾਬਾ ਜੀ ਮੁੜ ਕਿਧਰੇ ਵੀ ਨਹੀਂ ਦਿਸੇ..।

ਮੈਥੋਂ ਕਿੰਨੇ ਦਿਨ ਦਿਨ ਰੋਟੀ ਨਾ ਖਾਦੀ ਗਈ.. ਵਾਰ ਵਾਰ ਬਸ ਇਹੀ ਖਿਆਲ ਆਈ ਜਾਵੇ ਕੇ ਕਿੰਨੀ ਮਹਾਨ ਤੇ ਕਿਸਮਤ ਵਾਲੀ ਹੋਵੇਗੀ ਉਹ ਬਸੰਤ ਕੌਰ ਤੇ ਉਸਦੀ ਰੂਹਾਨੀ ਮੁਹੱਬਤ..ਜਿਸਨੂੰ ਲੱਭਦਾ ਹੋਇਆ ਇਕ ਫੌਜੀ ਪਾਗਲ ਤੱਕ ਹੋ ਗਿਆ ਸੀ..ਓਹੀ ਫੌਜੀ ਜਿਹੜਾ ਇਕੱਤਰ ਦੀ ਜੰਗ ਵੇਲੇ ਸੀਨੇ ਵਿਚ ਦੋ ਗੋਲੀਆਂ ਖਾਣ ਦੇ ਬਾਵਜੂਦ ਵੀ ਹੱਸਦਾ ਹੋਇਆ ਮੋਰਚੇ ਵਿਚ ਡਟਿਆ ਰਿਹਾ ਸੀ।

ਦੋਸਤੋ, ਅਕਸਰ ਸੁਣੀਦਾ ਸੀ ਕਿ ਇਸ ਜਹਾਨ ਵਿਚ ਹੀ ਕਿਸੇ ਵੇਲੇ ਐਸੇ ਸਰਲ ਤੇ ਸਪਸ਼ਟ ਜਮਾਨੇ ਹੋਇਆ ਕਰਦੇ ਸਨ ਜਦੋਂ ਕੁਝ ਵਿਲੱਖਣ ਮੁਹੱਬਤਾਂ ਆਪ ਮੁਹਾਰੇ ਹੀ ਏਨੀਆਂ ਉਚੀਆਂ ਸੁੱਚੀਆਂ ਤੇ ਪਾਕ ਪਵਿੱਤਰ ਬਣ ਜਾਇਆ ਕਰਦੀਆਂ ਸਨ ਕਿ ਹਿਮਾਲਿਆ ਵਰਗੇ ਅਸਮਾਨ ਛੂੰਹਦੇ ਪਰਬਤ ਵੀ ਬੌਣੇ ਦਿਸਣ ਲੱਗ ਜਾਇਆ ਕਰਦੇ..ਤਾਂ ਹੀ ਸ਼ਾਇਦ ਅਕਸਰ ਹੀ ਏਨੀ ਗੱਲ ਸੁਣਨ ਨੂੰ ਮਿਲ ਜਾਇਆ ਕਰਦੀ ਸੀ ਕੇ 'ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ..।'

# ਆਪਣਾ ਤਣਾਅ ਅਤੇ ਗ਼ੁੱਸਾ ਦੂਸਰਿਆਂ 'ਤੇ ਨਾ ਕੱਢੋ

ਅੱਜ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਹਰ ਕੋਈ ਪ੍ਰੇਸ਼ਾਨੀਆਂ ਅਤੇ ਤਣਾਅ ਵਿੱਚ ਘਿਰਿਆ ਪਿਆ ਹੈ। ਜਿਸ ਦੀਆਂ ਘਰੇਲੂ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ ਉਹ ਤਾਂ ਦੁਖੀ ਹੈ ਹੀ ਨਾਲ ਦੀ ਨਾਲ ਜਿਸ ਦੀ ਜ਼ਿੰਦਗੀ ਅਸਾਨੀ ਨਾਲ ਬਤੀਤ ਹੋ ਰਹੀ ਹੈ ਉਹ ਵੀ ਚਿੰਤਾ ਦੇ ਦਰਿਆ ਵਿੱਚ ਡੁੱਬਿਆ ਰਹਿੰਦਾ ਹੈ। ਲੋਕਾਂ ਵਿੱਚ ਵਿਚਰਦੇ ਹੋਏ ਕੋਈ ਵਿਰਲਾ ਹੀ ਖਿੜਿਆ ਹੋਇਆ ਚਿਹਰਾ ਦੇਖਣ ਨੂੰ ਮਿਲਦਾ ਹੈ। ਹਰ ਕੋਈ ਆਪਣੇ ਦਿਲ ਤੇ ਕੋਈ ਨਾ ਕੋਈ ਬੋਝ ਚੁੱਕੀ ਫਿਰਦਾ ਹੈ। ਇਸ ਤਣਾਅ ਦਾ ਸਭ ਤੋਂ ਵੱਡਾ ਕਾਰਨ ਬਾਹਰਮੁਖੀ ਲੋੜਾਂ ਤੇ ਬੇਲੋੜੀਆਂ ਇੱਛਾਵਾਂ ਹਨ। ਘਰਾਂ ਵਿੱਚ ਹੁੰਦੇ ਕਲੇਸ਼, ਬੇਰੁਖ਼ੇ ਸੁਭਾਅ ਸਭ ਦਾ ਕਾਰਨ ਚਿੰਤਾਵਾਂ ਹਨ। ਮੈਂ ਅਕਸਰ ਦੇਖਦੀ ਹਾਂ, ਅਸੀਂ ਲੋਕ ਆਪਣੇ ਤਣਾਅ ਦੂਸਰਿਆਂ ਤੇ ਕੱਢਦੇ ਹਾਂ। ਕਿਸੇ ਦੂਸਰੇ ਇਨਸਾਨ ਉੱਪਰ ਗ਼ੁੱਸਾ ਹੋ ਕੇ, ਭੜਕ ਕੇ ਅਸੀਂ ਆਪਣੇ ਆਪ ਨੂੰ ਸ਼ਾਂਤ ਕਰ ਲੈਂਦੇ ਹਾਂ। ਉਦਾਹਰਨ ਦੇ ਤੌਰ 'ਤੇ ਅਕਸਰ ਕੰਮ ਦੇ ਬੋਝ ਜਾਂ ਕੰਮ ਤੋਂ ਥੱਕੇ ਹੋਏ ਇਨਸਾਨ ਪਰਿਵਾਰਕ ਮੈਂਬਰਾਂ ਨਾਲ ਖਿਝਦੇ ਰਹਿੰਦੇ ਹਨ। ਕਿਸੇ ਨਿੱਕੀ ਜਿਹੀ ਗੱਲ ਨੂੰ ਵੀ ਬਹੁਤ ਵੱਡਾ ਮੁੱਦਾ ਬਣਾ ਲਿਆ ਜਾਂਦਾ ਹੈ ਜੋ ਕਿ ਬਹੁਤ ਗ਼ਲਤ ਹੈ। ਜੇਕਰ ਜ਼ਿੰਦਗੀ ਹੈ ਤਾਂ ਚਿੰਤਾਵਾਂ ਵੀ ਨਾਲ ਹੀ ਰਹਿਣਗੀਆਂ। ਸਾਡੀਆਂ ਚਿੰਤਾਵਾਂ ਜਾਂ ਪ੍ਰੇਸ਼ਾਨੀਆਂ ਨੂੰ ਅਸੀਂ ਕਿਸੇ ਹੋਰ ਉੱਪਰ ਨਹੀਂ ਥੋਪ ਸਕਦੇ। ਇਸ ਲਈ ਸਾਡਾ ਸਭ ਤੋਂ ਪਹਿਲਾਂ ਯਤਨ ਇਹੋ ਰਹਿਣਾ ਚਾਹੀਦਾ ਹੈ ਕਿ ਅਸੀਂ ਬੇਲੋੜੀਆਂ ਚਿੰਤਾਵਾਂ ਤੋਂ ਪ੍ਰਹੇਜ਼ ਕਰੀਏ। ਜੇਕਰ ਕੋਈ ਮੁਸ਼ਕਿਲ ਆਈ ਵੀ ਹੈ ਤਾਂ ਉਸਦਾ ਵਾਜਬ ਹੱਲ ਕੱਢਣ ਬਾਰੇ ਸੋਚਿਆ ਜਾਵੇ ਨਾ ਕਿ ਗ਼ੁੱਸੇ ਅਤੇ ਬੇਰੁਖ਼ੇ ਸੁਭਾਅ ਰਾਹੀ ਆਪਣੀਆਂ ਚਿੰਤਾਵਾਂ ਦਾ ਬੋਝ ਕਿਸੇ ਹੋਰ ਦੇ ਸਿਰ ਪਾਇਆ ਜਾਵੇ।

ਹਰਕੀਰਤ ਕੌਰ
9779118066




# ਗੁਆਂਢੀਆਂ ਦਾ ਸੰਗਲ਼

## ਬਿੱਟੂ ਜਰਮਨੀ

੦੦੪੯੧੭੭੫੩੦੪੧੪੧

ਰਾਤ ਨੂੰ ਘੁਸਰ-ਮੁਸਰ ਹੁੰਦੀ ਵੇਖ ਤਾਰੋ ਨੇ ਆਪਣੇ ਘਰਦੇ ਨੱਥਾ ਸਿਓਂ ਨੂੰ ਕਿਹਾ, 'ਮੈਖਿਆ ਜੀ, ਵੇਖੋ ਖਾਂ ਭਲਾ ਕਾਹਦਾ ਘੁਟਵਾਂ ਜਿਹਾ ਰੌਲਾ' ਭਲਾ ਕੋਈ ਡੰਗਰਾਂ ਵੱਲ..। ਉਹਦੀ ਗੱਲ ਮੂੰਹ 'ਚ ਹੀ ਰਹਿਗੀ। 'ਸੌਂ ਜਾ ਐਵੇਂ ਨਾਂ ਵਹਿਮ ਕਰਿਆ ਕਰ, ਨੱਥੇ ਨੇ ਰਜਾਈ ਘੁਟਦਿਆਂ ਤਾਰੋ ਨੂੰ ਚੁੱਪ ਕਰਾਤਾ।

ਕੁਝ ਪਲਾਂ ਮਗਰੋਂ ਕੁੱਤੇ ਭੌਂਕਣ ਦੀ ਅਵਾਜ਼ ਨੇ ਤਾਰੋ ਦੇ ਵਹਿਮ ਨੂੰ ਹੋਰ ਪੱਕਿਆਂ ਕਰਤਾ ਤੇ ਡਰਦਿਆਂ ਡਰਦਿਆਂ ਬੋਲੀ, 'ਮੈਹਿਆ ਜੀ ਉੱਠ ਕਿ ਵੇਖੋ ਕਿੱਤੇ ਸੱਜਰ ਮੱਝ ਆ..। ਗੱਲ ਉਹਦੇ ਸੰਘ ਵਿਚ ਸੀ ਕਿ ਨੱਥਾ ਸਿੰਹ ਖਿੱਝ ਕੇ ਬੋਲਿਆ, 'ਸੌਣ ਦੇ ਕਿਹੇ ਕੰਜਰ ਨੂੰ ਕੀ ਅੱਧੀ ਰਾਤ ਟੈਂ ਟੈਂ ਲਈ ਆ'



ਲੋਅ ਲੱਗੀ ਤੇ ਤਾਰੋ ਬਾਲਟੀ ਫੜ ਜਦੋਂ ਬਰਾਂਡੇ ਵਿਚ, ਧਾਰ ਕੱਢਣ ਗਈ ਤਾਂ ਪੰਜ 'ਕਲਿਆਣੀ ਮੱਝ' ਕਿੱਲੇ ਤੋਂ ਗਾਇਬ ਸੀ। ਭਾਵ ਤਾਰੋ ਦਾ ਵਹਿਮ ਸਹੀ ਨਿਕਲਿਆ ਤੇ ਚੋਰ ਆਪਣਾ ਕਾਰਾ ਕਰ ਗਏ ਸਨ। ਉਹ ਵਾਹੋ ਦਾਹੀ ਨੱਥੇ ਕੋਲ ਦੌੜੀ ਆਈ ਤੇ ਆਖਣ ਲੱਗੀ, 'ਵਰਤ ਗਿਆ ਈ ਭਾਣਾ, ਲੈਗੇ ਈ ਮੱਝ ਖੋਲਕੇ' ਸੁੱਤਾ ਰਹਿ ਲੰਮੀਆਂ ਤਾਣਕੇ।

ਨੱਥਾ ਅੱਬੜ ਵਾਹਾ ਉੱਠ ਕੇ ਖੁਰਲੀ ਵੱਲ ਨੂੰ ਗਿਆ ਤੇ ਕਿੱਲੇ ਦੁਆਲੇ ਗੇੜਾ ਮਾਰ ਕੇ ਆਂਹਦਾ, ਚੰਗਾ ਹੋਇਆ 'ਗੁਆਂਢੀਆਂ ਦਾ ਸੰਗਲ਼' ਵੀ ਗਿਆ ਨਾਲੇ ਈ।

ਭਾਵ ਆਪਣੀ ਮੱਝ ਗਈ ਦਾ ਉਨਾਂ ਫਿਕਰ ਨਹੀਂ ਜਿੰਨੀ 'ਗੁਆਂਢੀਆਂ ਦੇ ਸੰਗਲ਼' ਗਏ ਦੀ ਖ਼ੁਸ਼ੀ। ਇਹ ਮਾਨਸਿਕਤਾ ਅਜੋਕੀ ਮਾਨਵ ਜਾਤੀ ਦੀ।

ਨੋਟ:- ਨਿੱਕੇ ਹੁੰਦਿਆਂ ਬਾਪੂ ਤੋਂ ਸੁਣੀ ਕਹਾਣੀ ਨੂੰ ਸ਼ਬਦੀ ਰੂਪ ਦਿੱਤਾ।

# 100 ਸਾਲ ਪੁਰਾਣੇ ਤਵਿਆਂ ਵਾਲੇ ਸੱਭਿਆਚਾਰ ਨੂੰ ਸੰਭਾਲਣ ਲਈ ਯਤਨਸ਼ੀਲ 'ਹਰਪਾਲ ਸਿੰਘ ਸੋਢੀ'



**ਤਸਵਿੰਦਰ ਸਿੰਘ ਬੜੈਚ**
ਮੋਬਾ-7527931887

ਜ਼ਿਲਾ ਸ੍ਰੀ ਫਤਹਿਗੜ ਸਾਹਿਬ ਦੇ ਛੋਟੇ ਜਿਹੇ ਇਤਿਹਾਸਕ ਸ਼ਹਿਰ ਸਰਹੰਦ ਦਾ ਵਸਨੀਕ ਹਰਪਾਲ ਸਿੰਘ ਸੋਢੀ ਪੁਰਾਤਨ ਸੰਗੀਤਕ ਸਾਜੋ ਸਮਾਨ ਨੂੰ ਸੰਭਾਲਣ ਲਈ ਗੰਭੀਰ ਹੈ। ਅਜੋਕੇ ਸਮੇਂ ਵਿੱਚ ਪੁਰਾਤਨ ਸੰਗੀਤਕ ਵਸਤਾਂ ਦੀ ਸਾਂਭ-ਸੰਭਾਲ ਨਾ ਹੋਣ ਕਰਕੇ ਇਹ ਦਿਨੋਂ-ਦਿਨ ਅਲੋਪ ਹੁੰਦੀਆਂ ਜਾ ਰਹੀਆਂ ਹਨ, ਪਰ ਹਰਪਾਲ ਸਿੰਘ ਸੋਢੀ ਨੇ ਆਪਣੇ ਦਾਦੇ-ਪੜਦਾਦੇ ਦੇ ਸਮੇਂ ਦੀਆਂ ਸੰਗੀਤ ਦੀ ਦੁਨੀਆਂ ਦੀਆਂ ਬਹੁਤ ਹੀ ਪੁਰਾਣੀਆਂ ਗ੍ਰਾਮੋਫੋਨ ਮਸ਼ੀਨਾਂ, ਜੋ ਚਾਬੀ ਨਾਲ ਚਲਦੀਆਂ ਹਨ ਤੇ ਭਾਰਤ ਵਿੱਚ ਇਹ ਮਸ਼ੀਨਾਂ ਇੱਕ ਬਰਤਾਨਵੀਂ ਕੰਪਨੀ 'ਹਿਜ਼ ਮਾਸਟਰਜ਼ ਵਾਇਸ' ਵੱਲੋਂ ਬਾਜ਼ਾਰ ਵਿੱਚ ਲਿਆਂਦੀਆਂ ਗਈਆਂ ਸਨ, ਪੱਥਰ ਅਤੇ ਪਲਾਸਟਿਕ ਦੇ ਰਿਕਾਰਡ (ਤਵੇ) ਆਦਿ ਸੰਗੀਤਕ ਵਸਤਾਂ ਆਪਣੇ ਘਰ ਵਿਚ ਬੜੇ ਸੁਚੱਜੇ ਤਰੀਕੇ ਨਾਲ ਸੰਭਾਲ ਕੇ ਰੱਖੀਆਂ ਹੋਈਆਂ ਹਨ। ਇਸ ਤੋਂ ਇਲਾਵਾ ਉਸ ਨੇ ਦੋ ਲੱਖ ਤੋਂ ਵੀ ਵੱਧ ਹਿੰਦੀ, ਪੰਜਾਬੀ ਗੀਤਾਂ ਤੇ ਉਨਾਂ ਨਾਲ ਸਬੰਧਤ ਜਾਣਕਾਰੀ ਨੂੰ ਵੀ ਆਪਣੇ ਕੰਪਿਊਟਰ 'ਚ ਸਾਂਭ ਕੇ ਰੱਖਿਆ ਹੋਇਆ ਹੈ।

ਸੰਗੀਤ ਪ੍ਰੇਮੀ ਹਰਪਾਲ ਸਿੰਘ ਸੋਢੀ ਇਸ ਅਨਮੋਲ ਸੰਗੀਤਕ ਖ਼ਜ਼ਾਨੇ 'ਤੇ ਹੁਣ ਤੱਕ ਦਸ ਲੱਖ ਰੁਪਏ ਤੋਂ ਵੀ ਵੱਧ ਦੀ ਰਾਸ਼ੀ ਖਰਚ ਕਰ ਚੁੱਕਿਆ ਹੈ। ਸਿਹਤ ਵਿਭਾਗ ਦੇ ਜਿਲਾ ਮੈਨੇਜਰ ਦੀ ਪੋਸਟ 'ਤੇ ਤਾਇਨਾਤ ਇਸ ਸਖਸ਼ ਕੋਲ 'ਮੀਤ ਨਾ ਮਿਲਾ ਰੇ ਮਨ ਕਾ (ਫਿਲਮ ਅਭੀਮਾਨ, ਗਾਇਕ ਕਿਸ਼ੋਰ ਕੁਮਾਰ), ਦੁਨੀਆਂ ਬਨਾਨੇ ਵਾਲੇ (ਫਿਲਮ ਹਿੰਦੋਸਤਾਨ ਕੀ ਕਸਮ, ਗਾਇਕ ਲਤਾ ਮੰਗੇਸਕਰ), ਚੱਲਤੇ-ਚੱਲਤੇ (ਫਿਲਮ ਪਾਕੀਜਾ, ਗਾਇਕਾਂ ਲਤਾ ਮੰਗੇਸਕਰ), ਮੇਰਾ ਰਾਜਾ ਬੇਟਾ (ਫਿਲਮ ਅਨੁਰੋਧ, ਗਾਇਕਾਂ ਲਤਾ ਮੰਗੇਸਕਰ), ਹਾਏ ਹਾਏ ਜੇਹ ਮਜਬੂਰੀ (ਫਿਲਮ ਰੋਟੀ ਕੱਪੜਾ ਔਰ ਮਕਾਨ, ਗਾਇਕਾਂ ਲਤਾ ਮੰਗੇਸਕਰ), ਮਨ ਤੜਪਤ ਹਰ ਦਰਸ਼ਨ ਕੋ (ਫਿਲਮ ਬੈਜੂ ਬਾਵਰਾ, ਗਾਇਕ ਮੁਹੰਮਦ ਰਫੀ), ਪੰਛੀ ਬੰਨ ਮੇਂ (ਫਿਲਮ ਬਾਬੁਲ, ਲਤਾ ਮੰਗੇਸਕਰ ਤੇ ਸ਼ਮਸ਼ਾਦ), ਦਿਲ ਨੇ ਦਿਲ ਕੋ ਪੁਕਾਰਾ (ਫਿਲਮ ਦਾ ਰਾਸਤੇ, ਮੁਹੰਮਦ ਰਫੀ ਲਤਾ ਮੰਗੇਸਕਰ), ਜਬ ਦੀਪ ਜਲੇ ਆਨਾ (ਜਸੋਦਾ ਦਾਸ ਤੇ ਹੇਮਲਤਾ), ਮੇਰੇ ਦਿਲ ਮੇਂ ਆਜ ਕਿਆ ਹੈ (ਫਿਲਮ ਦਾਗ, ਗਾਇਕ ਕਿਸ਼ੋਰ ਕੁਮਾਰ), ਕਭੀ ਕਭੀ (ਫਿਲਮ ਕਭੀ ਕਭੀ, ਮੁਕੇਸ਼ ਤੇ ਲਤਾ ਮੰਗੇਸਕਰ), ਸੁਨੌਂ ਜਬਾਨੋਂ ਔਰ ਕਿਸਾਨੋਂ (ਗਾਇਕ ਦੀਪਕ), ਜੁਗਨੂੰ ਚਮਕੇ (ਫਿਲਮ ਜੁਗਨੂੰ, ਗਾਇਕਾਂ ਲਤਾ ਮੰਗੇਸਕਰ), ਆਪਕੀ ਨਜਰੋਂ ਨੇ ਸਮਝਾ (ਫਿਲਮ ਅਨੁਰੋਧ, ਗਾਇਕਾਂ ਲਤਾ ਮੰਗੇਸਕਰ), ਪਿਆਰ ਕਭੀ ਕਮ (ਫਿਲਮ ਏਕ ਮੁੱਠੀ ਆਸਮਾਨ, ਕਿਸ਼ੋਰ ਕੁਮਾਰ ਤੇ ਵਾਨੀ ਜੈਰਾਮ), ਚਾਂਦ ਸਾ ਕੋਈ ਚੇਹਰਾ (ਫਿਲਮ ਛੋਹਲੇ, ਕਿਸ਼ੋਰ ਕੁਮਾਰ ਤੇ ਮੰਨਾਂ ਡੇਅ), ਤੇਰੇ ਬਿਨਾਂ ਜ਼ਿੰਦਗੀ ਮੇਂ (ਫਿਲਮ ਆਂਧੀ, ਲਤਾ ਮੰਗੇਸਕਰ ਤੇ ਕਿਸ਼ੋਰ ਕੁਮਾਰ),





ਹੋ ਜਾਤਾ ਹੈ ਪਿਆਰ (ਫਿਲਮ ਕਸੌਟੀ, ਕਿਸੋਰ ਕੁਮਾਰ ਤੇ ਲਤਾ) ਆਦਿ ਹਿੰਦੀ ਫਿਲਮਾਂ ਦੇ ਗੀਤ ਤੇ ਤਵੇ ਸਾਂਭੇ ਹੋਏ ਹਨ। ਪੰਜਾਬੀ ਗਾਣਿਆਂ ਦੇ ਰਿਕਾਰਡ ਵੀ ਉਸਨੇ ਵੱਡੀ ਗਿਣਤੀ ਵਿਚ ਸਾਂਭੇ ਹੋਏ ਹਨ। ਇਨਾਂ ਹਿੰਦੀ-ਪੰਜਾਬੀ ਰਿਕਾਰਡਾਂ ਦੀ ਗਿਣਤੀ ਦੋ ਹਜ਼ਾਰ ਤੋਂ ਵੀ ਜਿਆਦਾ ਹੈ। 1988 ਵਿਚ ਆਪਣੀ ਇਕ ਆਡੀਓ ਕੈਸਿਟ ਰਿਕਾਰਡ ਕਰਵਾ ਚੁੱਕੇ ਇਸ ਸ਼ਖਸ ਕੋਲ ਛੇ ਹਜ਼ਾਰ ਆਡੀਓ ਕੈਸਿਟਾਂ ਵੀ ਸਾਂਭੀਆਂ ਹੋਈਆਂ ਹਨ। ਹਰਪਾਲ ਸਿੰਘ ਨੇ ਦੋ ਲੱਖ ਤੋਂ ਵੱਧ ਹਿੰਦੀ, ਪੰਜਾਬੀ ਗੀਤ ਵੀ ਕੰਪਿਊਟਰ ਵਿਚ ਸਾਂਭੇ ਹੋਏ ਹਨ। ਪੁਰਾਤਨ ਸੰਗੀਤ ਨਾਲ ਸਬੰਧਤ ਸਦੀਆਂ ਪੁਰਾਣੇ ਇਸ ਸਾਜੋ ਸਮਾਨ ਨੂੰ ਚਾਲੂ ਰੱਖਣ ਲਈ ਹਰਪਾਲ ਸਿੰਘ ਨੂੰ ਕਾਫੀ ਮੁਸ਼ੱਕਤ ਕਰਨੀ ਪੈਂਦੀ ਹੈ ਅਤੇ ਖਰਾਬ ਹੋਣ ਦੀ ਸੂਰਤ ਵਿੱਚ ਦੂਰ-ਦੁਰਾਡਿਓਂ ਇਨਾਂ ਦੇ ਪੁਰਜ਼ੇ ਲਿਆਉਣੇ ਪੈਂਦੇ ਹਨ। ਮੇਰਾ ਸਲੂਟ ਹੈ ਇਸ ਮਿਹਨਤੀ ਸ਼ਖਸ ਨੂੰ ਜੋ ਆਪਣੇ ਰੁਝੇਂਵਿਆਂ ਵਿਚੋਂ ਸਮਾਂ ਕੱਢ ਕੇ ਇਸ ਪੁਰਾਤਨ ਸੰਗੀਤਕ ਵਿਰਾਸਤ ਨੂੰ ਸਾਂਭ ਰਿਹਾ ਹੈ।

# ਭਲੇ ਅਮਰਦਾਸ ਗੁਣ ਤੇਰੇ

**ਗੁਰਮੀਤ ਸਿੰਘ ਮੀਤ**




-ਇਹ ਕੌਣ ਏ ਭਲਾ ?' ਧੁੰਦ ਭਰੀ ਠੰਢ ਵਿੱਚ ਉਹ ਬਾਰੀ ਦੀਆਂ ਵਿਰਲਾਂ 'ਚੋਂ ਵੇਖਦੀ ਆਪਣੇ ਆਪ ਨਾਲ ਸਵਾਲ ਜਵਾਬ ਕਰਦੀ ਸੋਚਣ ਲੱਗੀ।

'ਐਨੇ ਮੂੰਹ ਹਨੇਰੇ ?.. ਤੇ ਭਾਂ-ਭਾਂ ਕਰਦੀ ਹਨੇਰੀ ਤੇ ਠੰਢੀ ਯੱਖ ਰਾਤ 'ਚ ?'

'ਝੁੱਕ ਕੇ ਚਲ ਰਿਹੈ... ਕੋਈ ਬਿਰਧ ਲਗਦਾ ਏ... ਏਸ ਨੇ ਤਾਂ ਲਗਦੈ ਗਾਗਰ ਵੀ ਚੁੱਕੀ ਏ ਮੋਢਿਆਂ 'ਤੇ....ਹਾਏ ! ਇਹਨੂੰ ਕੀ ਪਈ ਏ ਐਸ ਵੇਲੇ ਰਾਮ ਜੀ ?' ਬੀਬੋ ਖੇਸ ਦੀ ਬੁੱਕਲ ਮਾਰਦੀ ਹੈਰਾਨੀ ਨਾਲ ਆਪਣੇ ਆਪ ਨਾਲ ਗੱਲਾਂ ਕਰੀ ਗਈ।

'ਹੁਣ ਕੁੱਝ ਨੇੜੇ ਹੋਇਆ ਲਗਦੈ....ਹੈਂ ! ਚਿਹਰੇ ਤੇ ਆਭਾ ਕਾਹਦੀ ਏ ?' ਗ਼ੌਰ ਨਾਲ ਵੇਖਦੀ ਹੋਈ ਬੋਲੀ।

'ਕੀ ਰੌਸ਼ਨੀ ਏ ?...ਨਹੀਂ ! ਨਹੀਂ... ਨੂਰ ਸੂ ਚਿਹਰੇ ਦਾ।'

'ਕਿੰਨੀ ਠੰਢਕ ਪੈਂਦੀ ਪਈ ਏ, ਤੱਕ ਤੱਕ ਕੇ ਹਿਰਦੇ ਨੂੰ ...'

'ਕੀ ਭਲਾ ਇਹ ਮਜ਼ਦੂਰੀ ਕਰਦਾ ਹੋਣੈ ਪਾਣੀ ਢੋਣ ਦੀ ?' ਹੋਰ ਹੈਰਾਨੀਜਨਕ ਸਵਾਲ ਉਸਦੇ ਦਿਮਾਗ਼ ਵਿੱਚ ਆਈ ਗਏ।

'ਪਰ ਮਜ਼ਦੂਰ ਨੂੰ ਕੀ ਪਈ ਏ ਐਸ ਵੇਲੇ ?' ਉਹ ਆਪਣੇ ਆਪ ਨਾਲ ਗੱਲਾਂ ਕਰੀ ਗਈ।

'ਮਜ਼ਦੂਰਾਂ ਨੂੰ ਹੋਰ ਕੰਮ ਬੜੇ ਨੇ, ਕੰਮਾਂ ਦੀ ਕੋਈ ਕਮੀ ਏ'

'ਕੋਈ ਮੁਲ ਵਿਕਿਆ ਗੁਲਾਮ ਲਗਦੈ ....ਹਾਂ ! ਹਾਂ ! ਮੁੱਲ ਵਿਕਿਆ ਈ ਹੋਣੈ, ਹੋਰ ਕਿਹਨੂੰ ਪਈ ਏ ਐਸ ਵੇਲੇ ਖੱਜਲ ਹੋਣ ਦੀ.....'

'ਹੈਂ ! ਇਹ ਤਾਂ ਆਪਣੇ ਮੂਹੋਂ ਆਪ ਈ ਇਹੀ ਗੱਲ ਪਿਆ ਬੋਲਦੈ.....'

(ਬਾਹਰੋਂ ਮਿੱਠੀ ਤੇ ਰੱਸ ਵਿੱਚ ਗੜੂੰਦ ਰਾਗਮਈ ਅਵਾਜ਼ ਆ ਰਹੀ ਸੀ...)

'ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ।।
ਗੁਰ ਕੀ ਬਚਨੀ ਹਾਟ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ।।'

'ਕੋਈ ਸਿਧਰਾ ਜਾਂ ਮਸਤਾਨਾ ਹੋਣੈ ..... ਆਪਣੇ ਈ ਰੰਗ ਵਿਚ ਰੰਗੀ ਰੂਹ ਏ ....ਮੁੱਖ ਕਿੰਨਾ ਉਜੱਵਲ ਹੈਸੂ।'

ਅਤੇ ਫਿਰ ਇੱਕ ਦਿਨ

ਖੜਾਕ...! (ਧੜੱਮ ਕਰਕੇ ਕੁੱਝ ਡਿੱਗਿਆ)

'ਹਾਏ ਰਾਮ ਜੀ ! ਇਹ ਅਵਾਜ਼ ਕਾਹਦੀ ?' ਇੱਕਦਮ ਉਸਨੇ ਉੱਠ ਕੇ ਬਾਰੀ ਵਿੱਚੋਂ ਬਾਹਰ ਵੇਖਿਆ। ਬਾਹਰ ਅੱਤ ਦਾ ਝੱਖੜ ਝੁੱਲ ਰਿਹਾ ਸੀ।

'ਕੋਈ ਡਿਗਿਆ ਲਗਦੈ ....'

'ਧੰਨ ਗੁਰੂ ਨਾਨਕ ! ਧੰਨ ਨਿਰੰਕਾਰ ! ਦੀ ਮਿੱਠੀ ਆਵਾਜ਼ ਵੀ ਆ ਰਹੀ ਏ !'

'ਕੌਣ ਏ ਭਾਈ ?' ਸਾਹਮਣੇ ਜੁਲਾਹਿਆਂ ਦੇ ਘਰੋਂ ਆਵਾਜ਼ ਆਈ।

'ਹੋਣਾ ਏ ਅਮਰੂ ਨਿਥਾਂਵਾਂ.......ਜਿਨੂੰ ਨਾ ਦਿਨੇ ਚੈਨ ਏ ਤੇ ਨਾ ਰਾਤੀਂ......ਲਗਿਐ ਹੋਇਐ ਏਸ ਉਮਰੇ ਵੀ ਕੁੜਮਾਂ ਦੀ ਚਾਕਰੀ ਕਰਨ।' ਜੁਲਾਹੀ ਨੇ ਰਜਾਈ ਵਿਚੋਂ ਈ ਜੁਲਾਹੇ ਨੂੰ ਕਿਹਾ।

ਡਿਗਣ ਵਾਲਾ ਉੱਠ ਕੇ ਲੰਘਦਾ ਹੋਇਆ ਜਦੋਂ ਕੁੱਝ ਨੇੜੇ ਜਿਹਾ ਹੋਇਆ। ਹਾਏ...! ਇਹ ਤਾਂ ਉਹੀ ਏ ਭਲਾ ਜਿਹਾ ਆਦਮੀ.. ਝੱਗਾ ਤਾਂ ਨਿਰਾ ਖ਼ੂਨ ਨਾਲ ਲਿਬੜਿਆ ਪਿਆ ਏ...। ਵੇਖ ਕੇ ਜਿਵੇਂ ਉਸ ਦੇ ਕੋਮਲ ਹਿਰਦੇ ਦਾ ਰੁਗ ਭਰਿਆ ਗਿਆ।

'ਜੁਲਾਹਿਆਂ ਦੀ ਕਿੱਲੀ ਤੇ ਠੇਡਾ ਲਗਿਆ ਲਗਦੈ'

'ਐਨੇ ਝੱਖੜ ਵਿਚ ਭਲਾ ਕੀ ਦਿਸਦੈ ?'

ਹੈਂਅ...! ਜੱਲ ਦੀ ਗਾਗਰ ਤਾਂ ਹਲੇ ਸਿਰ ਤੇ ਈ ਚਾਈ ਹੋਈ ਏ.. ਆਪ ਸੱਟ ਖਾ ਕੇ ਵੀ ਗਾਗਰ ਨਹੀਂ ਡਿੱਗਣ ਦਿੱਤੀ, ਭਲੇ ਪੁਰਖ ਨੇ' ਉਹ ਅਤੀ ਹੈਰਾਨ ਹੁੰਦੀ ਬੋਲੀ ਗਈ।

'ਇੱਕ ਕਦਮ ਅੱਗੇ ਪੁਟਦੈ ਤੇ ਚਾਰ ਕਦਮ ਝੱਖੜ ਪਿੱਛੇ ਧੱਕ ਦਿੰਦਾ ਪਿਐ'

'ਹੱਥ ਨੂੰ ਹੱਥ ਨਹੀਂ ਪਿਆ ਦਿਸਦਾ.....ਕਿਵੇਂ ਪੁੱਜੇਗਾ ਟਿਕਾਣੇ ਹਨੇਰ ਘੁੱਪ ਘੇਰ ਤੇ ਸਾਂ ਸਾਂ ਕਰਦੇ ਝੱਖੜ 'ਚ ?'

'ਐਨੀ ਠੰਢ ਵਿੱਚ ਤਾਂ ਮਾਵਾਂ ਬਚਿਆਂ ਨੂੰ ਕਲੇਜੇ ਨਾਲ ਲਾ ਕੇ ਸੁੱਤੀਆਂ ਪਈਐਂ ?'

ਠੇਡਾ ਖਾਣ ਵਾਲਾ ਸੱਟ ਵਿੱਚੋਂ ਵਗਦੇ ਲਹੂ ਦੀ ਬਿਨਾਂ ਪਰਵਾਹ ਕੀਤੇ, ਕਿਸੇ ਅਗੰਮੀ ਰੌਂਅ ਵਿਚ ਰਾਗਮਈ ਤੇ ਮਾਖਿਓਂ ਮਿੱਠੀ ਸੁਰੀਲੀ ਆਵਾਜ਼ ਵਿੱਚ ਕੋਲੋਂ ਗਾਉਂਦਾ ਲੰਘ ਰਿਹਾ ਸੀ....।

**'ਪੀਅਹਿ ਤਾਂ ਪਾਣੀ ਆਣੀ ਮੀਰਾ ਖਾਹਿ ਤਾ ਪੀਸਣ ਜਾਉ ।।**
**ਪੱਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ।।**
**ਮੁਲਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ।।**
**ਗੁਰ ਕੀ ਬਚਨੀ ਹਾਟ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ।।'**

ਕਰੀਬ ਤਿਹੱਤਰ ਸਾਲ ਦੀ ਉਮਰ ਤੱਕ....। ਗਿਆਰਾਂ ਸਾਲਾਂ ਦੀ ਕਠਿਨ ਘਾਲਣਾ ਅਤੇ ਅੰਮ੍ਰਿਤ ਵੇਲੇ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਇਸ਼ਨਾਨ ਲਈ ਤਾਜ਼ੇ ਜਲ ਦੀ ਸੇਵਾ ਕਰਦਿਆਂ......ਐਸੀਆਂ ਕਿੰਨੀਆਂ ਮੁਸ਼ਕਿਲ ਰਾਤਾਂ 'ਨਿਥਾਵਿਆਂ ਦੇ ਥਾਵ ਤੇ ਨਿਓਟਿਆਂ ਦੀ ਓਟ' ਗੁਰੂ ਅਮਰਦਾਸ ਜੀ ਨੇ ਝਾਗੀਆਂ ਹੋਣੀਆਂ ਨੇ ਇਹ ਵਾਹਿਗੁਰੂ ਹੀ ਜਾਣੇ। ਇਸ ਰਾਤ ਤੋਂ ਬਾਅਦ ਜਿਹੜਾ ਸੂਰਜ ਚੜਿਆ, ਉਹ ਗੁਰੂ ਅਮਰਦਾਸ ਜੀ ਨੂੰ ਸਦਾ ਲਈ ਰੌਸ਼ਨ ਕਰ ਗਿਆ। ਗੁਰੂ ਅੰਗਦ ਦੇਵ ਜੀ ਨੇ ਆਪ ਜੀ ਨੂੰ ਆਪਣੇ ਆਸਣ ਤੇ ਬਿਠਾ ਦਿੱਤਾ।

**'ਭਲੇ ਅਮਰਦਾਸ ਗੁਣ ਤੇਰੇ।**
**ਤੇਰੀ ਉਪਮਾ ਤੋਹਿ ਬਣਿ ਆਵੈ ।।'**

ਧੰਨ ਗੁਰੂ ਅਮਰਦਾਸ ਜੀ।

# ਅ.ਫਗਾਨਿਸਤਾਨ ਤੋਂ ਭਾਰਤ ਆਏ 16 ਲੋਕ ਕੋਰੋਨਾ ਦੀ ਲਪੇਟ ਵਿਚ

## ਮੰਤਰੀ ਹਰਦੀਪ ਸਿੰਘ ਪੁਰੀ ਵੀ ਸੰਪਰਕ ਵਿਚ ਆਏ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਭਾਰਤ ਸਰਕਾਰ ਲਗਾਤਾਰ ਅਫ਼ਗਾਨਿਸਤਾਨ ਤੋਂ ਆਪਣੇ ਨਾਗਰਿਕਾਂ ਨੂੰ ਲੈ ਕੇ ਆਉਣ ਦਾ ਕੰਮ ਕਰ ਰਹੀ ਹੈ। ਮੰਗਲਵਾਰ ਨੂੰ 78 ਲੋਕਾਂ ਨੂੰ ਭਾਰਤ ਲਿਆਂਦਾ ਗਿਆ ਜਿਨਾਂ ਵਿਚੋਂ 16 ਲੋਕ ਕੋਰੋਨਾ ਪਾਜ਼ੇਟਿਵ ਪਾਏ ਗਏ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਵੀ ਇਨਫੈਕਟਿਡਾਂ ਦੇ ਸੰਪਰਕ ਵਿਚ ਆਏ ਸਨ। ਪਾਜ਼ੇਟਿਵ ਪਾਏ ਗਏ ਸਾਰੇ ਇਨਫੈਕਟਿਡ ਬਿਨਾਂ ਲੱਛਣਾਂ ਵਾਲੇ ਮਰੀਜ਼ ਹਨ। ਸਾਰਿਆਂ ਨੂੰ ਕੁਆਰੰਟਾਈਨ ਵਿਚ ਰੱਖਿਆ ਗਿਆ ਹੈ। ਇਨਫੈਕਟਿਡ ਮਿਲੇ ਲੋਕਾਂ ਵਿਚ ਉਹ 3 ਸਿੱਖ ਵੀ ਸ਼ਾਮਲ ਹਨ ਜੋ ਆਪਣੇ ਨਾਲ ਅਫ਼ਗਾਨਿਸਤਾਨ ਦੇ ਗੁਰਦੁਆਰਾ ਸਾਹਿਬਾਨਾਂ ਤੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲਿਆਏ ਸਨ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਸਿੱਖਾਂ ਦਾ ਸੁਆਗਤ ਕਰਨ ਦਿੱਲੀ ਹਵਾਈ ਅੱਡੇ 'ਤੇ ਸਨ, ਉਹ ਵੀ ਪੀੜਤ ਲੋਕਾਂ ਦੇ ਸੰਪਰਕ 'ਚ ਆਏ। ਇਹ ਸਾਰੇ ਬਿਨਾਂ ਲੱਛਣ ਵਾਲੇ ਮਰੀਜ਼ ਸਨ। ਭਾਰਤ ਯੁੱਧ ਨਾਲ ਤਬਾਹ ਅਫ਼ਗਾਨਿਸਤਾਨ ਤੋਂ ਆਪਣੇ ਨਾਗਰਿਕਾਂ ਨੂੰ ਕੱਢਣ ਲਈ ਰੋਜ਼ਾਨਾ ਵਿਸ਼ੇਸ਼ ਉਡਾਣਾਂ ਚੱਲਾ ਰਿਹਾ ਹੈ। ਪੁਰੀ ਨੇ ਦੱਸਿਆ ਕਿ ਹੁਣ ਤੱਕ 228 ਭਾਰਤੀ ਨਾਗਰਿਕਾਂ ਸਮੇਤ ਕੁੱਲ 626 ਲੋਕਾਂ ਨੂੰ ਅਫ਼ਗਾਨਿਸਤਾਨ ਤੋਂ ਕੱਢਿਆ ਗਿਆ ਹੈ। ਉਨਾਂ ਨੇ ਇਹ ਵੀ ਦੱਸਿਆ ਕਿ ਉਨਾਂ 'ਚੋਂ 77 ਅਫ਼ਗਾਨ ਸਿੱਖ ਸਨ। ਕੱਢੇ ਗਏ ਭਾਰਤੀ ਨਾਗਰਿਕਾਂ ਦੀ ਗਿਣਤੀ 'ਚ ਭਾਰਤੀ ਦੂਤਘਰ 'ਚ ਕੰਮ ਕਰਨ ਵਾਲੇ ਲੋਕ ਸ਼ਾਮਲ ਨਹੀਂ ਹਨ।

## ਚੀਨ ਤਾਲਿਬਾਨ ਦੇ...

ਇਸ ਬਿਆਨ ਬਾਰੇ ਪੁੱਛੇ ਜਾਣ 'ਤੇ ਵੈਨਬਿਨ ਨੇ ਕਿਹਾ, 'ਮੈਂ ਸਪੱਸ਼ਟ ਤੌਰ 'ਤੇ ਕਹਿਣਾ ਚਾਹੁੰਦਾ ਹਾਂ ਕਿ ਅਫਗਾਨ ਮੁੱਦੇ ਲਈ ਅਮਰੀਕਾ ਮੁੱਖ ਦੋਸ਼ੀ ਅਤੇ ਸਭ ਤੋਂ ਵੱਡਾ ਕਾਰਕ ਹੈ।' ਉਹ ਬਿਨਾਂ ਕੁੱਝ ਕੀਤੇ (ਦੇਸ਼ ਨੂੰ) ਗੜਬੜੀ ਵਿੱਚ ਧੱਕੇ ਕੇ ਇਸ ਤਰਾਂ ਨਹੀਂ ਜਾ ਸਕਦਾ।' ਉਨਾਂ ਕਿਹਾ, 'ਅਸੀਂ ਉਮੀਦ ਕਰਦੇ ਹਾਂ ਕਿ ਅਮਰੀਕਾ ਮਨੁੱਖੀ ਸਹਾਇਤਾ ਅਤੇ ਪੁਨਰ ਨਿਰਮਾਣ ਦੇ ਆਪਣੇ ਵਚਨ ਨੂੰ ਨਿਭਾਵੇਗਾ ਅਤੇ ਪ੍ਰਤੀਬੱਧਤਾਵਾਂ ਤੋਂ ਮੂੰਹ ਨਹੀਂ ਮੋੜੇਗਾ।'

'ਨਿਊਯਾਰਕ ਟਾਈਮਜ਼' ਦੀ ਇੱਕ ਰਿਪੋਰਟ ਵਿੱਚ ਪਿਛਲੇ ਹਫਤੇ ਕਿਹਾ ਗਿਆ ਸੀ ਕਿ ਅਫ਼ਗਾਨਿਸਤਾਨ ਵਿੱਚ ਮੁਹਿੰਮ ਦੇ ਅੰਤ ਦੇ ਬਾਵਜੂਦ ਅਫਗਾਨ ਸੈਂਟਰਲ ਬੈਂਕ ਨਾਲ ਜੁੜੇ ਅਰਬਾਂ ਡਾਲਰ ਦੇ ਪੈਸੇ ਨੂੰ ਅਮਰੀਕਾ ਕੰਟਰੋਲ ਕਰ ਰਿਹਾ ਹੈ। ਜਰਮਨੀ ਨੇ ਵੀ ਕਿਹਾ ਹੈ ਕਿ ਜੇਕਰ ਤਾਲਿਬਾਨ ਦੇ ਸੱਤਾ 'ਤੇ ਕਾਬਜ਼ ਹੋਣ ਅਤੇ ਸ਼ਰੀਆ ਕਾਨੂੰਨ ਲਾਗੂ ਕੀਤੇ ਜਾਣ 'ਤੇ ਉਹ ਮਾਲੀ ਮਦਦ ਨਹੀਂ ਦੇਵੇਗਾ। ਯੂਰਪੀ ਸੰਘ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਜਦੋਂ ਤੱਕ ਅਧਿਕਾਰੀ ਹਾਲਤ ਸਬੰਧੀ ਸਪੱਸ਼ਟੀਕਰਨ ਨਹੀਂ ਦਿੰਦੇ ਅਫ਼ਗਾਨਿਸਤਾਨ ਨੂੰ ਭੁਗਤਾਨ ਨਹੀਂ ਹੋਵੇਗਾ।

ਵੇਨਬਿਨ ਨੇ ਕਿਹਾ ਕਿ 'ਚੀਨ ਨੇ ਹਮੇਸ਼ਾ ਸਾਰੇ ਅਫਗਾਨ ਲੋਕਾਂ ਪ੍ਰਤੀ ਦੋਸਤਾਨਾ ਨੀਤੀ ਅਪਣਾਈ ਹੈ' ਅਤੇ ਅਫ਼ਗਾਨਿਸਤਾਨ ਨੂੰ ਸਮਾਜਿਕ-ਆਰਥਿਕ ਵਿਕਾਸ ਲਈ ਮਹੱਤਵਪੂਰਨ ਸਹਾਇਤਾ ਪ੍ਰਦਾਨ ਕਰਦਾ ਰਿਹਾ ਹੈ। ਉਨਾਂ ਕਿਹਾ, 'ਸਾਨੂੰ ਉਮੀਦ ਹੈ ਕਿ ਦੇਸ਼' ਵਿਚ ਹਫੜਾ-ਦਫੜੀ ਅਤੇ ਯੁੱਧ ਛੇਤੀ ਹੀ ਖਤਮ ਹੋ ਜਾਣਗੇ। ਉਹ ਛੇਤੀ ਤੋਂ ਛੇਤੀ ਵਿੱਤੀ ਪ੍ਰਣਾਲੀ ਨੂੰ ਮੁੜ ਚਾਲੂ ਕਰ ਸਕਦਾ ਹੈ। ਚੀਨ ਸਮਰੱਥਾ ਨਿਰਮਾਣ, ਸ਼ਾਂਤੀ, ਪੁਨਰ ਨਿਰਮਾਣ ਅਤੇ ਲੋਕਾਂ ਦੀ ਰੋਜ਼ੀ-ਰੋਟੀ ਦੀ ਸਥਿਤੀ ਵਿੱਚ ਸੁਧਾਰ ਲਈ ਦੇਸ਼ ਦੀ ਮਦਦ ਕਰਨ ਵਿੱਚ ਵੀ ਸਕਾਰਾਤਮਕ ਭੂਮਿਕਾ ਨਿਭਾਏਗਾ।

# ਮੋਬਾਈਲ ਕਲਚਰ ਨੇ ਕਿਤਾਬੀ ਕਲਚਰ ਨੂੰ ਢਾਹ ਲਾਈ

**ਸ਼ਮਸ਼ੇਰ ਸਿੰਘ**

ਪੁਸਤਕਾਂ ਸਾਡਾ ਅਮੀਰ ਤੇ ਮਾਣਮੱਤਾ ਵਿਰਸਾ ਹਨ। ਇਹ ਮਨੁੱਖ ਨੂੰ ਮਹਾਨ ਬਣਾਉਂਦੀਆਂ ਹਨ। ਪੁਸਤਕਾਂ ਦੇ ਲੜ ਲੱਗਿਆ ਮਨੁੱਖ ਸਾਰੀ ਜ਼ਿੰਦਗੀ ਕਦੇ ਨਹੀਂ ਡੋਲਦਾ ਤੇ ਕਦੇ ਇਕੱਲਾਪਣ ਮਹਿਸੂਸ ਨਹੀਂ ਕਰਦਾ। ਅੱਜ ਕੱਲ ਦੀ ਭੱਜ-ਦੌੜ ਦੀ ਜ਼ਿੰਦਗੀ ਦੇ ਥਕੇਵੇਂ ਤੋਂ ਛੁਟਕਾਰਾ ਪਾਉਣ ਲਈ ਹਰ ਮਨੁੱਖ ਦੀ ਇੱਛਾ ਹੁੰਦੀ ਹੈ ਕਿ ਉਹ ਕੋਈ ਅਖ਼ਬਾਰ, ਰਸਾਲਾ, ਨਾਵਲ, ਕਹਾਣੀਆਂ, ਜੀਵਨੀਆਂ, ਕਵਿਤਾਵਾਂ ਜਾਂ ਸਾਹਿਤਕ ਕਿਤਾਬਾਂ ਪੜੇ। ਕਿਤਾਬਾਂ ਪੜਨ ਨਾਲ ਮਨੁੱਖ ਨੂੰ ਬੜਾ ਮੁੱਲਵਾਨ ਗਿਆਨ ਪ੍ਰਾਪਤ ਹੁੰਦਾ ਹੈ ਜੋ ਸਾਰੀ ਜ਼ਿੰਦਗੀ ਉਸ ਦੇ ਕੰਮ ਆਉਂਦਾ ਹੈ। ਪੁਸਤਕਾਂ ਪੜਨ ਨਾਲ ਆਦਮੀ ਆਪਣੀ ਗੱਲਬਾਤ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਬਣਾ ਸਕਦਾ ਹੈ। ਪੁਸਤਕ ਪੜਨ ਨਾਲ ਅਸੀਂ ਸਿੱਧੇ ਤੌਰ 'ਤੇ ਲੇਖਕ ਨਾਲ ਜੁੜ ਕੇ ਉਸ ਦੇ ਵਿਚਾਰਾਂ ਤੇ ਭਾਵਾਂ ਨੂੰ ਆਪਣੀ ਜ਼ਿੰਦਗੀ ਵਿਚ ਲਾਗੂ ਕਰ ਸਕਦੇ ਹਾਂ। ਪੁਸਤਕਾਂ ਪੜਨ ਨਾਲ ਮਨੁੱਖ ਨੂੰ ਜੋ ਖ਼ੁਸ਼ੀ ਮਿਲਦੀ ਹੈ ਉਹ ਹੋਰ ਕਿਸੇ ਮਾਧਿਅਮ ਰਾਹੀਂ ਨਹੀਂ ਮਿਲਦੀ। ਪੁਸਤਕਾਂ ਵਿਚੋਂ ਜੋ ਗਿਆਨ ਅਸੀਂ ਗ੍ਰਹਿਣ ਕਰਦੇ ਹਾਂ ਉਹ ਅਸੀਂ ਦੂਜਿਆਂ ਵਿਚ ਵੰਡ ਸਕਦੇ ਹਾਂ ਪਰ ਕੋਈ ਸਾਡੇ ਕੋਲੋਂ ਇਹ ਗਿਆਨ ਖੋਹ ਨਹੀਂ ਸਕਦਾ। ਪੁਸਤਕਾਂ ਮਨੁੱਖ ਦੀ ਜ਼ਿੰਦਗੀ ਦੇ ਔਖੇ ਰਾਹਾਂ ਸਮੇਂ ਚਾਨਣ ਮੁਨਾਰੇ ਵਾਂਗ ਮਾਰਗ ਦਰਸ਼ਨ ਕਰਦੀਆਂ ਹਨ। ਪੁਸਤਕਾਂ ਪੜਨ ਦਾ ਸ਼ੌਕ ਰੱਖਣ ਵਾਲਿਆਂ ਨੂੰ ਚੰਗੀਆਂ ਕਿਤਾਬਾਂ ਭਾਲ ਕਰਨ ਤੇ ਉਨਾਂ ਨੂੰ ਪੜਨ ਤੋਂ ਸਿਵਾ ਹੋਰ ਪਦਾਰਥਕ ਪ੍ਰਾਪਤੀਆਂ ਕਰਨ ਦੀ ਇੱਛਾ ਘੱਟ ਹੁੰਦੀ ਹੈ। ਪੁਸਤਕਾਂ ਸਾਡੇ ਗਿਆਨ ਵਿਚ ਵਾਧਾ ਕਰਕੇ ਸਾਡੇ ਜੀਵਨ ਨੂੰ ਹੋਰ ਸੋਹਣਾ ਬਣਾ ਦਿੰਦੀਆਂ ਹਨ। ਪੁਸਤਕਾਂ ਪੜ ਕੇ ਮਨੁੱਖ ਆਪਣੇ ਜੀਵਨ ਦੀ ਹਰ ਸਮੱਸਿਆ ਨੂੰ ਸਹਿਜੇ ਹੀ ਹੱਲ



ਕਰਨ ਦੇ ਯੋਗ ਹੋ ਜਾਂਦਾ ਹੈ। ਪੁਸਤਕਾਂ ਪੜਨ ਨਾਲ ਮਨੁੱਖ ਨੂੰ ਅਨੋਖਾ ਅਨੰਦ ਮਿਲਦਾ ਹੈ ਜੋ ਕਿ ਉਸ ਦੇ ਮਨ ਤੇ ਸਰੀਰ ਦੇ ਵਿਕਾਸ ਲਈ ਬਹੁਤ ਜ਼ਰੂਰੀ ਹੈ। ਪੁਸਤਕਾਂ ਦੇ ਅਧਿਐਨ ਨਾਲ ਮਨੁੱਖ ਦੀ ਬੁੱਧੀ ਦਾ ਵਿਕਾਸ ਹੁੰਦਾ ਹੈ।

ਜੇਕਰ ਸਾਡੇ ਕੋਲ ਚੰਗੀਆਂ ਪੁਸਤਕਾਂ ਹਨ ਤਾਂ ਸਾਨੂੰ ਚੰਗੇ ਦੋਸਤ ਦੇ ਨਾਲ ਨਾ ਰਹਿਣ ਦੀ ਕਮੀ ਕਦੇ ਮਹਿਸੂਸ ਨਹੀਂ ਹੁੰਦੀ। ਚੰਗੀਆਂ ਪੁਸਤਕਾਂ ਪੜਨਾ ਬੀਤੇ ਸਮੇਂ ਦੇ ਮਹਾਨ ਪੁਰਸ਼ਾਂ ਨਾਲ ਗੱਲਾਂ ਕਰਨ ਬਰਾਬਰ ਹੈ। ਕਿਤਾਬ ਨਾਲ ਦੋਸਤੀ ਕਰਨ ਵਾਲਾ ਮਨੁੱਖ ਕਦੇ ਇਕੱਲਾ ਅਤੇ ਗਿਆਨਹੀਣ ਨਹੀਂ ਹੋ ਸਕਦਾ। ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਨੂੰ ਆਉਣ ਵਾਲੀਆਂ ਪੀੜੀਆਂ ਯਾਦ ਰੱਖਣ ਤਾਂ ਇਕ ਪੁਸਤਕ ਜ਼ਰੂਰ ਲਿਖੋ।

ਸਮੇਂ ਦੇ ਬਦਲਣ ਨਾਲ ਤੇ ਮੋਬਾਈਲ ਦੀ ਜ਼ਿਆਦਾ ਵਰਤੋਂ ਕਰਨ ਨਾਲ ਨੌਜਵਾਨ ਪੀੜੀ ਪੁਸਤਕਾਂ ਤੋਂ ਦੂਰ ਹੁੰਦੀ ਜਾ ਰਹੀ ਹੈ। ਹੁਣ ਪਾਠਕ ਕਿਤਾਬ ਨੂੰ ਨਹੀਂ, ਕਿਤਾਬ ਪਾਠਕ ਨੂੰ ਉਡੀਕਦੀ ਹੈ। ਲੇਖਕ ਨੂੰ ਵੀ ਆਪਣੇ ਪੱਲਿਓਂ ਪੈਸੇ ਲਗਾ ਕੇ ਪੁਸਤਕ ਛਾਪਣੀ ਪੈਂਦੀ ਹੈ। ਪੁਸਤਕ ਪੜਨ ਦੇ ਸ਼ੌਕੀਨ ਅੱਜ ਵੀ ਹਨ ਪਰ ਉਹ ਜਾਂ ਤਾਂ ਮੁਫ਼ਤ ਕਿਤਾਬ ਭਾਲਦੇ ਹਨ ਜਾਂ ਕਿਤਾਬ ਦਾ ਪੀ.ਡੀ.ਐਫ. ਪੜਨ ਨੂੰ ਤਰਜੀਹ ਦਿੰਦੇ ਹਨ। ਨੌਜਵਾਨ ਮਹਿੰਗੇ ਭਾਅ ਦੇ ਮੋਬਾਈਲ ਤਾਂ ਜ਼ਰੂਰ ਖ਼ਰੀਦ ਲੈਣਗੇ ਪਰ ਕਿਤਾਬ ਖ਼ਰੀਦਣ ਵਿਚ ਉਨਾਂ ਦੀ ਕੋਈ ਰੁਚੀ ਨਹੀਂ। ਹੁਣ ਪਹਿਲਾਂ ਵਾਂਗ ਬੱਸ ਅੱਡਿਆਂ 'ਤੇ ਲੋਕ ਕਿਤਾਬ ਖ਼ਰੀਦਦੇ ਨਜ਼ਰੀਂ ਨਹੀਂ ਪੈਂਦੇ, ਜਦੋਂ ਕਿ ਪਹਿਲਾਂ ਹਰ ਕੋਈ ਬੱਸ ਅੱਡੇ ਵਿਚੋਂ ਕੋਈ ਨਾ ਕੋਈ ਕਿਤਾਬ ਖ਼ਰੀਦ ਕੇ ਜ਼ਰੂਰ ਘਰ ਲਿਜਾਂਦਾ ਸੀ। ਲੋਕਾਂ ਦਾ ਕਿਤਾਬਾਂ ਨਾਲ ਬਹੁਤ ਮੋਹ ਹੁੰਦਾ ਸੀ। ਮੋਬਾਈਲ ਕਲਚਰ ਦੇ ਵਧ ਰਹੇ ਰੁਝਾਨ ਨੇ ਕਿਤਾਬੀ ਕਲਚਰ ਨੂੰ ਬਹੁਤ ਢਾਹ ਲਾਈ ਹੈ। ਅੱਜ ਦੇ ਸਮੇਂ ਬੱਸ ਵਿਚ ਸਫ਼ਰ ਕਰ ਰਹੇ ਨੌਜਵਾਨਾਂ ਦੇ ਹੱਥ ਕਿਤਾਬ ਨਹੀਂ ਮੋਬਾਈਲ ਹੁੰਦਾ ਹੈ। ਆਓ ਪੁਸਤਕ ਖ਼ਰੀਦ ਕੇ ਪੜਨ ਦੀ ਆਦਤ ਪਾਈਏ ਤੇ ਆਪਣੇ ਘਰ ਵਿਚ ਇਕ ਛੋਟੀ ਜਿਹੀ ਲਾਇਬ੍ਰੇਰੀ ਤਿਆਰ ਕਰੀਏ। ਆਪਣੇ ਬੱਚਿਆਂ ਦੇ ਜਨਮ ਦਿਨ, ਵਿਆਹਾਂ-ਸ਼ਾਦੀਆਂ ਮੌਕੇ 'ਤੇ ਹੋਰ ਸਮਾਗਮਾਂ ਸਮੇਂ ਤੋਹਫ਼ੇ ਦੇ ਤੌਰ 'ਤੇ ਉਨਾਂ ਨੂੰ ਪੁਸਤਕਾਂ ਭੇਟ ਕਰੀਏ। ਲੇਖਕ ਨੂੰ ਵੀ ਚਾਹੀਦਾ ਹੈ ਕਿ ਉਹ ਕਿਤਾਬ ਵਿਚ ਔਖੀ ਸ਼ਬਦਾਵਲੀ ਨਾ ਵਰਤੇ, ਕਿਤਾਬਾਂ ਦਾ ਮੁੱਲ ਵੱਧ ਨਾ ਰੱਖਿਆ ਜਾਵੇ, ਪਾਠਕ ਨੂੰ ਵੀ ਚਾਹੀਦਾ ਹੈ ਕਿ ਉਹ ਕਿਤਾਬ ਖ਼ਰੀਦ ਕੇ ਪੜਨ ਤਾਂ ਹੀ ਅੱਡਿਆਂ 'ਚੋਂ ਅਲੋਪ ਹੋਏ ਬੁੱਕ ਸਟਾਲ ਫਿਰ ਪਰਤਣਗੇ ਤੇ ਉੱਥੇ ਪਹਿਲਾਂ ਵਰਗੀ ਰੌਣਕ ਹੋਵੇਗੀ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਵੱਧ ਤੋਂ ਪੁਸਤਕ ਮੇਲੇ ਲਗਾਏ ਜਾਣ ਤਾਂ ਕਿ ਅੱਜ ਦਾ ਭਟਕਿਆ ਨੌਜਵਾਨ ਪੁਸਤਕਾਂ ਨਾਲ ਜੁੜ ਸਕੇ। ਆਓ ਅਸੀਂ ਅੱਜ ਹੀ ਆਪਣੇ ਘਰ ਵਿਚ ਅਖ਼ਬਾਰ ਲਗਵਾਈਏ ਤੇ ਪੁਸਤਕਾਂ ਖ਼ਰੀਦ ਕੇ ਉਨਾਂ ਮਹਾਨ ਤੇ ਸਫਲ ਲੋਕਾਂ ਦੀਆਂ ਜੀਵਨੀਆਂ ਪੜ ਕੇ ਉਨਾਂ ਦੀ ਜ਼ਿੰਦਗੀ ਤੋਂ ਸੇਧ ਲੈ ਕੇ ਆਪਣੇ ਜੀਵਨ ਨੂੰ ਸਫਲ ਬਣਾਈਏ ਤੇ ਪੁਸਤਕਾਂ ਵਿਚੋਂ ਪ੍ਰਾਪਤ ਕੀਤੇ ਗਿਆਨ ਨੂੰ ਦੂਜਿਆਂ ਵਿਚ ਵੰਡੀਏ ਤੇ ਮਨੁੱਖਤਾ ਦੀ ਭਲਾਈ ਅਤੇ ਸੱਭਿਆਚਾਰ ਤੇ ਸਮਾਜ ਦੀ ਉਸਾਰੀ ਵਿਚ ਹਿੱਸਾ ਪਾਈਏ।




Website Design & Development

→ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖ਼ਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
→ ਈ-ਕਾਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

SERVICES
- WEB DEVELOPMENT
- WEB DESIGNING
- WEB RE-DESIGN
- LOGO DESIGN
- SEO SERVICES
- TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029 info@webmediaart.com
+91-95699-98747 www.webmediaart.com

# ਮੇਰੇ ਨਾਲ ਬੀਤੀ ਇਕ ਸੱਚੀ ਘਟਨਾ ਜੋ ਗੱਲਬਾਤ ਪਠਾਣ ਨਾਲ ਹੋਈ

**ਜੋਰਾਵਰ ਸਿੰਘ ਤਰਸਿੱਕਾ**

ਮੈਂ ਦੁਬਈ ਦੀ ਰਾਜਧਾਨੀ ਆਬੂਧਾਬੀ ਵਿੱਚ ਟਰਾਲਾ ਚਲਾਉਂਦਾ ਸੀ, ਇਕ ਵਾਰ ਮੇਰੀ ਕੰਪਨੀ ਅਲ ਸਹਾਰਾ ਨੇ ਕੁਝ ਸਮੇਂ ਵਾਸਤੇ ਕੁਝ ਡਰਾਇਵਰਾਂ ਤੇ ਟਰਾਲਿਆਂ ਨੂੰ L N T ਕੰਪਨੀ ਨੂੰ ਸਪਲਾਈ 'ਤੇ ਦਿੱਤਾ ਕਿਉਂਕਿ LNT ਕੰਪਨੀ ਨੇ ਗੈਸ ਪਾਇਪ ਲਾਇਨ ਦਾ ਕੰਮ ਕਰ ਰਹੀ ਸੀ। ਇਕ ਵਾਰ ਮੈਂ ਆਬੂਧਾਬੀ ਦੇ ਇਲਾਕੇ ਹਫਸ਼ਾਨ ਤੋਂ ਵਾਇਆ ਗਿਆਤੀ ਰੋਡ ਰਵੇਸ ਜਾ ਰਿਹਾ ਸੀ। ਜਦੋਂ ਮੈਂ ਹਫਸ਼ਾਨ ਤੋਂ ਨਿਕਲ ਕੇ ਗਿਆਤੀ ਰੋਡ ਪਇਆ ਤਾਂ ਇਕ ਪਠਾਣ ਨੇ ਮੇਰੇ ਟਰਾਲੇ ਨੂੰ ਹੱਥ ਦਿੱਤਾ । ਮੈਂ ਸੋਚਿਆ ਗਰਮੀ ਬਹੁਤ ਆ ਬਾਹਰ ਧੁੱਪ ਵਿਚ ਇਸ ਦਾ ਬੁਰਾ ਹਾਲ ਹੋ ਜਾਵੇਗਾ ਤਰਸ ਕਰ ਕੇ ਉਸ ਨੂੰ ਟਰਾਲੇ ਵਿਚ ਬਿਠਾ ਲਿਆ । ਜਦੋਂ ਚਲਣ ਲੱਗੇ ਮੈਂ ਸੋਚਿਆ ਐਵੇਂ ਫਾਲਤੂ ਦੀਆਂ ਗੱਲਾਂ ਕਰਨ ਨਾਲੋਂ ਕਿਉਂ ਨਾ ਰੱਬ ਦੇ ਘਰ ਦੀ ਗੱਲ ਕੀਤੀ ਜਾਵੇ, ਘੜੀ ਰੱਬ ਦੇ ਲੇਖੇ ਵਿਚ ਲਗੇਗੀ । ਫੇਰ ਮੈਂ ਸੋਚਿਆ ਜੇ ਮੈਂ ਆਪਣੇ ਧਰਮ ਦੀ ਗੱਲ ਕੀਤੀ ਹੋ ਸਕਦਾ ਇਸ ਨੂੰ ਬੁਰਾ ਲਗੇ ਕਿਉਂ ਨਾ ਇਸ ਦੇ ਹੀ ਧਰਮ ਦੀ ਗੱਲ ਕਰ ਲਈਏ ਕਿਉਂਕਿ ਰੱਬ ਤੇ ਇਕ ਹੈ । ਧਰਮ ਤੇ ਉਨਾਂ ਨਦੀਆਂ ਵਾਂਗ ਹਨ ਜੋ ਪਾਣੀ ਨੂੰ ਸਮੁੰਦਰ ਤੱਕ ਪਹੁੰਚਦੀਆਂ ਹਨ । ਕਿਉਂਕਿ ਜੇ ਨਦੀ ਆਪਣਾ ਪਾਣੀ ਲੈ ਕੇ ਸਮੁੰਦਰ ਤਕ ਜਾ ਰਹੀ ਹੈ ਤਾਂ ਜਰੂਰ ਸਮੁੰਦਰ ਤੱਕ ਪਹੁੰਚ ਸਕਦੀ ਹੈ । ਪਰ ਜੇ ਦੂਸਰੀ ਨਦੀ ਦਾ ਵੀ ਪਾਣੀ ਪਹਿਲੀ ਨਦੀ ਵਿਚ ਪਾ ਦਿੱਤਾ ਜਾਵੇ ਤਾਂ ਕਈ ਸ਼ਹਿਰਾਂ ਦੇ ਸ਼ਹਿਰ ਬਰਬਾਦ ਕਰ ਸਕਦੀ ਹੈ ।ਇਸੇ ਤਰਾਂ ਸਾਰੇ ਧਰਮ ਸਤਿਕਾਰਯੋਗ ਹਨ ਪਰ ਆਪਣੇ ਧਰਮ ਵਿਚ ਹਮੇਸ਼ਾ ਪੱਕੇ ਰਹੋ ਤੇ ਇਜ਼ਤ ਸਾਰੇ ਧਰਮਾਂ ਦੀ ਕਰੋ ਜੀ । ਖੈਰ, ਮੈਂ ਉਸ ਨੂੰ ਆਖਿਆ ਖ਼ਾਨ ਜੀ ਮੱਕੇ ਹਜ ਕਰਨ ਗਏ ਜੇ ਕਦੇ, ਕਹਿੰਦਾ ਹਾਂ ਗਿਆ ਹਜ ਵਾਸਤੇ ਮੱਕੇ ਵੀ ਤੇ ਮਦੀਨੇ ਵੀ ਗਿਆ । ਮੈਂ ਕਿਹਾ ਠੀਕ ਹੈ ਕੋਈ ਗੱਲ ਸੁਣਾਉ ਅੱਲਾਹ ਦੀ, ਕਾਫੀ ਗੱਲਾਂ ਸੁਣਾਈਆਂ ਉਸ ਨੇ ਆਪਣੇ ਧਰਮ ਦੀਆਂ ਮੈਂ ਸੁਣੀਆਂ । ਆਖਰ ਵਿੱਚ ਕਹਿੰਦਾ ਤੁਹਾਡਾ ਇਕ ਸਰਦਾਰ ਸੀ ਉਮਰ ਉਸ ਦੀ ਹੋਵੇਗੀ 45 ਕੁ ਸਾਲ ਦੀ ਉਹ ਏਥੋਂ ਦੀ ਅਮੀਰੀ ਦੇਖ ਕੇ ਮੁਸਲਮਾਨ ਬਣ ਗਿਆ




ਕਹਿੰਦਾ ਤੁਹਾਡਾ ਧਰਮ ਮੈਨੂੰ ਵਧੀਆ ਲੱਗਿਆ । ਉਹ ਪਠਾਣ ਮੈਨੂੰ ਕਹਿੰਦਾ ਇਸ ਬਾਰੇ ਤੇਰਾ ਕੀ ਵੀਚਾਰ ਹੈ ? ਮੈਂ ਕਿਹਾ ਦੇਖੋ ਖਾਨ ਜੀ ਉਹ ਸਾਡੇ ਧਰਮ ਵਿੱਚ ਪੈਦਾ ਹੋਇਆ ਸਾਡੇ ਧਰਮ ਵਿੱਚ ਪੜਿਆ ਸਾਡੇ ਧਰਮ ਵਿੱਚ ਜਵਾਨ ਹੋਇਆ ਸਾਡੇ ਧਰਮ ਵਿੱਚ ਉਸ ਦਾ ਵਿਆਹ ਹੋਇਆ, ਸਾਡੇ ਧਰਮ ਵਿੱਚ ਉਸ ਦੇ ਸਾਰੇ ਰਿਸ਼ਤੇਦਾਰ ਭੈਣ ਭਰਾ ਬਣੇ, ਸਾਡੇ ਧਰਮ ਵਿੱਚ ਉਸ ਦੇ ਬੱਚੇ ਹੋਏ । ਜੇ ਉਹ 45 ਸਾਲ ਸਾਡੇ ਧਰਮ ਵਿੱਚ ਰਹਿ ਕੇ ਸਾਡਾ ਨਹੀਂ ਹੋਇਆ ਤੇ ਤੁਸੀਂ ਕੀ ਆਸ ਰੱਖਦੇ ਹੋ ਕਿ ਉਹ ਤੁਹਾਡੇ ਧਰਮ ਦਾ ਬਣ ਜਾਵੇਗਾ, ਕੱਲ ਨੂੰ ਉਸ ਨੂੰ ਕਿਸੇ ਹੋਰ ਧਰਮ ਕੋਲੋਂ ਲਾਲਚ ਮਿਲਿਆ ਉਹ ਕਿਸੇ ਹੋਰ ਧਰਮ ਦਾ ਹੋ ਜਾਵੇਗਾ । ਕਹਿੰਦਾ ਤੁਸੀਂ ਬਿਲਕੁਲ ਠੀਕ ਕਹਿ ਰਹੇ ਹੋ, ਮੈਂ ਤੇ ਕਦੇ ਇਸ ਬਾਰੇ ਸੋਚਿਆ ਹੀ ਨਹੀਂ ਸੀ । ਫੇਰ ਉਹ ਪਠਾਣ ਕਹਿੰਦਾ ਤੁਸੀਂ ਕਿਸ ਨੂੰ ਸਹੀ ਸਮਝਦੇ ਹੋ, ਮੈਂ ਕਿਹਾ ਅਸੀਂ ਉਸ ਨੂੰ ਸਹੀ ਸਮਝਦੇ ਹਾਂ ਜੋ ਆਪਣੇ ਧਰਮ ਵਿੱਚ ਪੱਕਾ ਹੈ ਤੇ ਇਜ਼ਤ ਸਾਰੇ ਧਰਮਾਂ ਦੀ ਕਰਦਾ ਹੈ । ਕਿਸੇ ਵੀ ਧਰਮ ਦੇ ਬੰਦੇ ਨੂੰ ਤੰਗ ਨਾ ਕਰੇ, ਹਰ ਵਿੱਚ ਉਸ ਰੱਬ ਦੀ ਜੋਤ ਨੂੰ ਦੇਖੇ, ਉਹੋ ਹੀ ਵਧੀਆ ਧਰਮੀ ਇਨਸਾਨ ਹੈ । ਫੇਰ ਕਹਿੰਦਾ ਤੇਰੇ ਖਿਆਲ ਨਾਲ ਤੁਹਾਡਾ ਧਰਮ ਸਹੀ ਹੈ ਜਾਂ ਸਾਡਾ, ਮੈਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਹਾਦੁਰ ਸ਼ਾਹ ਨੂੰ ਕਹੀ ਗਲ ਚੇਤੇ ਆ ਗਈ, ਜਦੋਂ ਬਹਾਦੁਰ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਪੁਛਿਆ ਸੀ ਆਪ ਕਾ ਧਰਮ ਖ਼ੂਬ ਕਿ ਹਮਾਰਾ ਧਰਮ ਖ਼ੂਬ, ਜਵਾਬ ਵਿੱਚ ਗੁਰੂ ਜੀ ਬੋਲੇ ਆਪ ਕੋ ਆਪ ਕਾ ਖ਼ੂਬ ਹਮ ਕੋ ਹਮਾਰਾ ਖ਼ੂਬ। ਇਹੋ ਈ ਉੱਤਰ ਮੈਂ ਪਠਾਣ ਨੂੰ ਦਿੱਤਾ ਆਪ ਕੋ ਆਪ ਕਾ ਖ਼ੂਬ ਹਮ ਕੋ ਹਮਾਰਾ ਖ਼ੂਬ । ਉਹ ਬਹੁਤ ਖ਼ੁਸ਼ ਹੋਇਆ ਉਸ ਸਮੇਂ ਤਕ ਉਸਦੀ ਉਹ ਜਗਾ ਆ ਗਈ ਜਿਥੇ ਉਸ ਨੇ ਉਤਰਨਾ ਸੀ ਜਦੋਂ ਉਹ ਉਤਰ ਰਿਹਾ ਸੀ ਮੈਨੂੰ ਕਹਿ ਰਿਹਾ ਸੀ ਵਾਕਿਆ ਹੀ ਬੰਦਾ ਆਪਣੇ ਧਰਮ ਵਿੱਚ ਪੱਕਾ ਹੋਣਾ ਚਾਹੀਦਾ, ਇਜ਼ਤ ਹਰ ਧਰਮ ਦੀ ਕਰਨੀ ਚਾਹੀਦੀ ਜਿਹੜਾ 45 ਸਾਲ ਤੁਹਾਡੇ ਵਿੱਚ ਰਹਿ ਕੇ ਤੁਹਾਡਾ ਨਹੀਂ ਹੋਇਆ ਉਹ ਲਾਲਚ ਵੱਸ ਸਾਡੇ ਵਿੱਚ ਆਇਆ ਸਾਡਾ ਕਦੋਂ ਹੋਵੇਗਾ ।ਇਹ ਕਹਿ ਕੇ ਉਹ ਉਤਰ ਗਿਆ । ਅੱਜ ਕੱਲ ਪੰਜਾਬ ਵਿੱਚ ਵੀ ਏਹੋ ਹੀ ਚਲ ਰਿਹਾ ਹੈ, ਕਿੰਨੇ ਬੰਦੇ ਇਸਾਈ ਬਣ ਰਹੇ ਲਾਲਚ ਵਸ ਹੋ ਕੇ ਇਹ ਜੇ ਸਾਡੇ ਨਹੀਂ ਬਣ ਸਕੇ ਤੇ ਇਹ ਇਸਾਈਆਂ ਦੇ ਕਦੋਂ ਬਣ ਸਕਣਗੇ। ਕੱਲ ਨੂੰ ਕਿਤਿਓਂ ਕੋਈ ਹੋਰ ਲਾਲਚ ਮਿਲਿਆ ਕਿਥੇ ਹੋਰ ਪਾਸੇ ਭਜ ਜਾਣਗੇ। ਹਮੇਸ਼ਾ ਆਪਣੇ ਧਰਮ ਵਿੱਚ ਰਹਿ ਕੇ ਧਰਮੀ ਬਣੋ ਤੇ ਦਇਆ ਹਰ ਇਨਸਾਨੀਅਤ ਤੇ ਜੀਵਾਂ ਤੇ ਕਰੋ ਇਹ ਧਰਮੀ ਬੰਦਿਆਂ ਦੀਆਂ ਨਿਸ਼ਾਨੀਆਂ ਹੁੰਦੀਆਂ ਹਨ।

# ਧੀ ਸਰਾਪ ਜਾਂ ਰੱਬੀ ਦੂਆ

ਗੁਰਪ੍ਰੀਤ ਕੌਰ

ਮੈਂ ਬਾਰਵੀਂ ਜਮਾਤ ਵਿੱਚ ਪੜਦੀ ਸੀ, ਜਦੋਂ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ ਸੀ। ਨਾ ਮਾਤਰ ਜਮੀਨ ਸੀ ਤੇ ਪਿਤਾ ਦੀ ਪ੍ਰਾਇਵੇਟ ਨੌਕਰੀ ਸੀ। ਹੁਣ ਉਹ ਸਹਾਰਾ ਵੀ ਨਹੀਂ ਸੀ ਰਿਹਾ। ਪਿਤਾ ਦੀ ਅਚਾਨਕ ਆਈ ਮੌਤ ਨੇ ਦੁਖਾਂ ਦਾ ਮੀਂਹ ਵਰਸਾ ਦਿੱਤਾ ਸੀ। ਦੁੱਖਾਂ ਦੇ ਵਰਦੇ ਮੀਂਹ ਵਿੱਚ ਭਿੱਜ ਰਹੇ ਸਾਂ ਮੈਂ ਤੇ ਮਾਂ। ਭਰਾ ਨੂੰ ਤਾਂ ਜਿਵੇਂ ਕੋਈ ਮਤਲਬ ਹੀ ਨਹੀਂ ਸੀ। ਉਂਝ ਤਾਂ ਮੇਰੇ ਨਾਲੋਂ ਪੂਰੇ ਤਿੰਨ ਵਰੇ ਵੱਡਾ ਏ ਪਰ ਜਿੰਮੇਵਾਰੀ ਕੋਈ ਵੀ ਨਹੀਂ। ਉਹ ਤਾਂ ਆਪਣੇ ਦੋਸਤਾਂ ਮਿੱਤਰਾਂ ਨਾਲ ਆਪਣੀ ਹੀ ਜਿੰਦਗੀ ਚ ਮਸਤ ਰਹਿੰਦਾ ਸੀ। ਬਾਰਾਂ ਜਮਾਤਾਂ ਮੈਂ ਆਪਣੇ ਪਿੰਡ ਦੇ ਸਕੂਲ ਤੋਂ ਹੀ ਪੂਰੀਆਂ ਕਰ ਲਈਆਂ ਸੀ। ਪਰ ਅੱਗੇ ਦੀ ਪੜਾਈ ਤੇ ਘਰ ਦੇ ਹਾਲਾਤ ਦੋਵੇਂ ਹੀ ਮੇਰੇ ਲਈ ਚੁਣੌਤੀ ਬਣ ਗਏ ਸੀ। ਮੇਰਾ ਬਚਪਨ ਤੋਂ ਹੀ ਸੁਪਨਾ ਸੀ ਚੰਗਾ ਪੜ ਲਿਖ ਕੇ ਆਪਣੇ ਪੈਰਾਂ ਤੇ ਖਲੋਣ ਦਾ। ਪਰ ਹੁਣ ਲੱਗ ਰਿਹਾ ਸੀ ਕਿ ਇਹ ਸੁਪਨਾ ਬੱਸ ਇੱਕ ਸੁਪਨਾ ਬਣ ਕੇ ਹੀ ਰਹਿ ਜਾਣਾ। ਪਰ ਕਹਿੰਦੇ ਨੇ ਕਿ ਉਮੀਦ ਕਦੀ ਨੀ ਛੱਡਣੀ ਚਾਹੀਦੀ। ਇਸ ਦੌਰਾਨ ਪਿਤਾ ਜੀ ਦੇ ਇੱਕ ਦੋਸਤ ਨੇ ਮੈਨੂੰ ਨੌਕਰੀ ਕਰਨ ਦਾ ਸੁਝਾਅ ਦਿੱਤਾ। ਮੈਂ ਮੰਨ ਲਿਆ। ਮਾਂ ਵੀ ਰਾਜੀ ਹੋ ਗਈ ਸੀ। ਕਿਉਂਕਿ ਹੋਰ ਕੋਈ ਰਾਹ ਵੀ ਨਹੀਂ ਸੀ ਦਿਖ ਰਿਹਾ। ਅੱਧਾ ਕੁ ਏਕੜ ਜਮੀਨ ਦੇ ਠੇਕੇ ਨਾਲ ਕਿੱਥੇ ਗੁਜ਼ਾਰਾ ਚਲ ਰਿਹਾ ਸੀ। ਅੰਕਲ ਨੇ ਆਪਣੀ ਜਾਣ ਪਹਿਚਾਣ ਦੀ ਇੱਕ ਬੀਮਾ ਕੰਪਨੀ ਵਿੱਚ ਮੈਨੂੰ ਰਿਸੈਪਸ਼ਨਿਸ਼ਟ ਦੀ ਨੌਕਰੀ ਦਿਲਾ ਦਿੱਤੀ। ਤਨਖਾਹ ਜਿਆਦਾ ਨਹੀਂ ਸੀ, ਪਰ ਕਹਿੰਦੇ ਨੇ ਕਿ ਡੁੱਬਦੇ ਨੂੰ ਤਿਣਕੇ ਦਾ ਸਹਾਰਾ ਹੀ ਬਹੁਤ ਹੁੰਦਾ। ਮੇਰੇ ਨੌਕਰੀ ਲੱਗਣ ਤੇ ਮਾਂ ਬਹੁਤ ਖੁਸ਼ ਸੀ ਕਿਉਂਕਿ ਘਰ ਦੇ ਹਾਲਾਤ ਸੁਧਰਨਗੇ ਤੇ ਮੈਂ ਵੀ ਬਹੁਤ ਖੁਸ਼ ਸੀ ਕਿਉਂਕਿ ਆਪਣੀ ਅੱਗੇ ਦੀ ਪੜਾਈ ਜਾਰੀ ਕਰ ਸਕਾਂਗੀ।

ਇੱਕ ਸਾਲ ਦੇ ਅੰਤਰਾਲ ਦੇ ਬਾਅਦ ਮੈਂ ਬੀ. ਏ ਦਾ ਪ੍ਰਾਇਵੇਟ ਫਾਰਮ ਭਰ ਦਿੱਤਾ। ਪੜਾਈ ਤੇ ਨੌਕਰੀ ਨਾਲ ਨਾਲ ਹੁੰਦੇ ਰਹੇ। ਸਮਾਂ ਬੀਤਦਾ ਗਿਆ ਤੇ ਮੈਂ ਬੀ. ਏ ਪੂਰੀ ਕਰਨ ਮਗਰੋਂ ਇੰਗਲਿਸ਼ ਵਿਚ ਐੱਮ. ਏ ਵੀ ਕਰ ਲਈ ਸੀ ਤੇ ਇਸੇ ਦੌਰਾਨ ਕਈ ਨੌਕਰੀਆਂ ਬਦਲਣ ਮਗਰੋਂ ਮੈਨੂੰ ਇੱਕ ਗੈਰ ਬੈਂਕਿੰਗ ਵਿੱਤੀ ਕੰਪਨੀ ਵਿੱਚ ਨੌਕਰੀ ਮਿਲ ਗਈ। ਕਈ ਸਾਲਾਂ ਦਾ ਤਜਰਬਾ ਹੋਣ ਕਰਕੇ ਅਹੁਦਾ ਵੀ ਚੰਗਾ ਮਿਲ ਗਿਆ ਸੀ। ਅਹੁਦੇ ਦੇ ਨਾਲ ਜਿੰਮੇਵਾਰੀ ਵੀ ਵੱਧ ਗਈ ਸੀ। ਮੈਨੇਜਰ ਤੋਂ ਬਾਅਦ ਪੂਰੀ ਸ਼ਾਖਾ ਦੀ ਕਰਤਾ ਧਰਤਾ ਮੈਂ ਹੀ ਸੀ। ਤੇ ਕੁਝ ਇਸ ਸਭ ਤੋਂ ਵੀ ਜਿਆਦਾ ਜਰੂਰੀ ਸੀ, ਉਹ ਸੀ ਤਨਖਾਹ। ਚੋਖਾ ਇਜਾਫਾ ਹੋਇਆ ਸੀ ਤਨਖਾਹ ਵਿੱਚ। ਮੈਂ ਬਹੁਤ ਖੁਸ਼ ਸੀ। ਘਰ ਦੀ ਮਾਲੀ ਹਾਲਤ ਪੂਰੀ ਤਰਾਂ ਕਾਬੂ ਵਿੱਚ ਸੀ। ਜੇ ਕੁਝ ਕਾਬੂ ਤੋਂ ਬਾਹਰ ਸੀ, ਤਾਂ ਉਹ ਸੀ ਮੇਰਾ ਭਰਾ ਬੰਟੀ। ਉਹ ਸੁਧਰਨ ਦੀ ਥਾਂ ਹੋਰ ਵਿਗੜ ਗਿਆ ਸੀ। ਸਾਰਾ ਦਿਨ ਘਰੋਂ ਬਾਹਰ ਰਹਿਣਾ ਤੇ ਸ਼ਾਮ ਨੂੰ ਸ਼ਰਾਬ ਨਾਲ ਰੱਜ ਕੇ ਘਰ ਆਉਣਾ। ਇਹ ਉਸਦਾ ਨਿੱਤ ਦਾ ਕੰਮ ਸੀ। ਮੈਂ ਕਈ ਵਾਰ ਮਾਂ ਨੂੰ ਕਿਹਾ ਸੀ ਕਿ ਉਹਦੇ ਤੇ ਜਿੰਮੇਵਾਰੀ ਪਾਓ ਤੇ ਜਦੋਂ ਪੈਸੇ ਮੰਗੇ ਤਾਂ ਸਾਫ ਮਨਾ ਕਰੋ। ਪਰ ਮਾਂ ਨੂੰ ਲਗਦਾ ਕਿ ਇਹ ਸਭ ਮੈਂ ਆਪਣੀ ਕਮਾਈ ਦੇ ਘੁਮੰਡ ਵਿੱਚ ਬੋਲ ਰਹੀ ਹਾਂ। ਇਸ ਲਈ ਉਹ ਹਮੇਸ਼ਾ ਕਹਿ ਦਿੰਦੀ ਕਿ ਇਹ ਨੂੰ ਤਾਂ ਮੈਂ ਠੇਕੇ ਵਾਲੇ ਪੈਸੈ ਹੀ ਦਿੰਨੀ ਹਾਂ। ਪਤਾ ਮੈਨੂੰ ਵੀ ਸੀ ਕਿ ਠੇਕੇ ਵਾਲੇ ਕਿੰਨੇ ਕੁ ਪੈਸੇ ਆਉਂਦੇ ਨੇ। ਮੈਂ ਸਿਰਫ਼ ਇੱਕ ਜਵਾਬ ਸੁਣ ਕੇ ਚੁੱਪ ਹੋ ਜਾਂਦੀ ਕਿ ਜਦੋਂ ਘਰ ਗ੍ਰਹਿਸਥੀ ਵਿੱਚ ਪਵੇਗਾ ਤਾਂ ਖੁਦ ਹੀ ਸੁਧਰ ਜਾਵੇਗਾ।

ਹੁਣ ਆਫਿਸ ਵਿੱਚ ਜਿੰਮੇਵਾਰੀ ਜਿਆਦਾ ਸੀ, ਇਸ ਲਈ ਮੈਂ ਅਕਸਰ ਘਰ ਆਉਣ ਨੂੰ ਲੇਟ ਹੋ ਜਾਂਦੀ ਸੀ। ਇੱਥੋਂ ਤੱਕ ਕਿ ਕਈ ਵਾਰ ਪਿੰਡ ਨੂੰ ਆਉਣ ਵਾਲੀ ਆਖਰੀ ਬੱਸ ਵੀ ਨਿਕਲ ਗਈ ਸੀ ਤੇ ਮੈਨੂੰ ਆਪਣੀ ਸਹਿਕਰਮੀ ਦੇ ਘਰ ਰੁਕਣਾ ਪਿਆ। ਇਸ ਸਭ ਨੂੰ ਦੇਖਦੇ ਹੋਏ ਮੈਂ ਸ਼ਹਿਰ ਚ ਕਿਰਾਏ 'ਤੇ ਰਹਿਣ ਦਾ ਫੈਸਲਾ ਕੀਤਾ। ਹਰ ਛੁੱਟੀ ਤੇ ਮੈਂ ਘਰ ਆ ਜਾਇਆ ਕਰਦੀ ਸੀ। ਤੇ ਬੰਟੀ ਸਮਾਂ ਬੀਤਣ ਨਾਲ ਹੋਰ ਲਾਪਰਵਾਹ ਤੇ ਅਵਾਰਾ ਹੋ ਗਿਆ। ਕਈ ਕਈ ਦਿਨ ਘਰ ਨਹੀਂ ਸੀ ਆਉਂਦਾ, ਸਿਰਫ਼ ਉਦੋਂ ਹੀ ਆਉਂਦਾ ਜਦ ਪੈਸੇ ਖਤਮ ਹੋ ਜਾਂਦੇ। ਉਸਦੀਆਂ ਇਹੀ ਹਰਕਤਾਂ ਕਰਕੇ ਮੇਰੀ ਉਹਦੇ ਨਾਲ ਕਈ ਵਾਰ ਤਕਰਾਰ ਹੋ ਚੁੱਕੀ ਸੀ ਤੇ ਆਖਰੀ ਤਕਰਾਰ ਨਾਲ ਸਾਡਾ ਭੈਣ ਭਰਾ ਦਾ ਰਿਸ਼ਤਾ ਸਦਾ ਲਈ ਖਤਮ ਹੋ ਗਿਆ ਸੀ।

ਸਾਰੇ ਪਿੰਡ ਵਿਚ ਸ਼ਰੀਕੇ 'ਚ ਤੇ ਸਭ ਰਿਸ਼ਤੇਦਾਰਾਂ ਵਿਚ ਮੇਰੀ ਬਹੁਤ ਇੱਜ਼ਤ ਸੀ। ਹਰ ਕੋਈ ਆਪਣੇ ਧੀਆਂ ਪੁੱਤਾਂ ਨੂੰ ਮੇਰੇ ਵਰਗਾ ਬਣਨ ਦੀ ਨਸੀਹਤ ਦਿੰਦਾ ਸੀ। ਹਰ ਕੋਈ ਕਹਿੰਦਾ ਸੀ ਕਿ ਇਹ ਅਜਮੇਰ ਸਿੰਘ ਦੀ ਧੀ ਨਹੀਂ ਬਲਕਿ ਪੁੱਤਰ ਆ। ਮੇਰੀ ਮਾਂ ਵੀ ਮੇਰੀ ਸਰਾਹਨਾ ਕਰਦੀ ਨੀਂ ਸੀ ਥੱਕਦੀ ਹੁੰਦੀ। ਉਹਦੇ ਮੂੰਹੋਂ ਹਮੇਸ਼ਾ ਇਹੋ ਸੁਣਦੀ ਸੀ ਮੈਂ, ਕਿ 'ਰੱਬਾ ਇਹੋ ਜਿਹੀ ਧੀ ਸਭ ਨੂੰ ਦੇਵੀਂ।'

ਪਰ ਮੇਰੇ ਇੱਕ ਫੈਸਲੇ ਨੇ ਸਭ ਕੁਝ ਬਦਲ ਕੇ ਰੱਖ ਦਿੱਤਾ ਸੀ। ਮੈਂ ਲਗਭਗ ਸਭ ਦੀਆਂ ਨਜ਼ਰਾਂ ਵਿਚ ਗਿਰ ਗਈ ਸੀ।ਹਰ ਕੋਈ ਮੈਨੂੰ ਘ੍ਰਿਣਾ ਨਾਲ ਵੇਖਣ ਲੱਗ ਗਿਆ ਸੀ। ਸਭ ਦੇ ਮੂੰਹ ਤੇ ਇੱਕੋ ਗੱਲ ਸੀ ਕਿ ਇਹੋ ਨਤੀਜਾ ਹੁੰਦਾ ਘਰੋਂ ਬਾਹਰ ਰਹਿਣ ਦਾ। ਕੁੜੀਆਂ ਹੱਥੋਂ ਨਿਕਲ ਜਾਂਦੀਆਂ ਨੇ ਤੇ ਮਾਂ ਬਾਪ ਦੇ ਮੱਥੇ ਕਲੰਕ ਲਾ ਜਾਂਦੀਆਂ ਨੇ। ਮੈਂ ਜਦ ਵੀ ਘਰ ਆਉਂਦੀ ਮਾਂ ਹਮੇਸ਼ਾ ਇਹੋ ਕਹਿੰਦੀ ਕਿ ਤੂੰ ਸਾਨੂੰ ਜਿਉਂਦੇ ਜੀ ਮਾਰ ਦਿੱਤਾ। ਮੈਨੂੰ ਸ਼ਰੀਕਾਂ ਵਿਚ ਖੜਨ ਜੋਗੀ ਨੀ ਛੱਡਿਆ। ਇਹ ਮੇਰੀ ਜ਼ਿੰਦਗੀ ਦਾ ਫੈਸਲਾ ਸੀ, ਮੈਂ ਕਿਸੇ ਹੋਰ ਨੂੰ ਕਿਵੇਂ ਲੈਣ ਦਿੰਦੀ। ਮੈਨੂੰ ਇਹ ਨੀ ਸੀ ਸਮਝ ਆ ਰਿਹਾ ਕਿ ਆਪਣੀ ਪਸੰਦ ਨਾਲ ਵਿਆਹ ਕਰਵਾਉਣਾ ਮਾਂ ਬਾਪ ਦੀ ਇੱਜ਼ਤ ਰੋਲਣਾ ਕਿਵੇਂ ਹੈ।

ਮੈਂ ਤੇ ਗੈਰੀ ਇੱਕ ਦੂਜੇ ਨੂੰ ਚਾਰ ਸਾਲ ਤੋਂ ਜਾਣਦੇ ਸੀ। ਗੈਰੀ ਉਹ ਇਨਸਾਨ ਸੀ ਜੋ ਮੇਰੀ ਮੁਸਕਰਾਹਟ ਤੇ ਨਹੀਂ ਬਲਕਿ ਮੇਰੇ ਹੰਝੂਆਂ ਤੇ ਡੁਲਿਆ ਸੀ। ਸਿਰਫ ਐਨਾ ਹੀ ਨਹੀਂ ਉਹ ਮੇਰੇ ਸੁਪਨਿਆਂ ਨੂੰ ਓਵੇਂ ਹੀ ਦੇਖਦਾ ਸੀ ਜਿਵੇਂ ਮੈਂ ਦੇਖਦੀ ਸੀ। ਜਿਵੇਂ ਉਹਨੇ ਮੇਰੇ ਸਾਰੇ ਸੁਪਨੇ ਆਪਣੇ ਬਣਾ ਲਏ ਸੀ। ਗੈਰੀ ਮੇਰਾ ਕਲਾਇੰਟ ਸੀ ਤੇ ਪਤਾ ਹੀ ਨੀ ਲੱਗਾ ਕਦੋਂ ਕਲਾਇੰਟ ਤੋਂ ਦੋਸਤ ਤੇ ਦੋਸਤ ਤੋਂ ਮੇਰੀ ਰੂਹ ਦਾ ਸਾਥੀ ਬਣ ਗਿਆ। ਮੈਂ ਤੇ ਗੈਰੀ ਜਿੱਥੇ ਇੱਕ ਦੂਜੇ ਦੀ ਤਾਕਤ ਸਾਂ, ਉੱਥੇ ਹੀ ਕਮਜ਼ੋਰੀ ਵੀ ਸਾਂ। ਰੂਹ ਤੋਂ ਲੈਕੇ ਜਿਸਮ ਤੱਕ ਸਭ ਇੱਕ ਦੂਜੇ ਦੇ ਨਾਂ ਕਰ ਚੁੱਕੇ ਸੀ। ਮੈਂ ਗੈਰੀ ਦੇ ਪਰਿਵਾਰ ਨੂੰ ਕਈ ਵਾਰ ਮਿਲ ਚੁੱਕੀ ਸੀ। ਇੱਕ ਤਰੀਕੇ ਨਾਲ ਉਨਾਂ ਨੇ ਮੈਨੂੰ ਅਪਣਾ ਲਿਆ ਸੀ। ਗੈਰੀ ਦੇ ਮਾਤਾ ਪਿਤਾ ਤਾਂ ਹਰ ਹੀਲੇ ਇਹੋ ਚਾਹੁੰਦੇ ਸੀ ਕਿ ਉਨਾਂ ਦੇ ਘਰ ਵਿੱਚ ਮੈਂ ਹੀ ਆਵਾਂ।

ਪਰ ਜਦ ਗੈਰੀ ਬਾਰੇ ਮੈਂ ਆਪਣੀ ਮਾਂ ਨਾਲ ਗੱਲ ਕੀਤੀ ਤਾਂ ਉਹ ਸਿਰਫ ਨਾਰਾਜ਼ ਹੀ ਨਹੀਂ ਹੋਈ, ਬਲਕਿ ਇਹ ਵੀ ਕਹਿ ਦਿੱਤਾ ਕਿ ਇਹਦੇ ਨਾਲੋਂ ਤੂੰ ਜੰਮਦੀ ਹੀ ਨਾ ਕਿਸੇ ਵੀ ਔਲਾਦ ਲਈ ਸ਼ਾਇਦ ਇਹ ਸਭ ਤੋਂ ਵੱਡਾ ਮਿਹਣਾ ਹੁੰਦਾ। ਮੈਂ ਬਹੁਤ ਕੋਸ਼ਿਸ਼ ਕੀਤੀ ਮਾਂ ਨੂੰ ਸਮਝਾਉਣ ਦੀ ਤੇ ਮਨਾਉਣ ਦੀ। ਪਰ ਉਹ ਮੰਨਣ ਲਈ ਤਿਆਰ ਹੀ ਨਹੀਂ ਸੀ। ਉਹ ਤਾਂ ਇੱਕੋ ਜਿੱਦ ਤੇ ਅੜੀ ਸੀ ਕਿ ਤੇਰਾ ਵਿਆਹ ਮੇਰੀ ਮਰਜੀ ਨਾਲ ਹੋਵੇਗਾ। ਮਾਂ ਦਾ ਕਹਿਣਾ ਸੀ ਕਿ 'ਸਾਡੇ ਸਮਾਜ ਵਿਚ ਕੁੜੀਆਂ ਆਪਣੀ ਮਰਜ਼ੀ ਨਾਲ ਵਿਆਹ ਨਹੀਂ ਕਰਵਾਉਂਦੀਆਂ ਤੇ ਜੋ ਕਰਵਾਉਂਦੀਆਂ ਨੇ ਉਹ ਬਦਚਲਨ ਹੁੰਦੀਆਂ ਨੇ।' 'ਐਵੇਂ ਦੀਆਂ ਕੁੜੀਆਂ ਤੇ ਸਾਰਾ ਸਮਾਜ ਥੂ ਥੂ ਕਰਦਾ।' ਜਦੋਂ ਹਜ਼ਾਰਾਂ ਮਿੰਨਤਾਂ ਤਰਲੇ ਕਰਨ ਤੇ ਵੀ ਮਾਂ ਨਾ ਮੰਨੀ ਤਾਂ ਅਖੀਰ ਨੂੰ ਮੈਂ ਹਾਰ ਗਈ ਸੀ। ਆਪਣੇ ਪਿਆਰ ਦੀ ਲੜਾਈ ਮੈਂ ਹਾਰ ਗਈ ਸੀ। ਗੈਰੀ ਨੂੰ ਮੈਂ ਹਮੇਸ਼ਾ ਲਈ ਖੋ ਦਿੱਤਾ ਸੀ।

ਮੈਂ ਗੈਰੀ ਨੂੰ ਕਹਿ ਦਿੱਤਾ ਸੀ ਕਿ ਮਾਂ ਦਾ ਮੇਰੇ ਤੋਂ ਬਿਨਾ ਕੋਈ ਸਹਾਰਾ ਨੀ, ਮੈਂ ਉਹਨੂੰ ਨੀ ਛੱਡ ਸਕਦੀ ਤੇ ਅਸੀਂ ਸਦਾ ਲਈ ਅਲੱਗ ਹੋ ਗਏ ਸੀ ਇਸ ਵਾਅਦੇ ਨਾਲ ਕਿ ਸੁੱਖ ਵਿਚ ਨਾ ਸਹੀ ਪਰ ਦੁੱਖ ਵਿਚ ਹਮੇਸ਼ਾ ਇੱਕ ਦੂਜੇ ਲਈ ਹਾਜ਼ਰ ਰਹਾਂਗੇ। ਆਖਰੀ ਮੁਲਾਕਾਤ ਕੁਝ ਪਲਾਂ ਵਿਚ ਹੀ ਖਤਮ ਹੋ ਗਈ ਸੀ। ਇੰਝ ਲੱਗ ਰਿਹਾ ਸੀ ਜਿਵੇਂ ਮੇਰੀ ਰੂਹ ਵੀ ਗੈਰੀ ਆਪਣੇ ਨਾਲ ਹੀ ਲੈ ਗਿਆ ਹੋਵੇ।

ਮਾਂ ਨੇ ਦੱਸਿਆ ਕਿ ਰਿਸ਼ਤਾ ਆਇਆ, ਮਾਸੀ ਨੇ ਦੱਸ ਪਾਈ ਸੀ ਇਸ ਰਿਸ਼ਤੇ ਲਈ। ਮੈਂ ਬਿਨਾ ਸੋਚੇ ਰਿਸ਼ਤੇ ਲਈ ਹਾਂ ਕਰ ਦਿੱਤੀ। ਮਾਂ ਨੇ ਫੋਟੋ ਦੇਖਣ ਲਈ ਕਿਹਾ ਪਰ ਮੈਂ ਇਨਕਾਰ ਕਰ ਦਿੱਤਾ, ਕਿਉਂਕਿ ਜੇ ਉਹ ਗੈਰੀ ਨਹੀਂ ਸੀ ਤਾਂ ਕੋਈ ਫਰਕ ਨੀ ਸੀ ਪੈਂਦਾ ਕਿ ਉਹ ਕੌਣ ਆ। ਗੈਰੀ ਦੀ ਖੁਸ਼ਬੋ ਮੇਰੇ ਰੋਮ ਰੋਮ ਵਿੱਚ ਵੱਸੀ ਸੀ। ਮੇਰੇ ਸਰੀਰ ਦੇ ਹਰ ਹਿੱਸੇ ਵਿਚ ਗੈਰੀ ਦਾ ਅਹਿਸਾਸ ਸੀ। ਉਹਦਾ ਨਾਂ ਸੁਣਦਿਆਂ ਹੀ ਮੇਰੇ ਦਿਲ ਦੀ ਧੜਕਨ ਵਧ ਜਾਂਦੀ ਸੀ। ਫਿਰ ਗੈਰੀ ਦੀ ਥਾਂ ਕੋਈ ਹੋਰ ਕਿਵੇਂ ਲੈ ਸਕਦਾ ਸੀ। ਗੈਰੀ ਤਾਂ ਮੇਰੀ ਰੂਹ ਵਿਚ ਸਮਾਇਆ ਸੀ। ਉਹ ਤਾਂ ਖੁਦ ਵੀ ਨਹੀਂ ਸੀ ਨਿਕਲ ਸਕਦਾ ਮੇਰੀ ਰੂਹ ਵਿੱਚੋਂ।

ਥੋੜੇ ਦਿਨਾਂ ਬਾਅਦ ਮੇਰਾ ਰਿਸ਼ਤਾ ਪੱਕਾ ਹੋ ਗਿਆ ਤੇ ਮੰਗਣੀ ਦੀ ਤਰੀਕ ਵੀ ਪੱਕੀ ਹੋ ਗਈ। ਨਾਲ ਹੀ ਇਹ ਵੀ ਤੈਅ ਹੋ ਗਿਆ ਕਿ ਮੰਗਣੀ ਤੋਂ ਦੋ ਮਹੀਨੇ ਬਾਅਦ ਵਿਆਹ ਹੋਵੇਗਾ। ਸਭ ਕੁਝ ਜਲਦੀ ਜਲਦੀ ਹੋ ਰਿਹਾ ਸੀ। ਇਸ ਸਭ ਵਿਚ ਮਾਂ ਨੂੰ ਸਭ ਤੋਂ ਜਿਆਦਾ ਕਾਹਲੀ ਸੀ, ਉਹਨੂੰ ਡਰ ਸੀ ਕਿ ਕਿਤੇ ਪ੍ਰੀਤ ਦਾ ਮਨ ਨਾ ਬਦਲ ਜਾਏ, ਜਾਂ ਉਹ ਗੈਰੀ ਨਾਲ ਪ੍ਰੇਮ ਵਿਆਹ ਨਾ ਕਰਵਾ ਲਏ। ਪਰ ਉਹ ਇਹ ਨੀ ਸੀ ਸਮਝ ਰਹੀ ਕਿ ਜੇ ਮੈਂ ਐਵੇਂ ਹੀ ਕਰਨਾ ਹੁੰਦਾ ਤਾਂ ਕਦੋਂ ਦਾ ਕਰ ਲੈਂਦੀ।

ਬੰਨੇ ਦਿਨ ਭੱਜੇ ਆਉਂਦੇ ਨੇ, ਮੰਗਣੀ ਦਾ ਦਿਨ ਵੀ ਆ ਗਿਆ। ਇੱਕ ਜਿੰਦਾ ਲਾਸ਼ ਬਣੀ ਬੈਠੀ ਸੀ। ਜਿਵੇਂ ਜਿਵੇਂ ਮਾਂ ਦੱਸ ਰਹੀ ਸੀ ਮੈਂ ਉਵੇਂ ਹੀ ਕਰ ਰਹੀ ਸੀ। ਮੈਨੂੰ ਉੱਥੇ ਘੁਟਨ ਹੋ ਰਹੀ ਸੀ। ਜਿਵੇਂ ਹੀ ਸਾਰੇ ਸ਼ਗਨ ਖਤਮ ਹੋਏ ਮੈਂ ਘਰ ਆ ਗਈ। ਘਰ ਆਉਂਦਿਆਂ ਹੀ ਜੋ ਸੈਲਾਬ ਅੱਖਾਂ ਵਿਚ ਰੋਕ ਕੇ ਰੱਖਿਆ ਸੀ, ਉਹ ਉਮੜ ਆਇਆ। ਐਵੇਂ ਲੱਗ ਰਿਹਾ ਸੀ ਜਿਵੇਂ ਆਪਣੀ ਰੂਹ ਦਾ ਸਿਵਾ ਬਾਲ ਕੇ ਆਈ ਹੋਵਾਂ। ਸਾਰੇ ਸੁਪਨੇ, ਸਾਰੇ ਚਾਅ ਸਭ ਖਤਮ ਹੋ ਗਿਆ ਸੀ। ਗੈਰੀ ਦੇ ਗਲ ਲੱਗ ਰੋਣ ਨੂੰ ਦਿਲ ਕਾਹਲਾ ਪੈ ਰਿਹਾ ਸੀ। ਪਰ ਮਜ਼ਬੂਰ ਸੀ ਹਾਲਾਤਾਂ ਤੋਂ। ਇਨਸਾਨ ਜਿੰਦਗੀ ਨਾਲ ਸਮਝੌਤਾ ਕਰ ਲੈਂਦਾ ਪਰ ਦਿਲ ਨਾਲ ਕਦੀ ਨੀਂ ਕਰ ਪਾਉਂਦਾ। ਉਹੀ ਸਮਝੌਤਾ ਜਿੰਦਗੀ ਨਾਲ ਮੈਂ ਕੀਤਾ ਸੀ। ਖਾਨਦਾਨ ਦੀ ਇੱਜ਼ਤ ਦੇ ਬਦਲੇ ਆਪਣੇ ਪਿਆਰ ਦਾ ਸੌਦਾ ਕੀਤਾ ਸੀ। ਸਮਾਜ ਦੀ ਖਾਤਿਰ ਆਪਣਾ ਪਿਆਰ ਵੇਚ ਕੇ ਮਾਪਿਆਂ ਦੀ ਇੱਜ਼ਤ ਖਰੀਦੀ ਸੀ।

ਦਿਨ ਬੀਤਣ ਲੱਗੇ। ਦੋ ਮਹੀਨਿਆਂ ਬਾਅਦ ਵਿਆਹ ਸੀ। ਮਾਂ ਖਰੀਦੋ ਫ਼ਰੋਖਤ ਵਿੱਚ ਰੁੱਝ ਗਈ ਤੇ ਮੈਂ ਆਪਣੇ ਕੰਮ ਵਿੱਚ। ਹਾਸੇ ਮੇਰੇ ਗਵਾਚ ਗਏ ਸੀ। ਭੁੱਖ ਵੀ ਘੱਟ ਗਈ ਸੀ। ਮੇਰੀ ਸਿਹਤ ਗਿਰਨ ਲੱਗ ਗਈ ਸੀ। ਇੱਕ ਦਿਨ ਆਫਿਸ ਵਿੱਚ ਚੱਕਰ ਖਾ ਕੇ ਗਿਰ ਗਈ ਸੀ। ਸਿਰ ਵਿਚ ਹਲਕੀ ਜਿਹੀ ਸੱਟ ਵੀ ਲੱਗ ਗਈ ਸੀ। ਡਾਕਟਰ ਨੇ ਰੈਸਟ ਕਰਨ ਲਈ ਕਿਹਾ ਤਾਂ ਆਫਿਸ ਵਾਲਿਆਂ ਨੇ ਵੀ 2-3 ਦਿਨ ਦੀ ਛੁੱਟੀ ਦੇ ਦਿੱਤੀ ਸੀ। ਮੈਂ ਆਪਣੀ ਮਾਂ ਕੋਲ ਘਰ ਚਲੀ ਗਈ ਸੀ। ਅਖੀਰੀ ਛੁੱਟੀ ਵਾਲੇ ਦਿਨ ਘਰ ਦਾ ਕੰਮ ਕਾਰ ਮੁਕਾ ਕੇ ਅਸੀਂ ਆਰਾਮ ਕਰ ਰਹੀਆਂ ਸੀ। ਦੁਪਹਿਰ ਦਾ ਵੇਲਾ ਸੀ ਕੋਈ 1:30 ਕੁ ਦਾ ਟਾਇਮ ਸੀ। ਕਿਸੇ ਨੇ ਜੋਰ ਨਾਲ ਬੂਹਾ ਖੜਕਾਇਆ। ਮਾਂ ਨੇ ਜਾ ਕੇ ਦੇਖਿਆ ਤਾਂ ਅੱਗੇ ਪੁਲਿਸ ਵਾਲੇ ਸੀ ਜੋ ਬੰਟੀ ਬਾਰੇ ਪੁੱਛਦੇ ਹੋਏ ਘਰ ਦੇ ਅੰਦਰ ਆ ਗਏ ਤੇ ਇਧਰ ਉਧਰ ਦੇਖਣ ਲੱਗੇ। ਮੈਂ ਵੀ ਬਾਹਰ ਆ ਗਈ। ਮੇਰੇ ਪੁੱਛਣ ਤੇ ਉਨਾਂ ਦੱਸਿਆ ਕਿ ਸ਼ਹਿਰ ਵਿਚ ਸਰਾਫਾ ਬਜਾਰ 'ਚ ਵੱਡੀ ਚੋਰੀ ਹੋਈ ਸੀ, ਜਿਸਨੂੰ ਚਾਰ ਜਣਿਆਂ ਨੇ ਮਿਲ ਕੇ ਅੰਜਾਮ ਦਿੱਤਾ ਸੀ ਤੇ ਉਨਾਂ ਵਿਚ ਬੰਟੀ ਵੀ ਸ਼ਾਮਿਲ ਸੀ।

ਮੈਨੂੰ ਤਾਂ ਬੰਟੀ ਤੇ ਪਹਿਲਾਂ ਹੀ ਸ਼ੱਕ ਸੀ, ਪਰ ਮਾਂ ਇਹ ਗੱਲ ਮੰਨਣ ਨੂੰ ਰੱਤੀ ਭਰ ਵੀ ਤਿਆਰ ਨਹੀਂ ਸੀ। ਪੁਲਿਸ ਵਾਲੇ ਤਾਂ ਚਲੇ ਗਏ, ਪਰ ਮਾਂ ਦੀ ਹਾਲਤ ਖਰਾਬ ਹੋ ਗਈ ਸੀ। ਉਹਦਾ ਕਹਿਣਾ ਸੀ ਕਿ ਬੰਟੀ ਨੂੰ ਫਸਾਇਆ ਜਾ ਰਿਹਾ, ਉਹ ਚੋਰੀ ਨੀਂ ਕਰ ਸਕਦਾ। ਥੋੜੇ ਦਿਨਾਂ ਬਾਅਦ ਬੰਟੀ ਫੜ ਲਿਆ ਗਿਆ। ਉਹਨੇ ਚੋਰੀ ਦੀ ਵਾਰਦਾਤ ਵਿਚ ਸ਼ਾਮਿਲ ਹੋਣ ਦਾ ਗੁਨਾਹ ਮੰਨ ਲਿਆ ਸੀ। ਪੁਲਿਸ ਦਾ ਡੰਡਾ ਤਾਂ ਚੰਗਿਆਂ ਚੰਗਿਆਂ ਨੂੰ ਮਨਾ ਲੈਂਦਾ। ਬੰਟੀ ਇਸ ਕੇਸ ਵਿੱਚ ਗਵਾਹ ਬਣ ਗਿਆ ਸੀ। ਚੋਰੀ ਬਹੁਤ ਵੱਡੀ ਸੀ ਤੇ ਸ਼ਹਿਰ ਵਿਚ ਹੋਈ ਸੀ, ਉਵੇਂ ਹੀ ਚੋਰੀ ਦੀ ਖਬਰ ਵੀ ਵੱਡੀ ਸੀ। ਹਰ ਅਖਬਾਰ ਵਿੱਚ ਛਪੀ ਸੀ। ਹਰ ਟੀ.ਵੀ ਚੈਨਲ ਤੇ ਪ੍ਰਸਾਰਿਤ ਹੋਈ ਸੀ। ਮੇਰੇ ਸਹੁਰਾ ਪਰਿਵਾਰ ਤੱਕ ਵੀ ਇਹ ਖਬਰ ਪਹੁੰਚ ਚੁੱਕੀ ਸੀ। ਤੇ ਉਨਾਂ ਨੂੰ ਇਹ ਗੱਲ ਬਿਲਕੁਲ ਨਾ ਮਨਜ਼ੂਰ ਸੀ ਕਿ ਉਨਾਂ ਦੇ ਘਰ ਦੀ ਬਹੂ ਕਿਸੇ ਚੋਰ ਦੀ ਭੈਣ ਬਣੇ। ਬੰਟੀ ਦੇ ਕੀਤੇ ਦੀ ਸਜ਼ਾ ਮੈਨੂੰ ਮਿਲ ਰਹੀ ਸੀ। ਹਾਲਾਂਕਿ ਰਿਸ਼ਤਾ ਟੁੱਟਣ ਦਾ ਮੈਨੂੰ ਜਿਆਦਾ ਦੁੱਖ ਨਹੀਂ ਸੀ। ਪਰ ਮਾਂ ਬਹੁਤ ਦੁਖੀ ਸੀ, ਉਹਦਾ ਕਹਿਣਾ ਸੀ ਕਿ ਹੁਣ ਮੇਰਾ ਵਿਆਹ ਬਹੁਤ ਔਖਾ ਹੋਵੇਗਾ, ਕਿਉਂਕਿ ਮੇਰੇ ਮੱਥੇ ਤੇ ਰਿਸ਼ਤਾ ਟੁੱਟਣ ਦਾ ਕਲੰਕ ਲੱਗ ਚੁਕਿਆ। ਮੈਂ ਮਾਂ ਨੂੰ ਕਿਹਾ ਕਿ ਇਹ ਕਲੰਕ ਵੀ ਤਾਂ ਬੰਟੀ ਕਰਕੇ ਲੱਗਿਆ ਤਾਂ ਮਾਂ ਦਾ ਜਵਾਬ ਸੀ ਕਿ 'ਮੁੰਡੇ ਦੀ ਗਲਤੀ ਲੋਕ ਭੁੱਲ ਜਾਂਦੇ ਨੇ ਤੇ ਕੁੜੀ ਦੀ ਗਲਤੀ ਸੱਤ ਪੁਸ਼ਤਾਂ ਤੱਕ ਨਾਲ ਹੀ ਚਲਦੀ ਹੈ। ਲੋਕ ਭੁੱਲ ਜਾਣਗੇ ਕਿ ਬੰਟੀ ਨੇ ਚੋਰੀ ਕੀਤੀ ਸੀ ਪਰ ਇਹ ਸਭ ਯਾਦ ਰੱਖਣਗੇ ਕਿ ਪ੍ਰੀਤ ਦਾ ਰਿਸ਼ਤਾ ਟੁੱਟਿਆ ਸੀ। ਲੋਕ ਮੇਹਣਾ ਮਾਰਨ ਦਾ ਬਹਾਨਾ ਲੱਭਦੇ ਨੇ ਤੇ ਉਨਾਂ ਨੂੰ ਬਹਾਨਾ ਮਿਲ ਗਿਆ।' ਤੇ ਮੈਨੂੰ ਸਮਝ ਆ ਗਿਆ ਸੀ ਕਿ ਕਿਉਂ ਲੋਕ ਝੂਠੀ ਅਣਖ ਇੱਜ਼ਤ ਲਈ ਆਪਣੇ ਬੱਚਿਆਂ ਨੂੰ ਮੌਤ ਦੇ ਲੜ ਲਾ ਦਿੰਦੇ ਨੇ ਤਾਂ ਜੋ ਸੱਤ ਪੁਸ਼ਤਾਂ ਤੱਕ ਇਹ ਗੱਲ ਚੱਲੇ ਕੇ ਫਲਾਣਿਆ ਦੀ ਕੁੜੀ ਨੇ ਕਰਤੂਤ ਕੀਤੀ ਸੀ ਅਗਲਿਆਂ ਨੇ ਆਪਣੀ ਇੱਜ਼ਤ ਚੁਣੀ। ਮੈਨੂੰ ਸਮਝ ਨੀ ਸੀ ਆ ਰਿਹਾ ਕਿ ਬੰਟੀ ਦੀਆਂ ਪੁੱਠੀਆਂ ਕਰਤੂਤਾਂ ਨਾਲ ਮਾਂ ਦਾ ਸਿਰ ਇੱਕ ਵਾਰ ਨੀ ਝੁਕਿਆ ਤੇ ਮੇਰੇ ਰਿਸ਼ਤਾ ਟੁੱਟਣ ਨਾਲ ਮਾਂ ਦਾ ਸਿਰ ਝੁਕਾ ਗਿਆ। ਇਹ ਗੱਲ ਮੇਰੀ ਸਮਝ ਤੋਂ ਬਾਹਰ ਸੀ। ਸਮਾਂ ਬੀਤਦਾ ਗਿਆ, ਬੰਟੀ ਘਰ ਆ ਗਿਆ ਸੀ। ਮੈਨੂੰ ਲਗਦਾ ਸੀ ਕਿ ਬੰਟੀ ਹੁਣ ਸੁਧਰ ਜਾਵੇਗਾ। ਪਰ ਇਹ ਮੇਰਾ ਵਹਿਮ ਸੀ ਬੱਸ, ਹੋਰ ਕੁਝ ਨਹੀਂ। ਉਹਦੇ ਹਾਲਾਤ ਉਹੀ ਸੀ। ਲਗਭਗ ਇੱਕ ਸਾਲ ਲੰਘ ਗਿਆ ਸੀ, ਇਸ ਘਟਨਾ ਨੂੰ। ਉਸ ਦਿਨ ਦਿਲ ਬਹੁਤ ਉਦਾਸ ਸੀ। ਰਹਿ ਰਹਿ ਕੇ ਗੈਰੀ ਦੀ ਯਾਦ ਆ ਰਹੀ ਸੀ। ਅਕਸਰ ਹੀ ਮੈਂ ਸ਼ਹਿਰ ਦੀ ਪਬਲਿਕ ਲਾਇਬ੍ਰੇਰੀ ਜਾਂਦੀ ਰਹਿੰਦੀ ਸੀ। ਉਸ ਦਿਨ ਵੀ ਉੱਥੇ ਹੀ ਗਈ ਸੀ। ਸਾਹਮਣੇ ਗੈਰੀ ਨੂੰ ਦੇਖ ਕੇ ਲੱਗਾ ਕਿ ਰੱਬ ਨੇ ਕਿੰਨਾ ਨੇੜੇ ਹੋ ਕੇ ਸੁਣਿਆ ਮੈਨੂੰ। ਪਰ ਅਸੀਂ ਸਿਰਫ਼ ਇੱਕ ਦੂਜੇ ਨੂੰ ਦੇਖਦੇ ਰਹੇ, ਮੂੰਹੋਂ ਕੋਈ ਕੁਝ ਨਾ ਬੋਲਿਆ। ਅਖੀਰ ਨੂੰ ਗੈਰੀ ਨੇ ਹੀ ਚੁੱਪ ਤੋੜੀ ਤੇ ਪੁਛਿਆ, 'ਪ੍ਰੀਤ ਤੂੰ ਇਥੇ, ਤੂੰ ਵਿਆਹ ਨਹੀਂ ਕਰਵਾਇਆ ?'

ਬਾਕੀ ਸਫ਼ਾ 30 'ਤੇ

Worldwide Services, LLC

Professional Services Under One Roof:
Immigration Consultants (Registered & Bonded):
Family Immigration; Green Card Petition; Citizenship; Business/ Visitor Visa; Student Visa; India Visa; Passport Renewal; OCI & other immigration services.
Income Tax Preparation (Individual & Business).
Financial Accounting, Bookkeeping & Payroll Services.
COVID-19 Stimulus SBA's PPP & EIDL loans & SVOG grant.
your CERTIFIED, REGISTERED and BONDED CONSULTANT:
Ravdeep S. Bhasin Cell: 408-613-3876
www.worldwidesvcs.com | ravdeep@worldwidesvcs.com
15437 Stratford Drive, Ste 1, San Jose, CA 95124

# ਭਾਰਤੀ ਖੇਡ ਜਗਤ ਦੇ ਸੱਤ ਸਟਾਰ










ਪ੍ਰੋਫੈਸਰ ਜਤਿੰਦਰ ਬੀਰ ਨੰਦਾ

ਜਦੋਂ ਇਸ ਸਾਲ ਹੋਈਆਂ ਉਲੰਪਿਕ-2020 ਨੂੰ ਯਾਦ ਕੀਤਾ ਜਾਵੇਗਾ ਤਾਂ ਸਹਿਜੇ ਹੀ ਮਨ ਵਿਚ ਬਣੇ ਖੇਡਾਂ ਦੇ ਬਣੇ ਸਤ ਸਟਾਰਾਂ ਨੂੰ ਖੇਡ ਜਗਤ ਵਿਚ ਯਾਦ ਕੀਤਾ ਜਾਵੇਗਾ।

ਪੀ.ਵੀ. ਸਿੰਧੂ-ਬੈਡਮਿੰਟਨ ਜਗਤ ਦੀ ਸਭ ਤੋਂ ਉੱਚੀ ਚੋਟੀ ਖੇਡ ਜਗਤ ਵਿਚ ਪੀ.ਵੀ. ਸਿੰਧੂ ਹੈ ਜਿਸ ਨੇ ਲਗਾਤਾਰ ਦੋ ਵਾਰੀ ਮੈਡਲ ਜਿੱਤੇ ਹਨ। ਉਸ ਦੇ ਮਾਂ ਬਾਪ ਦੋਵੇ ਕੌਮੀ ਪੱਧਰ ਦੇ ਖਿਡਾਰੀ ਹਨ। ਇਸ ਤਰਾਂ ਘਰ ਵਿਚੋਂ ਹੀ ਖੇਡਾਂ ਦੀ ਗੁੜਤੀ ਮਿਲੀ ਹੈ। ਉਸ ਦਾ ਪਿਤਾ ਹਰ ਰੋਜ਼ ਸਕੂਟਰ ਚਲਾ ਕੇ 70 ਮੀਲ ਆਪਣੀ ਲਾਡਲੀ ਨੂੰ ਸਿਖਲਾਈ ਕੇਂਦਰ 'ਤੇ ਛੱਡ ਕੇ ਅਉਂਦਾ ਸੀ। ਇਸ ਤਰਾਂ ਉਸ ਦੇ ਪਿਤਾ ਨੇ ਸਾਰਾ ਸਮਾਂ ਉਸ ਦੇ ਬੈਡਮਿੰਟਨ ਕੈਰੀਅਰ 'ਤੇ ਲਾਇਆ ਹੈ। ਉਨਾਂ ਦੇ ਇਨਾਮਾਂ ਸਨਮਾਨਾਂ ਦੀ ਸੂਚੀ ਬਹੁਤ ਲੰਮੀ ਹੈ ਜੋ ਪੀ. ਵੀ. ਸਿੰਧੂ ਨੂੰ ਮਿਲੇ ਹਨ। ਉਹ ਵਿਸ਼ਵ ਜੇਤੂ ਵੀ ਰਹਿ ਚੁੱਕੀ ਹੈ। ਪਰ ਹੁਣ ਜਦ ਉਹ ਦੋ ਵਾਰੀ ਉਲੰਪਿਕ ਮੈਡਲ ਜੇਤੂ ਬਣ ਗਈ ਹੈ ਤਾਂ ਉਹ ਉਸ ਚੋਟੀ 'ਤੇ ਪਹੁੰਚ ਗਈ ਹੈ ਜਿਥੇ ਅਸਾਧਾਰਨ ਖਿਡਾਰੀ ਹੀ ਪੰਹੁਚ ਸਕਦਾ। ਖੇਡ ਜਗਤ ਵਿਚ ਇਸ ਦੀ ਮਿਸਾਲ ਇਕ ਵਿਅਕਤੀ ਦੇ ਤੌਰ 'ਤੇ ਦੋ ਲਗਾਤਾਰ ਮੈਡਲ ਜਿੱਤਣਾ ਬਹੁਤ ਘੱਟ ਮਿਲਦੀ ਹੈ। ਪੀ.ਵੀ. ਸਿੰਧੂ ਨੇ ਰੀਓ ਉਲੰਪਿਕ-2016 ਵਿਚ ਚਾਂਦੀ ਦਾ ਮੈਡਲ ਭਾਰਤ ਦੀ ਝੋਲੀ ਵਿਚ ਪਾਇਆ ਸੀ ਹੁਣ ਉਸ ਨੇ ਇਸ ਵਿਚ ਨਿਰੰਤਰਤਾ ਰੱਖਦੇ ਹੋਏ ਕਾਂਸੀ ਦਾ ਮੈਡਲ ਦੇਸ਼ ਨੂੰ ਅਰਪਣ ਕੀਤਾ ਹੈ।

**ਮੀਰਾ ਬਾਈ ਚਾਨੂੰ :** ਕਾਫੀ ਲੰਮੇ ਸਮੇਂ ਤੋਂ ਅਭਿਆਸ ਕਰ ਰਹੀ ਮੀਰਾ ਬਾਈ ਚਾਨੂੰ ਨੇ ਇਤਿਹਾਸ ਰਚ ਦਿੱਤਾ ਹੈ। ਉਸ ਨੇ ਸਭ ਤੋਂ ਪਹਿਲਾ ਭਾਰਤ ਨੂੰ ਪਹਿਲੇ ਦਿਨ ਹੀ ਚਾਂਦੀ ਦਾ ਮੈਡਲ ਜਿੱਤ ਕੇ ਇਹ ਸੰਦੇਸ਼ ਦਿੱਤਾ ਹੈ ਕਿ ਬਿਨਾ ਵਸੀਲਿਆਂ ਤੇ ਸਾਧਨਾਂ ਦੇ ਬਾਵਜੂਦ ਲੜਕੀਆਂ ਆਪਣਾ ਸੁਪਨਾ ਪੂਰਾ ਕਰ ਸਕਦੀਆਂ ਹਨ। ਪਹਿਲਾ ਕਦਮ ਚੁੱਕਣ ਦੀ ਲੋੜ ਹੈ ਸਾਧਨ ਆਪਣੇ-ਆਪ ਬਣਦੇ ਜਾਂਦੇ ਹਨ। ਚਾਂਦੀ ਦਾ ਮੈਡਲ ਜਿੱਤਣ ਤੋਂ ਬਾਅਦ ਉਸ ਨੇ ਹਾਈਵੇਅ 'ਤੇ ਜਾਂਦੇ ਟਰੱਕਾਂ ਵਾਲਿਆਂ ਨੂੰ ਇਕ ਪਾਰਟੀ ਦਿੱਤੀ ਹੈ ਜਿਹੜੇ ਉਸ ਨੂੰ ਹਰ ਰੋਜ਼ ਆਪਣਾ ਧਰਮ ਸਮਝਕੇ ਸਿਖਲਾਈ ਕੇਂਦਰ ਲੈ ਕੇ ਜਾਂਦੇ ਸਨ। ਮਨੀਪੁਰ ਦੀ ਚਾਰ ਫੁੱਟ 11 ਇੰਚ ਲੰਮੀ ਇਸ ਨਾਰੀ ਨੇ 202 ਕਿਲੋ ਭਾਰ ਚੁੱਕ ਕੇ ਭਾਰਤ ਲਈ ਮੈਡਲਾਂ ਦਾ ਰਾਹ ਖੋਲਿਆ।

**ਲਵਲੀਨਾ ਬੋਰਗੋਹੇਨ :** ਜਦੋਂ ਸਾਡੇ ਸਾਰੇ ਤੀਰ ਅੰਦਾਜ਼ ਅਤੇ ਖਾਸ ਤੌਰ 'ਤੇ ਬਹੁਤ ਚਰਚਿਤ ਨਾਂ ਮੈਰੀਕਾਮ ਦੇਸ਼ ਲਈ ਕੋਈ ਮੈਡਲ ਨਾ ਲਿਆ ਸਕੀ ਤਾਂ ਆਸਾਮ ਦੀ ਲਵਲੀਨਾ ਨੇ ਖੁਸ਼ੀ ਦੀ ਇਕ ਕਿਰਨ ਸਾਡੇ ਲਈ ਪੈਦਾ ਕਰ ਦਿੱਤੀ ਤੇ ਆਪਣੇ ਵਿਰੋਧੀ ਨੂੰ ਮੁੱਕਿਆਂ ਨਾਲ ਮਾਤ ਦੇ ਕੇ ਕਾਂਸੀ ਦਾ ਤਗਮਾ ਦੇਸ਼ ਦੀ ਝੋਲੀ ਵਿਚ ਪਾਇਆ।

ਰਵੀ ਕੁਮਾਰ ਦਾਹੀਆ-ਸੂਰਜ ਕਦੇ ਲੁਕ ਕੇ ਨਹੀਂ ਰਹਿ ਸਕਦੇ। ਜਦੋਂ ਭਾਰਤ ਕੁਝ ਲਗਾਤਾਰ ਹੋ ਰਹੀਆਂ ਹਾਰਾਂ ਸਦਕੇ ਖੜੋਤ ਦੀ ਸਥਿਤੀ 'ਤੇ ਜਾ ਰਿਹਾ ਸੀ ਤਾਂ ਰਵੀ ਦੀਆਂ ਤੇਜ਼ ਕਿਰਨਾਂ ਨੇ ਭਾਰਤ ਨੂੰ ਹੋਸ਼ ਵਿਚ ਲਿਆਂਦਾ। ਹਰਿਆਣਾ ਦੇ ਨਾਹਰੀ ਪਿੰਡ ਦਾ ਇਹ ਪਹਿਲਵਾਨ 23 ਸਾਲ ਦੀ ਉਮਰ ਦਾ ਇਕ ਬਹੁਤ ਹੀ ਪ੍ਰਤਿਭਾ ਦਾ ਮਾਲਕ ਹੈ, ਉਸ ਨੇ ਆਪਣੇ ਪਹਿਲੇ ਮੈਚ ਵਿਚ ਕੋਲੰਬੀਆ ਦੇ ਆਪਣੇ ਤੋਂ ਵੀ ਤਗੜੇ ਦਿਸਣ ਵਾਲੇ ਪਹਿਲਵਾਨ ਉਰਬਾਨ ਨੂੰ 13-2 ਨਾਲ ਹਰਾਇਆ, ਫਿਰ ਕੁਆਟਰ ਫਾਈਨਲ ਵਿਚ ਬੁਲਗਾਰੀਆ ਦੇ ਜੋਰਜੀ 14-4 ਨਾਲ ਹਾਰ ਦਿੱਤੀ। ਅਗਲੇ ਦੌਰ ਵਿਚ ਭਾਵੇਂ ਰਵੀ ਕਜ਼ਾਕਿਸਤਾਨ ਦੇ ਨੂਰੀਸਲਾਮ ਤੋਂ 2-9 ਨਾਲ ਪਿੱਛੇ ਜਾ ਰਿਹਾ ਸੀ ਤਾਂ ਉਸ ਸਮੇਂ ਰਵੀ ਆਪਣੀ ਪੂਰੀ ਲਾਲੀ 'ਤੇ ਆਇਆ ਤੇ ਵਿਰੋਧੀ ਦੇ ਮੋਢੇ ਲੁਆ ਕੇ ਫਾਈਨਲ ਵਿਚ ਪ੍ਰਵੇਸ਼ ਕੀਤਾ। ਉਹ ਰੂਸ ਦੇ ਪਹਿਲਵਾਨ ਤੋਂ 4-7 ਨਾਲ ਹਾਰ ਗਿਆ ਪਰ ਦੇਸ਼ ਲਈ ਚਾਂਦੀ ਦਾ ਤਗਮਾ ਝੋਲੀ ਵਿਚ ਪਾਇਆ।

ਇਸ ਤੋਂ ਬਿਨਾਂ ਇਕ ਚੋਟੀ ਦੀ ਤਰਾਂ ਉਭਰਨ ਵਾਲੇ ਪਹਿਲਵਾਨਾਂ ਵਿਚੋਂ ਬਜਰੰਗ ਪੂਨੀਆ ਦਾ ਨਾਂ ਵਿਸ਼ੇਸ਼ ਹੈ। ਇਸ ਆਕਾਸ਼ ਵਿਚ ਸੁਨਹਿਰੀ ਕਿਰਨਾਂ ਵੰਡਣ ਵਾਲੇ ਨੀਰਜ ਚੋਪੜਾ ਵੀ ਹੁਣ ਸ਼ਾਮਿਲ ਹੋ ਗਏ ਹਨ। ਉਸ ਨੇ ਜੈਵਲਿਨ ਥ੍ਰੋਅ ਵਿਚ ਬੜਾ ਕ੍ਰਾਂਤੀਕਾਰੀ ਪ੍ਰਵੇਸ਼ ਕੀਤਾ ਹੈ ਤੇ ਇਸ ਖੇਤਰ ਵਿਚ ਸੋਨੇ ਦਾ ਮੈਡਲ ਗਲ਼ ਪਾ ਕੇ ਦੇਸ਼ ਦਾ ਮਾਣ ਵਧਾਇਆ ਹੈ। ਹਾਕੀ ਦੇ ਸਾਡੇ ਸਾਰੇ ਖਿਡਾਰੀ ਹੁਣ ਚਮਕਣ ਵਾਲੇ ਸਿਤਾਰੇ ਬਣ ਗਏ ਹਨ। ਪੰਜਾਬ ਵਿਚ ਹੁਣ ਹਾਕੀ ਦੇ ਦਿਨ ਆ ਗਏ ਹਨ।






## ਲੰਬੀ ਛਾਲ ਵਿਚ ਸ਼ੈਲੀ ਸਿੰਘ ਨੇ ਜਿੱਤਿਆ ਚਾਂਦੀ ਦਾ ਤਮ.ਗਾ

**ਨੈਰੋਬੀ/ਏ.ਟੀ.ਨਿਊਜ਼ :** ਲੰਬੀ ਛਾਲ ਲਗਾਉਣ ਵਿੱਚ ਮਾਹਿਰ ਭਾਰਤੀ ਅਥਲੀਟ ਸ਼ੈਲੀ ਸਿੰਘ ਨੇ ਇਥੇ ਅੰਡਰ-20 ਵਿਸ਼ਵ ਅਥਲੈਟਿਕਸ ਮੁਕਾਬਲੇ ਵਿੱਚ ਚਾਂਦੀ ਦਾ ਤਮਗਾ ਜਿੱਤਿਆ ਹੈ। ਉਹ ਇਕ ਸੈਂਟੀਮੀਟਰ ਦੀ ਦੂਰੀ ਦੇ ਫਰਕ ਨਾਲ ਸੋਨ ਤਗਮਾ ਜਿੱਤਣ ਤੋਂ ਵਾਂਝੀ ਰਹਿ ਗਈ। 17-ਵਰਿਆਂ ਦੀ ਇਸ ਅਥਲੀਟ ਨੇ ਆਪਣੇ ਕਰੀਅਰ ਦੀ ਸਭ ਤੋਂ ਲੰਬੀ 6.59 ਮੀਟਰ ਲੰਬੀ ਛਾਲ ਲਗਾਈ। ਇਸ ਮੁਕਾਬਲੇ ਵਿੱਚ ਸਵੀਡਨ ਦੀ ਮਾਜਾ ਅਸਕਾਗ ਨੇ 6.60 ਮੀਟਰ ਲੰਬੀ ਛਾਲ ਲਗਾਈ ਤੇ ਸੋਨ ਤਮਗਾ ਜਿੱਤਿਆ। ਯੁਕਰੇਨ ਦੀ ਮਾਰੀਆ ਹੋਰੀਲੋਵਾ ਨੇ 6.50 ਮੀਟਰ ਲੰਬੀ ਛਾਲ ਮਾਰ ਕੇ ਕਾਂਸੇ ਦਾ ਤਮ.ਗਾ ਜਿੱਤਿਆ।

## ਸਿਰ 'ਤੇ ਗੁਰੂ ਗ੍ਰੰਥ ਸਾਹਿਬ...

ਗੁਰਦੁਆਰਾ ਗੁਰੂ ਨਾਨਕ ਦਰਬਾਰ ਦੇ ਗ੍ਰੰਥੀ ਭਾਈ ਜਸਬੀਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਉਹ ਅਤੇ ਕੁਝ ਹੋਰ ਅ.ਫਗਾਨ ਸਿੱਖ ਅ.ਫਗਾਨਿਸਤਾਨ ਸਥਿਤ ਇਤਿਹਾਸਕ ਗੁਰਧਾਮਾਂ ਦੀ ਦੇਖਭਾਲ ਲਈ ਦੇਸ਼ ਛੱਡ ਕੇ ਨਹੀਂ ਜਾਣਗੇ। ਦੱਸਿਆ ਜਾ ਰਿਹਾ ਹੈ ਕਿ ਗੁਰਦੁਆਰਾ ਕਰਤਾ ਪ੍ਰਵਾਨ ਵਿਖੇ ਸ਼ਰਨ ਲੈਣ ਵਾਲੇ ਸਿੱਖਾਂ 'ਚੋਂ 10 ਨੇ ਸਵੈ-ਇੱਛਾ ਨਾਲ ਉਥੇ ਰਹਿ ਕੇ ਗੁਰਧਾਮਾਂ ਦੀ ਦੇਖਭਾਲ ਕਰਨ ਦਾ .ਫੈਸਲਾ ਲਿਆ ਹੈ। ਭਾਈ ਜਸਬੀਰ ਸਿੰਘ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਹ ਆਪਣੀ ਨਵੀਂ ਸੁਰੱਖਿਅਤ ਜ਼ਿੰਦਗੀ ਸ਼ੁਰੂ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਨੂੰ ਕਿਸੇ ਕੀਮਤ 'ਤੇ ਨਹੀਂ ਛੱਡਣਗੇ। ਜੇਕਰ ਉਹ ਅਤੇ ਉਨਾਂ ਦਾ ਪਰਿਵਾਰ ਦੇਸ਼ ਛੱਡ ਕੇ ਚਲਾ ਗਿਆ ਤਾਂ ਗੁਰਦੁਆਰਾ ਸਾਹਿਬਾਨ 'ਤੇ ਜਾਂ ਤਾਂ ਕਬਜ਼ੇ ਹੋ ਜਾਣਗੇ ਜਾਂ ਉਨਾਂ ਨੂੰ ਜ਼ਮੀਨਦੋਜ਼ ਕਰ ਦਿੱਤਾ ਜਾਵੇਗਾ। ਉਨਾਂ ਵਲੋਂ ਕੁਝ ਅ.ਫਗਾਨ ਸਿੱਖਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਇਤਿਹਾਸਕ ਹੱਥ ਲਿਖਤ ਸਰੂਪ ਕਾਬੁਲ ਦੇ ਗੁਰਦੁਆਰਾ ਸ੍ਰੀ ਸਿੰਘ ਸਭਾ ਕਰਤਾ ਪ੍ਰਵਾਨ ਵਿਖੇ ਭਾਰਤ ਭੇਜਣ ਲਈ ਪਹੁੰਚਾ ਦਿੱਤੇ ਹਨ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਭਾਈ ਜਸਬੀਰ ਸਿੰਘ ਨੇ ਇਕ ਵੀਡੀਓ ਜਾਰੀ ਕਰਕੇ ਦਾਅਵਾ ਕੀਤਾ ਸੀ ਕਿ ਅ.ਫਗਾਨਿਸਤਾਨ ਵਿਚ ਹਿੰਦੂ-ਸਿੱਖ ਪੂਰੀ ਤਰਾਂ ਨਾਲ ਸੁਰੱਖਿਅਤ ਹਨ ਅਤੇ ਉਨਾਂ ਨੂੰ ਜਾਂ ਉਥੇ ਸਥਾਪਿਤ ਇਤਿਹਾਸਕ ਗੁਰਦੁਆਰਾ ਸਾਹਿਬਾਨ ਲਈ ਕਿਸੇ ਤਰਾਂ ਦਾ ਕੋਈ ਖ਼ਤਰਾ ਨਹੀਂ ਹੈ। ਉਨਾਂ ਨੇ ਉਕਤ ਵੀਡੀਓ ਵਿਚ ਵੱਖ-ਵੱਖ ਦੇਸ਼ਾਂ ਦੀਆਂ ਜਥੇਬੰਦੀਆਂ 'ਤੇ ਅ.ਫਗਾਨ ਸਿੱਖਾਂ ਦੀ ਸੁਰੱਖਿਆ ਨੂੰ ਲੈ ਕੇ ਅ.ਫਵਾਹਾਂ ਫੈਲਾਏ ਜਾਣ ਦਾ ਵੀ ਦੋਸ਼ ਲਗਾਇਆ।




## ਵੀਜਾ ਪ੍ਰਕ੍ਰਿਆ ਦੀ ਮੱਧਮ...

ਅਮਰੀਕੀ ਨਿਆਂ ਵਿਭਾਗ ਅਨੁਸਾਰ ਉਕਤ 2000 ਤੋਂ ਇਲਾਵਾ 20000 ਅਫ਼ਗਾਨਿਸਤਾਨੀਆਂ ਦੀਆਂ ਵਿਸ਼ੇਸ਼ ਵੀਜੇ ਲਈ ਅਰਜੀਆਂ ਕਤਾਰ ਵਿਚ ਹਨ ਜਦਕਿ 10000 ਅਰਜੀਆਂ ਪ੍ਰਕ੍ਰਿਆ ਦੀ ਮੁੱਢਲੀ ਪੱਧਰ ਉਪਰ ਹਨ। ਸ਼ਰਨਾਰਥੀਆਂ ਦਾ ਸਮਰਥਨ ਕਰ ਰਹੀਆਂ ਸੰਸਥਾਵਾਂ ਦਾ ਕਹਿਣਾ ਹੈ ਕਿ ਬਹੁਤ ਹੀ ਮੱਧਮ ਰਫਤਾਰ ਵੀਜਾ ਪ੍ਰਕ੍ਰਿਆ ਅਫ਼ਗਾਨਿਸਤਾਨੀਆਂ ਦੀਆਂ ਮੁਸ਼ਕਿਲਾਂ ਵਿਚ ਵਾਧਾ ਕਰ ਰਹੀ ਹੈ। ਇਥੇ ਜਿਕਰਯੋਗ ਹੈ ਕਿ ਰਾਸ਼ਟਰਪਤੀ ਬਾਈਡਨ ਨੇ ਆਪਣੇ ਐਲਾਨ ਵਿਚ ਕਿਹਾ ਸੀ ਕਿ ਅਮਰੀਕੀ ਫੌਜਾਂ ਦੀ ਮੱਦਦ ਕਰਨ ਵਾਲੇ ਹਰ ਅਫ਼ਗਾਨਿਸਤਾਨੀ ਨੂੰ ਅਮਰੀਕਾ ਵਿਚ ਸ਼ਰਨ ਦਿੱਤੀ ਜਾਵੇਗੀ।

ਕੈਪਸ਼ਨ: ਤਾਲਿਬਾਨ ਦੇ ਕਾਬੁਲ ਉਪਰ ਕਬਜ਼ਾ ਕਰਨ ਉਪਰੰਤ ਅਫ਼ਗਾਨਿਸਤਾਨ ਵਿਚ ਹਾਮਿਦ ਕਰਜ਼ਈ ਕੌਮਾਂਤਰੀ ਹਵਾਈ ਅੱਡੇ ਉਪਰ ਅਫ਼ਗਾਨਿਸਤਾਨੀਆਂ ਨਾਲ ਖਚਾਖੱਚ ਭਰਿਆ ਅਮਰੀਕੀ ਏਅਰ ਫੋਰਸ ਦਾ ਜਹਾਜ਼। ਇਕ ਅੰਦਾਜੇ ਅਨੁਸਾਰ ਇਸ ਵਿਚ 800 ਤੋਂ ਵਧ ਅਫ਼ਗਾਨਿਸਤਾਨੀ ਸਨ।

## ਸੰਯੁਕਤ ਕਿਸਾਨ ਮੋਰਚਾ...

ਉੱਤਰ ਪ੍ਰਦੇਸ਼ ਅਤੇ ਹਰਿਆਣਾ ਦੀਆਂ ਸਰਕਾਰਾਂ ਨੇ ਆਪਣੇ ਹਲਫ਼ਨਾਮਿਆਂ ਵਿਚ ਅਦਾਲਤ ਨੂੰ ਦੱਸਿਆ ਕਿ ਉਨਾਂ ਨੇ ਕਿਸਾਨਾਂ ਨਾਲ ਗੱਲਬਾਤ ਕਰਕੇ ਸ਼ਾਹਰਾਹਾਂ ਨੂੰ ਇਕ ਪਾਸਿਓਂ ਖੁੱਲਵਾ ਦਿੱਤਾ ਹੈ। ਸਰਕਾਰਾਂ ਨੇ ਇਹ ਵੀ ਦੱਸਿਆ ਸਥਿਤੀ ਇਸ ਲਈ ਮੁਸ਼ਕਿਲ ਬਣੀ ਹੋਈ ਹੈ ਕਿਉਂਕਿ ਦਿੱਲੀ ਪੁਲੀਸ ਨੇ ਕਿਸਾਨਾਂ ਨੂੰ ਰਾਜਧਾਨੀ ਵਿਚ ਦਾਖ਼ਲ ਹੋਣ ਤੋਂ ਰੋਕਣ ਲਈ ਰੋਕਾਂ ਲਗਾ ਰੱਖੀਆਂ ਹਨ। ਅਦਾਲਤ ਨੂੰ ਇਹ ਵੀ ਦੱਸਿਆ ਗਿਆ ਕਿ ਇਸ ਬਾਰੇ ਕਿਸਾਨ ਜਥੇਬੰਦੀਆਂ ਨਾਲ ਕਈ ਵਾਰ ਗੱਲਬਾਤ ਕੀਤੀ ਗਈ ਹੈ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਨੂੰ ਕਿਸਾਨ ਅੰਦੋਲਨ ਦੁਆਰਾ ਉਠਾਏ ਗਏ ਮੁੱਦਿਆਂ ਬਾਰੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ।

## ਵੰਡ ਦਾ ਦੁਖਾਂਤ ਅਤੇ...

ਦਾ ਪ੍ਰਮੁੱਖ ਵਕਤਾ ਅਤੇ ਪ੍ਰਧਾਨ ਸੀ।ਉਹ ਸਿੱਖਾਂ ਦਾ ਸਿਖਰਲਾ ਨੇਤਾ ਸੀ ਪਰ ਉਹ ਬਾਕੀ ਦੋ ਨੇਤਾਵਾ ਜਿੰਨਾ ਲੋਕਪ੍ਰਿਯ ਨਹੀ ਸੀ।ਉਸ ਵਿਚ ਆਪਣਾ ਮਨ ਬਣਾ ਸਕਣ ਦੀ ਯੋਗਤਾ ਦੀ ਘਾਟ ਸੀ।ਜਜ਼ਬਾਤੀ ਹੋਣ ਦੇ ਬਾਵਜੂਦ ਮਾਸਟਰ ਤਾਰਾ ਸਿੰਘ ਨੇ ਮੁਸਲਿਮ-ਵਿਰੋਧੀ ਗਤੀਵਿਧੀਆਂ ਵਿਚ ਹਿੱਸਾ ਲਿਆ।

ਸੰਯੁਕਤ ਪੰਜਾਬ ਵਿਚ ਸਿੱਖ ਕਿਸੇ ਵੀ ਜਿਲੇ ਵਿਚ ਬਹੁਗਿਣਤੀ ਵਿਚ ਨਹੀਂ ਸੀ। ਨਤੀਜਨ, ਸਿੱਖਾਂ ਦੀ ਖਿੰਡੀ-ਪੁੰਡੀ ਤਾਕਤ ਨੇ ਹੀ ਉਨਾਂ ਨੂੰ ਕਾਂਗਰਸ ਨਾਲ ਹੱਥ ਮਿਲਾਉਣ ਲਈ ਮਜਬੂਰ ਕੀਤਾ।ਇਕ ਯੋਗ ਸਿੱਖ ਲੀਡਰਸ਼ਿਪ ਹੀ ਯੋਗ ਨੀਤੀਆਂ ਨਾਲ ਉਸ ਸਮੇਂ ਚੁਣੌਤੀ ਦਾ ਸਾਹਮਣਾ ਕਰ ਸਕਦੀ, ਪਰ ਇਸ ਸਮੇਂ ਸਿੱਖ ਨਾ ਤਾਂ ਯੋਗ ਨੇਤਾ ਅਤੇ ਨਾ ਹੀ ਯੋਗ ਨੀਤੀ ਪੇਸ਼ ਕਰ ਸਕੇ।ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਭੜਕੀ ਸੰਪ੍ਰਦਾਇਕ ਹਿੰਸਾ ਬਹੁਤ ਹੀ ਵਿਚਲਿਤ ਕਰਨ ਵਾਲੀ ਸੀ।ਸਿੱਖਾਂ ਨੇ ਮੁਸਲਮਾਨਾਂ ਵਿਰੁਧ ਕਾਫੀ ਸ਼ਿਕਾਇਤਾਂ ਦਰਜ ਕਰਵਾਈਆਂ, ਪਰ ਮੁਸਲਿਮ ਲੀਗ ਨਾਲ ਉਨਾਂ ਦੀ ਵਿਰੋਧਤਾ ਨੂੰ ਉਹ ਸਹੀ ਢੰਗ ਨਾਲ ਕੰਟਰੋਲ ਨਾ ਕਰ ਸਕੇ ਜਿਸ ਨੂੰ ਰਾਜਨੀਤਿਕ ਖੇਤਰ ਵਿਚ ਕਮਜ਼ੋਰ ਪੱਖ ਮੰਨਿਆ ਜਾਂਦਾ ਹੈ।ਰਾਜਨੀਤੀ ਵਿਚ ਆਪਣੀ ਸ਼ੁਰੂਆਤ ਤੋਂ ਹੀ ਮੁਸਲਿਮ ਲੀਗ ਨੇ ਸਿੱਖਾਂ ਵਿਰੁੱਧ ਕੁਝ ਵੀ ਨਾਕਾਰਤਮਕ ਨਹੀਂ ਸੀ ਦਿਖਾਇਆ।ਮੁਸਲਿਮ ਲੀਗ ਦੀ ਲੀਡਰਸ਼ਿਪ ਸਿੱਖਾਂ ਦੀ ਮੰਗਾਂ ਪ੍ਰਤੀ ਸਹਾਇਕ ਸੀ ਪਰ ਸਿੱਖ ਲੀਡਰਸ਼ਿਪ ਨੇ ਕੋਈ ਸਾਕਾਰਤਮਕ ਹੁੰਗਾਰਾ ਨਾ ਭਰਿਆ।ਮੁਸਲਿਮ ਲੀਗ ਘੱਟ-ਗਿਣਤੀਆਂ ਦੇ ਹੱਕਾਂ ਵਿਚ ਯਕੀਨ ਕਰਦੀ ਸੀ ਅਤੇ ਉਸ ਨੇ ਸਿੱਖ ਲੀਡਰਸ਼ਿਪ ਨਾਲ ਨੇੜਤਾ ਵਧਾਉਣ ਦੀ ਕੋਸ਼ਿਸ਼ ਕੀਤੀ, ਪਰ ਹਮੇਸ਼ਾ ਦੀ ਤਰਾਂ ਸਿੱਖ ਲੀਡਰਸ਼ਿਪ ਨੇ ਕੋਈ ਲਚਕਤਾ ਨਹੀਂ ਦਿਖਾਈ।

ਪੰਜਾਬ ਦੀ ਵੰਡ ਨੂੰ ਸਿੱਖ-ਬ੍ਰਿਟਿਸ਼ ਅਤੇ ਸਿੱਖ-ਮੁਸਲਿਮ ਸਬੰਧਾਂ ਦੇ ਸੰਦਰਭ ਵਿਚ ਦੇਖਿਆ ਜਾਣਾ ਚਾਹੀਦਾ ਹੈ।ਅਗਰ ਭਾਰਤ ਨੂੰ ਪੰਜਾਬ ਤੋਂ ਕੁਝ ਹਾਸਿਲ ਹੋ ਸਕਦਾ ਸੀ ਤਾਂ ਇਹ ਸਿੱਖਾਂ ਦੀ ਮਦਦ ਨਾਲ ਹੀ ਸੰਭਵ ਸੀ।ਕਾਂਗਰਸ ਲੀਡਰਸ਼ਿਪ ਨੂੰ ਇਸ ਦਾ ਇਲਮ ਸੀ ਅਤੇ ਉਨਾਂ ਨੇ ਸਿੱਖਾਂ ਦੀਆਂ ਰਾਜਨੀਤਿਕ ਗਤੀਵਿਧੀਆਂ ਉੱਪਰ ਨਿਗਾ ਰੱਖੀ ਅਤੇ ਉਨਾਂ ਦਾ ਸਾਥ ਵੀ ਦਿੱਤਾ ਕਿਉਂਕਿ ਸਿੱਖਾਂ ਦੀਆਂ ਰਾਜਨੀਤਿਕ ਗਤੀਵਿਧੀਆਂ ਅੰਤ ਵਿਚ ਕਾਂਗਰਸ ਦੇ ਏਜੰਡੇ ਦੀ ਹੀ ਪੂਰਤੀ ਕਰਦੀਆਂ ਸਨ।ਜਦੋਂ ਵੀ ਸਿੱਖਾਂ ਨੇ ਅਜ਼ਾਦ ਰਸਤਾ ਅਖ਼ਤਿਆਰ ਕਰਨ ਦੀ ਕੋਸ਼ਿਸ਼ ਕੀਤੀ, ਹਿੰਦੂਆਂ ਨੇ ਉਦੋਂ-ਉਦੋਂ ਇਸ ਦਾ ਵਿਰੋਧ ਕੀਤਾ ਅਤੇ ਉਨਾਂ ਨੂੰ ਆਪਣਾ ਰਸਤਾ ਬਦਲਣ ਲਈ ਮਜਬੂਰ ਕੀਤਾ।ਸਿੱਖਾਂ ਦੀ ਅਸਫਲਤਾ ਵਿਚ ਸਿੱਖਾਂ ਦੀ ਲੀਡਰਸ਼ਿਪ ਦਾ ਸੰਕਟ ਇਕ ਵੱਡਾ ਕਾਰਣ ਰਿਹਾ ਜਿਸ ਕਰਕੇ ਉਨਾਂ ਦੀਆਂ ਜਾਇਜ਼ ਮੰਗਾਂ ਦੀ ਵੀ ਪੂਰਤੀ ਨਾ ਹੋਈ।ਪਾਕਿਸਤਾਨ ਦਾ ਹੋਂਦ ਵਿਚ ਆਉਣਾ ਇਕ ਰਾਜਨੀਤਿਕ ਮੁੱਦਾ ਸੀ ਜੋ ਕਿ ਸੰਵਿਧਾਨਿਕ ਸਮਝੌਤਿਆਂ ਰਾਹੀ ਸਿਰੇ ਚੜ੍ਹਿਆ, ਪਰ ਸਿੱਖ ਜਿਆਦਾਤਰ ਹੰਗਾਮਿਆਂ ਅਤੇ ਮੋਰਚਿਆਂ ਉੱਪਰ ਹੀ ਨਿਰਭਰ ਰਹੇ ਹਨ।ਮੁਸਲਿਮ ਲੀਗ ਪ੍ਰਤੀ ਲਚਕਤਾ ਰੱਖਣ ਦੀ ਬਜਾਇ ਸਿੱਖ ਲੀਡਰਸ਼ਿਪ ਨੇ ਹਰ ਗਲਤ ਉਨਾਂ ਦੇ ਜ਼ਿੰਮੇ ਪਾਉਣ ਦੀ ਰਵਾਇਤੀ ਨੀਤੀ ਅਪਣਾਈ।ਸਿੱਖਾਂ ਦਾ ਆਪਣਾ ਮੁਲ਼ਕ ਲੈਣਾ ਸਭ ਤੋਂ ਬਿਹਤਰੀਨ ਵਿਕਲਪ ਸੀ, ਪਾਕਿਸਤਾਨ ਨਾਲ ਹੱਥ ਮਿਲਾਉਣਾ ਦੂਜਾ ਵਿਕਲਪ ਸੀ, ਪਰ ਭਾਰਤ ਦਾ ਹਿੱਸਾ ਬਣਨਾ ਸਿੱਖਾਂ ਲਈ ਕਦੇ ਵੀ ਬਿਹਤਰੀਨ ਵਿਕਲਪ ਨਹੀ ਸੀ।ਪਰ ਸਿੱਖ ਲੀਡਰਸ਼ਿਪ ਦੀ ਸਲਾਹ ’ਤੇ ਹੀ 1947 ਵਿਚ ਉਨਾਂ ਨੇ ਭਾਰਤ ਨੂੰ ਚੁਣਿਆ ਅਤੇ ਬ੍ਰਿਟਿਸ਼ ਸਲਾਹ ਅਤੇ ਮੁਸਲਿਮ ਲੀਗ ਲੀਡਰਸ਼ਿਪ ਦੇ ਸੁਝਾਆਂ ਨੂੰ ਅੱਖੋਂ-ਪਰੋਖੇ ਕਰ ਦਿੱਤਾ। ਸਿੱਖ ਲੀਡਰਸ਼ਿਪ ਰਾਜਨੀਤਿਕ ਮਸਲਿਆਂ ਦੀ ਡੂੰਘਾਈ ਨੂੰ ਸਮਝ ਨਾ ਸਕੀ। ਸਿੱਖ ਲੀਡਰਸ਼ਿਪ ਦੁਆਰਾ ਭਾਰਤ ਨੂੰ ਚੁਣਨ ਦਾ ਪ੍ਰਮੁੱਖ ਕਾਰਣ ਉਨਾਂ ਦਾ ਹਿੰਦੂਵਾਦ ਨਾਲ ਧਾਰਮਿਕ ਸਬੰਧ, ਕਮਜੋਰ ਲੀਡਰਸ਼ਿਪ, ਏਕਤਾ ਦੀ ਘਾਟ, ਮੁਗਲਾਂ ਦੁਆਰਾ ਸਿੱਖਾਂ ਉੱਪਰ ਕੀਤੇ ਜ਼ੁਲਮ ਸਨ।ਜਿਨਾਹ ਨੇ ਸਿੱਖ ਲੀਡਰਸ਼ਿਪ ਨੂੰ ਚੇਤਾਵਨੀ ਦਿੱਤੀ ਸੀ ਕਿ ਹਿੰਦੂਆਂ ਦਾ ਸਾਥ ਦੇ ਕੇ ਸਿੱਖ ਇਕ ਦਿਨ ਪਛਤਾਉਣਗੇ, ਪਰ ਉਸ ਸਮੇਂ ਉਨਾਂ ਲਈ ਆਪਣੇ ਫੈਸਲੇ ਨੂੰ ਬਦਲਣ ਦੀ ਘੜੀ ਲੰਘ ਚੁੱਕੀ ਹੋਵੇਗੀ।ਪਰ ਬਦਕਿਸਮਤੀ ਨਾਲ ਸਿੱਖਾਂ ਨਾਲ ਉਹੀ ਹੋਇਆ।1947 ਵਿਚ ਹੋਈ ਵੰਡ ਸਭ ਤੋਂ ਵੱਡਾ ਜਬਰੀ ਪ੍ਰਵਾਸ ਸੀ ਜੋ ਕਿ ਕਿਸੇ ਯੁੱਧ ਜਾਂ ਅਕਾਲ ਕਰਕੇ ਨਹੀਂ ਸੀ ਹੋਇਆ। ਬ੍ਰਿਟਿਸ਼ ਵਕੀਲ ਸਿਰਲ ਰੈਡਕਲਿਫ, ਜੋ ਕਿ ਬਾਊਂਡਰੀ ਕਮਿਸ਼ਨ ਦਾ ਪ੍ਰਧਾਨ ਸੀ, ਨੇ ਬਾਅਦ ਵਿੱਚ ਇੰਕਸ਼ਾਫ ਕੀਤਾ ਕਿ ਉਸ ਦਾ ਫੈਸਲਾ ਪੁਰਾਣੇ ਨਕਸ਼ਿਆਂ ਅਤੇ ਮਰਦਮਸ਼ੁਮਾਰੀ ਅੰਕੜਿਆਂ ਉੱਪਰ ਅਧਾਰਿਤ ਸੀ। ਵੰਡ ਤੋਂ ਬਾਅਦ ਪ੍ਰਸਿੱਧ ਕਵੀ ਫੈਜ਼ ਅਹਿਮਦ ਫੈਜ਼ ਨੇ ਲਿਖਿਆ ਸੀ :

**ਯੇ ਦਾਗ ਦਾਗ ਉਜਾਲਾ, ਯੇ ਸ਼ਬ ਗਜ਼ੀਦਾ ਸਹਿਰ**
**ਵੋ ਇੰਤਜ਼ਾਰ ਥਾ ਜਿਸਕਾ, ਯੇ ਵੋ ਸਹਿਰ ਤੋ ਨਹੀਂ**
**ਜਿਸ ਕੀ ਆਰਜ਼ੂ ਲੇਕਰ ਚਲੇ ਥੇ ਯਾਰ**
**ਕਿ ਮਿਲ ਜਾਏਗੀ ਕਹੀਂ ਨਾ ਕਹੀਂ**

ਫਲਕ ਕੇ ਦਸ਼ਤ ਮੇਂ ਤਾਰੋਂ ਕੀ ਆਖ਼ਰੀ ਮੰਜ਼ਿਲ
ਕਹੀਂ ਤੋ ਹੋਗਾ ਸ਼ਬ-ਏ-ਸਸਤ ਮੌਜ ਕਾ ਸਾਹਿਲ
ਕਹੀਂ ਤੋ ਜਾ ਕੇ ਰੁਕੇਗਾ ਸਫੀਨਾਏ ਗਮ-ਏ-ਦਿਲ

ਬ੍ਰਿਟਿਸ਼ ਵਿਦਵਾਨ ਯੈਸਮੀਨ ਖਾਨ ‘ਦ ਗ੍ਰੇਟ ਪਾਰਟੀਸ਼ਨ’ ਵਿਚ ਲਿਖਦੀ ਹੈ ਕਿ ਵੰਡ ਸਾਮਰਾਜ ਦੀਆਂ ਮੂਰਖਤਾਈਆਂ ਦੀ ਗਵਾਹੀ ਭਰਦੀ ਹੈ ਜਿਸ ਨੇ ਭਾਈਚਾਰਿਆਂ ਦੇ ਵਿਕਾਸ ਨੂੰ ਤੋੜ ਦਿੱਤਾ ਅਤੇ ਇਤਿਹਾਸਿਕ ਰਸਤਿਆਂ ਨੂੰ ਬਰਬਾਦ ਕਰ ਦਿੱਤਾ।ਇਸ ਨੇ ਉਸ ਸਮਾਜ ਵਿਚੋਂ ਹਿੰਸਕ ਰੂਪ ਵਿਚ ਰਾਜ ਦੀ ਬਣਤਰ ਕੀਤੀ ਜਿਸ ਨੇ ਵਰਨਾ ਕੋਈ ਹੋਰ ਦਿਸ਼ਾ ਲੈਣੀ ਸੀ। ਮਸ਼ਹੂਰ ਲੇਖਕ ਸਾਅਦਤ ਹਸਨ ਮੰਟੋ ਨੇ ਕਿਹਾ ਸੀ ਕਿ ਵੰਡ ਦਾ ਦੁਖਾਂਤ ਇਹ ਨਹੀਂ ਸੀ ਕਿ ਇਕ ਤੋਂ ਹੁਣ ਦੋ ਦੇਸ਼ ਬਣ ਗਏ ਸਨ, ਪਰ ਇਸ ਦਾ ਅਹਿਸਾਸ ਸੀ ਕਿ ਦੋਹਾਂ ਹੀ ਦੇਸ਼ਾਂ ਦੇ ਲੋਕ ਕੱਟੜਤਾ, ਧਾਰਮਿਕ ਜ਼ਹਿਰ ਅਤੇ ਬਰਬਰਤਾ ਦੇ ਗੁਲਾਮ ਹਨ।

## ਧਰਤੀ ’ਤੇ ਵਧ ਰਹੀ...

ਵਾਤਾਵਰਣ ਸੰਕਟ ਦੇ ਹੱਲ ਲਈ ਸਾਰੀਆਂ ਥਾਂਵਾਂ ਅਤੇ ਸਾਰੇ ਲੋਕਾਂ ਤਕ ਸਾਫ਼-ਸੁਥਰੀ ਊਰਜਾ ਦੀ ਪਹੁੰਚ ਦੀ ਜ਼ਰੂਰਤ ਹੈ। ਭਾਵੇਂ ਉਹ ਗਰੀਬ ਹੋਣ ਜਾਂ ਅਮੀਰ। ਭਾਵੇਂ ਦੁਨੀਆ ਭਰ ਦੇ ਸ਼ਹਿਰੀ ਖੇਤਰ ਵਿਸ਼ਵ ਭੂ-ਭਾਗ ਦੀ ਸਿਰਫ਼ ਦੋ ਫ਼ੀਸਦੀ ਥਾਂ ਘੇਰਦੇ ਹਨ, ਪਰ ਵਿਸ਼ਵ ਦੀ ਕੁਲ ਊਰਜਾ ਦਾ ਦੋ-ਤਿਹਾਈ ਹਿੱਸਾ ਵਰਤਦੇ ਹਨ ਅਤੇ ਨਾਲ ਹੀ ਉਹ ਵਿਸ਼ਵ ਪੱਧਰ ’ਤੇ ਜਿੰਨੀ ਕਾਰਬਨ ਡਾਈਔਕਸਾਈਡ ਪੈਦਾ ਹੁੰਦੀ ਹੈ, ਉਸਦੇ 70 ਫ਼ੀਸਦੀ ਲਈ ਜ਼ਿੰਮੇਵਾਰ ਹਨ। ਸ਼ਹਿਰਾਂ ਵਿੱਚ ਹਰੀਆਂ ਛੱਤਾਂ ਅਤੇ ਏਅਰਕੰਡੀਸ਼ਨਰਾਂ ਵਿੱਚ ਕਮੀ, ਸਰਵਜਨਕ ਪਰਿਵਾਹਨ ਦੀ ਵਰਤੋਂ ਅਤੇ ਊਰਜਾ ਦੇ ਨਵੇਂ ਸਰੋਤਾਂ ਦਾ ਇਸਤੇਮਾਲ ਵਾਤਾਵਰਣ ਬਦਲੀ ਨਾਲ ਨਿਪਟਣ ਵਿੱਚ ਸਹਾਈ ਹੋ ਸਕਦਾ ਹੈ।

ਜਿਵੇਂ ਮੌਂਟਰੀਆਲ ਅੰਤਰਰਾਸ਼ਟਰੀ ਪ੍ਰੋਟੋਕੋਲ ਦੇ ਤਹਿਤ ਸੀ.ਐੱਫ.ਸੀ. (ਕਲੋਰੋਫਲੋਰੋ ਕਾਰਬਨ) ਦੇ ਸਬੰਧ ਵਿੱਚ ਵਿਸ਼ਵ ਪੱਧਰੀ ਅਜੰਡਾ ਜਾਰੀ ਕੀਤਾ ਗਿਆ ਸੀ, ਇਹ ਵਾਤਾਵਰਣ ਵਿੱਚ ਗਰਮੀ ਨੂੰ ਲੈ ਕੇ ਨਹੀਂ ਸੀ, ਸਗੋਂ ਅੰਨਟਾਰਟਿਕਾ ਓਜ਼ੋਨ ਛੇਕਾਂ ਉੱਤੇ ਇਸਦੇ ਪ੍ਰਭਾਵ ਨੂੰ ਲੈ ਕੇ ਕੀਤਾ ਗਿਆ ਸੀ। ਇਸ ਏਜੰਡੇ ਨੂੰ ਲਾਗੂ ਕਰਨ ਸਬੰਧੀ ਵੱਡੇ ਯਤਨ ਵੀ ਹੋਏ ਸਨ। ਜੇਕਰ ਸੀ.ਐੱਫ.ਸੀ. ਸਬੰਧੀ ਲੋੜੀਂਦੇ ਕਦਮ ਨਾ ਪੁੱਟੇ ਹੁੰਦੇ ਤਾਂ ਹੁਣ ਤਕ ਧਰਤੀ ਦਾ ਤਾਪਮਾਨ 1.5 ਡਿਗਰੀ ਸੈਂਟੀਗਰੇਡ ਵੱਧ ਚੁੱਕਾ ਹੁੰਦਾ।

ਧਿਆਨ ਕਰਨ ਵਾਲੀ ਗੱਲ ਤਾਂ ਇਹ ਹੈ ਕਿ ਅਗਲੇ ਸਾਲਾਂ ਵਿੱਚ 1.7 ਬਿਲੀਅਨ ਲੋਕਾਂ ਨੂੰ ਗਰਮ ਹਵਾਵਾਂ ਦਾ ਸੇਕ ਲੱਗੇਗਾ। ਸਮੁੰਦਰ ਦਾ ਤਲ ਚਾਰ ਇੰਚ ਵਧੇਗਾ, ਜੋ ਧਰਤੀ ਨੂੰ ਨੁਕਸਾਨ ਪਹੁੰਚਾਏਗਾ। ਇਸ ਨਾਲ ਸਮੁੰਦਰ ਕੰਢੇ ਮੱਛੀ ਫੜਨ ਦੇ ਕਿੱਤੇ ਨੂੰ ਢਾਹ ਲੱਗੇਗੀ। ਇਸ ਸਭ ਕੁਝ ਨੁਕਸਾਨ ਦੇ ਬਾਵਜੂਦ ਵੀ ਵਿਸ਼ਵ ਦੀਆਂ ਵੱਡੀਆਂ ਸਿਆਸੀ ਤਾਕਤਾਂ, ਜੋ ਪ੍ਰਦੂਸ਼ਨ ਲਈ ਜ਼ਿੰਮੇਵਾਰ ਹਨ, ਖੇਡਾਂ ਖੇਡ ਰਹੀਆਂ ਹਨ। ਸਾਲ 2009 ਵਿੱਚ ਇੱਕ ਵਿਸ਼ਵ ਸਮਝੌਤੇ ਅਧੀਨ ਯੂਨਾਈਟਡ ਨੈਸ਼ਨਜ਼ ਦੀ ਪਾਲਿਸੀ ਤਹਿਤ ਵਿਸ਼ਵ ਦੀ ਤਪਸ਼ ਰੋਕਣ ਲਈ ਆਲਮੀ ਸਮਝੌਤੇ ’ਤੇ ਦਸਤਖ਼ਤ ਹੋਏ ਸਨ। ਕੁਝ ਸਰਕਾਰਾਂ ਨੇ ਤਾਂ ਇਸ ਸਬੰਧੀ ਚੰਗਾ ਕੰਮ ਕੀਤਾ, ਪਰ ਬਹੁਤੀਆਂ ਨੇ ਅਵੇਸਲਾਪਨ ਵਿਖਾਇਆ। ਕੁਝ ਵਾਤਵਰਨ ਪ੍ਰੇਮੀਆਂ ਨੇ ਇਹ ਵਿਚਾਰ ਦਿੱਤਾ ਕਿ ਵਿਸ਼ਵ ਭਰ ਵਿੱਚ ਬਿਲੀਅਨ ਦੀ ਗਿਣਤੀ ਵਿੱਚ ਦਰਖ਼ਤ ਲਗਾਏ ਜਾਣ। ਇਸ ਨਾਲ ਕਾਰਬਨ ਡਾਈਔਕਸਾਈਡ ਨੂੰ ਥੰਮਣ ਲਈ ਬੱਲ ਮਿਲੇਗਾ ਅਤੇ ਦਰਖ਼ਤ ਵਾਤਾਵਰਣ ਵਿੱਚ ਸਾਫ਼ ਹਵਾ ਦੇਣਗੇ।

ਪਰ ਆਲਮੀ ਤਪਸ਼ ਨੂੰ ਠੱਲ ਪਾਉਣੀ ਸੌਖਾ ਕੰਮ ਨਹੀਂ ਹੈ। ਰਿਪੋਰਟਾਂ ਅਨੁਸਾਰ ਆਲਮੀ ਤਪਸ਼ ਜਿਸ ਨੂੰ 1.5 ਡਿਗਰੀ ਸੈਂਟੀਗਰੇਡ ਤਕ ਵਧਣ ਤੋਂ ਰੋਕਣ ਲਈ ਯਤਨ ਹੋ ਰਹੇ ਹਨ, ਪਹਿਲਾਂ ਹੀ ਇੱਕ ਡਿਗਰੀ ਸੈਂਟੀਗਰੇਡ ਵਧ ਚੁੱਕੀ ਹੈ। ਦੁਨੀਆ ਦੇ ਇੱਕ ਵੱਡੇ ਸਾਇੰਸਦਾਨ ਦੀ ਰਾਏ ਇਸ ਸਮੇਂ ਮਹੱਤਵ ਰੱਖਦੀ ਹੈ ਕਿ ਜੇਕਰ ਵਿਸ਼ਵੀ ਤਪਸ਼ 1.5 ਡਿਗਰੀ ਸੈਂਟੀਗਰੇਡ ਵਧ ਜਾਂਦੀ ਹੈ ਤਾਂ ਦੁਨੀਆ ਦੇ ਪਹਿਲਾਂ ਹੀ ਗਰਮ ਖਿੱਤੇ ਹੋਰ ਗਰਮ ਹੋ ਜਾਣਗੇ ਅਤੇ ਬਹੁਤੀਆਂ ਥਾਂਵਾਂ ਉੱਤੇ ਮਨੁੱਖੀ ਅਤੇ ਵਣ ਜੀਵਨ ਖ਼ਤਰਿਆਂ ਭਰਪੂਰ ਹੋ ਜਾਏਗਾ।

ਵਾਤਾਵਰਣ ਵਿੱਚ ਬਦਲਾਅ ਜ਼ਿਆਦਾ ਕਰਕੇ ਮਨੁੱਖੀ ਲੋੜਾਂ ਦੀ ਪੂਰਤੀ ਹਿਤ ਗਰੀਨ ਹਾਊਸ ਗੈਸਾਂ ਦੀ ਪੈਦਾਵਾਰ ਨਾਲ ਹੋ ਰਿਹਾ ਹੈ। ਇਸ ਲਈ ਮਨੁੱਖੀ ਵਰਤਾਓ ਵਿੱਚ ਬਦਲਾਅ ਦੇ ਜ਼ਰੀਏ ਹੀ ਇਸ ਨੂੰ ਰੋਕਿਆ ਜਾ ਸਕਦਾ ਹੈ।

## ਰਾਜ ਕਰੇਗਾ ਖ਼ਾਲਸਾ...

ਕਦੇ ਮਹਾਂਪੁਰਸ਼ਾਂ ਦੇ ਬਚਨ ਸੁਣੇ ਸਨ ਭਾਈ ਖ਼ਾਲਸੇ ਬਣਜੋ ਤੁਸਾਂ ਸ੍ਰਿਸ਼ਟੀ ਤੇ ਰਾਜ ਕਰਨਾ ਤੇ ਖ਼ਾਲਸਾ ਬਿਨਾਂ ਸ਼ੱਕ ਉਸ ਪਾਸੇ ਪੁਲਾਂਘਾਂ ਪੁਟ ਰਿਹਾ ਹੈ। ਇਸਦੇ ਉਲਟ ਗੁਰੂਘਰਾਂ ਵਿਚ ਹੜਦੁੰਗ ਮਚਾਉਂਦੇ ਲੋਕਾਂ ਤੋਂ ਕਈ ਕੌਮੀ ਦਰਦ ਰੱਖਣ ਵਾਲੇ ਸੱਜਣ ਉਦਾਸ ਹਨ ਫਿਰ ਵੀ ਇਨਾਂ ਤੋਂ ਪ੍ਰੇਸ਼ਾਨ ਹੋਣ ਦੀ ਲੋੜ ਨਹੀਂ, ਇਨਾਂ ਦੀ ਰੇਂਜ ਲੰਗਰ ਤੋਂ ਗੋਲਕ ਤਕ ਦੀ ਹੈ। ਤੁਸੀਂ ਆਪਣੀ ਸੋਚ ਚੜਦੀ ਕਲਾ ਵਾਲੀ ਰੱਖੋ, ਇਹ ਹਾਰੇ ਹੋਏ ਲੋਕ ਹਨ ਹਾਓਮੈ ’ਚੋਂ ਅਨੰਦ ਭਾਲਦੇ ਹਨ, ਲੋਕਾਂ ਨੂੰ ਰਹਿਤ ਮਰਿਆਦਾ ਸਮਝਾਉਂਦੇ ਹਨ, ਆਪਣੇ ਨਿਆਣੇ ਇਨਾਂ ਦੀ ਗੱਲ ਨਹੀ ਮੰਨਦੇ।

ਇਹ ਵੀ ਪਤਾ ਹੈ ਰਾਜ ਕਰੇਗਾ ਖਾਲਸਾ ਦੇ ਸੰਕਲਪ ਨੂੰ ਪ੍ਰਚੰਡ ਕਰਨ ਲਈ ਲੋਹਗੜ ਜਾਂ ਲਾਹੌਰ ਵਰਗੀ ਕੋਈ ਰਾਜਧਾਨੀ ਜਰੂਰੀ ਹੈ, ਗੁਰੂ ਬੜਾ ਬੇਅੰਤ ਹੈ ਪਤਾ ਨਹੀਂ ਕੱਲ ਨੂੰ ਕੀ ਬਿਧ ਬਣਾ ਦੇਵੇ ਜਿਸ ਤਰਾਂ ਹਿਟਲਰ ਨੇ ਸੰਸਾਰ ਯੁੱਧ ਦੀ ਪੱਛੀ ਲਾਈ ਤੇ ਬ੍ਰਿਟੇਨ ਨੂੰ ਕਈ ਕਲੋਨੀਆਂ ਖਾਲੀ ਕਰਨੀਆਂ ਪਈਆਂ ਏਸ਼ੀਆ ਅੱਗ ਦੇ ਢੇਰ ’ਤੇ ਬੈਠਾ ਹੈ ਸਤਿਗੁਰ ਕ੍ਰਿਪਾ ਕਰਨ ਚੌਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ ਰਹਿਣ ਤੇ ਸਾਰੇ ਚੜਦੀ ਕਲਾ ਦੀ ਅਰਦਾਸ ਕਰਿਆ ਕਰੀਏ ਰਾਜ ਕਰੇਗਾ ਖ਼ਾਲਸਾ, ਆਕੀ ਰਹੇ ਨਾਂ ਕੋਈ।

## ਧੀ ਸਰਾਪ ਜਾਂ ਰੱਬੀ ਦੁਆ

ਮੈਂ ਸਿਰ ਹਿਲਾ ਕੇ ਨਾ ਵਿਚ ਜਵਾਬ ਦੇ ਦਿੱਤਾ, ਉਹਨੇ ਕਾਰਨ ਜਾਨਣਾ ਚਾਹਿਆ, ਤਾਂ ਮੈਂ ਸਿਰਫ਼ ਐਨਾ ਕਿਹਾ ਕਿ ਮੈਂ ਇੱਕ ਚੋਰ ਦੀ ਭੈਣ ਹਾਂ। ਗੈਰੀ ਨੂੰ ਸਭ ਕੁਝ ਸਮਝਣ ਨੂੰ ਦੇਰ ਨਾ ਲੱਗੀ। ਮੇਰੀਆਂ ਅੱਖਾਂ ਵਿਚ ਆਏ ਹੰਝੂਆਂ ਨੂੰ ਪੂੰਝਣ ਲਈ ਉਹਨੇ ਹੱਥ ਅੱਗੇ ਵਧਾਇਆ ਹੀ ਸੀ, ਪਰ ਪਤਾ ਨੀ ਉਹਦੇ ਦਿਲ ਵਿਚ ਕੀ ਆਇਆ ਕਿ ਉਹ ਇਕਦਮ ਉੱਥੋਂ ਚਲਾ ਗਿਆ, ਬਿਨਾਂ ਕੁਝ ਕਹੇ ਬਿਨਾਂ ਕੁਝ ਸੁਣੇ। ਤੇ ਮੈਂ ਮੂਕ ਕਿੰਨਾ ਚਿਰ ਉੱਥੇ ਹੀ ਖਲੋਤੀ ਰਹੀ। ਲਾਇਬ੍ਰੇਰੀ ਵਿਚ ਵੀ ਕੋਈ ਸਕੂਨ ਨਾ ਮਿਲਿਆ, ਮੈਂ ਵਾਪਿਸ ਕਮਰੇ ਵਿਚ ਆ ਗਈ। ਗੈਰੀ ਤੇ ਆਪਣੇ ਰਿਸ਼ਤੇ ਦੇ ਬਦਲੇ ਸਮੀਕਰਣਾਂ ਬਾਰੇ ਸੋਚਦੀ ਹੋਈ ਪਤਾ ਹੀ ਨੀ ਲੱਗਾ ਕਦੋਂ ਸੌ ਗਈ। ਮੋਬਾਇਲ ਦੀ ਘੰਟੀ ਦੀ ਆਵਾਜ਼ ਨਾਲ ਇਕਦਮ ਅੱਖ ਖੁੱਲ ਗਈ। ਦੇਖਿਆ ਤਾਂ ਗੈਰੀ ਦਾ ਫੋਨ ਆ ਰਿਹਾ ਸੀ। ਚੱਕਾਂ ਕਿ ਨਾ, ਏਸ ਉਲਝਣ ਵਿੱਚ ਹੀ ਫੋਨ ਕਟ ਗਿਆ। ਗੈਰੀ ਦੀਆਂ ਕੋਈ 5 ਮਿਸਡ ਕਾਲਾਂ ਸਨ। ਹੁਣ ਫੇਰ ਫੋਨ ਦੀ ਘੰਟੀ ਵੱਜੀ ਤਾਂ ਮਾਂ ਦਾ ਫੋਨ ਸੀ। ਫੋਨ ਚੱਕਦਿਆਂ ਸਾਰ ਮਾਂ ਨੇ ਸਿਰਫ਼ ਐਨਾ ਕਿਹਾ ਸੀ ਕਿ ਤੁਰੰਤ ਘਰ ਆ ਜਾ। ਸਮਝ ਨਾ ਲੱਗੀ ਕਿ ਕਿਉਂ। ਕੁਝ ਪੁੱਛਣ ਤੋਂ ਪਹਿਲਾਂ ਹੀ ਮਾਂ ਨੇ ਫੋਨ ਕੱਟ ਦਿੱਤਾ ਸੀ। ਮੈਂ ਦੁਬਾਰਾ ਫੋਨ ਕੀਤਾ ਤਾਂ ਮਾਂ ਨੇ ਚੱਕਿਆ ਨਾ। ਮੈਂ ਫਟਾਫਟ ਤਿਆਰ ਹੋਈ ਤੇ ਚਾਰ ਵਜੇ ਵਾਲੀ ਬੱਸ ਤੇ ਪਿੰਡ ਨੂੰ ਰਵਾਨਾ ਹੋ ਗਈ। ਅੱਧੇ ਘੰਟੇ ਮਗਰੋਂ ਮੈਂ ਆਪਣੇ ਪਿੰਡ ਪਹੁੰਚ ਚੁੱਕੀ ਸੀ। ਮੈਂ ਹੈਰਾਨ ਸੀ ਇਹ ਦੇਖ ਕੇ ਮੇਰੇ ਘਰ ਦੇ ਬਾਹਰ ਗੈਰੀ ਦੀ ਕਾਰ ਸੀ, ਮੈਨੂੰ ਜਿਆਦਾ ਟਾਈਮ ਨਾ ਲੱਗਾ ਸਮਝਣ ਵਿਚ ਕਿ ਮਾਂ ਨੇ ਇਸ ਤਰਾਂ ਮੈਨੂੰ ਕਿਉਂ ਬੁਲਾਇਆ। ਗੈਰੀ ਤੇ ਖਿਝ ਆ ਰਹੀ ਸੀ, ਮੈਨੂੰ ਮਾਂ ਤੋਂ ਤਾਹਨੇ ਮਿਹਣੇ ਸੁਣਾਉਣ ਲਈ ਇੱਥੇ ਕਿਉਂ ਆਇਆ। ਹਿੰਮਤ ਕਰਕੇ ਮੈਂ ਅੰਦਰ ਗਈ ਤਾਂ ਹੋਰ ਵੀ ਹੈਰਾਨ ਸੀ ਇਹ ਦੇਖ ਕੇ ਕਿ ਗੈਰੀ ਦਾ ਪਰਿਵਾਰ ਵੀ ਨਾਲ ਸੀ ਤੇ ਅੰਦਰ ਦਾ ਮਾਹੌਲ ਕਾਫ਼ੀ ਖੁਸ਼ਨੁਮਾ ਲੱਗ ਰਿਹਾ ਸੀ। ਕੁਝ ਵੀ ਸਮਝ ਨੀ ਸੀ ਆ ਰਿਹਾ। ਮਾਂ ਨੇ ਮੈਨੂੰ ਬਾਂਹ ਤੋਂ ਫੜ ਕੇ ਗੈਰੀ ਕੋਲ ਬਿਠਾ ਦਿੱਤਾ ਤੇ ਸ਼ਗਨਾਂ ਜਿਹੇ ਕਰਨ ਲੱਗ ਗਏ। ਸਭ ਕੁਝ ਸੁਪਨੇ ਵਾਂਗ ਹੀ ਸੀ। ਬੱਸ ਜਾਣੀਆਂ ਪਹਿਚਾਣੀਆਂ ਆਵਾਜ਼ਾਂ ਕੰਨਾਂ ਵਿੱਚ ਪੈ ਰਹੀਆਂ ਸੀ। ਗੈਰੀ ਦੇ ਮਾਪੇ ਕਹਿ ਰਹੇ ਸੀ ਪ੍ਰੀਤ ਨੂੰ ਆਪਣੇ ਘਰ ਦੀ ਬਹੂ ਬਣਾਉਣਾ ਸਿਰਫ ਗੈਰੀ ਦਾ ਹੀ ਨਹੀਂ ਬਲਕਿ ਸਾਡਾ ਵੀ ਸੁਪਨਾ ਸੀ ਜੋ ਅੱਜ ਪੂਰਾ ਹੋ ਗਿਆ। ਗੈਰੀ ਨੇ ਫੈਸਲਾ ਸੁਣਾਇਆ ਸੀ ਕਿ ਜਿਆਦਾ ਸ਼ੋਰ ਸ਼ਰਾਬਾ ਨਹੀਂ ਚਾਹੁੰਦਾ ਮੈਂ, ਗੁਰੂਘਰ ਵਿੱਚ ਲਾਵਾਂ ਲੈ ਕੇ ਵਿਆਹ ਲੈ ਜਾਵਾਂਗਾ। ਮਾਂ ਇਸ ਸਭ ਵਿਚ ਹਾਮੀ ਭਰੀ ਰਹੀ ਸੀ, ਨਾਲ ਹੀ ਆਖ ਰਹੀ ਸੀ ਇਹ ਫੈਸਲਾ ਮੈਨੂੰ ਬਹੁਤ ਪਹਿਲਾਂ ਲੈਣਾ ਚਾਹੀਦਾ ਸੀ। ਮੈਂ ਖੁਸ਼ ਸੀ ਬਹੁਤ ਜਿਆਦਾ ਤੇ ਖੁਸ਼ੀ ਦੇ ਹੰਝੂ ਮੱਲੋਮੱਲੀ ਵਹਿ ਤੁਰੇ ਤੇ ਗੈਰੀ ਦੇ ਗੱਲ ਲੱਗ ਕੇ ਮੈਂ ਬੱਚਿਆਂ ਵਾਂਗ ਹੌਕੇ ਲੈ ਲੈ ਰੋ ਰਹੀ ਸੀ।

ਅੱਜ 10 ਸਾਲ ਹੋ ਗਏ ਨੇ ਮੈਨੂੰ ਤੇ ਗੈਰੀ ਨੂੰ ਆਪਣੇ ਵਿਆਹੁਤਾ ਜੀਵਨ ਦਾ ਆਨੰਦ ਮਾਣਦਿਆਂ ਨੂੰ। ਸਮਾਜ ਦੀ ਪਰਵਾਹ ਨਾ ਕਰਦਿਆਂ ਹੋਇਆਂ 10 ਸਾਲ ਪਹਿਲਾਂ ਗੈਰੀ ਨੇ ਜੋ ਫੈਸਲਾ ਲਿਆ ਸੀ ਤੇ ਮੇਰੀ ਮਾਂ ਨੇ ਵੀ ਉਸ ਫੈਸਲੇ ਵਿਚ ਆਪਣੀ ਹਾਮੀ ਭਰੀ ਦਿੱਤੀ ਸੀ, ਉਸ ਫੈਸਲੇ ਨੇ ਮੇਰੇ ਮੱਥੇ ਤੋਂ ਤਿੰਨ ਕਲੰਕ ਮਿਟਾ ਦਿੱਤੇ ਸੀ-ਪਹਿਲਾਂ ਸੀ ਆਪਣੀ ਮਰਜੀ ਨਾਲ ਵਿਆਹ ਕਰਵਾਉਣ ਦਾ ਫੈਸਲਾ ਲੈ ਕੇ ਖਾਨਦਾਨ ਦੀ ਇੱਜ਼ਤ ਰੋਲਣ ਦਾ ਕਲੰਕ ਤੇ ਦੂਜਾ ਸੀ ਚੋਰ ਦੀ ਭੈਣ ਹੋਣ ਦਾ ਕਲੰਕ ਤੇ ਤੀਜਾ ਸੀ ਵਿਆਹ ਤੋਂ 15ਪ ਦਿਨ ਪਹਿਲਾਂ ਰਿਸ਼ਤਾ ਟੁੱਟਣ ਦਾ ਕਲੰਕ। ਗੈਰੀ ਨੇ ਸਭ ਕਲੰਕ ਸਾਫ ਕਰ ਦਿੱਤੇ ਸੀ ਤੇ ਮੇਰੀ ਮਾਂ ਦਾ ਮੇਰੇ ਤੇ ਗੈਰੀ ਦੇ ਵਿਆਹ ਲਈ ਮੰਨ ਜਾਣ ਦਾ ਕਾਰਨ ਵੀ ਇਹੋ ਸੀ, ਕਿ ਕਦ ਤੱਕ ਮੱਥੇ ਤੇ ਰਿਸ਼ਤਾ ਟੁੱਟਣ ਦਾ ਕਲੰਕ ਲੈ ਕੇ ਬੈਠੀ ਰਹੇਗੀ।

ਪਿਛਲੀ ਜਿੰਦਗੀ ਵਿਚ ਪਹੁੰਚੀ ਹੋਈ ਨੂੰ ਅਚਾਨਕ ਘਰ ਦੀ ਡੋਰ ਬੈੱਲ ਨੇ ਵਾਪਿਸ ਮੋੜ ਲਿਆਂਦਾ। ਦਰਵਾਜ਼ੇ ਤੇ ਗੈਰੀ ਸੀ, ਮੇਰੀ ਮਾਂ ਨੂੰ ਲੈ ਕੇ ਆਇਆ ਸੀ। ਬੰਟੀ ਦੇ ਹਾਲਾਤ ਕਾਬੂ ਤੋਂ ਬਾਹਰ ਹੋ ਗਏ ਸੀ, ਉਹਨੇ ਘਰ ਦੇ ਕਾਗਜ਼ ਮਾਂ ਤੋਂ ਆਪਣੇ ਨਾਮ ਕਰਵਾ ਲਏ ਸੀ ਤੇ ਘਰ ਦਾ ਸੌਦਾ ਕਰ ਦਿੱਤਾ ਸੀ। ਇਹ ਸਭ ਮਾਂ ਨੂੰ ਉਦੋਂ ਪਤਾ ਲੱਗਾ ਜਦੋਂ ਘਰ ਦੇ ਨਵੇਂ ਬਣੇ ਮਾਲਿਕ ਆਪਣਾ ਘਰ ਲੈਣ ਲਈ ਆ ਗਏ ਸਨ। ਗਵਾਂਢੀਆਂ ਦੇ ਘਰ ਰਾਤ ਕੱਟ ਕੇ ਮਾਂ ਨੇ ਮੈਨੂੰ ਫੋਨ ਕੀਤਾ ਤੇ ਜਦ ਗੈਰੀ ਦੇ ਮਾਂ-ਬਾਪ ਨੂੰ ਇਹ ਗੱਲ ਪਤਾ ਲੱਗੀ ਤਾਂ ਤੁਰੰਤ ਉਨਾਂ ਗੈਰੀ ਨੂੰ ਮਾਂ ਨੂੰ ਲੈ ਕੇ ਆਉਣ ਲਈ ਕਿਹਾ। ਗੈਰੀ ਦੇ ਪਿਤਾ ਦਾ ਕਹਿਣਾ ਸੀ ਮਾਂ ਬਾਪ ਸਿਰਫ਼ ਪੁੱਤ ਦੇ ਹੀ ਨਹੀਂ ਹੁੰਦੇ ਧੀ ਦੇ ਵੀ ਹੁੰਦੇ ਨੇ, ਇਹ ਘਰ ਜਿੰਨਾ ਗੈਰੀ ਦਾ ਓਨਾ ਹੀ ਤੇਰਾ ਹੈ, ਜਦ ਅਸੀਂ ਰਹਿ ਸਕਦੇ ਹਾਂ ਤਾਂ ਤੇਰੇ ਮਾਪੇ ਵੀ ਰਹਿ ਸਕਦੇ ਨੇ। ਮੈਂ ਪਹਿਲਾਂ ਹੀ ਗੈਰੀ ਤੇ ਉਹਦੇ ਮਾਪਿਆਂ ਦੀ ਬਹੁਤ ਇੱਜ਼ਤ ਕਰਦੀ ਸੀ ਪਰ ਹੁਣ ਉਹ ਵੱਧ ਕੇ ਦੁੱਗਣੀ ਹੋ ਗਈ ਸੀ। ਅੱਜ ਮੈਨੂੰ ਆਪਣੀ ਮਰਜੀ ਤੇ ਮਾਣ ਮਹਿਸੂਸ ਹੋਇਆ ਤੇ ਅੱਜ ਮੇਰੀ ਮਾਂ ਕਹਿ ਰਹੀ ਸੀ ਕਾਸ਼ ! ਮੇਰੀ ਇੱਕ ਹੋਰ ਧੀ ਹੁੰਦੀ।

## ਬਾਦਲ ਧੜਾ ਲਗਾਤਾਰ...

**ਬਾਦਲ ਧੜੇ ਦੇ ਨਵੇਂ ਉਮੀਦਵਾਰਾਂ ਨੇ ਦਿੱਗਜ ਢਾਹੇ**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਧੜੇ ਦੇ ਨਵੇਂ ਉਮੀਦਵਾਰਾਂ ਨੇ ਵਿਰੋਧੀ ਧਿਰਾਂ ਦੇ ਕਈ ਦਿੱਗਜ ਉਮੀਦਵਾਰਾਂ ਨੂੰ ਮਾਤ ਦੇ ਦਿੱਤੀ ਹੈ। ਸ਼ਿਵ ਨਗਰ 33 ਨੰਬਰ ਵਾਰਡ ਤੋਂ ਪਹਿਲੀ ਵਾਰ ਚੋਣ ਲੜੇ ਰਮਨਦੀਪ ਸਿੰਘ ਥਾਪਰ ਨੇ ਜਿੱਤ ਪ੍ਰਾਪਤ ਕੀਤੀ। ਇਸੇ ਤਰਾਂ ਜਸਮੈਨ ਸਿੰਘ ਨੋਨੀ ਵਾਰਡ-43 ਦਿਲਸ਼ਾਦ ਗਾਰਡਨ ਤੋਂ ਜੇਤੂ ਰਹੇ। ਪਰਵਿੰਦਰ ਸਿੰਘ ਲੱਕੀ ਨੇ ਸਰਨਾ ਧੜੇ ਦੇ ਦਿੱਗਜ ਉਮੀਦਵਾਰ ਕੁਲਵੰਤ ਸਿੰਘ ਬਾਠ ਨੂੰ ਹਰਾਇਆ। ਬਾਦਲ ਧੜੇ ਦੇ ਨੌਜਵਾਨ ਸੁਖਵਿੰਦਰ ਸਿੰਘ ਬੱਬਰ ਨੇ ਗੀਤਾ ਕਲੋਨੀ ਵਾਰਡ-44, ਤੋਂ ਹਰਿੰਦਰਪਾਲ ਸਿੰਘ ਵਰਗੇ ਬੁੱਧੀਜੀਵੀ ਜਦਕਿ ਜਸਪ੍ਰੀਤ ਸਿੰਘ ਕਰਮਸਰ ਨੇ ਪਹਿਲੀ ਵਾਰ ਚੋਣ ਲੜ ਕੇ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਜਨਰਲ ਸਕੱਤਰ ਤੇ ਗੁਰਮੀਤ ਸਿੰਘ ਸ਼ੰਟੀ ਨੂੰ ਕਰਾਰੀ ਹਾਰ ਦਿੱਤੀ। ਸਭ ਤੋਂ ਘੱਟ ਉਮਰ ਦੇ ਉਮੀਦਵਾਰ ਰਮਨਜੋਤ ਸਿੰਘ ਮੀਤਾ ਨੇ ਪਹਿਲੀ ਹੀ ਚੋਣ 'ਚ ਜਿੱਤ ਪ੍ਰਾਪਤ ਕੀਤੀ ਹੈ। ਮਨਜੀਤ ਸਿੰਘ ਜੀਕੇ ਦੀ ਜਾਗੋ ਪਾਰਟੀ ਦੇ 'ਦਿੱਗਜ ਬੁਲਾਰੇ' ਤੇ ਸੀਨੀਅਰ ਆਗੂ ਪਰਮਿੰਦਰ ਪਾਲ ਸਿੰਘ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਜਾਗੋ ਪਾਰਟੀ ਦੇ ਸੀਨੀਅਰ ਆਗੂ ਹਰਜੀਤ ਸਿੰਘ ਜੀਕੇ ਵੀ ਬਾਦਲ ਧੜੇ ਦੇ ਗੁਰਪ੍ਰੀਤ ਸਿੰਘ ਜੱਸੇ ਤੋਂ ਹਾਰ ਗਏ ਹਨ। ਮਾਲਵੀਆ ਨਗਰ ਵਾਰਡ ਤੋਂ ਜਾਗੋ ਦੇ ਹੀ ਅਹਿਮ ਉਮੀਦਵਾਰ ਨੌਜਵਾਨ ਡਾ. ਪੁੰਨਪ੍ਰੀਤ ਸਿੰਘ ਤੀਜੀ ਥਾਂ 'ਤੇ ਰਹੇ। ਸਰਨਾ ਧੜੇ ਦੇ ਦਿੱਗਜ ਉਮੀਦਵਾਰਾਂ ਰਮਨਦੀਪ ਸਿੰਘ ਸੋਨੂੰ, ਮਨਿੰਦਰ ਸਿੰਘ ਆਯੂਰ ਆਦਿ ਨੂੰ ਹਾਰ ਦਾ ਮੂੰਹ ਦੇਖਣਾ ਪਿਆ।

ਵੱਧ ਅਤੇ ਘੱਟ ਵੋਟ ਅੰਤਰ ਨਾਲ ਜਿੱਤੇ ਉਮੀਦਵਾਰ

ਬਾਦਲ ਧੜੇ ਦੇ ਸੁਰਜੀਤ ਸਿੰਘ ਜੀਤੀ ਸਭ ਤੋਂ ਵੱਧ ਵੋਟਾਂ 1,540 ਵੋਟਾਂ ਦੇ ਫਰਕ ਨਾਲ ਗੁਰੂ ਹਰਿਕ੍ਰਿਸ਼ਨ ਨਗਰ ਤੋਂ ਜਿੱਤੇ ਜਦਕਿ ਹਰਵਿੰਦਰ ਸਿੰਘ ਕੇ.ਪੀ. ਸ਼ਕਤੀ ਨਗਰ ਤੋਂ 1,284 ਵੋਟਾਂ ਨਾਲ ਜਿੱਤੇ। ਜਨਕਪੁਰੀ ਤੋਂ ਸਰਨਾ ਧੜੇ ਦੇ ਕੁਲਤਾਰਨ ਸਿੰਘ ਕੋਛੜ 1,063 ਵੋਟਾਂ ਜਦਕਿ ਦਿਲਸ਼ਾਦ ਗਾਰਡਨ ਤੋਂ ਬਲਬੀਰ ਸਿੰਘ ਵਿਵੇਕ ਵਿਹਾਰ 941 ਵੋਟਾਂ ਦੇ ਫਰਕ ਨਾਲ ਇਸ ਵਾਰ ਬਾਦਲ ਧੜੇ ਤੋਂ ਜਿੱਤੇ। ਪਹਿਲਾਂ ਉਹ ਸਰਨਾ ਧੜੇ ਤੋਂ ਜਿੱਤੇ ਸਨ। ਗੁਰੂ ਨਾਨਕ ਨਗਰ ਤੋਂ ਰਮਿੰਦਰ ਸਿੰਘ 770 ਵੋਟਾਂ ਤੇ ਮਾਲਵੀਆ ਨਗਰ ਤੋਂ ਗੁਰਪ੍ਰੀਤ ਸਿੰਘ ਖੰਨਾ 774 ਵੋਟਾਂ ਨਾਲ ਜਿੱਤੇ। ਦੂਜੇ ਪਾਸੇ ਪ੍ਰੀਤ ਵਿਹਾਰ ਤੋਂ ਬਾਦਲ ਧੜੇ ਦੇ ਮਾਤਰ 6 ਵੋਟਾਂ ਦੇ ਫਰਕ ਨਾਲ ਜਾਗੋ ਦੇ ਮੰਗਲ ਸਿੰਘ ਤੋਂ ਜਿੱਤੇ। ਭੁੱਲਰ ਨੂੰ 923 ਤੇ ਮੰਗਲ ਸਿੰਘ ਨੂੰ 917 ਵੋਟਾਂ ਪਈਆਂ। ਰਮੇਸ਼ ਨਗਰ ਤੋਂ ਗੁਰਦੇਵ ਸਿੰਘ 43 ਵੋਟਾਂ, ਟੈਗੋਰ ਗਾਰਡਨ ਤੋਂ ਭੁਪਿੰਦਰ ਸਿੰਘ ਗਿੰਨੀ 63 ਵੋਟਾਂ ਨਾਲ, ਜਾਗੋ ਦੇ ਸਤਨਾਮ ਸਿੰਘ ਸਫ਼ਦਰਜੰਗ ਐਨਕਲੇਵ ਤੋਂ 52 ਵੋਟਾਂ ਨਾਲ, ਸ਼ਾਮ ਨਗਰ ਤੋਂ ਹਰਜੀਤ ਸਿੰਘ 34 ਵੋਟਾਂ ਨਾਲ ਅਤੇ ਹਰਵਿੰਦਰ ਸਿੰਘ ਸੰਧੂ ਵਿਸ਼ਨੂ ਗਾਰਡਨ ਤੋਂ 54 ਵੋਟਾਂ ਦੇ ਫ਼ਰਕ ਨਾਲ ਜਿੱਤੇ।

ਸ਼੍ਰੋਮਣੀ ਅਕਾਲੀ ਦਲ ਨੂੰ ਮਿਲੀਆਂ 40.27 ਫ਼ੀਸਦੀ ਵੋਟਾਂ

ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨੂੰ ਕੁੱਲ ਪੋਲ ਹੋਈਆਂ ਵੋਟਾਂ ਵਿੱਚੋਂ 40.27% ਵੋਟਾਂ ਮਿਲੀਆਂ ਜਦਕਿ ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਨੂੰ 27.79% ਵੋਟਾਂ ਮਿਲੀਆਂ। ਜਾਗੋ ਨੂੰ 15.72% ਵੋਟਾਂ ਪ੍ਰਾਪਤ ਹੋਈਆਂ ਜਦਕਿ ਪੰਥਕ ਅਕਾਲੀ ਲਹਿਰ ਨੂੰ .23% ਵੋਟਾਂ ਹੀ ਮਿਲੀਆਂ। ਇਸ ਤਰਾਂ ਪੰਥਕ ਸੇਵਾ ਦਲ ਤੇ ਸਿੱਖ ਸਦਭਾਵਨਾ ਦਲ ਲਈ ਦਿੱਲੀ ਵਿੱਚ ਖ਼ੁਦ ਨੂੰ ਸਥਾਪਤ ਰੱਖਣਾ ਵੱਡੀ ਚੁਣੌਤੀ ਬਣ ਗਿਆ ਹੈ।ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੀਆਂ ਸ਼੍ਰੋਮਣੀ ਅਕਾਲੀ ਦਲ ਲਈ ਤਸੱਲੀ ਵਾਲੀ ਗੱਲ ਇਹ ਹੈ ਕਿ ਦੂਸਰੀਆਂ ਸਿੱਖ ਜਥੇਬੰਦੀਆਂ ਦੇ ਮੁਕਾਬਲੇ ਉਹ ਸਿੱਖਾਂ ਵਿਚ ਅਜੇ ਵੀ ਮਜ਼ਬੂਤ ਸਥਿਤੀ ਵਿਚ ਹੈ। ਇਸ ਨਾਲ ਪਾਰਟੀ ਦੇ ਆਗੂ ਅਤੇ ਕਾਰਕੁਨ ਉਤਸ਼ਾਹਿਤ ਹੋਣਗੇ।



# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





**PROPERTY ADDRESS: 27022 RIVER ROADM, NEWMAN CA 95360.**

RANJIT SINGH
(Lic: 01922089)

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**